Golden State Realty
JASSI GILL
Broker/Owner
Listing and Selling Homes
From San Jose to Sacramento
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763

HELPING YOU BUY AND SELL HOMES
FROM SAN JOSE TO SALINAS
Jeet Singh Sangha
REALTOR & REAL ESTATE ADVISOR
CALL FOR FREE CONSULTATION:
408-840-3112
COLDWELL BANKER REALTY
CalRe:02014485
Speaks English, Hindi & Punjabi
JeetSangha.com
SERVING: SAN JOSE, MORGAN HILL, GILROY, HOLLISTER & SALINAS

COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
Gurdawar Singh Mann
MANN@GGIABA.COM
Gurcharan Singh Mann
Mann Insurance Brokers Inc.
4123 Dyer St., #230, Union City, CA 94587

Twenty-Fourth Year of Publication ਕੈਲੀਫੋਰਨੀਆ ਐਡੀਸ਼ਨ Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 24, Issue 45; November 11, 2023 20451 N. Plum Grove Rd., Palatine, IL 60074 Ph:847-359-0746, Fax:847-705-9388

## ਗੈਰ-ਕਾਨੂੰਨੀ ਪਰਵਾਸ ਦੇ ਸਾਰੇ ਰਿਕਾਰਡ ਟੁੱਟੇ

### ਗ੍ਰਿਫਤਾਰ ਕੀਤੇ ਭਾਰਤੀਆਂ ਦੀ ਗਿਣਤੀ ਵਿਚ ਪੰਜ ਗੁਣਾ ਵਾਧਾ

**ਵਾਸ਼ਿੰਗਟਨ:** ਅਮਰੀਕੀ ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ (ਯੂ.ਸੀ.ਬੀ.ਪੀ.) ਵੱਲੋਂ ਜਾਰੀ ਸੱਜਰੇ ਅੰਕੜੇ ਅੱਖਾਂ ਖੋਲ੍ਹਣ ਵਾਲੇ ਹਨ। ਪਿਛਲੇ ਪੰਜ ਸਾਲਾਂ ਦੌਰਾਨ ਅਮਰੀਕਾ ਵਿਚ ਨਾਜਾਇਜ਼ ਤਰੀਕੇ ਨਾਲ ਦਾਖਲ ਹੁੰਦਿਆਂ ਗ੍ਰਿਫਤਾਰ ਕੀਤੇ ਭਾਰਤੀਆਂ ਦੀ ਗਿਣਤੀ ਵਿਚ ਪੰਜ ਗੁਣਾ ਇਜ਼ਾਫ਼ਾ ਹੋਇਆ ਹੈ। ਅੰਕੜੇ ਦੱਸਦੇ ਹਨ ਕਿ ਅਕਤੂਬਰ 2022 ਤੋਂ ਸਤੰਬਰ 2023 ਦੇ ਅਰਸੇ ਦੌਰਾਨ ਰਿਕਾਰਡ 96917 ਭਾਰਤੀਆਂ ਨੇ ਮੈਕਸੀਕੋ ਤੇ ਕੈਨੇਡਾ ਨਾਲ ਲੱਗਦੀ ਸਰਹੱਦ ਰਸਤੇ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕੀਤੀ। ਇਨ੍ਹਾਂ ਵਿਚੋਂ ਬਹੁਗਿਣਤੀ ਪੰਜਾਬ ਤੇ ਗੁਜਰਾਤ ਦੇ ਲੋਕਾਂ ਦੀ ਹੈ।



ਸਾਲ 2019-20 ਦੌਰਾਨ 19883 ਭਾਰਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ। ਸਾਲ 2020-21 ਵਿਚ ਇਹ ਅੰਕੜਾ 30662 ਸੀ ਜਦੋਂਕਿ 2021-22 ਦੌਰਾਨ ਸਰਹੱਦ ਉਲੰਘਦੇ ਕਾਬੂ ਆਏ ਭਾਰਤੀਆਂ ਦੀ ਗਿਣਤੀ 63927 ਸੀ। ਅਕਤੂਬਰ 2022 ਤੋਂ ਇਸ ਸਾਲ ਸਤੰਬਰ ਤੱਕ ਗ੍ਰਿਫਤਾਰ 96917 ਭਾਰਤੀਆਂ ਵਿਚੋਂ 30010 ਕੈਨੇਡੀਅਨ ਬਾਰਡਰ ਤੇ 41770 ਮੈਕਸੀਕੋ ਨਾਲ ਲੱਗਦੀ ਸਰਹੱਦ ਤੋਂ ਫੜੇ ਗਏ ਹਨ। ਗ੍ਰਿਫਤਾਰ ਕੀਤੇ ਇਨ੍ਹਾਂ ਲੋਕਾਂ ਨੂੰ ਅੱਗੇ ਚਾਰ ਸ਼੍ਰੇਣੀਆਂ- ਐਕੰਪਨੀਡ ਮਾਈਨਰ (ਏ.ਐਮ.), ਇੰਡੀਵਿਜ਼ੂਅਲਸ ਇਨ ਏ ਫੈਮਿਲੀ ਯੂਨਿਟ (ਐਫ.ਐਮ.ਯੂ.ਏ), ਸਿੰਗਲ ਐਡਲਟਸ ਤੇ ਅਨਐਕੰਪਨੀਡ ਚਿਲਡਰਨ (ਯੂ.ਸੀ.) ਵਿਚ ਵੰਡਿਆ ਗਿਆ ਹੈ। ਸਿੰਗਲ ਐਡਲਟਸ ਸਭ ਤੋ ਵੱਡਾ ਵਰਗ ਹੈ।

ਅੰਕੜੇ ਸਾਫ ਇਸ਼ਾਰਾ ਕਰਦੇ ਹਨ ਕਿ ਇਸ ਗਿਣਤੀ ਤੋਂ ਕਈ ਗੁਣਾ ਲੋਕ ਗੈਰ-ਕਾਨੂੰਨੀ ਤੌਰ 'ਤੇ ਦਾਖਲ ਹੋਏ ਹੋਣਗੇ। ਅੰਕੜੇ ਇਹ ਵੀ ਦੱਸਦੇ ਹਨ ਕਿ ਹਰ ਸਾਲ ਹਜ਼ਾਰਾਂ ਪਰਵਾਸੀ ਗੈਰ-ਕਾਨੂੰਨੀ ਢੰਗ ਨਾਲ ਪਰਵਾਸ ਕਰਨ ਦੀਆਂ ਕੋਸ਼ਿਸ਼ਾਂ ਕਰਦੇ ਫੜੇ ਜਾਂਦੇ ਹਨ ਪਰ ਵਾਪਸ ਬਹੁਤ ਘੱਟ ਲੋਕਾਂ ਨੂੰ ਭੇਜਿਆ ਜਾਂਦਾ ਹੈ। ਉਨ੍ਹਾਂ ਵਿਚੋਂ ਬਹੁਤੇ ਮਨੁੱਖੀ ਆਧਾਰ 'ਤੇ ਅਮਰੀਕਾ ਵਿਚ ਟਿਕੇ ਰਹਿਣ ਲਈ ਕੇਸ ਕਰਦੇ ਹਨ ਤੇ ਉਥੇ ਵੱਸ ਜਾਣ ਵਿਚ ਸਫਲ ਹੁੰਦੇ ਹਨ। ਇਸੇ ਆਸ ਵਿਚ ਇਹ ਅੰਕੜੇ ਵਧ ਰਹੇ ਹਨ। ਦਰਅਸਲ, ਸਰਕਾਰਾਂ ਦੀਆਂ ਮਾੜੀਆਂ ਨੀਤੀਆਂ ਕਾਰਨ ਬੇਰੁਜ਼ਗਾਰੀ ਦੀ ਮਾਰ ਝੱਲ ਰਹੇ ਭਾਰਤੀ ਖਾਸ ਕਰ ਕੇ ਪੰਜਾਬੀ ਹਰ ਖਤਰਾ ਚੁੱਕ ਕੇ ਚੰਗੇ ਭਵਿੱਖ ਦੀ ਆਸ ਵਿਚ ਵਿਦੇਸ਼ ਜਾਣ ਨੂੰ ਤਰਜੀਹ ਦੇ ਰਹੇ ਹਨ। ਉਹ ਆਪਣਾ ਭਵਿੱਖ ਕੈਨੇਡਾ, ਅਮਰੀਕਾ, ਆਸਟਰੇਲੀਆ ਆਦਿ ਦੇਸ਼ਾਂ ਵਿਚ ਦੇਖਦੇ ਹਨ। ਇਸ ਲਈ ਇਹ ਕਰਜ਼ਾ ਚੁੱਕਣ ਤੋਂ ਵੀ ਗੁਰੇਜ਼ ਨਹੀਂ ਕਰਦੇ। ਅਜਿਹੀਆਂ ਕੋਸ਼ਿਸ਼ਾਂ ਵਿਚ ਏਜੰਟਾਂ ਹੱਥੋਂ ਧੋਖਾ ਖਾਣ ਦੀਆਂ ਖਬਰਾਂ ਨਿੱਤ ਸੁਰਖੀਆਂ ਬਣਦੀਆਂ ਹਨ।

ਪੰਜਾਬ ਵਿਚੋਂ ਇਕ ਲੱਖ ਤੋਂ ਜ਼ਿਆਦਾ ਵਿਦਿਆਰਥੀ ਹਰ ਸਾਲ ਵਿਦੇਸ਼ਾਂ ਵਿਚ ਪੜ੍ਹਨ ਜਾ ਰਹੇ ਹਨ ਹਾਲਾਂਕਿ ਇਨ੍ਹਾਂ ਵਿਚੋਂ ਬਹੁਤਿਆਂ ਦਾ ਮਕਸਦ ਪੜ੍ਹਾਈ ਨਹੀਂ ਸਗੋਂ ਉਥੇ ਪੱਕਾ ਟਿਕਾਣਾ ਬਣਾਉਣ ਦੀ ਜੁਗਤ ਹੁੰਦੀ ਹੈ। ਇਸ ਲਈ ਬਹੁਤੀ ਵਾਰ ਦਾਖਲਾ ਵੀ ਕੰਮ ਚਲਾਊ ਤੇ ਗੈਰ-ਮਿਆਰੀ ਕੋਰਸਾਂ 'ਚ ਲਿਆ ਜਾਂਦਾ ਹੈ। ਗੈਰ-ਕਾਨੂੰਨੀ

*(ਬਾਕੀ ਸਫਾ 6 'ਤੇ)*

## ਰਾਜਪਾਲਾਂ ਨੂੰ 'ਅੰਤਰ ਝਾਤ' ਮਾਰਨ ਦੀ ਸਲਾਹ



**ਚੰਡੀਗੜ੍ਹ:** ਰਾਜਪਾਲ ਵੱਲੋਂ ਪੰਜਾਬ 'ਚ ਬਿੱਲਾਂ ਨੂੰ ਮਨਜ਼ੂਰੀ ਨਾ ਦੇਣ ਉਤੇ ਸੁਪਰੀਮ ਕੋਰਟ ਨੇ ਸਖਤ ਨਾਰਾਜ਼ਗੀ ਜਤਾਈ ਹੈ। ਸੁਪਰੀਮ ਕੋਰਟ ਨੇ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਦੇ ਫੈਸਲੇ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਦੀ ਸੁਣਵਾਈ ਮੌਕੇ ਇਥੋਂ ਤੱਕ ਆਖ ਦਿੱਤਾ ਕਿ ਸੂਬਾ ਸਰਕਾਰਾਂ ਨੂੰ ਅਦਾਲਤਾਂ ਤੱਕ ਪਹੁੰਚ ਕਰਨ ਲਈ ਵਾਰ-ਵਾਰ ਮਜਬੂਰ ਕੀਤਾ ਜਾ ਰਿਹਾ ਹੈ। ਬੈਂਚ ਨੇ ਕਿਹਾ ਕਿ ਰਾਜਪਾਲਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਉਹ ਚੁਣੇ ਹੋਏ ਨੁਮਾਇੰਦੇ ਨਹੀਂ ਹਨ ਅਤੇ ਉਨ੍ਹਾਂ ਨੂੰ ਅੰਤਰ ਝਾਤ ਮਾਰਨੀ ਚਾਹੀਦੀ ਹੈ।

ਸੁਪਰੀਮ ਕੋਰਟ ਦੀਆਂ ਟਿੱਪਣੀਆਂ ਨਾਲ ਆਉਂਦੇ ਦਿਨਾਂ ਵਿਚ ਰਾਜਪਾਲ ਦਾ ਰੁਖ਼ ਨਰਮ ਪੈਣ ਦੀ ਸੰਭਾਵਨਾ ਬਣ ਗਈ ਹੈ। ਯਾਦ ਰਹੇ ਕਿ ਸੁਪਰੀਮ ਕੋਰਟ ਕੇਰਲ ਅਤੇ ਤਾਮਿਲਨਾਡੂ ਸਰਕਾਰ ਵੱਲੋਂ ਦਾਖਲ ਪਟੀਸ਼ਨਾਂ 'ਤੇ ਵੀ ਸੁਣਵਾਈ ਕਰ ਰਿਹਾ ਹੈ। ਚੀਫ ਜਸਟਿਸ ਡੀ.ਵਾਈ. ਚੰਦਰਚੂੜ ਦੀ ਅਗਵਾਈ ਹੇਠਲੇ ਬੈਂਚ ਨੇ ਪੰਜਾਬ ਦੇ ਰਾਜਪਾਲ ਖ਼ਿਲਾਫ਼ ਤਲਖ਼ ਰੌਂਅ ਦਿਖਾਉਂਦਿਆਂ ਕਿਹਾ ਕਿ ਰਾਜਪਾਲਾਂ ਨੂੰ ਚਾਹੀਦਾ ਹੈ ਕਿ ਉਹ ਬਿੱਲਾਂ ਨਾਲ ਜੁੜੇ ਮਾਮਲਿਆਂ ਨੂੰ ਸਿਖਰਲੀ ਅਦਾਲਤ ਤੱਕ ਨਾ ਪਹੁੰਚਣ ਦੇਣ। ਉਨ੍ਹਾਂ ਕਿਹਾ ਕਿ ਰਾਜਪਾਲ ਉਦੋਂ ਹੀ ਕਾਰਵਾਈ ਅਮਲ 'ਚ ਲਿਆਂਦੇ ਹਨ ਜਦੋਂ ਮਾਮਲਾ ਸੁਪਰੀਮ ਕੋਰਟ ਪਹੁੰਚ ਜਾਂਦਾ ਹੈ। ਸਿਖਰਲੀ ਅਦਾਲਤ ਨੇ ਸਵਾਲ ਕੀਤਾ ਕਿ ਸੂਬਾ ਸਰਕਾਰਾਂ ਵੱਲੋਂ ਅਦਾਲਤਾਂ ਤੱਕ ਪਹੁੰਚ ਕਰਨ ਤੋਂ ਬਾਅਦ ਹੀ ਰਾਜਪਾਲ ਬਿੱਲਾਂ 'ਤੇ ਕਿਉਂ ਕਾਰਵਾਈ ਕਰਦੇ ਹਨ? ਇਸ ਤਰ੍ਹਾਂ ਦਾ ਰੁਝਾਨ ਬੰਦ ਹੋਣਾ ਚਾਹੀਦਾ ਹੈ। ਬੈਂਚ ਵੱਲੋਂ ਰਾਜਪਾਲ ਖ਼ਿਲਾਫ਼ ਕੀਤੀਆਂ ਗਈਆਂ ਟਿੱਪਣੀਆਂ ਨੇ ਸੂਬਾ ਸਰਕਾਰ ਦਾ ਧਰਵਾਸ ਬੰਨ੍ਹਿਆ ਹੈ ਅਤੇ ਉਸ ਨੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪੰਜਾਬ ਵਿਧਾਨ ਸਭਾ ਵਿਚ ਲਏ ਗਏ ਸਟੈਂਡ 'ਤੇ ਵੀ ਇਕ ਤਰ੍ਹਾਂ ਨਾਲ ਮੋਹਰ ਲਾ ਦਿੱਤੀ ਹੈ।

ਪੰਜਾਬ ਸਰਕਾਰ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਅਭਿਸ਼ੇਕ ਮਨੂ ਸਿੰਘਵੀ ਅਤੇ ਸੂਬੇ ਦੇ ਐਡਵੋਕੇਟ ਜਨਰਲ ਗੁਰਮਿੰਦਰ ਸਿੰਘ ਨੇ ਕਿਹਾ ਕਿ ਰਾਜਪਾਲ ਨੇ ਵਿੱਤੀ ਪ੍ਰਬੰਧਨ ਅਤੇ ਜੀ.ਐਸ.ਟੀ. ਸੋਧਾਂ ਨਾਲ ਸਬੰਧ ਰਖਦੇ ਬਿੱਲਾਂ 'ਤੇ ਕੋਈ ਕਾਰਵਾਈ ਨਹੀਂ ਕੀਤੀ ਜਿਸ ਨਾਲ ਪ੍ਰਸ਼ਾਸਨ ਦਾ ਕੰਮਕਾਰ ਪ੍ਰਭਾਵਿਤ ਹੁੰਦਾ ਹੈ। ਉਨ੍ਹਾਂ

*(ਬਾਕੀ ਸਫਾ 6 'ਤੇ)*

Medicare Life & Health Insurance
DEC 7 ਤੋਂ
ਪਹਿਲਾਂ ਕਾਲ ਕਰੋ !
Medicare Annual Enrollment
Period: Oct. 15 - Dec. 7
Call: 510-459-7537
Bhupinder Singh Dev
bdev_99@yahoo.com
Lic# 0F86916
MEHAR INSURANCE

Raja SWEETS & CATERING
AUTHORIZED CATERER FOR MAJOR 5-STAR HOTELS
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ
ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Falooda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Follow us on:
Toll Free 1-866-FOR-RAJA
www.rajasweets.com
msbains@rajasweets.com
Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

GLOBAL TRUCK PERMITS
17 years of experience
Services
-We do Same day IRP Plates
-Truck Permits
-New company
-Truck ELD
-Trucking compliance
Rajinder Singh
159 D'Arcy Pkwy, Lathrop, CA 95330
Phone: 209 636 0880

# A & I Transport Inc.


A&I WATSONVILLE, CA.

123 E Lee Rd Watsonville, CA Ph: 831-763-7805


A&I WATSONVILLE, CA.

## ਗਾਖਲ ਭਰਾਵਾਂ ਵਲੋਂ ਪੰਜਾਬ ਟਾਈਮਜ਼ ਦੇ ਪਾਠਕਾਂ, ਸਮੂਹ ਪੰਜਾਬੀ ਭਾਈਚਾਰੇ ਤੇ ਟਰੱਕਰ ਭਰਾਵਾਂ ਨੂੰ ਰੌਸ਼ਨੀਆਂ ਦੇ ਤਿਓਹਾਰ ਦੀਵਾਲੀ ਦੀ


# ਲੱਖ ਲੱਖ ਵਧਾਈ ਹੋਵੇ



ਅਮੋਲਕ ਸਿੰਘ ਗਾਖਲ



ਪਲਵਿੰਦਰ ਸਿੰਘ ਗਾਖਲ



ਇਕਬਾਲ ਸਿੰਘ ਗਾਖਲ

ਹੋਰ ਜਾਣਕਾਰੀ ਲਈ ਸੰਪਰਕ ਕਰੋ

**ਫੋਨ: 831-763-7805**

Fax: 831-724-2010, e-mail: aa@aitruckingllc.com

ਗਾਖਲ ਭਰਾਵਾਂ ਦੀ ਕੰਪਨੀ

**ਏ. ਐਂਡ ਆਈ. ਟਰਾਂਸਪੋਰਟ**

ਵਾਟਸਨਵਿਲ, ਕੈਲੀਫੋਰਨੀਆ

*11 ਵੈਸਟਰਨ ਸਟੇਟਾਂ ਅਤੇ ਲੋਕਲ (ਕੈਲੀਫੋਰਨੀਆ) ਵਾਸਤੇ*

**ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ ਹੈ**

> ਅਸੀਂ 1990 ਤੋਂ ਕੁਆਲਿਟੀ ਸੇਵਾਵਾਂ ਦੇ ਰਹੇ ਹਾਂ


> 28 ਸਾਲਾਂ ਤੋਂ ਸਮੇਂ ਸਿਰ ਪੇਮੈਂਟ

**Weekly Pay Roll**



# MEDICARE ਸੇਵਾਵਾਂ

New to Medicare?
Let's talk




**ਜੇਕਰ ਤੁਸੀਂ 65 ਸਾਲ ਦੇ ਹੋਣ ਵਾਲੇ ਹੋ ਅਤੇ ਮੈਡੀਕੇਅਰ ਬਾਰੇ ਵਧੇਰੇ ਜਾਣਕਾਰੀ ਲੈਣਾ ਚਾਹੁੰਦੇ ਹੋ ਤਾਂ ਮੇਰੇ ਨਾਲ ਸੰਪਰਕ ਕਰੋ**

* ਪੈਨਲਟੀ ਤੋਂ ਬਚਣ ਲਈ ਤੁਸੀਂ 65 ਸਾਲ ਦੇ ਹੋਣ ਤੋਂ 3 ਮਹੀਨੇ ਪਹਿਲਾਂ ਅਪਲਾਈ ਕਰ ਸਕਦੇ ਹੋ
* ਤੁਹਾਡੇ ਕੋਲ ਮੈਡੀਕੇਅਰ/ਮੈਡੀਕੇਡ ਉਪਲਬਧ ਹੈ
* ਤੁਸੀਂ 65 ਸਾਲ ਦੇ ਹੋ ਅਤੇ ਆਪਣੇ ਐਂਪਲਾਇਰ ਬੈਨੇਫਿਟਸ ਛੱਡ ਰਹੇ ਹੋ।

ਅਗਰ ਤੁਸੀਂ ਆਪਣੇ ਪਲੈਨ ਵਿਚ ਕੋਈ ਵੀ ਤਬਦੀਲੀ ਕਰਨਾ ਚਾਹੁੰਦੇ ਹੋ ਤਾਂ ਸਾਲਾਨਾ
Enrollment Period
15 ਅਕਤੂਬਰ ਤੋਂ 7 ਦਸੰਬਰ ਤੱਕ ਹੈ

**Sukhvir Toor**
**(Licensed Independent Agent)**
**E-mail: medicarehelp9@gmail.com**
**Phone: (510) 709-5128**


# ਫਰਿਜ਼ਨੋ: 'ਵੈਟਰਨ ਡੇਅ' ਪਰੇਡ ਵਿਚ ਸਿੱਖ ਕੌਂਸਲ ਵੱਲੋਂ ਲੱਗੇਗਾ ਫਲੋਟ

## ਸਿੱਖ ਹੈਰੀਟੇਜ ਵਜੋਂ ਨਵੰਬਰ ਮਹੀਨੇ ਨੂੰ ਮਾਨਤਾ

**ਫਰਿਜ਼ਨੋ:** ਕੈਲੇਫੋਰਨੀਆ ਵਿਚ ਪੰਜਾਬੀ ਭਾਈਚਾਰੇ ਦੀ ਸੰਘਣੀ ਵਸੋਂ ਵਾਲਾ ਸ਼ਹਿਰ ਫਰਿਜ਼ਨੋ ਆਪਣੇ ਸਿੱਖ ਧਰਮ ਦੀ ਪਹਿਚਾਣ ਬਣਾਉਣ ਲਈ ਹਮੇਸ਼ਾ ਸਰਗਰਮ ਰਿਹਾ ਹੈ। ਜਿਸ ਵਿਚ ਸਿੱਖ ਕੌਂਸਲ ਆਫ ਸੈਂਟਰਲ ਕੈਲੇਫੋਰਨੀਆ, ਜੈਕਾਰਾ ਮੂਵਮੈਂਟ ਅਤੇ ਹੋਰ ਸਥਾਨਕ ਸੰਸਥਾਵਾਂ ਰਲ ਮਿਲ ਕੇ ਸਫਲ ਹੰਭਲੇ ਮਾਰ ਰਹੀਆਂ ਹਨ। ਇਸੇ ਲੜੀ ਤਹਿਤ ਬੀਤੇ ਦਿਨੀਂ ਸਿਟੀ ਹਾਲ ਫਰਿਜ਼ਨੋ ਵਿਚ ਵਿਸ਼ੇਸ਼ ਮੀਟਿੰਗ ਦੌਰਾਨ ਸਮੂਹ ਭਾਈਚਾਰੇ ਦੇ ਸਹਿਯੋਗ ਨਾਲ ਸਿਟੀ ਕੌਂਸਲ ਫਰਿਜ਼ਨੋ ਵੱਲੋਂ ਨਵੰਬਰ ਮਹੀਨੇ ਨੂੰ ਸਿੱਖ ਇਤਿਹਾਸ ਨਾਲ ਜੁੜਿਆ ਹੋਇਆ ਮੰਨਦੇ ਹੋਏ "ਸਿੱਖ ਹੈਰੀਟੇਜ ਮਹੀਨਾ" ਮਨਾਉਣ ਦਾ ਪ੍ਰਸਤਾਵ ਪਾਸ ਕੀਤਾ ਗਿਆ, ਜਿਸ ਤੋਂ ਸਿੱਖ ਸੰਗਤਾਂ ਖੁਸ਼ ਹਨ।

ਇਸੇ ਪਹਿਚਾਣ ਦੇ ਮੁੱਦੇ ਨੂੰ ਅੱਗੇ ਤੋਰਦੇ ਹੋਏ ਸਿੱਖ ਕੌਂਸਲ ਆਫ ਸੈਂਟਰਲ ਕੈਲੇਫੋਰਨੀਆ ਦੇ ਜਨਰਲ ਸਕੱਤਰ ਸ. ਸੁਖਦੇਵ ਸਿੰਘ ਚੀਮਾ ਨੇ ਦੱਸਿਆ ਕਿ ਇਸ ਸਾਲ ਸਿੱਖ ਕੌਂਸਲ ਵੱਲੋਂ ਮਤਾ ਪਾਸ ਕੀਤਾ ਗਿਆ ਹੈ ਕਿ 11 ਨਵੰਬਰ, ਦਿਨ ਸ਼ਨਿਚਰਵਾਰ ਨੂੰ ਸਵੇਰ 10 ਵਜੇ ਤੋਂ ਬਾਅਦ ਦੁਪਹਿਰ 2 ਵਜੇ ਤੱਕ ਫਰਿਜ਼ਨੋ ਦੇ ਡਾਊਨ ਟਾਊਨ ਵਿਚ ਹੋਣ ਵਾਲੀ 'ਵੈਟਰਨ ਡੇਅ' ਪਰੇਡ ਵਿਚ ਸਿੱਖ ਕੌਂਸਲ ਆਫ ਸੈਂਟਰਲ ਕੈਲੇਫੋਰਨੀਆ ਸਿੱਖੀ ਦੀ ਪਹਿਚਾਣ ਬਣਾਉਂਦਾ ਆਪਣਾ ਫਲੋਟ (ਡਿਵੀਜ਼ਨ ਨੰਬਰ 5) ਸ਼ਾਮਲ ਕਰੇਗੀ, ਜਿਸ ਦੀ ਮਨਜ਼ੂਰੀ ਲੈ ਲਈ ਗਈ ਹੈ। ਇਸ ਦੇ ਨਾਲ-ਨਾਲ ਹਮੇਸ਼ਾ ਵਾਂਗ ਸਿੱਖ ਸੰਗਤਾਂ ਵੱਲੋਂ ਲੰਗਰ ਵੀ ਲਾਇਆ ਜਾਵੇਗਾ। ਇਸ ਪਰੇਡ ਵਿਚ ਸਮੂਹ ਸਿੱਖ ਵੈਟਰਨਜ਼ ਅਤੇ ਸਮੁੱਚੇ ਭਾਈਚਾਰੇ ਨੂੰ ਪਹੁੰਚਣ ਦੀ ਅਪੀਲ ਕੀਤੀ ਗਈ। ਅਜਿਹੇ ਕਾਰਜ ਜਿੱਥੇ ਸਿੱਖ ਭਾਈਚਾਰੇ ਦਾ ਮਾਣ ਵਧਾਉਂਦੇ ਹਨ, ਉੱਥੇ ਸਿੱਖਾਂ ਦੀ ਪਹਿਚਾਣ ਬਣਾਉਣ ਵਿਚ ਵੀ ਅਹਿਮ ਭੂਮਿਕਾ ਨਿਭਾਉਂਦੇ ਹਨ।





**ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:**
**847-359-0746**


# Matrimonials

## ਲੜਕੀ ਦੀ ਲੋੜ ਹੈ

Ramgharia Sikh boy 5'8" 1992 born, MEng Western University Canada, Working as Senior Software Engineer in Toronto Canada, Looking for a girl in similar profession living in Canada or US. Email: **dev.kirat@gmail.com** Ph +1 (313) 718-0178

45-48

---

Sikh Ahluwalia family looking for a Gursikh girl with educated background for their 36, 5' 8" son. Qualification BTech IT and PG in software development. Working as an IT professional in New York based company. He is turbaned Gursikh boy having faith in Guru Granth Sahib ji. Current location- Hartford CT. Please contact us at Whatsapp 91-8860131363 or Email @richiewalia@gmail.com

45-48

---

ਗੁਰਸਿੱਖ ਪਰਿਵਾਰ ਨਾਲ ਸਬੰਧਤ ਅੰਮ੍ਰਿਤਧਾਰੀ ਲੜਕਾ, ਉਮਰ 36 ਸਾਲ, ਕੱਦ 5 ਫੁੱਟ 11 ਇੰਚ, Software Manager (San Francisco, CA, USA), ਵੈਜੀਟੇਰੀਅਨ, San Francisco Bay Area ਵਿੱਚ ਆਪਣਾ ਘਰ, ਤਲਾਕਸ਼ੁਦਾ (ਵਿਆਹ ਤੋਂ 4 ਮਹੀਨੇ ਬਾਅਦ) ਲਈ ਪੜ੍ਹੀ-ਲਿਖੀ, ਅੰਮ੍ਰਿਤਧਾਰੀ, ਵੈਜੀਟੇਰੀਅਨ, ਕੇਸਕੀ/ਦਸਤਾਰਧਾਰੀ (or willing to wear) ਲੜਕੀ ਦੀ ਲੋੜ ਹੈ। ਯੂ ਐਸ ਏ ਜਾਂ ਕੈਨੇਡਾ ਰਹਿ ਰਹੀ ਲੜਕੀ ਨੂੰ ਪਹਿਲ। ਜਾਤਪਾਤ ਦਾ ਕੋਈ ਬੰਧਨ ਨਹੀਂ। ਆਪਣਾ ਬਾਇਓਡੇਟਾ ਅਤੇ ਤਸਵੀਰ singhmat001@gmail.com 'ਤੇ ਈਮੇਲ ਕਰੋ ਜਾਂ +91-98993-79442 'ਤੇ ਵਟਸਐਪ ਕਰੋ ਜਾਂ 1-510-281-7065 'ਤੇ ਫੋਨ ਕਰੋ।

---

40-43

Wanted suitable girl for Ivy League MBA Jatt Sikh divorced 40 years old 5'10" man settled in the Bay Area (California). Homeowner and working as a Sr Product Manager in big tech. Moved from Chandigarh (India) to the US 12 years ago. Looking in the US only. Caste no bar. dhillonravi1983@gmail.com or 408-859-5613.

36-39

U.S. Citizen, Jatt Sikh, Brar, Fresno, California Resident, Divorced Boy, 33 yrs, 6'-3" tall, Handsome, Pilot in American Airlines. Please email biodata and picture at: flykhush15@gmail.com or Contact: (559) 824-9028

36-39

## ਲੜਕੇ ਦੀ ਲੋੜ ਹੈ

Jatt Sikh parents invite matrimonial alliance for their US born daughter 38, 5'9" beautiful, family oriented, never married. Master's in Bioengineering Management- executive position in Bay Area, California. The boy must be from the USA, professionally qualified; good-natured and well settled, with family values. Serious enquiries only. Please respond with latest photo and biodata to kaurprincess11@yahoo.com or whatsapp 669-946-5891

---

41-44

Jatt Sikh family seeks suitable match for their daughter who has her MD and is currently working in the Bay Area (California) as a Doctor. 38 yrs old (never married). 5'-5". The boy should be settled in the Bay Area (California) with a University degree and professionally employed. Please contact 408-763-3949

---

39-42

Hindu/Sikh Nai family looking for a suitable match for their U.S. citizen daughter, 26 years, 5'6". She has completed Bachelors of Science and currently in her final dentistry year pursuing DMD degree. The whole family is settled here and are U.S. citizens. Please contact us at: 516-510-9744

39-42

# Change Of Name

This is to certify that I ABHISHEK, son of SANDEEP VERMA resident of H. No 39, Near Silver Heights, apt. Punjabi Bagh, Kurala, Jalandhar, Punjab 144003, now living at 2733 Whimbrel Ct Greenwood IN 46259, have changed my name to ABHISHEK BABBAR. All concerned please note.

# ਕੇਂਦਰ ਨੂੰ ਸੰਸਦ 'ਚ ਸਿੱਖ ਕਤਲੇਆਮ ਦਾ ਮਤਾ ਲਿਆਉਣਾ ਚਾਹੀਦਾ ਸੀ: ਜਥੇਦਾਰ



**ਅੰਮ੍ਰਿਤਸਰ:** ਨਵੰਬਰ 1984 ਸਿੱਖ ਕਤਲੇਆਮ ਦੀ ਚੱਲ ਰਹੀ ਵਰ੍ਹੇਗੰਢ ਦੌਰਾਨ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਭਾਰਤ ਸਰਕਾਰ ਨੂੰ ਨਵੰਬਰ 1984 ਦੇ ਸਿੱਖ ਵਿਰੋਧੀ ਕਤਲੇਆਮ ਦੇ ਮਾਮਲੇ ਵਿਚ ਸੰਸਦ ਵਿਚ ਮਤਾ ਲਿਆਉਣਾ ਚਾਹੀਦਾ ਸੀ। ਉਨ੍ਹਾਂ ਸਕਾਟਲੈਂਡ ਦੀ ਸੰਸਦ ਵਿਚ ਨਵੰਬਰ '84 ਨੂੰ 'ਸਿੱਖ ਵਿਰੋਧੀ ਹਿੰਸਾ' ਵਜੋਂ ਮਾਨਤਾ ਮਿਲਣ 'ਤੇ ਤਸੱਲੀ ਦਾ ਪ੍ਰਗਟਾਵਾ ਕੀਤਾ ਹੈ।

ਸਿੱਖ ਕਤਲੇਆਮ ਦੇ 39 ਵਰ੍ਹੇ ਪੂਰੇ ਹੋਣ 'ਤੇ ਜਥੇਦਾਰ ਨੇ ਆਖਿਆ ਕਿ ਨਵੰਬਰ 1984 ਦਾ ਸਿੱਖ ਕਤਲੇਆਮ ਇਕ ਨਸਲਕੁਸ਼ੀ ਸੀ ਅਤੇ ਸਿੱਖ ਕੌਮ ਇਸ ਨੂੰ ਪਹਿਲੇ ਅਤੇ ਦੂਜੇ ਘੱਲੂਘਾਰੇ ਵਾਂਗ ਕਦੇ ਭੁਲਾ ਨਹੀਂ ਸਕਦੀ। ਉਨ੍ਹਾਂ ਕਿਹਾ ਕਿ ਨਵੰਬਰ '84 ਵਿਚ ਸਮੂਹਿਕ ਕਤਲੇਆਮ ਲਈ ਸਿੱਖਾਂ ਦੇ ਘਰਾਂ ਦੀ ਨਿਸ਼ਾਨਦੇਹੀ ਕਰਨ ਵਿਚ ਵੋਟਰ ਸੂਚੀਆਂ ਦੀ ਵਰਤੋਂ ਕਰਨਾ ਅਤੇ ਪੁਲਿਸ ਵੱਲੋਂ ਸਿੱਖਾਂ ਵਿਰੁੱਧ ਹਿੰਸਾ ਦੌਰਾਨ ਮੂਕ ਬਣੇ ਰਹਿਣਾ ਵੀ ਸਿੱਖ ਨਸਲਕੁਸ਼ੀ ਦੇ ਪ੍ਰਤੱਖ ਪ੍ਰਮਾਣ ਹਨ। ਉਨ੍ਹਾਂ ਕਿਹਾ ਕਿ 39 ਸਾਲ ਬੀਤਣ ਮਗਰੋਂ ਸਿੱਖਾਂ ਦੇ ਕਾਤਲ ਖੁੱਲ੍ਹੇਆਮ ਘੁੰਮ ਰਹੇ ਹਨ ਅਤੇ ਪੀੜਤ ਇਨਸਾਫ ਲਈ ਅਦਾਲਤਾਂ ਵਿੱਚ ਧੱਕੇ ਖਾਂਦੇ ਹੋਏ ਇਸ ਜਹਾਨ ਤੋਂ ਰੁਖਸਤ ਹੋ ਰਹੇ ਹਨ।

ਹਾਲ ਹੀ ਵਿਚ ਸਕਾਟਲੈਂਡ ਦੀ ਸੰਸਦ ਵਿਚ ਨਵੰਬਰ 1984 ਦੀ ਸਿੱਖ ਨਸਲਕੁਸ਼ੀ ਨੂੰ 'ਸਿੱਖ ਵਿਰੋਧੀ ਹਿੰਸਾ' ਵਜੋਂ ਮਾਨਤਾ ਦੇਣ 'ਤੇ ਸਕਾਟਲੈਂਡ ਸਰਕਾਰ ਦਾ ਧੰਨਵਾਦ ਕਰਦਿਆਂ ਜਥੇਦਾਰ ਨੇ ਆਖਿਆ ਕਿ ਸਿੱਖਾਂ ਨਾਲ ਵਾਪਰੇ ਇਸ ਤੀਜੇ ਘੱਲੂਘਾਰੇ ਨੂੰ ਸਿੱਖ ਨਸਲਕੁਸ਼ੀ ਵਜੋਂ ਮਾਨਤਾ ਦੇਣ ਲਈ ਹੋਰਨਾਂ ਦੇਸ਼ਾਂ ਨੂੰ ਵੀ ਅਜਿਹੀ ਪਹਿਲਕਦਮੀ ਕਰਨੀ ਚਾਹੀਦੀ ਹੈ।

## ਨਸਲਕੁਸ਼ੀ ਸਿੱਖ ਸਵੈਮਾਨ ਨੂੰ ਕੁਚਲਣ ਵਾਲੀ ਕਾਰਵਾਈ ਕਰਾਰ

**ਚੰਡੀਗੜ੍ਹ:** ਕੇਂਦਰੀ ਸਿੰਘ ਸਭਾ ਵੱਲੋਂ ਕਰਵਾਏ ਗਏ ਸਮਾਗਮ ਦੌਰਾਨ ਚਿੰਤਕਾਂ ਨੇ 39 ਸਾਲ ਪਹਿਲਾਂ ਹੋਈ ਸਿੱਖ ਨਸਲਕੁਸ਼ੀ ਨੂੰ ਸਿੱਖ ਸਵੈਮਾਨ ਨੂੰ ਕੁਚਲਣ ਵਾਲੀ ਕਾਰਵਾਈ ਕਰਾਰ ਦਿੱਤਾ ਹੈ। ਸਭਾ ਦੇ ਕੈਂਪਸ ਵਿਚ ਜੁੜੇ ਚਿੰਤਕਾਂ ਨੇ ਕਿਹਾ ਕਿ ਤਤਕਾਲੀ ਸਰਕਾਰ ਨੇ ਕਤਲੇਆਮ ਵਿਚ ਸ਼ਾਮਲ ਆਪਣੇ ਆਗੂਆਂ ਖ਼ਿਲਾਫ਼ ਕੋਈ ਕਾਰਵਾਈ ਨਹੀਂ ਹੋਣ ਦਿੱਤੀ। ਉਨ੍ਹਾਂ ਦੋਸ਼ ਲਾਇਆ ਕਿ ਕਾਂਗਰਸ ਅਤੇ ਭਾਜਪਾ ਸਰਕਾਰਾਂ ਨੇ ਕਈ ਕਮਿਸ਼ਨ ਅਤੇ ਕਮੇਟੀਆਂ ਬਣਾ ਕੇ ਨਵੰਬਰ 1984 ਵਿਚ ਹੋਏ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜਾਵਾਂ ਦੇਣ ਦੀ ਪ੍ਰਕਿਰਿਆ ਨੂੰ ਲਮਕਾਇਆ ਹੈ। ਚਿੰਤਕਾਂ ਨੇ ਇਹ ਵਿਚਾਰ ਪੁਸਤਕ 'ਸਿੱਖ ਨਸਲਕੁਸ਼ੀ ਦਾ ਖੁਰਾ-ਖੋਜ' ਬਾਰੇ ਚਰਚਾ ਦੌਰਾਨ ਸਾਂਝੇ ਕੀਤੇ।

## ਸਿੱਖ ਕਤਲੇਆਮ: ਸ਼ਹੀਦਾਂ ਦੀ ਯਾਦ 'ਚ ਸਮਾਗਮ

**ਅੰਮ੍ਰਿਤਸਰ:** ਨਵੰਬਰ 1984 ਵਿਚ ਦਿੱਲੀ ਸਮੇਤ ਦੇਸ਼ ਦੇ ਵੱਖ-ਵੱਖ ਸ਼ਹਿਰਾਂ ਵਿਚ ਹੋਏ ਸਿੱਖ ਕਤਲੇਆਮ ਦੇ ਸ਼ਹੀਦਾਂ ਦੀ ਯਾਦ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਦਰਬਾਰ ਸਾਹਿਬ ਸਮੂਹ ਸਥਿਤ ਗੁਰਦੁਆਰਾ ਝੰਡਾ ਬੁੰਗਾ ਵਿਖੇ ਸ੍ਰੀ ਅਖੰਡ ਪਾਠ ਦੇ ਭੋਗ ਪਾਏ ਗਏ ਅਤੇ ਉਨ੍ਹਾਂ ਨੂੰ ਸਰਧਾਂਜਲੀ ਦਿੱਤੀ ਗਈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ 39 ਸਾਲ ਮਗਰੋਂ ਵੀ ਸਿੱਖ ਕਤਲੇਆਮ ਦਾ ਇਨਸਾਫ਼ ਨਹੀਂ ਮਿਲਿਆ। ਉਨ੍ਹਾਂ ਕਿਹਾ ਕਿ ਨਵੰਬਰ 1984 'ਚ ਸਰਕਾਰ ਦੀ ਸ਼ਹਿ 'ਤੇ ਕੀਤੇ ਗਏ ਇਸ ਕਾਰੇ 'ਚੋਂ ਕਾਂਗਰਸ ਕਦੇ ਵੀ ਬਰੀ ਨਹੀਂ ਹੋ ਸਕਦੀ। ਸ਼੍ਰੋਮਣੀ ਕਮੇਟੀ ਦੇ ਜਰਨਲ ਸਕੱਤਰ ਗੁਰਚਰਨ ਸਿੰਘ ਗਰੇਵਾਲ ਨੇ ਕਿਹਾ ਕਿ ਨਵੰਬਰ 1984 'ਚ ਸਮੇਂ ਦੀ ਕਾਂਗਰਸ ਸਰਕਾਰ ਦੀ ਸ਼ਹਿ 'ਤੇ ਦਿੱਲੀ ਸਮੇਤ ਦੇਸ਼ ਦੇ ਵੱਖ-ਵੱਖ ਸੂਬਿਆਂ 'ਚ ਸਿੱਖਾਂ ਦਾ ਕਤਲੇਆਮ ਕੀਤਾ ਗਿਆ।

# ਕੋਟਕਪੂਰਾ ਗੋਲੀ ਕਾਂਡ: ਸਿੱਖ ਪ੍ਰਚਾਰਕਾਂ ਖਿਲਾਫ ਦਿੱਤੀਆਂ ਅਰਜ਼ੀਆਂ ਖਾਰਜ



**ਫ਼ਰੀਦਕੋਟ:** ਇਲਾਕਾ ਮੈਜਿਸਟਰੇਟ ਅਜੈਪਾਲ ਸਿੰਘ ਦੀ ਅਦਾਲਤ ਵਿਚ ਕੋਟਕਪੂਰਾ ਗੋਲੀ ਕਾਂਡ ਮਾਮਲੇ ਦੀ ਸੁਣਵਾਈ ਹੋਈ। ਇਸ ਸੁਣਵਾਈ ਦੌਰਾਨ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਦਾਲਤ ਵਿਚ ਹਾਜਰ ਸਨ। ਅਦਾਲਤ ਨੇ ਪੁਲਿਸ ਅਧਿਕਾਰੀਆਂ ਵੱਲੋਂ ਦਿੱਤੀਆਂ ਉਹ ਸਾਰੀਆਂ ਛੇ ਅਰਜ਼ੀਆਂ ਖਾਰਜ ਕਰ ਦਿੱਤੀਆਂ ਜਿਨ੍ਹਾਂ ਵਿਚ 14 ਸਿੱਖ ਪ੍ਰਚਾਰਕਾਂ ਉੱਪਰ ਪੁਲਿਸ 'ਤੇ ਕਾਤਲਾਨਾ ਹਮਲਾ ਕਰਨ ਦੇ ਦੋਸ਼ਾਂ ਤਹਿਤ ਥਾਣਾ ਸਿਟੀ ਕੋਟਕਪੂਰਾ ਵਿਚ ਕੇਸ ਦਰਜ ਕੀਤਾ ਗਿਆ ਸੀ।

ਇਨ੍ਹਾਂ ਅਰਜ਼ੀਆਂ ਵਿਚ ਪੁਲਿਸ ਅਧਿਕਾਰੀਆਂ ਨੇ ਦਾਅਵਾ ਕੀਤਾ ਸੀ ਕਿ ਧਰਨੇ 'ਤੇ ਬੈਠੇ ਪ੍ਰਚਾਰਕਾਂ ਅਤੇ ਸਿੱਖ ਸੰਗਤ ਨੇ ਪੁਲਿਸ ਪਾਰਟੀ 'ਤੇ ਮਾਰੂ ਹਥਿਆਰਾਂ ਨਾਲ ਹਮਲਾ ਕੀਤਾ ਸੀ। ਇਸ ਲਈ ਸਿੱਖ ਪ੍ਰਚਾਰਕਾਂ ਅਤੇ ਧਰਨਾ ਦੇ ਰਹੀ ਸੰਗਤ 'ਤੇ ਵੀ ਕੇਸ ਚੱਲਣਾ ਚਾਹੀਦਾ ਹੈ। ਅਦਾਲਤ ਨੇ ਪੁਲਿਸ ਅਧਿਕਾਰੀਆਂ ਦੀ ਅਰਜ਼ੀ ਖਾਰਜ ਕਰਦਿਆਂ ਕਿਹਾ ਕਿ ਜਿਹੜੇ ਪੁਲਿਸ ਅਧਿਕਾਰੀ ਸਿੱਖ ਪ੍ਰਚਾਰਕਾਂ ਖਿਲਾਫ਼ ਮੁਕੱਦਮਾ ਚਲਾਉਣ ਲਈ ਅਰਜ਼ੀ ਦੇ ਰਹੇ ਹਨ, ਉਹੀ ਪੁਲਿਸ ਅਧਿਕਾਰੀ ਪਹਿਲਾਂ ਅਦਾਲਤ ਵਿਚ ਲਿਖ ਕੇ ਦੇ ਚੁੱਕੇ ਹਨ ਕਿ ਸਿੱਖ ਪ੍ਰਚਾਰਕਾਂ ਨੇ ਪੁਲਿਸ 'ਤੇ ਕੋਈ ਹਮਲਾ ਨਹੀਂ ਕੀਤਾ।

ਜਾਂਚ ਟੀਮ ਨੇ ਕਿਹਾ ਕਿ ਦਸ ਵਿਅਕਤੀਆਂ ਦੀ ਸ਼ਨਾਖਤ ਨਹੀਂ ਹੋ ਸਕੀ ਜਿਹੜੇ ਕਿ ਭੇਸ ਬਦਲ ਕੇ ਸਿੱਖ ਸੰਗਤ ਵਿਚ ਬੈਠੇ ਸਨ। ਜਾਂਚ ਟੀਮ ਨੇ ਦਾਅਵਾ ਕੀਤਾ ਕਿ ਪੁਲਿਸ ਨੇ ਆਪਣੇ ਉੱਪਰ ਹਮਲਾ ਹੋਣ ਦੀ ਮਨਘੜਤ ਕਹਾਣੀ ਬਣਾਈ ਹੈ। ਇਸ ਦੇ ਨਾਲ ਹੀ ਅਦਾਲਤ ਨੇ ਕੋਟਕਪੂਰਾ ਗੋਲੀ ਕਾਂਡ ਮਾਮਲੇ ਨੂੰ ਸੁਣਵਾਈ ਲਈ ਸੈਸ਼ਨ ਅਦਾਲਤ ਵਿਚ ਭੇਜ ਦਿੱਤਾ ਹੈ ਅਤੇ ਮੁਲਜ਼ਮਾਂ ਨੂੰ ਆਦੇਸ਼ ਦਿੱਤੇ ਹਨ ਕਿ ਉਹ 21 ਨਵੰਬਰ ਨੂੰ ਅਦਾਲਤ ਵਿਚ ਨਿੱਜੀ ਤੌਰ 'ਤੇ ਪੇਸ਼ ਹੋਣ। ਅਦਾਲਤ ਦੇ ਇਸ ਹੁਕਮ ਨਾਲ ਕੋਟਕਪੂਰਾ ਤੇ ਬਹਿਬਲ ਗੋਲੀ ਕਾਂਡ ਮਾਮਲੇ ਦੀ ਸੁਣਵਾਈ ਬਾਕਾਇਦਾ ਤੌਰ 'ਤੇ ਸ਼ੁਰੂ ਹੋ ਜਾਵੇਗੀ। ਮਾਮਲੇ ਦੀ ਸੁਣਵਾਈ ਦੌਰਾਨ ਸਾਬਕਾ ਡੀ.ਜੀ.ਪੀ. ਸੁਮੇਧ ਸਿੰਘ ਸੈਣੀ, ਆਈ.ਜੀ. ਪਰਮਰਾਜ ਸਿੰਘ ਉਮਰਾ ਨੰਗਲ, ਅਮਰ ਸਿੰਘ ਚਾਹਲ, ਸੁਖਮਿੰਦਰ ਸਿੰਘ ਮਾਨ ਅਤੇ ਚਰਨਜੀਤ ਸ਼ਰਮਾ ਅਦਾਲਤ ਵਿਚ ਪੇਸ਼ ਨਹੀਂ ਹੋਏ।

# ਝੂਠਾ ਪੁਲਿਸ ਮੁਕਾਬਲਾ: ਸੀ.ਆਈ.ਏ. ਦੇ ਤਤਕਾਲੀ ਇੰਚਾਰਜ ਨੂੰ ਤਿੰਨ ਸਾਲ ਕੈਦ

**ਮੁਹਾਲੀ:** ਮੁਹਾਲੀ ਦੀ ਵਿਸ਼ੇਸ਼ ਸੀ.ਬੀ.ਆਈ. ਅਦਾਲਤ ਨੇ ਤਕਰੀਬਨ ਤਿੰਨ ਦਹਾਕੇ ਪੁਰਾਣੇ ਫ਼ਰਜ਼ੀ ਪੁਲਿਸ ਮੁਕਾਬਲੇ ਸਬੰਧੀ ਫ਼ਰਜ਼ੀ ਰਿਕਾਰਡ ਬਣਾਉਣ ਦੇ ਮਾਮਲੇ 'ਚ ਜ਼ਿਲ੍ਹਾ ਸੀ.ਆਈ.ਏ. ਸਟਾਫ ਮਜੀਠਾ (ਅੰਮ੍ਰਿਤਸਰ) ਦੇ ਤਤਕਾਲੀ ਇੰਚਾਰਜ ਤਰਸੇਮ ਲਾਲ ਨੂੰ ਦੋਸ਼ੀ ਠਹਿਰਾਉਂਦੇ ਹੋਏ ਤਿੰਨ ਸਾਲ ਕੈਦ ਤੇ 50 ਹਜ਼ਾਰ ਰੁਪਏ ਜੁਰਮਾਨੇ ਦੀ ਸਜਾ ਸੁਣਵਾਈ ਹੈ ਜਦੋਂਕਿ ਸਬੂਤਾਂ ਦੀ ਘਾਟ ਤੇ ਸ਼ਿਕਾਇਤਕਰਤਾ ਸਣੇ ਗਵਾਹਾਂ ਦੇ ਆਪਣੇ ਬਿਆਨਾਂ ਤੋਂ ਮੁਨਕਰ ਹੋਣ ਕਾਰਨ ਥਾਣਾ ਲੋਪੋਕੇ (ਅੰਮ੍ਰਿਤਸਰ) ਦੇ ਤਤਕਾਲੀ ਐਸ.ਐਚ.ਓ. ਧਰਮ ਸਿੰਘ ਨੂੰ ਬਰੀ ਕੀਤਾ ਗਿਆ ਹੈ। ਇਸ ਮਾਮਲੇ ਵਿਚ ਨਾਮਜ਼ਦ ਸਬ ਇੰਸਪੈਕਟਰ ਸਵਰਨ ਸਿੰਘ ਤੇ ਏ.ਐਸ.ਆਈ. ਅਵਤਾਰ ਸਿੰਘ ਦੀ ਕੇਸ ਦੀ ਸੁਣਵਾਈ ਦੌਰਾਨ ਪਹਿਲਾਂ ਹੀ ਮੌਤ ਹੋ ਚੁੱਕੀ ਹੈ। ਤਰਸੇਮ ਲਾਲ ਅਤੇ ਧਰਮ ਸਿੰਘ ਪਹਿਲਾਂ ਵੀ ਫ਼ਰਜ਼ੀ ਪੁਲਿਸ ਮੁਕਾਬਲੇ ਦੇ ਮਾਮਲੇ ਵਿਚ ਪਟਿਆਲਾ ਜੇਲ੍ਹ ਵਿਚ ਉਮਰ ਕੈਦ ਦੀ ਸਜਾ ਭੁਗਤ ਰਹੇ ਹਨ। ਵਕੀਲ ਸਰਬਜੀਤ ਸਿੰਘ ਵੇਰਕਾ, ਪੁਸ਼ਪਿੰਦਰ ਸਿੰਘ ਨੱਤ ਅਤੇ ਜਗਜੀਤ ਸਿੰਘ ਬਾਜਵਾ ਨੇ ਦੱਸਿਆ ਕਿ 13 ਦਸੰਬਰ 1992 ਨੂੰ ਅੰਮ੍ਰਿਤਸਰ ਪੁਲਿਸ ਨੇ ਪਿੰਡ ਖ਼ਿਆਲਾ ਵਾਸੀ ਕਸ਼ਮੀਰ ਸਿੰਘ, ਉਸ ਦੇ ਦੋ ਪੁੱਤਰਾਂ ਬਲਜੀਤ ਸਿੰਘ ਅਤੇ ਰਾਜਵੰਤ ਸਿੰਘ ਨੂੰ ਘਰੋਂ ਚੁੱਕ ਕੇ ਹਵਾਲਾਤ ਵਿਚ ਬੰਦ ਕਰ ਦਿੱਤਾ ਸੀ। ਇਸ ਮਗਰੋਂ ਪੁਲਿਸ ਨੇ ਇਨ੍ਹਾਂ ਤਿੰਨਾਂ ਨੂੰ ਤਾਂ ਛੱਡ ਦਿੱਤਾ ਪਰ ਐਸ.ਪੀ.ਓ. ਦਲਜੀਤ ਸਿੰਘ ਨੂੰ ਹਿਰਾਸਤ ਵਿਚ ਲੈ ਲਿਆ। ਪੁਲਿਸ ਨੇ ਦੱਸਿਆ ਕਿ ਜਗੀਰ ਸਿੰਘ ਨਾਂ ਦੇ ਨੌਜਵਾਨ ਨਾਲ ਦਲਜੀਤ ਸਿੰਘ ਵੀ ਮੁਕਾਬਲੇ ਵਿਚ ਮਾਰਿਆ ਗਿਆ ਸੀ। ਜਗੀਰ ਸਿੰਘ ਨਾਂ ਦੇ ਜਿਸ ਵਿਅਕਤੀ ਨੂੰ ਮੁਕਾਬਲੇ ਵਿਚ ਮਾਰਿਆ ਗਿਆ ਦਿਖਾਇਆ ਸੀ, ਉਹ ਜਿਉਂਦਾ ਨਿਕਲਿਆ। ਉਹ ਖ਼ੁਦ ਹੀ ਸਤੰਬਰ 2023 ਵਿਚ ਕੇਸ ਦੀ ਸੁਣਵਾਈ ਦੌਰਾਨ ਅਦਾਲਤ ਵਿਚ ਪੇਸ਼ ਹੋ ਗਿਆ। ਇਸ ਤਰ੍ਹਾਂ ਸ਼ਿਕਾਇਤਕਰਤਾ ਸਣੇ ਲਗਭਗ ਸਾਰੇ ਗਵਾਹ ਆਪਣੇ ਬਿਆਨਾਂ ਤੋਂ ਮੁੱਕਰ ਗਏ।



## ਕੈਨੇਡਾ 'ਚ 18 ਲੱਖ ਡਾਲਰ ਦੀ ਕੋਕੀਨ ਸਣੇ ਪੰਜਾਬੀ ਗ੍ਰਿਫਤਾਰ

**ਬਠਿੰਡਾ:** ਕੈਨੇਡਾ ਪੁਲਿਸ ਨੇ ਇਕ ਪੰਜਾਬੀ ਨੂੰ 40.5 ਕਿੱਲੋ ਕੋਕੀਨ ਸਣੇ ਗ੍ਰਿਫਤਾਰ ਕੀਤਾ ਹੈ। ਇਸ ਕੋਕੀਨ ਦੀ ਬਾਜ਼ਾਰ ਵਿਚ ਕੀਮਤ ਕਰੀਬ 18 ਲੱਖ ਡਾਲਰ ਹੈ। ਮਿਲੀ ਜਾਣਕਾਰੀ ਅਨੁਸਾਰ ਐਡਮੰਟਨ ਪੁਲਿਸ ਨੇ ਨਾਕੇ ਦੌਰਾਨ ਇਕ ਵਾਹਨ 'ਚੋਂ 40.5 ਕਿੱਲੋ ਕੋਕੀਨ ਬਰਾਮਦ ਕੀਤੀ ਸੀ। ਮੁਲਜ਼ਮ ਦੀ ਪਛਾਣ ਰਣਧੀਰ ਸਿੰਘ ਗਿੱਲ (40) ਵਜੋਂ ਹੋਈ ਹੈ, ਜਿਸ ਨੂੰ 8 ਨਵੰਬਰ ਨੂੰ ਅਦਾਲਤ ਵਿਚ ਪੇਸ਼ ਕੀਤਾ ਜਾ ਸਕਦਾ ਹੈ। ਇੰਸਪੈਕਟਰ ਲਾਂਸ ਪਾਰਕਰ ਨੇ ਕੈਨੇਡਿਆਈ ਮੀਡੀਆ ਨੂੰ ਸੰਬੋਧਨ ਕਰਦਿਆਂ ਕਿਹਾ, "ਐਡਮੰਟਨ ਪੁਲਿਸ ਦੇ ਇਤਿਹਾਸ ਵਿਚ ਪੁਲਿਸ ਨੇ ਸਭ ਤੋਂ ਵੱਡੀ ਮਾਤਰਾ 'ਚ 40.5 ਕਿੱਲੋ ਕੋਕੀਨ ਜ਼ਬਤ ਕੀਤੀ ਹੈ। ਇਸ ਤੋਂ ਪਹਿਲਾਂ 2013 ਵਿਚ ਸਭ ਤੋਂ ਵੱਧ 28 ਕਿੱਲੋ ਕੋਕੀਨ ਜ਼ਬਤ ਕੀਤੀ ਗਈ ਸੀ।" ਪਾਰਕਰ ਨੇ ਕਿਹਾ ਕਿ ਇਹ ਡਰੱਗ ਵੱਖ-ਵੱਖ ਥਾਈਂ ਵੇਚੇ ਜਾਣ ਦੀ ਤਿਆਰੀ ਸੀ।

# ਐਸ.ਜੀ.ਪੀ.ਸੀ ਚੋਣਾਂ: ਕਿਸਾਨ ਜਥੇਬੰਦੀਆਂ ਨੇ ਪੰਥਕ ਇਕੱਠ ਸੱਦਿਆ

**ਮੋਰਿੰਡਾ:** ਗੁਰਦੁਆਰਾ ਸ਼ਹੀਦਗੰਜ ਸਾਹਿਬ ਮੋਰਿੰਡਾ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਦੀਆਂ ਬਣ ਰਹੀਆਂ ਵੋਟਾਂ ਸਬੰਧੀ ਕਿਸਾਨ ਜਥੇਬੰਦੀਆਂ ਵੱਲੋਂ ਪੰਥਕ ਇਕੱਠ ਸੱਦਿਆ ਗਿਆ। ਇਸ ਦੌਰਾਨ ਵੋਟਾਂ ਬਣਾਉਣ ਦੀ ਮਿਆਦ ਵਿਚ 15 ਦਸੰਬਰ ਤੱਕ ਵਾਧਾ ਕਰਨ ਦੀ ਮੰਗ ਕੀਤੀ ਗਈ।

ਇਕੱਠ ਨੂੰ ਸੰਬੋਧਨ ਕਰਦਿਆਂ ਸਿੱਖ ਜਥੇਬੰਦੀਆਂ ਦੇ ਬੁਲਾਰਿਆਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਵੱਧ ਤੋਂ ਵੱਧ ਵੋਟਾਂ ਬਣਾਉਣ ਲਈ ਪਿੰਡਾਂ ਵਿਚ ਸਿੱਖ ਸੰਗਤ ਨੂੰ ਜਾਗਰੂਕ ਕਰਨ ਦਾ ਫੈਸਲਾ ਕੀਤਾ। ਇਸ ਮੌਕੇ ਬੋਲਦਿਆਂ ਜਗਜੀਤ ਸਿੰਘ ਰਤਨਗੜ੍ਹ ਨੇ ਕਿਸਾਨ ਆਗੂਆਂ ਨੂੰ ਸੁਝਾਅ ਦਿੱਤਾ ਕਿ ਵੋਟਾਂ ਬਣਾਉਣ ਲਈ ਫਾਰਮ ਵੰਡਣ ਦੀ ਥਾਂ 'ਤੇ ਪਿੰਡ ਪੱਧਰ 'ਤੇ ਕੈਂਪ ਲਗਾ ਕੇ ਵੱਧ ਤੋਂ ਵੱਧ ਵੋਟਾਂ ਬਣਵਾਈਆਂ ਜਾਣ।



ਬੀ.ਕੇ.ਯੂ. ਰਾਜੇਵਾਲ ਦੇ ਜਨਰਲ ਸਕੱਤਰ ਪਰਮਿੰਦਰ ਸਿੰਘ ਚਲਾਕੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਕਾਂ ਵੱਲੋਂ ਜੇ ਸਿੱਖੀ ਦੇ ਪ੍ਰਚਾਰ ਅਤੇ ਪਸਾਰ ਲਈ ਆਪਣੀ ਜ਼ਿੰਮੇਵਾਰੀ ਨਿਭਾਈ ਗਈ ਹੁੰਦੀ ਤਾਂ ਸੂਬੇ 'ਚ ਹਾਲਾਤ ਹੋਰ ਹੁੰਦੇ। ਬੀ.ਕੇ.ਯੂ. ਲੱਖੋਵਾਲ ਦੇ ਜ਼ਿਲ੍ਹਾ ਪ੍ਰਧਾਨ ਦਲਜੀਤ ਸਿੰਘ ਚਲਾਕੀ ਨੇ ਕਿਹਾ ਕਿ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੂੰ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਸਾਂਝਾ ਉਮੀਦਵਾਰ ਉਤਾਰਨ ਲਈ ਆਪ ਆਪਣੀ ਲੀਡਰਸ਼ਿਪ ਨਾਲ ਤਾਲਮੇਲ ਕਰ ਕੇ ਮੀਟਿੰਗਾਂ ਦਾ ਇਹ ਦੌਰ ਜਾਰੀ ਰੱਖਣ ਲਈ ਕਿਹਾ ਗਿਆ।

# ਸ਼੍ਰੋਮਣੀ ਕਮੇਟੀ ਦੇ ਵਫਦ ਵੱਲੋਂ ਗੁਰਦੁਆਰਾ ਚੋਣ ਕਮਿਸ਼ਨਰ ਨਾਲ ਮੁਲਾਕਾਤ

**ਚੰਡੀਗੜ੍ਹ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਇਕ ਵਫ਼ਦ ਨੇ ਮੁੱਖ ਕਮਿਸ਼ਨਰ ਗੁਰਦੁਆਰਾ ਚੋਣਾਂ ਜਸਟਿਸ (ਸੇਵਾਮੁਕਤ) ਐਸ.ਐਸ. ਸਾਰੋਂ ਨਾਲ ਮੁਲਾਕਾਤ ਕਰ ਕੇ ਸ਼੍ਰੋਮਣੀ ਕਮੇਟੀ ਦੀਆਂ ਜਨਰਲ ਚੋਣਾਂ ਲਈ ਵੋਟਾਂ ਬਣਾਉਣ ਦੀ ਪ੍ਰਕਿਰਿਆ ਸਰਲ ਕਰਨ ਦੇ ਨਾਲ-ਨਾਲ ਇਸ ਦੇ ਸਮੇਂ ਵਿਚ ਵਾਧਾ ਕਰਨ ਦੀ ਮੰਗ ਕੀਤੀ।

ਵਫ਼ਦ ਵਿਚ ਭਾਈ ਰਜਿੰਦਰ ਸਿੰਘ ਮਹਿਤਾ, ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਸੁਰਜੀਤ ਸਿੰਘ ਭਿੱਟੇਵੱਡ, ਸਤਵਿੰਦਰ ਸਿੰਘ ਟੌਹੜਾ, ਭੁਪਿੰਦਰ ਸਿੰਘ ਭਲਵਾਨ ਅਤੇ ਮੀਤ ਸਕੱਤਰ ਲਖਬੀਰ ਸਿੰਘ ਸ਼ਾਮਲ ਸਨ।



ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੀਆਂ ਜਨਰਲ ਚੋਣਾਂ ਲਈ ਵੋਟਾਂ ਬਣਾਉਣ ਵਾਸਤੇ ਅਰੰਭੀ ਗਈ ਪ੍ਰਕਿਰਿਆ ਵਿਚ ਸਿੱਖ ਸੰਗਤ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਬਾਰੇ ਜਸਟਿਸ ਐਸ.ਐਸ. ਸਾਰੋਂ ਨਾਲ ਮੁਲਾਕਾਤ ਕੀਤੀ ਗਈ ਹੈ। ਉਨ੍ਹਾਂ ਮੁੱਖ ਕਮਿਸ਼ਨਰ ਕੋਲੋਂ ਵੋਟ ਬਣਾਉਣ ਦੀ ਪ੍ਰਕਿਰਿਆ ਸਰਲ ਕਰਨ ਵਾਸਤੇ ਵੋਟਰ ਫਾਰਮ ਦੇ ਨਾਲ ਸ਼ਨਾਖ਼ਤੀ ਦਸਤਾਵੇਜ਼ ਦੀ ਫੋਟੋਕਾਪੀ ਲਗਾਉਣ ਦੀ ਥਾਂ ਫਾਰਮ ਵਿਚ ਸਿਰਫ ਆਧਾਰ/ਵੋਟਰ ਕਾਰਡ ਦਾ ਨੰਬਰ ਲਿਖਣ ਅਤੇ ਸਮੂਹਿਕ ਤੌਰ 'ਤੇ ਵੋਟਰ ਫਾਰਮ ਜਮ੍ਹਾਂ ਕਰਵਾਉਣ ਨੂੰ ਪ੍ਰਵਾਨਗੀ ਦੇਣ ਦੀ ਮੰਗ ਕੀਤੀ ਹੈ। ਇਸੇ ਤਰ੍ਹਾਂ ਵੋਟਾਂ ਬਣਾਉਣ ਲਈ 21 ਅਕਤੂਬਰ ਤੋਂ 15 ਨਵੰਬਰ ਤੱਕ ਦਾ ਸਮਾਂ ਬਹੁਤ ਘੱਟ ਹੋਣ ਕਰਕੇ ਇਸ ਵਿਚ ਵਾਧਾ ਅਤੇ ਬੂਥ ਪੱਧਰ 'ਤੇ ਵਿਸ਼ੇਸ਼ ਕੈਂਪ ਲਾਉਣ ਦੀ ਮੰਗ ਕੀਤੀ ਗਈ। ਉਨ੍ਹਾਂ ਕਿਹਾ ਕਿ ਵੋਟ ਬਣਾਉਣ ਵਾਲੇ ਫਾਰਮ ਵਿਚ ਅਨੁਸੂਚਿਤ ਜਾਤੀਆਂ ਵਾਲਾ ਕਾਲਮ ਬੇਮਾਇਨਾ ਹੈ, ਇਸ ਨੂੰ ਖ਼ਤਮ ਕੀਤਾ ਜਾਵੇ।

## ਅਕਾਲੀ ਦਲ 1920 ਦਾ ਵਫ਼ਦ ਚੋਣ ਕਮਿਸ਼ਨਰ ਨੂੰ ਮਿਲਿਆ

**ਚੰਡੀਗੜ੍ਹ:** ਅਕਾਲੀ ਦਲ 1920 ਦੇ ਵਫ਼ਦ ਨੇ ਸਿੱਖ ਗੁਰਦੁਆਰਾ ਚੋਣ ਕਮਿਸ਼ਨਰ ਜਸਟਿਸ ਐਸ.ਐਸ. ਸਾਰੋਂ ਨੂੰ ਮਿਲ ਕੇ ਮੰਗ ਕੀਤੀ ਕਿ ਵੋਟਾਂ ਬਣਾਉਣ ਦੀ ਮਿਆਦ ਫਰਵਰੀ ਤੱਕ ਵਧਾਈ ਜਾਵੇ ਤਾਂ ਜੋ ਸਮੁੱਚਾ ਸਿੱਖ ਭਾਈਚਾਰਾ ਵੋਟਿੰਗ ਪ੍ਰਕਿਰਿਆ ਵਿੱਚ ਸ਼ਮੂਲੀਅਤ ਕਰ ਸਕੇ। ਉਨ੍ਹਾਂ ਮੰਗ ਕੀਤੀ ਕਿ ਵੋਟਰ ਸੂਚੀ ਵਿਚ ਹਰੇਕ ਵੋਟਰ ਦੀ ਤਸਵੀਰ ਲਾਉਣੀ ਲਾਜ਼ਮੀ ਕੀਤੀ ਦਿੱਤੀ ਜਾਵੇ ਤਾਂ ਜੋ ਕੋਈ ਵਿਅਕਤੀ ਗਲਤ ਵੋਟ ਨਾ ਪਾ ਸਕੇ। ਉਨ੍ਹਾਂ ਕਿਹਾ ਕਿ ਇਸ ਦੌਰਾਨ ਸਿੱਖ ਵੋਟਰ ਝੋਨੇ ਦੀ ਵਾਢੀ ਤੇ ਕਣਕ ਦੀ ਬਿਜਾਈ ਵਿਚ ਰੁੱਝਿਆ ਹੋਇਆ ਹੈ ਅਤੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਸਬੰਧੀ ਵੀ ਸਿੱਖ ਸੰਗਤ ਗਮਗੀਨ ਹੋਵੇਗੀ।

# ਕਰਤਾਰਪੁਰ ਲਾਂਘੇ ਉਤੇ ਮਿਲੇਗੀ ਗੁਰਦੁਆਰੇ ਲਈ ਰਸਦ

**ਅੰਮ੍ਰਿਤਸਰ:** ਪਾਕਿਸਤਾਨ ਸਥਿਤ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਜਾਣ ਵਾਲੇ ਸ਼ਰਧਾਲੂਆਂ ਨੂੰ ਹੁਣ ਭਾਰਤ ਵਾਲੇ ਪਾਸੇ ਗੁਰਦੁਆਰਾ ਕਰਤਾਰਪੁਰ ਲਾਂਘੇ ਤੋਂ ਹੀ ਗੁਰਦੁਆਰੇ ਦੇ ਲੰਗਰ ਘਰ ਵਾਸਤੇ ਰਸਦਾਂ ਤੇ ਹੋਰ ਸਾਮਾਨ ਸੁਖਾਲੇ ਢੰਗ ਨਾਲ ਮਿਲ ਸਕੇਗਾ। ਕੇਂਦਰ ਸਰਕਾਰ ਦੀ ਪਹਿਲਕਦਮੀ 'ਤੇ ਭਾਰਤ ਵਾਲੇ ਪਾਸੇ ਲਾਂਘੇ ਵਾਲੇ ਹਿੱਸੇ ਵਿਚ ਇਕ ਸਪੈਸ਼ਲ ਸਟੋਰ ਖੋਲ੍ਹਿਆ ਗਿਆ, ਜਿਸ ਦਾ ਨਾਮ 'ਲੰਗਰ ਰਸਦ ਗੁਰੂ ਨਾਨਕ ਦੇਵ ਜੀ ਹੱਟ' ਰੱਖਿਆ ਗਿਆ ਹੈ। ਸਰਕਾਰ ਵੱਲੋਂ ਰੱਖੀਆਂ ਸ਼ਰਤਾਂ ਮੁਤਾਬਕ ਪ੍ਰਤੀ ਸ਼ਰਧਾਲੂ ਇਥੋਂ 7 ਕਿੱਲੋ ਵਜ਼ਨ ਦਾ ਸਮਾਨ ਲਿਜਾਇਆ ਜਾ ਸਕਦਾ ਹੈ। ਚੇਤੇ ਰਹੇ ਕਿ ਪਾਕਿਸਤਾਨ ਵਿਚ ਹਰੀਆਂ ਸਬਜ਼ੀਆਂ, ਦਾਲਾਂ ਅਤੇ ਹੋਰ ਰਸਦਾਂ ਦੀਆਂ ਕੀਮਤਾਂ ਅਸਮਾਨ ਛੋਹ ਰਹੀਆਂ ਹਨ। ਪਾਕਿਸਤਾਨ ਵਿਚ ਮਹਿੰਗਾਈ ਲਗਾਤਾਰ ਵੱਧ ਰਹੀ ਹੈ। ਇਸ ਸਟੋਰ ਦੀ ਸ਼ੁਰੂਆਤ ਨਾਲ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਲੰਗਰ ਘਰ ਵਿਚ ਸਸਤੀਆਂ ਰਸਦਾਂ ਪੁੱਜ ਸਕਣਗੀਆਂ। ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਇਹ ਲਾਂਘਾ 2019 ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਰਦਿਆਂ ਖੋਲ੍ਹਿਆ ਗਿਆ ਸੀ। ਇਸ ਵਾਸਤੇ ਡੇਰਾ ਬਾਬਾ



ਨਾਨਕ ਕਸਬੇ ਵਿਚ ਸਰਹੱਦ ਨੇੜੇ ਵਿਸ਼ੇਸ਼ ਲਾਂਘਾ ਤਿਆਰ ਕੀਤਾ ਗਿਆ ਸੀ। ਹੁਣ ਇਥੇ ਸ਼ਰਧਾਲੂਆਂ ਦੀ ਸਹੂਲਤ ਵਾਸਤੇ ਕੇਂਦਰ ਸਰਕਾਰ ਵੱਲੋਂ ਇਕ ਸਟੋਰ ਖੋਲ੍ਹਣ ਦੀ ਪ੍ਰਵਾਨਗੀ ਦਿੱਤੀ ਗਈ ਹੈ। ਇਸ ਸਟੋਰ 'ਤੇ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਲੰਗਰ ਵਾਸਤੇ ਲੋੜੀਂਦਾ ਰਾਸ਼ਨ ਤੇ ਹੋਰ ਰਸਦਾਂ ਤੋਂ ਇਲਾਵਾ ਧਾਰਮਿਕ ਕਾਰਜਾਂ ਲਈ ਵਰਤਿਆ ਜਾਣ ਵਾਲਾ ਸਾਮਾਨ ਰੱਖਿਆ ਗਿਆ ਹੈ। ਇਸ ਸਟੋਰ ਦਾ ਨਾਮ 'ਲੰਗਰ ਰਸਦ ਗੁਰੂ ਨਾਨਕ ਦੇਵ ਜੀ' ਰੱਖਿਆ ਗਿਆ ਹੈ। ਸ੍ਰੀ ਸੁਖਮਨੀ ਸਾਹਿਬ ਦੇ ਪਾਠ ਅਤੇ ਅਰਦਾਸ ਉਪਰੰਤ ਇਸ ਸਟੋਰ ਦੀ ਸ਼ੁਰੂਆਤ ਕੀਤੀ ਗਈ। ਇਸ ਸਟੋਰ ਦੀ ਸ਼ੁਰੂਆਤ ਕਰਨ ਵਾਲੇ ਸੁਖਵਿੰਦਰ ਸਿੰਘ ਅਤੇ ਰਾਜਿੰਦਰ ਸਿੰਘ ਨੇ ਦੱਸਿਆ ਕੇਂਦਰ ਸਰਕਾਰ ਵੱਲੋਂ ਕੁਝ ਸ਼ਰਤਾਂ ਅਧੀਨ ਇਹ ਸਟੋਰ ਸ਼ੁਰੂ ਕੀਤਾ ਗਿਆ ਹੈ। ਇਸ ਸਟੋਰ ਵਿਚ ਇਸ ਵੇਲੇ ਟਮਾਟਰ, ਹਰੀਆਂ ਮਿਰਚਾਂ, ਅਦਰਕ, ਲਸਣ, ਪਿਆਜ, ਦਾਲਾਂ, ਤੇਲ, ਦੇਸੀ ਘਿਓ, ਆਟਾ, ਚਾਵਲ ਨਿਊਟਰੀ ਤੇ ਹੋਰ ਸਮਾਨ ਤੋਂ ਇਲਾਵਾ ਰੁਮਾਲੇ, ਕੰਘੇ, ਕੜੇ, ਕਿਰਪਾਨਾਂ, ਕਛਹਿਰੇ ਆਦਿ ਸਾਮਾਨ ਰੱਖਿਆ ਗਿਆ ਹੈ।

ਸਟੋਰ ਦੇ ਪ੍ਰਬੰਧਕ ਰਜਿੰਦਰ ਸਿੰਘ ਨੇ ਦੱਸਿਆ ਕਿ ਪਹਿਲਾਂ ਕੌਰੀਡੋਰ ਅੰਦਰ ਦਾਖਲ ਹੋਣ ਤੋਂ ਬਾਅਦ ਸ਼ਰਧਾਲੂਆਂ ਨੂੰ ਗੁਰੂ ਘਰ ਲੈ ਜਾਣ ਵਾਸਤੇ ਕੁਝ ਵੀ ਨਹੀਂ ਮਿਲਦਾ ਸੀ ਪਰ ਹੁਣ ਇਸ ਸਟੋਰ ਦੇ ਖੁੱਲ੍ਹਣ ਨਾਲ ਸ਼ਰਧਾਲੂ ਗੁਰੂ ਘਰ ਦੇ ਲੰਗਰ ਦੀਆਂ ਰਸਦਾਂ ਅਤੇ ਹੋਰ ਸਮਾਨ ਆਪਣੀ ਇੱਛਾ ਅਨੁਸਾਰ ਲਿਜਾ ਸਕਦੇ ਹਨ। ਉਨ੍ਹਾਂ ਕਿਹਾ ਕਿ ਗੁਰਦੁਆਰੇ ਦੇ ਪ੍ਰਬੰਧਕਾਂ ਦੀ ਲੋੜ ਤੇ ਮੰਗ ਮੁਤਾਬਕ ਵੀ ਸੰਗਤਾਂ ਇਥੋਂ ਰਸਦਾਂ ਤੇ ਹੋਰ ਸਾਮਾਨ ਲਿਜਾ ਸਕਣਗੀਆਂ। ਫਿਲਹਾਲ ਸਟੋਰ 'ਚ ਹਰੀਆਂ ਸਬਜ਼ੀਆਂ ਨਹੀਂ ਰੱਖੀਆਂ ਗਈਆਂ ਕਿਉਂਕਿ ਇਹ ਖਰਾਬ ਹੋ ਸਕਦੀਆਂ ਹਨ। ਹਰੀਆਂ ਸਬਜ਼ੀਆਂ ਦੀ ਮੰਗ ਆਉਂਦੀ ਹੈ ਤਾਂ ਇਹ ਤੁਰਤ ਮੁਹੱਈਆ ਕਰਵਾਈਆਂ ਜਾ ਸਕਣਗੀਆਂ।

## ਗਿਆਨੀ ਹਰਪ੍ਰੀਤ ਸਿੰਘ ਵੱਲੋਂ ਸੰਘੀ ਢਾਂਚੇ ਦੀ ਲੋੜ 'ਤੇ ਜ਼ੋਰ

**ਅੰਮ੍ਰਿਤਸਰ:** ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਦੇਸ਼ ਵਿਚ ਉੱਠ ਰਹੇ ਵੱਖਵਾਦ ਦੇ ਮਾਮਲਿਆਂ ਦੇ ਮੱਦੇਨਜ਼ਰ ਦੇਸ ਵਿਚ ਸੰਘੀ ਢਾਂਚੇ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਇਸ ਵੇਲੇ ਕੌਮਾਂਤਰੀ ਪੱਧਰ 'ਤੇ ਵੀ ਉਥਲ ਪੁਥਲ ਚੱਲ ਰਹੀ ਹੈ ਅਤੇ ਭਾਰਤ ਵਿਚ ਵੀ ਵੱਖ-ਵੱਖ ਖ਼ਿੱਤਿਆਂ 'ਚ ਵੱਖਵਾਦੀ ਆਵਾਜ਼ਾਂ ਨੂੰ ਕੇਂਦਰ ਸਰਕਾਰ ਵੱਲੋਂ ਜਬਰੀ ਦਬਾਅ ਕੇ ਦੇਸ ਦੀ ਅਖੰਡਤਾ ਨੂੰ ਬਰਕਰਾਰ ਰੱਖਣ ਲਈ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਭਾਰਤ ਦੀ ਪ੍ਰਭੂ ਸੱਤਾ ਨੂੰ ਸਿਰਫ ਅਨੇਕਤਾ ਵਿਚ ਏਕਤਾ ਅਤੇ ਵੰਨ ਸੁਵੰਨਤਾ ਵਾਲਾ ਫਾਰਮੂਲਾ ਹੀ ਬਰਕਰਾਰ ਰੱਖ ਸਕਦਾ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਵਿਚ ਦੇਸ ਦੇ ਵੱਖ-ਵੱਖ ਖ਼ਿੱਤਿਆਂ ਵਿਚ ਸੂਬਿਆਂ ਦੀਆਂ ਬੋਲੀਆਂ ਨੂੰ ਖਤਮ ਕੀਤਾ ਜਾ ਰਿਹਾ ਤੇ ਖੇਤਰੀ ਸੱਭਿਆਚਾਰ ਉਤੇ ਹਿੰਦੂਤਵ ਨੂੰ ਥੋਪਣ ਦਾ ਯਤਨ ਕੀਤਾ ਜਾ ਰਿਹਾ। ਜਥੇਦਾਰ ਨੇ ਕਿਹਾ ਕਿ ਹਿੰਦੂ ਰਾਸ਼ਟਰ ਬਣਾਉਣ ਦੇ ਅਜਿਹੇ ਯਤਨ ਦੇਸ ਦੀ ਅਖੰਡਤਾ ਲਈ ਖਤਰਾ ਪੈਦਾ ਕਰ ਰਹੇ ਹਨ।

## ਸਕੂਲਾਂ ਦੇ ਨਾਮ ਆਜ਼ਾਦੀ ਘੁਲਾਟੀਆਂ ਤੇ ਸ਼ਹੀਦਾਂ ਦੇ ਨਾਂ ਉਤੇ ਰੱਖੇ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸੂਬੇ ਦੇ 31 ਸਰਕਾਰੀ ਸਕੂਲਾਂ ਦੇ ਨਾਮ ਆਜ਼ਾਦੀ ਘੁਲਾਟੀਆਂ ਅਤੇ ਸ਼ਹੀਦ ਸੈਨਿਕਾਂ ਦੇ ਨਾਮ 'ਤੇ ਰੱਖਣ ਦਾ ਫੈਸਲਾ ਲਿਆ ਹੈ। ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਚਾਲੂ ਸਾਲ ਦੌਰਾਨ ਤੀਜੇ ਗੇੜ ਵਿਚ ਹੁਣ 31 ਸਰਕਾਰੀ ਸਕੂਲਾਂ ਦੇ ਨਾਮ ਬਦਲੇ ਗਏ ਹਨ। ਸ੍ਰੀ ਬੈਂਸ ਨੇ ਦੱਸਿਆ ਕਿ ਜਿਨ੍ਹਾਂ ਸਰਕਾਰੀ ਸਕੂਲਾਂ ਦੇ ਨਾਂ ਬਦਲੇ ਗਏ ਹਨ, ਉਨ੍ਹਾਂ ਵਿਚ ਸਭ ਤੋਂ ਪ੍ਰਮੁੱਖ ਸਰਕਾਰੀ ਹਾਈ ਸਕੂਲ ਖਟਕੜ ਕਲਾਂ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦਾ ਨਾਮ ਬਦਲ ਕੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਸਰਕਾਰੀ ਹਾਈ ਸਕੂਲ, ਖਟਕੜ ਕਲਾਂ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਰੱਖਿਆ ਗਿਆ ਹੈ। ਸਿੱਖਿਆ ਮੰਤਰੀ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਉਹ ਆਪਣੇ ਇਲਾਕੇ ਦੇ ਸਕੂਲ ਦਾ ਨਾਮ ਕਿਸੇ ਨਾਮੀ ਹਸਤੀ ਦੇ ਨਾਮ 'ਤੇ ਰਖਵਾਉਣਾ ਚਾਹੁੰਦੇ ਹਨ ਤਾਂ ਸਿੱਖਿਆ ਵਿਭਾਗ ਨਾਲ ਤਾਲਮੇਲ ਕਰ ਸਕਦੇ ਹਨ।

# ਪੰਜਾਬ ਸਰਕਾਰ ਨੇ ਮਿਲਾਵਟਖੋਰਾਂ ਖਿਲਾਫ ਸ਼ਿਕੰਜਾ ਕੱਸਿਆ



**ਚੰਡੀਗੜ੍ਹ:** ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਪੰਜਾਬ ਫੂਡ ਐਂਡ ਡਰੱਗਜ਼ ਐਡਮਨਿਸਟ੍ਰੇਸ਼ਨ (ਐਫ.ਡੀ.ਏ.) ਨੇ ਤਿਉਹਾਰਾਂ ਦੇ ਸੀਜ਼ਨ ਦੌਰਾਨ ਦੁੱਧ, ਦੁੱਧ ਤੋਂ ਬਣੀਆਂ ਵਸਤਾਂ ਅਤੇ ਮਠਿਆਈਆਂ ਦੀ ਸ਼ੁੱਧਤਾ ਯਕੀਨੀ ਬਣਾਉਣ ਲਈ ਦੁੱਧ ਉਤਪਾਦਨ ਇਕਾਈਆਂ, ਡਿਸਟ੍ਰੀਬਿਊਸ਼ਨ ਨੈੱਟਵਰਕ ਅਤੇ ਰਿਟੇਲ ਆਊਟਲੈੱਟਸ 'ਤੇ ਨਿਗਰਾਨੀ ਵਧਾ ਦਿੱਤੀ ਹੈ।

ਉਨ੍ਹਾਂ ਕਿਹਾ ਕਿ ਤਿਉਹਾਰਾਂ ਦੇ ਸੀਜ਼ਨ ਦੌਰਾਨ ਮਿਲਾਵਟਖੋਰੀ ਦੀ ਸਮੱਸਿਆ ਨਾਲ ਨਜਿੱਠਣ ਅਤੇ ਮਿਆਰੀ ਖੁਰਾਕੀ ਵਸਤਾਂ ਯਕੀਨੀ ਬਣਾਉਣ ਲਈ ਸੂਬੇ ਭਰ ਵਿਚ ਵਿਸ਼ੇਸ਼ ਚੈਕਿੰਗ ਮੁਹਿੰਮ ਚਲਾਉਣ ਲਈ ਅੰਤਰ-ਜ਼ਿਲ੍ਹਾ ਟੀਮਾਂ ਤਾਇਨਾਤ ਕੀਤੀਆਂ ਗਈਆਂ ਹਨ।

ਇਸ ਮੁਹਿੰਮ ਤਹਿਤ ਹੁਣ ਤਕ ਅਕਤੂਬਰ ਮਹੀਨੇ ਦੌਰਾਨ ਜਾਂਚ ਲਈ 934 ਨਮੂਨੇ ਲਏ ਗਏ ਹਨ, ਜਿਨ੍ਹਾਂ ਵਿਚ ਖੋਏ ਦੇ 43 ਨਮੂਨੇ, ਖੋਏ ਤੋਂ ਬਣਾਈ ਗਈ ਮਠਿਆਈ ਦੇ 97, ਰੰਗਦਾਰ ਮਠਿਆਈ ਦੇ 92, ਪਨੀਰ ਦੇ 27, ਰੰਗਦਾਰ ਬੇਕਰੀ ਆਈਟਮ ਕੇਕ ਦੇ 112, ਚਾਂਦੀ ਦੇ ਵਰਕ ਵਾਲੀ ਮਠਿਆਈ ਦੇ 70, ਸੁੱਕੇ ਮੇਵੇ ਦੇ 104 ਅਤੇ ਵੱਖ-ਵੱਖ ਖਾਣ-ਪੀਣ ਵਾਲੇ ਪਦਾਰਥਾਂ ਦੇ 389 ਨਮੂਨੇ ਸ਼ਾਮਲ ਹਨ। ਸਟੇਟ ਫੂਡ ਲੈਬਾਰਟਰੀ ਤੋਂ ਜਾਂਚ ਰਿਪੋਰਟ ਮਿਲਣ ਉਪਰੰਤ ਉਲੰਘਣਾ ਕਰਨ ਵਾਲਿਆਂ ਨੂੰ ਅਦਾਲਤ ਵਿਚ ਪੇਸ਼ ਕਰ ਕੇ ਅਗਲੇਰੀ ਕਾਨੂੰਨੀ ਕਾਰਵਾਈ ਸ਼ੁਰੂ ਕੀਤੀ ਜਾ ਰਹੀ ਹੈ।

## ਪ੍ਰਿੰਟਿੰਗ ਤੇ ਸਟੇਸ਼ਨਰੀ ਵਿਭਾਗ 'ਚ ਭਰਤੀ ਦਾ ਵਾਅਦਾ

**ਚੰਡੀਗੜ੍ਹ:** ਪੰਜਾਬ ਦੇ ਪ੍ਰਿੰਟਿੰਗ ਅਤੇ ਸਟੇਸ਼ਨਰੀ ਮੰਤਰੀ ਅਮਨ ਅਰੋੜਾ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਪ੍ਰਿੰਟਿੰਗ ਤੇ ਸਟੇਸ਼ਨਰੀ ਵਿਭਾਗ ਵਿਚ 269 ਅਸਾਮੀਆਂ ਭਰਨ ਦੇ ਨਾਲ-ਨਾਲ ਸਰਕਾਰੀ ਪ੍ਰੈੱਸ ਦੀ ਸਮਰੱਥਾ ਵੀ ਵਧਾਈ ਜਾਵੇਗੀ। ਸ੍ਰੀ ਅਰੋੜਾ ਨੇ ਕਿਹਾ ਕਿ ਕੈਬਨਿਟ ਨੇ ਵਿਭਾਗ ਦੇ ਪੁਨਰਗਠਨ ਨੂੰ ਪਹਿਲਾਂ ਹੀ ਪ੍ਰਵਾਨਗੀ ਦੇ ਦਿੱਤੀ ਹੈ। ਕੈਬਨਿਟ ਮੰਤਰੀ ਨੇ ਸਬੰਧਤ ਅਧਿਕਾਰੀਆਂ ਨੂੰ ਵਿਭਾਗ ਵਿਚ ਤਰੱਕੀਆਂ ਅਤੇ ਨਵੀਂ ਭਰਤੀ ਦੀ ਪ੍ਰਕਿਰਿਆ ਸ਼ੁਰੂ ਕਰਨ ਲਈ ਜਲਦੀ ਤੋਂ ਜਲਦੀ ਵਿਭਾਗ ਦੇ ਸੇਵਾ ਨਿਯਮਾਂ ਨੂੰ ਅੰਤਿਮ ਰੂਪ ਦੇਣ ਦੇ ਨਿਰਦੇਸ਼ ਦਿੱਤੇ।

# ਕੇਜਰੀਵਾਲ ਨੇ ਸ਼ਰਾਬ ਨੀਤੀ ਨਾਲ ਪੰਜਾਬ ਦਾ ਵੱਡਾ ਨੁਕਸਾਨ ਕੀਤਾ: ਸਿੱਧੂ

**ਪਟਿਆਲਾ:** ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੱਧੂ ਨੇ ਕਿਹਾ ਕਿ ਦਿੱਲੀ ਵਿਚ ਫੇਲ੍ਹ ਹੋ ਚੁੱਕੀ ਸ਼ਰਾਬ ਨੀਤੀ ਪੰਜਾਬ 'ਤੇ ਥੋਪੀ ਗਈ ਹੈ ਜਿਸ ਕਰਕੇ ਪੰਜਾਬ ਵਿਚ ਠੇਕੇਦਾਰਾਂ ਦਾ ਰਾਜ ਹੋਣ ਕਰਕੇ ਵੱਡੇ ਘਪਲੇ ਹੋ ਰਹੇ ਹਨ। ਇਹ ਘਪਲੇ ਕੋਈ ਛੋਟੇ ਨਹੀਂ ਸਗੋਂ 4000 ਕਰੋੜ ਤੋਂ ਵੱਧ ਦੇ ਹਨ। ਇਸ ਨੀਤੀ ਰਾਹੀਂ ਸਰਕਾਰ ਨੂੰ ਘੱਟ ਮਾਲੀਆ ਮਿਲ ਰਿਹਾ ਹੈ ਜਦਕਿ ਠੇਕੇਦਾਰ ਵੱਧ ਕਮਾ ਰਹੇ ਹਨ।

ਸ੍ਰੀ ਸਿੱਧੂ ਨੇ ਆਮ ਆਦਮੀ ਪਾਰਟੀ ਦੀ ਪੰਜਾਬ ਤੇ ਦਿੱਲੀ ਸਰਕਾਰ ਨੂੰ ਖੂਬ ਰਗੜੇ ਲਾਏ। ਉਨ੍ਹਾਂ ਨਾਲ ਇਹ ਵੀ ਕਿਹਾ ਕਿ ਭਗਵੰਤ ਮਾਨ ਉਨ੍ਹਾਂ ਦਾ ਛੋਟਾ ਭਰਾ ਹੈ, ਉਸ ਨਾਲ ਕੋਈ ਨਿੱਜੀ ਵੈਰ ਵਿਰੋਧ ਨਹੀਂ ਹੈ ਪਰ ਅਰਵਿੰਦ ਕੇਜਰੀਵਾਲ ਦੀਆਂ ਨੀਤੀਆਂ ਨੇ ਪੰਜਾਬ ਨੂੰ ਵੱਡਾ ਨੁਕਸਾਨ ਪਹੁੰਚਾਇਆ ਹੈ। ਪੰਜਾਬ ਵਿਚ ਕੀਤੇ ਜਾ ਰਹੇ ਕਥਿਤ ਘਪਲਿਆਂ ਦੀ ਪੜਤਾਲ ਕਿਸੇ ਵਿਸ਼ੇਸ਼ ਨਿਰਪੱਖ ਏਜੰਸੀ ਤੋਂ ਕਰਾਉਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਆਪਣੀਆਂ ਮਨਮਰਜ਼ੀਆਂ ਕਰਨ ਲਈ ਪੰਜਾਬ ਸਰਕਾਰ ਚੰਗੇ ਇਮਾਨਦਾਰ ਅਧਿਕਾਰੀਆਂ ਨੂੰ ਖੁੱਡੇ ਲਾਈਨ ਲਾ ਰਹੀ ਹੈ। ਉਨ੍ਹਾਂ ਕਿਹਾ ਕਿ ਸ਼ਰਾਬ ਦੀ ਖਪਤ ਘੱਟ ਕਰਨ ਵਾਲੇ ਸੂਬੇ



ਤਾਮਿਲਨਾਡੂ 44,098 ਕਰੋੜ, ਕਰਨਾਟਕ 29,000 ਕਰੋੜ, ਤੇਲੰਗਾਨਾ 31,000 ਕਰੋੜ ਤੇ ਕੇਰਲਾ 16,000 ਕਰੋੜ ਸ਼ਰਾਬ ਤੋਂ ਕਮਾ ਰਹੇ ਹਨ ਪਰ ਸ਼ਰਾਬ ਦੀ ਖਪਤ ਵੱਧ ਹੋਣ ਦੇ ਬਾਵਜੂਦ ਪੰਜਾਬ ਸ਼ਰਾਬ ਤੋਂ ਮਾਮੂਲੀ ਰੁਪਏ ਹੀ ਕਮਾ ਰਿਹਾ ਹੈ ਜਦਕਿ ਇਥੇ ਠੇਕੇਦਾਰ ਵੱਧ ਕਮਾ ਰਹੇ ਹਨ। ਉਨ੍ਹਾਂ ਕਿਹਾ ਕਿ ਐੱਲ-1 ਲਾਇਸੰਸ ਸਭ ਤੋਂ ਵੱਡੀ ਠੱਗੀ ਹੈ, ਇਨ੍ਹਾਂ ਨੇ ਤਾਂ ਇਸ ਠੱਗੀ ਨੂੰ ਹੋਰ ਵੱਡੀ ਕਰਨ ਲਈ ਸੁਪਰ ਐੱਲ-1 ਲਾਇਸੈਂਸ ਜਾਰੀ ਕਰ ਦਿੱਤੇ ਹਨ। 5 ਤੋਂ 12 ਫੀਸਦੀ ਕਮਿਸ਼ਨ ਕਰਕੇ ਠੇਕੇਦਾਰਾਂ ਨੂੰ ਮੋਟੀ ਕਮਾਈ ਕਰਵਾਈ ਜਾ ਰਹੀ ਹੈ ਜਿਸ ਤੋਂ ਲੱਗ ਰਿਹਾ ਹੈ ਕਿ ਮੁੱਖ ਮੰਤਰੀ ਠੇਕੇਦਾਰਾਂ ਦੇ ਦਬਾਅ ਹੇਠਾਂ ਦੱਬ ਕੇ ਰਹਿ ਗਿਆ ਹੈ। ਸ਼ਰਾਬ ਵਿਚ ਹੋ ਰਹੇ ਘਪਲਿਆਂ ਨੂੰ ਪਰਦੇ ਵਿਚ ਰੱਖਣ ਲਈ ਕਿਸੇ ਆਰ.ਟੀ.ਆਈ. ਦਾ ਜਵਾਬ ਵੀ ਨਹੀਂ ਦਿੱਤਾ ਜਾ ਰਿਹਾ। ਪੰਜਾਬ ਵਿਚ ਖੁੱਲ੍ਹੀ ਬਹਿਸ ਬਾਰੇ ਉਨ੍ਹਾਂ ਕਿਹਾ ਕਿ ਇਸ ਨਾਲ ਪੰਜਾਬ ਦਾ ਕੁਝ ਵੀ ਨਹੀਂ ਸੰਵਾਰਿਆ। ਇਹ ਪੁੱਛਣ 'ਤੇ ਕਿ ਕੈਪਟਨ ਅਮਰਿੰਦਰ ਸਿੰਘ ਪੰਜਾਬ ਦੇ ਕਿਸੇ ਮੁੱਦੇ 'ਤੇ ਨਹੀਂ ਬੋਲ ਰਹੇ, ਬਾਰੇ ਸ੍ਰੀ ਸਿੱਧੂ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਪਹਿਲਾਂ ਵੀ ਪੰਜਾਬ ਹਿਤੈਸ਼ੀ ਨਹੀਂ ਸੀ ਤੇ ਅੱਜ ਵੀ ਉਨ੍ਹਾਂ ਤੋਂ ਪੰਜਾਬ ਦੇ ਭਲੇ ਲਈ ਕੋਈ ਵੀ ਆਸ ਨਹੀਂ ਰੱਖੀ ਜਾ ਸਕਦੀ।

# ਮੂਸੇਵਾਲਾ ਕਤਲ ਕੇਸ: ਮੁਲਜ਼ਮਾਂ ਨੇ ਮਾਨਸਾ ਦੀ ਅਦਾਲਤ 'ਚ ਪੇਸ਼ੀ ਭੁਗਤੀ

**ਮਾਨਸਾ:** ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਕੇਸ ਵਿਚ ਪੰਜਾਬ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਬੰਦ ਕੁੱਲ 25 ਮੁਲਜ਼ਮਾਂ ਨੂੰ ਵੀਡੀਓ ਕਾਨਫਰੰਸਿੰਗ ਰਾਹੀਂ ਜ਼ਿਲ੍ਹਾ ਤੇ ਸੈਸ਼ਨ ਜੱਜ ਪ੍ਰੀਤੀ ਸਾਹਨੀ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ। ਉਪਰੰਤ ਇਸ ਮਾਮਲੇ ਵਿਚ ਅਗਲੀ ਸੁਣਵਾਈ 16 ਨਵੰਬਰ 'ਤੇ ਪਾ ਦਿੱਤੀ ਗਈ।

ਜ਼ਿਕਰਯੋਗ ਹੈ ਕਿ ਸਿੱਧੂ ਮੂਸੇਵਾਲਾ ਦਾ ਕਤਲ ਮਾਨਸਾ ਨੇੜੇ ਪਿੰਡ ਜਵਾਹਰਕੇ ਵਿਖੇ 29 ਮਈ 2022 ਨੂੰ ਹੋ ਗਿਆ ਸੀ। ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਅਤੇ ਤਾਇਆ ਚਮਕੌਰ ਸਿੰਘ ਸਿੱਧੂ ਨੇ ਪੇਸ਼ੀ ਤੋਂ ਬਾਅਦ ਦੱਸਿਆ ਕਿ ਉਨ੍ਹਾਂ ਨੂੰ ਨਿਆਂ ਪ੍ਰਣਾਲੀ 'ਤੇ ਪੂਰਾ ਭਰੋਸਾ ਹੈ ਅਤੇ ਆਸ ਹੈ ਕਿ ਇਨਸਾਫ਼ ਜ਼ਰੂਰ ਮਿਲੇਗਾ।

ਜਾਣਕਾਰੀ ਅਨੁਸਾਰ ਜ਼ਿਲ੍ਹਾ ਤੇ ਸੈਸ਼ਨ ਜੱਜ ਪ੍ਰੀਤੀ ਸਾਹਨੀ ਦੀ ਅਦਾਲਤ ਵੱਲੋਂ ਆਦੇਸ਼ ਕੀਤੇ ਗਏ ਹਨ ਕਿ ਇਸ ਕੇਸ ਵਿਚ ਸ਼ਾਮਲ ਸਾਰੇ ਮੁਲਜ਼ਮਾਂ ਨੂੰ ਆਪਣੇ-ਆਪਣੇ ਵਕੀਲਾਂ ਨੂੰ ਬਹਿਸ ਲਈ ਅਦਾਲਤ ਵਿਚ ਪੇਸ਼ ਕਰਨ ਤਾਂ ਜੋ ਕੇਸ ਦੀ ਅਗਲੇਰੀ ਕਾਰਵਾਈ ਆਰੰਭ ਕੀਤੀ ਜਾ ਸਕੇ।

ਦੱਸਣਯੋਗ ਹੈ ਕਿ ਕੁੱਲ 32 ਮੁਲਜ਼ਮਾਂ 'ਚੋਂ ਪੁਲਿਸ ਨੇ 29 ਨੂੰ ਗ੍ਰਿਫਤਾਰ ਕਰ ਲਿਆ ਸੀ। ਇਨ੍ਹਾਂ ਵਿਚੋਂ ਦੋ ਮਨਦੀਪ ਸਿੰਘ ਅਤੇ ਮਨਮੋਹਨ ਸਿੰਘ ਫਰਵਰੀ ਵਿਚ ਗੋਇੰਦਵਾਲ ਜੇਲ੍ਹ ਵਿਚ ਝੜਪ ਦੌਰਾਨ ਮਾਰੇ ਗਏ ਸਨ।



ਅੰਮ੍ਰਿਤਸਰ 'ਚ ਪੁਲਿਸ ਮੁਕਾਬਲੇ ਵਿਚ ਦੋ ਸ਼ੂਟਰ ਮਨਪ੍ਰੀਤ ਸਿੰਘ ਮੰਨੂ ਅਤੇ ਜਗਰੂਪ ਸਿੰਘ ਰੂਪਾ ਮਾਰੇ ਗਏ ਸਨ। ਗੋਲਡੀ ਬਰਾੜ, ਅਨਮੋਲ ਬਿਸ਼ਨੋਈ ਅਤੇ ਲਿਪਿਨ ਨਹਿਰਾ ਸਮੇਤ ਤਿੰਨ ਦੋਸ਼ੀ ਫਰਾਰ ਹਨ ਅਤੇ ਵਿਦੇਸ਼ 'ਚ ਦੱਸੇ ਜਾ ਰਹੇ ਹਨ।

## ਮੂਸੇਵਾਲਾ ਬਾਰੇ ਕਿਤਾਬ ਦੇ ਅਧਿਕਾਰ ਹਾਸਲ ਕੀਤੇ

**ਮੁੰਬਈ:** ਪ੍ਰੋਡਕਸ਼ਨ ਹਾਊਸ ਮੈਚਬਾਕਸ ਸ਼ਾਟਸ ਨੇ ਸਿੱਧੂ ਮੂਸੇਵਾਲਾ ਬਾਰੇ ਜੁਪਿੰਦਰਜੀਤ ਸਿੰਘ ਦੀ ਕਿਤਾਬ 'ਹੂ ਕਿਲਡ ਮੂਸੇਵਾਲਾ?' ਦਾ ਅਧਿਕਾਰ ਹਾਸਲ ਕੀਤਾ ਹੈ। ਇਸ ਕਿਤਾਬ ਦੇ ਆਧਾਰ 'ਤੇ ਜਾਂ ਤਾਂ ਫਿਲਮ ਬਣਾਈ ਜਾਵੇਗੀ ਜਾਂ ਕਿਸੇ ਸੀਰੀਜ਼ ਦਾ ਨਿਰਮਾਣ ਹੋਵੇਗਾ। ਇਹ ਕਿਤਾਬ ਇਸ ਸਾਲ ਜੂਨ ਵਿਚ ਛਪ ਕੇ ਆਈ ਸੀ ਜੋ ਸਿੱਧੂ ਮੂਸੇਵਾਲਾ ਦੇ ਨਾਂ ਨਾਲ ਮਸ਼ਹੂਰ ਸ਼ੁਭਦੀਪ ਸਿੰਘ ਸਿੱਧੂ ਦੀ ਜ਼ਿੰਦਗੀ 'ਚ ਅਪਰਾਧ, ਮਸ਼ਹੂਰੀ ਤੇ ਤ੍ਰਾਸਦੀ ਦੇ ਲੂੰ ਕੰਡੇ ਖੜ੍ਹੇ ਕਰਨ ਵਾਲੇ ਵੇਰਵੇ ਪੇਸ਼ ਕਰਦੀ ਹੈ। ਮੈਚਬਾਕਸ ਸ਼ਾਟਸ ਨੇ ਪਹਿਲਾਂ ਫਿਲਮਸਾਜ਼ ਸ੍ਰੀਰਾਮ ਰਾਘਵਨ ਦੀ ਹਿੱਟ ਫਿਲਮ 'ਅੰਧਾਧੁਨ' ਦੀ ਹਮਾਇਤ ਕੀਤੀ ਸੀ ਅਤੇ ਹੁਣ ਹੰਸਲ ਮਹਿਤਾ ਦੀ ਅਪਰਾਧ ਆਧਾਰਿਤ ਸੀਰੀਜ਼ 'ਸਕੂਪ' ਦਾ ਨਿਰਮਾਣ ਕੀਤਾ ਸੀ। ਜ਼ਿਕਰਯੋਗ ਹੈ ਕਿ ਸਿੱਧੂ ਮੂਸੇਵਾਲਾ (28) ਦੀ 29 ਮਈ 2022 ਨੂੰ ਹੱਤਿਆ ਕਰ ਦਿੱਤੀ ਗਈ ਸੀ।

**Punjab Times**
**Established in 2000**
**24nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸਿੱਖ ਨੂੰ ਸ੍ਰੀ ਸਾਹਿਬ ਸਮੇਤ ਅਦਾਲਤ 'ਚ ਦਾਖਲ ਹੋਣ ਤੋਂ ਰੋਕਿਆ

**ਲੰਡਨ:** ਬਰਤਾਨੀਆ ਦੇ ਕਰਾਊਨ ਕੋਰਟ ਵਿਚ ਜਿਊਰੀ ਦੇ ਮੈਂਬਰ ਵਜੋਂ ਬੁਲਾਏ ਗਏ ਇਕ ਬਰਤਾਨਵੀ ਸਿੱਖ ਨੂੰ ਕਿਰਪਾਨ (ਗਾਤਰਾ) ਧਾਰਨ ਕੀਤਾ ਹੋਣ ਕਰਕੇ ਅਦਾਲਤ ਵਿਚ ਦਾਖਲ ਹੋਣ ਤੋਂ ਰੋਕ ਦਿੱਤਾ ਗਿਆ। ਅੰਮ੍ਰਿਤਧਾਰੀ ਸਿੱਖ ਜਤਿੰਦਰ ਸਿੰਘ ਨੇ ਦੱਸਿਆ ਕਿ ਉਸ ਨੂੰ ਸੁਰੱਖਿਆ ਗਾਰਡ ਨੇ ਅੰਦਰ ਨਹੀਂ ਜਾਣ ਦਿੱਤਾ। ਬੀ.ਬੀ.ਸੀ. ਦੀ ਇਕ ਰਿਪੋਰਟ ਮੁਤਾਬਕ ਜਤਿੰਦਰ ਨੇ ਕਿਹਾ ਕਿ ਉਹ 'ਅਪਮਾਨਿਤ ਮਹਿਸੂਸ ਕਰ ਰਿਹਾ ਹੈ, ਤੇ ਅਜਿਹਾ ਲੱਗਦਾ ਹੈ ਕਿ ਪੱਖਪਾਤ ਹੋਇਆ ਹੈ।' ਵੇਰਵਿਆਂ ਮੁਤਾਬਕ ਜਤਿੰਦਰ ਜਿਊਰੀ ਸਰਵਿਸ ਲਈ ਬਰਮਿੰਘਮ ਦੇ ਕਰਾਊਟ ਕੋਰਟ ਗਿਆ ਸੀ। ਜਤਿੰਦਰ ਸਿੰਘ ਸਮੈਥਵਿਕ ਦੇ ਗੁਰੂ ਨਾਨਕ ਗੁਰਦੁਆਰੇ ਦਾ ਪ੍ਰਧਾਨ ਹੈ ਤੇ ਸਿੱਖ ਕੌਂਸਲ ਯੂਕੇ ਦਾ ਸਕੱਤਰ ਜਨਰਲ ਵੀ ਹੈ। ਉਨ੍ਹਾਂ ਨੇ ਦੱਸਿਆ ਕਿ ਪਹਿਲਾਂ ਵੀ ਇਕ ਵਾਰ ਜਿਊਰੀ ਸਰਵਿਸ ਲਈ ਸੱਦਿਆ ਗਿਆ ਸੀ ਪਰ ਉਦੋਂ ਕੋਈ ਮੁਸ਼ਕਲ ਨਹੀਂ ਆਈ ਸੀ। ਜਾਣਕਾਰੀ ਮੁਤਾਬਕ ਸੁਰੱਖਿਆ ਗਾਰਡ ਨੇ ਉਸ ਨੂੰ ਕਿਰਪਾਨ ਲਾਹ ਕੇ ਅੰਦਰ ਜਾਣ ਤੇ ਆਉਂਦੇ ਵੇਲੇ ਇਸ ਨੂੰ ਲਿਜਾਣ ਲਈ ਕਿਹਾ। ਇਸ ਘਟਨਾ ਤੋਂ ਬਾਅਦ 'ਸਿੱਖ ਫੈਡਰੇਸ਼ਨ-ਯੂਕੇ' ਨੇ ਬਰਤਾਨੀਆ ਦੇ ਨਿਆਂ ਮੰਤਰੀ ਐਲੈਕਸ ਚਾਕ ਨੂੰ ਪੱਤਰ ਲਿਖ ਕੇ ਸਿੱਖ ਵਿਅਕਤੀ ਨਾਲ ਹੋਏ ਵਤੀਰੇ ਦੀ ਨਿਖੇਧੀ ਕਰਨ ਲਈ ਕਿਹਾ ਹੈ।

# ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਉਤੇ ਹਮਲਾ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਮਹਾਦੀਪ ਸਿੰਘ 'ਤੇ ਕੁਝ ਵਿਅਕਤੀਆਂ ਨੇ ਕਾਤਲਾਨਾ ਹਮਲਾ ਕਰ ਦਿੱਤਾ ਅਤੇ ਉਨ੍ਹਾਂ ਦੀ ਕਾਰ ਦੀ ਭੰਨਤੋੜ ਵੀ ਕੀਤੀ। ਇਸ ਸਬੰਧੀ ਇਕ ਵੀਡੀਓ ਵੀ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਹੈ। ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਇਸ ਘਟਨਾ ਦੀ ਨਿੰਦਾ ਕਰਦਿਆਂ ਮੁਲਜ਼ਮਾਂ ਖ਼ਿਲਾਫ਼ ਸਖਤ ਕਾਰਵਾਈ ਦੀ ਮੰਗ ਕੀਤੀ ਹੈ।

ਇਸ ਸਬੰਧੀ ਇਕ ਵੀਡੀਓ ਵੀ ਵਾਇਰਲ ਹੋਈ ਹੈ। ਇਸ ਵਿਚ ਕੁਝ ਵਿਅਕਤੀ ਹਜ਼ੂਰੀ ਰਾਗੀ ਦੀ ਕਾਰ ਦੀ ਭੰਨਤੋੜ ਕਰ ਰਹੇ ਹਨ। ਰਾਗੀ ਭਾਈ ਮਹਾਦੀਪ ਸਿੰਘ ਨੇ ਦੱਸਿਆ ਕਿ ਉਹ ਬਟਾਲਾ ਨੇੜੇ ਪਿੰਡ ਦਾਲਮ ਵਿਚ ਕੀਰਤਨ ਲਈ ਗਏ ਸਨ। ਜਦੋਂ ਦੇਰ ਸਾਮ ਕਰੀਬ 7.30 ਵਜੇ ਉਹ ਵਾਪਸ ਆ ਰਹੇ ਸਨ ਤਾਂ ਜੈਂਤੀਪੁਰ ਨੇੜੇ ਕੁਝ ਵਿਅਕਤੀਆਂ ਨੇ ਉਨ੍ਹਾਂ ਦੀ ਕਾਰ ਰੋਕ ਲਈ। ਹਮਲਾਵਰਾਂ ਨੇ ਤੇਜ਼ਧਾਰ ਹਥਿਆਰ ਦਾਤਰ ਨਾਲ ਕਾਰ ਦੇ ਸ਼ੀਸ਼ੇ ਭੰਨ੍ਹ ਦਿੱਤੇ ਅਤੇ ਉਨ੍ਹਾਂ ਦੀ ਖਿੱਚਧੂਹ ਵੀ ਕੀਤੀ। ਬਚਾਅ ਵਜੋਂ ਉਨ੍ਹਾਂ ਨੇ ਵੀ ਆਪਣੀ ਸ੍ਰੀ ਸਾਹਿਬ ਕੱਢ ਲਈ ਅਤੇ ਕੁਝ ਦੇਰ ਝਗੜਾ ਹੋਇਆ। ਇਸ ਤੋਂ ਪਹਿਲਾਂ ਟੌਲ ਪਲਾਜ਼ਾ 'ਤੇ ਇਕ ਵਿਅਕਤੀ ਨੇ ਕਾਰ ਰੋਕ ਕੇ ਧਮਕੀ ਦਿੱਤੀ ਸੀ। ਉਸ ਵੇਲੇ ਕਾਰ ਵਿਚ ਸਿਰਫ ਦੋ ਹੀ ਵਿਅਕਤੀ ਸਨ ਪਰ ਮਗਰੋਂ ਜੈਂਤੀਪੁਰ ਨੇੜੇ ਉਸ ਹਮਲਾਵਰ ਦੇ ਹੋਰ ਸਾਥੀ ਆ ਗਏ।

## ਪੰਜਾਬ ਸਰਕਾਰ ਵੱਲੋਂ ਟੈਕਸ ਡਿਫਾਲਟਰਾਂ ਨੂੰ ਰਾਹਤ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਆਗਾਮੀ ਨਗਰ ਕੌਂਸਲ ਚੋਣਾਂ ਤੋਂ ਪਹਿਲਾਂ ਵੱਖ-ਵੱਖ ਟੈਕਸਾਂ ਦੇ ਤਕਰੀਬਨ 61,805 ਡਿਫਾਲਟਰਾਂ ਨੂੰ ਰਾਹਤ ਦੇਣ ਦਾ ਫੈਸਲਾ ਲਿਆ ਹੈ। ਪੰਜਾਬ ਕੈਬਨਿਟ ਦੀ ਮੀਟਿੰਗ ਵਿਚ ਡਿਫਾਲਟਰਾਂ ਨੂੰ ਰਾਹਤ ਦੇਣ ਵਾਸਤੇ ਯਕਮੁਸ਼ਤ ਸਕੀਮ ਨੂੰ ਹਰੀ ਝੰਡੀ ਦਿੱਤੀ ਗਈ ਹੈ। ਪੰਜਾਬ ਕੈਬਨਿਟ ਨੇ ਉਨ੍ਹਾਂ 2657 ਵੱਡੇ ਡਿਫਾਲਟਰਾਂ ਨੂੰ ਯਕਮੁਸ਼ਤ ਸਕੀਮ 'ਚੋਂ ਬਾਹਰ ਰੱਖਿਆ ਹੈ ਜਿਨ੍ਹਾਂ ਵੱਲ ਪ੍ਰਤੀ ਡਿਫਾਲਟਰ ਰਾਸ਼ੀ ਇਕ ਕਰੋੜ ਰੁਪਏ ਤੋਂ ਵੱਧ ਬਣਦੀ ਹੈ। ਵੱਡੇ ਡਿਫਾਲਟਰਾਂ ਨੂੰ ਪੂਰੀ ਰਾਸ਼ੀ ਅਦਾ ਕਰਨੀ ਪਵੇਗੀ। ਵੱਡੇ ਡਿਫਾਲਟਰਾਂ ਵਿਚ ਭਾਰਤੀ ਖੁਰਾਕ ਨਿਗਮ ਅਤੇ ਸੂਬਾਈ ਖਰੀਦ ਏਜੰਸੀਆਂ ਦੇ ਦੇਣਦਾਰ ਵੀ ਸ਼ਾਮਲ ਹਨ। ਇਨ੍ਹਾਂ ਵੱਡੇ ਡਿਫਾਲਟਰਾਂ ਵੱਲ ਕਰੀਬ 22,110 ਕਰੋੜ ਰੁਪਏ ਬਕਾਇਆ ਖੜ੍ਹੇ ਹਨ। ਪੰਜਾਬ ਸਰਕਾਰ ਦੀ ਯਕਮੁਸ਼ਤ ਸਕੀਮ ਨਾਲ 39,787 ਵਪਾਰੀਆਂ ਨੂੰ 528.38 ਕਰੋੜ ਰੁਪਏ ਦੀ ਮੁਆਫ਼ੀ ਦਾ ਲਾਭ ਮਿਲੇਗਾ।

# ਅੰਮ੍ਰਿਤਪਾਲ ਸਿੰਘ ਤੇ ਸਾਥੀਆਂ ਦੀ ਰਿਹਾਈ ਲਈ ਅਰਦਾਸ

**ਅੰਮ੍ਰਿਤਸਰ:** 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ, ਉਸ ਨਾਲ ਜੇਲ੍ਹ ਵਿਚ ਬੰਦ ਨੌਜਵਾਨਾਂ ਦੇ ਮਾਪਿਆਂ ਅਤੇ ਹੋਰਨਾਂ ਵੱਲੋਂ ਸ੍ਰੀ ਅਕਾਲ ਤਖਤ ਵਿਖੇ ਉਨ੍ਹਾਂ ਸਣੇ ਸਾਰੇ ਬੰਦੀਆਂ ਦੀ ਰਿਹਾਈ ਲਈ ਅਰਦਾਸ ਕੀਤੀ ਗਈ। ਇਨ੍ਹਾਂ ਪਰਿਵਾਰਾਂ ਵੱਲੋਂ ਇਸ ਮੁਹਿੰਮ ਤਹਿਤ ਪੰਜ ਤਖਤ ਸਾਹਿਬਾਨ 'ਤੇ ਜਾ ਕੇ ਰਿਹਾਈ ਦੀ ਅਰਜੋਈ ਕਰਦਿਆਂ ਅਰਦਾਸ ਕੀਤੀ ਜਾਵੇਗੀ, ਜਿਸ ਦੀ ਸ਼ੁਰੂਆਤ ਸ੍ਰੀ ਅਕਾਲ ਤਖਤ ਤੋਂ ਕੀਤੀ ਗਈ ਹੈ।

ਜ਼ਿਕਰਯੋਗ ਹੈ ਕਿ ਅੰਮ੍ਰਿਤਪਾਲ ਸਿੰਘ ਤੇ ਉਸ ਦੇ ਨੌਂ ਹੋਰ ਸਾਥੀ ਇਸ ਵੇਲੇ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਬੰਦ ਹਨ। ਉਨ੍ਹਾਂ ਖ਼ਿਲਾਫ਼ ਪੰਜਾਬ ਪੁਲਿਸ ਵੱਲੋਂ ਕੌਮੀ ਸੁਰੱਖਿਆ ਐਕਟ ਤਹਿਤ ਕੇਸ ਦਰਜ ਕੀਤਾ ਗਿਆ ਹੈ। ਅੰਮ੍ਰਿਤਪਾਲ ਸਿੰਘ ਦੀ ਮਾਤਾ ਬੀਬੀ ਬਲਵਿੰਦਰ ਕੌਰ ਨੇ ਦੱਸਿਆ ਕਿ ਬੰਦੀ ਸਿੰਘਾਂ ਦੀ ਰਿਹਾਈ ਲਈ ਪੰਜ ਤਖਤ ਸਾਹਿਬਾਨਾਂ 'ਤੇ ਅਰਦਾਸ ਸਮਾਗਮ ਕਰਨ ਦੀ ਸ਼ੁਰੂਆਤ ਸ੍ਰੀ ਅਕਾਲ ਤਖਤ ਵਿਖੇ ਹੋਏ ਅਰਦਾਸ ਸਮਾਗਮ ਨਾਲ ਕੀਤੀ ਗਈ ਹੈ। ਇਸ ਸਬੰਧੀ ਸਵੇਰੇ ਪਹਿਲਾਂ ਸ੍ਰੀ ਦਰਬਾਰ ਸਾਹਿਬ ਸਮੂਹ ਵਿਚ ਅਖੰਡ ਪਾਠ ਦੇ ਭੋਗ ਪਾਏ ਗਏ ਅਤੇ ਬਾਅਦ ਵਿਚ ਸ੍ਰੀ ਅਕਾਲ ਤਖਤ ਵਿਖੇ ਉਨ੍ਹਾਂ ਦੀ ਰਿਹਾਈ ਦੀ ਅਰਦਾਸ ਕੀਤੀ ਗਈ। ਮੀਡੀਆ ਨਾਲ ਗੱਲਬਾਤ ਦੌਰਾਨ ਬੀਬੀ ਬਲਵਿੰਦਰ ਕੌਰ ਨੇ ਕਿਹਾ ਕਿ ਅੰਮ੍ਰਿਤਪਾਲ ਸਿੰਘ ਜੇਲ੍ਹ ਤੋਂ ਬਾਹਰ ਆ ਕੇ ਖਾਲਸਾ ਵਹੀਰ ਨੂੰ ਮੁੜ ਸ਼ੁਰੂ ਕਰਨਗੇ ਅਤੇ ਨਸ਼ਿਆਂ ਵਿਚ ਗਲਤਾਨ ਨੌਜਵਾਨੀ ਨੂੰ ਇਸ ਦਲਦਲ ਵਿਚੋਂ ਬਾਹਰ ਕੱਢਣ ਦਾ ਯਤਨ ਕਰਨਗੇ। ਉਨ੍ਹਾਂ ਕਿਹਾ ਕਿ ਪਰਿਵਾਰ ਵੱਲੋਂ ਆਪਣੇ ਤੌਰ 'ਤੇ ਖਾਲਸਾ ਵਹੀਰ ਮੁੜ ਸ਼ੁਰੂ ਕਰਨ ਦੀ ਕੋਈ ਯੋਜਨਾ ਨਹੀਂ ਹੈ। ਫਿਲਹਾਲ ਜੇ ਦਮਦਮੀ ਟਕਸਾਲ ਸੰਗਰਾਵਾਂ ਦੇ ਮੁਖੀ ਬਾਬਾ ਰਾਮ ਸਿੰਘ ਇਸ ਵਹੀਰ ਨੂੰ ਆਰੰਭ ਕਰਦੇ ਹਨ ਤਾਂ ਸਾਰੇ ਪਰਿਵਾਰ ਸਹਿਯੋਗ ਦੇਣਗੇ। ਅੰਮ੍ਰਿਤਪਾਲ ਸਿੰਘ ਦੀ ਪਤਨੀ ਅਤੇ ਉਸ ਦੇ ਪਿਤਾ ਨੂੰ ਵਿਦੇਸ਼ ਜਾਣ ਤੋਂ ਰੋਕੇ ਜਾਣ ਬਾਰੇ ਉਨ੍ਹਾਂ ਕਿਹਾ ਕਿ ਸਰਕਾਰਾਂ ਵੱਲੋਂ ਲਗਾਤਾਰ ਧੱਕੇਸ਼ਾਹੀ ਕੀਤੀ ਜਾ ਰਹੀ ਹੈ।

# ਈ.ਡੀ. ਵੱਲੋਂ 'ਆਪ' ਵਿਧਾਇਕ ਗੱਜਣਮਾਜਰਾ ਗ੍ਰਿਫਤਾਰ

**ਜਲੰਧਰ:** ਵਿਧਾਨ ਸਭਾ ਹਲਕਾ ਅਮਰਗੜ੍ਹ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਜਸਵੰਤ ਸਿੰਘ ਗੱਜਣਮਾਜਰਾ ਨੂੰ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਦੀ ਟੀਮ ਨੇ ਮਨੀ ਲਾਂਡਰਿੰਗ ਕੇਸ ਵਿਚ ਗ੍ਰਿਫਤਾਰ ਕਰ ਲਿਆ। ਜਾਣਕਾਰੀ ਅਨੁਸਾਰ ਵਿਧਾਇਕ ਗੱਜਣਮਾਜਰਾ ਨੇ ਬੈਂਕ ਆਫ ਇੰਡੀਆ ਤੋਂ 40 ਕਰੋੜ ਦਾ ਕਰਜ਼ਾ ਲਿਆ ਸੀ। ਈ.ਡੀ. ਨੂੰ ਸ਼ੱਕ ਹੈ ਕਿ ਇਸ ਵਿਚ ਮਨੀ ਲਾਂਡਰਿੰਗ ਦਾ ਪੈਸਾ ਸ਼ਾਮਲ ਹੋ ਸਕਦਾ ਹੈ। ਏਜੰਸੀ ਨੇ ਦਾਅਵਾ ਕੀਤਾ ਹੈ ਕਿ ਜਿਸ ਮੰਤਵ ਲਈ ਕਰਜ਼ਾ ਲਿਆ ਗਿਆ ਸੀ, ਉਸ ਦੀ ਥਾਂ ਪੈਸਾ ਕਿਧਰੇ ਹੋਰ ਖਰਚ ਕੀਤਾ ਗਿਆ। ਸੂਤਰਾਂ ਮੁਤਾਬਕ ਵਿਧਾਇਕ ਤਾਰਾ ਕਾਰਪੋਰੇਸ਼ਨ ਨਾਂ ਦੀ ਕੰਪਨੀ ਵਿਚ ਡਾਇਰੈਕਟਰ ਹੈ।

ਜਾਣਕਾਰੀ ਅਨੁਸਾਰ ਈ.ਡੀ. ਦੇ ਸੀਨੀਅਰ ਅਧਿਕਾਰੀਆਂ ਦੀ ਟੀਮ ਜਲੰਧਰ ਤੋਂ ਮਾਲੇਰਕੋਟਲਾ ਗਈ ਸੀ। ਦੁਪਹਿਰ ਸਮੇਂ ਪਾਰਟੀ ਦਫਤਰ ਕਲੋਨੀ ਪਿੰਡ ਦੁਲਮਾ ਵਿਚ ਹਲਕਾ ਵਿਧਾਇਕ ਦੀ ਪਾਰਟੀ ਵਰਕਰਾਂ ਨਾਲ ਮੀਟਿੰਗ ਚੱਲ ਰਹੀ ਸੀ। ਇਸ ਦੌਰਾਨ ਈ.ਡੀ. ਅਧਿਕਾਰੀਆਂ ਵੱਲੋਂ ਵਿਧਾਇਕ ਨੂੰ ਦੂਜੇ ਕਮਰੇ ਵਿਚ ਸੱਦਿਆ ਗਿਆ। ਈ.ਡੀ. ਦੀ ਟੀਮ ਵਿਧਾਇਕ ਗੱਜਣਮਾਜਰਾ ਨੂੰ ਗੱਡੀਆਂ ਦੇ ਕਾਫਲੇ ਸਣੇ ਆਪਣੇ ਨਾਲ ਜਲੰਧਰ ਦਫਤਰ ਲੈ ਗਈ। ਹਲਕਾ ਵਿਧਾਇਕ ਦੇ ਦਫਤਰ ਇੰਚਾਰਜ ਨਿਸਾਰ ਖਾਂ ਨੇ ਦੱਸਿਆ ਕਿ ਵਿਧਾਇਕ ਗੱਜਣਮਾਜਰਾ ਹਲਕਾ ਅਮਰਗੜ੍ਹ ਦੇ ਨਵੇਂ ਚੁਣੇ 'ਆਪ' ਦੇ ਬਲਾਕ ਪ੍ਰਧਾਨਾਂ ਨਾਲ ਪਿੰਡਾਂ ਦੀਆਂ ਮੁਸ਼ਕਲਾਂ ਸਬੰਧੀ ਮੀਟਿੰਗ ਕਰ ਰਹੇ ਸਨ। ਇਸ ਦੌਰਾਨ ਕੁਝ ਵਿਅਕਤੀ, ਜੋ ਖੁਦ ਨੂੰ ਈ.ਡੀ. ਵਾਲੇ ਦੱਸ ਰਹੇ ਸਨ, ਵੱਲੋਂ ਵਿਧਾਇਕ ਨੂੰ ਪੁੱਛਗਿੱਛ ਲਈ ਆਪਣੇ ਨਾਲ ਜਾਣ ਦੀ ਬੇਨਤੀ ਕੀਤੀ ਗਈ। ਮਗਰੋਂ ਵਿਧਾਇਕ ਆਪਣੀ ਗੱਡੀ ਵਿਚ ਸਵਾਰ ਹੋ ਕੇ ਕਾਫਲੇ ਵਿਚ ਉਨ੍ਹਾਂ ਨਾਲ ਰਵਾਨਾ ਹੋ ਗਏ।

ਈ.ਡੀ. ਅਧਿਕਾਰੀਆਂ ਨੇ ਦੱਸਿਆ ਕਿ ਵਿਧਾਇਕ ਜਸਵੰਤ ਸਿੰਘ ਗੱਜਣਮਾਜਰਾ ਨੂੰ ਪਹਿਲਾਂ ਵੀ ਕਈ ਵਾਰ ਸੰਮਨ ਭੇਜੇ ਗਏ ਸਨ, ਪਰ ਉਹ ਪੇਸ਼ ਨਹੀਂ ਹੋਏ। ਈ.ਡੀ. ਅਧਿਕਾਰੀ ਨੋਟਿਸ ਲੈ ਕੇ ਗਏ ਸਨ। ਅਧਿਕਾਰੀਆਂ ਨੇ ਦੋਸ਼ ਲਾਇਆ ਕਿ ਵਿਧਾਇਕ ਪੁੱਛਗਿੱਛ ਵਿਚ ਸਹਿਯੋਗ ਤੋਂ ਇਨਕਾਰੀ ਹੈ।

# ਰਾਜਪਾਲਾਂ ਨੂੰ 'ਅੰਤਰ ਝਾਤ' ਮਾਰਨ ਦੀ ਸਲਾਹ

*(ਪਹਿਲੇ ਸਫੇ ਦੀ ਬਾਕੀ)*

ਕਿਹਾ ਕਿ 24 ਜੁਲਾਈ ਨੂੰ ਚਾਰ ਬਿੱਲ ਪਾਸ ਹੋਣ ਮਗਰੋਂ ਰਾਜਪਾਲ ਨੂੰ ਭੇਜੇ ਗਏ ਸਨ ਪਰ ਰਾਜਪਾਲ ਨੇ ਸੰਵਿਧਾਨ ਦੀ ਧਾਰਾ 200 ਅਧੀਨ ਇਨ੍ਹਾਂ ਬਿੱਲਾਂ 'ਤੇ ਕੋਈ ਫੈਸਲਾ ਨਹੀਂ ਕੀਤਾ। ਬੈਂਚ ਨੇ ਕਿਹਾ ਕਿ ਇਹ ਧਾਰਨਾ ਬਣ ਗਈ ਹੈ ਕਿ ਰਾਜਪਾਲ ਉਸ ਵੇਲੇ ਹੀ ਹਰਕਤ ਵਿਚ ਆਉਂਦੇ ਹਨ ਜਦੋਂ ਮਾਮਲਾ ਸੁਪਰੀਮ ਕੋਰਟ ਚਲਾ ਜਾਂਦਾ ਹੈ, ਅਜਿਹੀ ਧਾਰਨਾ ਖਤਮ ਹੋਣੀ ਚਾਹੀਦੀ ਹੈ। ਬੈਂਚ ਨੇ ਤਿਲੰਗਾਨਾ ਦੇ ਹਵਾਲੇ ਨਾਲ ਕਿਹਾ ਕਿ ਉੱਥੇ ਵੀ ਅਜਿਹੀ ਸਥਿਤੀ ਬਣੀ ਸੀ ਜਦੋਂ ਸੂਬਾ ਸਰਕਾਰ ਵੱਲੋਂ ਪਟੀਸ਼ਨ ਦਾਖਲ ਕਰਨ ਮਗਰੋਂ ਹੀ ਬਕਾਇਆ ਬਿੱਲਾਂ 'ਤੇ ਕਾਰਵਾਈ ਹੋਈ ਸੀ।

ਇਹ ਦੂਜੀ ਵਾਰ ਹੈ ਜਦੋਂ ਪੰਜਾਬ ਸਰਕਾਰ ਨੂੰ ਰਾਜਪਾਲ ਖ਼ਿਲਾਫ਼ ਸੁਪਰੀਮ ਕੋਰਟ ਜਾਣਾ ਪਿਆ ਹੈ। ਪਹਿਲਾਂ ਜਦੋਂ ਬਜਟ ਸੈਸ਼ਨ 'ਚ ਰਾਜਪਾਲ ਨੇ ਅੜਿੱਕਾ ਪਾਇਆ ਸੀ ਤਾਂ ਉਸ ਵੇਲੇ ਵੀ ਸੂਬਾ ਸਰਕਾਰ ਨੇ ਸੁਪਰੀਮ ਕੋਰਟ ਦਾ ਰੁਖ਼ ਕੀਤਾ ਸੀ। ਉਸ ਸਮੇਂ ਵੀ ਰਾਜਪਾਲ ਨੇ ਕੇਸ ਦੀ ਸਿਖਰਲੀ ਅਦਾਲਤ 'ਚ ਸੁਣਵਾਈ ਤੋਂ ਪਹਿਲਾਂ ਹੀ ਸੈਸ਼ਨ ਲਈ ਪ੍ਰਵਾਨਗੀ ਦੇ ਦਿੱਤੀ ਸੀ। ਪੰਜਾਬ ਸਰਕਾਰ ਨੇ ਤਿੰਨ ਮਨੀ ਬਿੱਲ ਰਾਜਪਾਲ ਦੀ ਅਗਾਊਂ ਪ੍ਰਵਾਨਗੀ ਲਈ ਭੇਜੇ ਸਨ ਪਰ ਰਾਜਪਾਲ ਨੇ 18 ਅਕਤੂਬਰ ਨੂੰ ਉਨ੍ਹਾਂ 'ਤੇ ਇਤਰਾਜ਼ ਲਗਾ ਦਿੱਤਾ ਸੀ। ਰਾਜਪਾਲ ਨੇ 20-21 ਅਕਤੂਬਰ ਵਾਲੇ ਵਿਧਾਨ ਸਭਾ ਸੈਸ਼ਨ ਨੂੰ ਗ਼ੈਰ-ਕਾਨੂੰਨੀ ਕਰਾਰ ਦੇ ਦਿੱਤਾ ਸੀ ਅਤੇ ਸੈਸ਼ਨ ਦੇ ਪਹਿਲੇ ਦਿਨ ਸਦਨ ਵਿਚ ਮੁੱਖ ਮੰਤਰੀ ਭਗਵੰਤ ਮਾਨ ਨੇ ਰਾਜਪਾਲ ਦੇ ਅਯੋਗ ਫੈਸਲੇ ਖ਼ਿਲਾਫ਼ ਸੁਪਰੀਮ ਕੋਰਟ ਤੱਕ ਪਹੁੰਚ ਕਰਨ ਦਾ ਐਲਾਨ ਕੀਤਾ ਸੀ। ਉਸ ਮਗਰੋਂ ਪੰਜਾਬ ਸਰਕਾਰ ਨੇ 28 ਅਕਤੂਬਰ ਨੂੰ ਸੁਪਰੀਮ ਕੋਰਟ ਵਿਚ ਪਟੀਸ਼ਨ ਦਾਇਰ ਕੀਤੀ ਸੀ। ਕੇਸ ਦੀ ਸੁਣਵਾਈ ਤੋਂ ਪਹਿਲਾਂ ਹੀ ਪਿਛਲੇ ਦਿਨੀਂ ਰਾਜਪਾਲ ਨੇ ਦੋਵੇਂ ਮਨੀ ਬਿੱਲਾਂ 'ਤੇ ਮੋਹਰ ਲਗਾ ਦਿੱਤੀ ਸੀ।

## ਗੈਰ-ਕਾਨੂੰਨੀ ਪਰਵਾਸ ਦੇ ਸਾਰੇ ਰਿਕਾਰਡ ਟੁੱਟੇ

*(ਪਹਿਲੇ ਸਫੇ ਦੀ ਬਾਕੀ)*

ਪਰਵਾਸ ਦੇ ਤਾਜ਼ਾ ਅੰਕੜੇ ਦੱਸਦੇ ਹਨ ਕਿ ਇਥੋਂ ਦੀਆਂ ਸਰਕਾਰਾਂ ਵੱਲੋਂ ਸਖਤੀ ਦੇ ਬਾਵਜੂਦ ਬੇਰੁਜ਼ਗਾਰੀ ਦੇ ਝੰਬੇ ਲੋਕ ਹਰ ਜੋਖ਼ਮ ਚੁੱਕਣ ਲਈ ਤਿਆਰ ਹਨ। ਇਸੇ ਦੌਰਾਨ ਨਿਹੰਗ ਮੁਖੀ ਬੁੱਢਾ ਦਲ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਕਿਹਾ ਹੈ ਕਿ ਪੰਜਾਬੀ ਨੌਜਵਾਨਾਂ ਨੂੰ ਵਿਦੇਸ਼ਾਂ ਵਿਚ ਜਾਣ ਲਈ ਗੈਰ-ਕਾਨੂੰਨੀ ਤਰੀਕੇ ਨਹੀਂ ਅਪਣਾਉਣੇ ਚਾਹੀਦੇ।

# ਬੇਅਦਬੀ ਦੇ ਦੋਸ਼ ਹੇਠ ਗੁਰਦੁਆਰੇ ਦਾ ਪ੍ਰਬੰਧਕ ਗ੍ਰਿਫਤਾਰ

**ਚਮਕੌਰ ਸਾਹਿਬ:** ਰੂਪਨਗਰ ਸੜਕ 'ਤੇ ਸਰਹਿੰਦ ਨਹਿਰ ਪੁਲ ਨੇੜੇ ਗੁਰਦੁਆਰਾ ਸ੍ਰੀ ਅਮਰਗੜ੍ਹ ਸਾਹਿਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਮਾਮਲਾ ਸਾਹਮਣੇ ਆਇਆ ਹੈ। ਪੁਲਿਸ ਨੇ ਗੁਰਦੁਆਰੇ ਦੇ ਪ੍ਰਬੰਧਕ ਨੂੰ ਗ੍ਰਿਫਤਾਰ ਕਰ ਕੇ ਕੇਸ ਦਰਜ ਕਰ ਲਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਅੰਮ੍ਰਿਤਸਰ ਵਾਸੀ ਜੋਬਨਦੀਪ ਸਿੰਘ ਗੁਰਦੁਆਰੇ ਵਿਚ ਮੱਥਾ ਟੇਕਣ ਲਈ ਆਇਆ ਸੀ। ਉਸ ਨੇ ਗੁਰਦੁਆਰੇ ਵਿਚ ਪ੍ਰਕਾਸ਼ ਅਸਥਾਨ ਅਤੇ ਸੁਖਆਸਣ ਅਸਥਾਨ ਵਿਖੇ ਮਿੱਟੀ, ਚੂਹਿਆਂ ਦੀਆਂ ਮੀਂਗਣਾਂ ਦੇਖੀਆਂ। ਵਸਤਰਾਂ ਦੀ ਹਾਲਤ ਵੀ ਖਰਾਬ ਸੀ। ਉਸ ਨੇ ਇਸ ਸਬੰਧੀ ਸੂਚਨਾ ਇੱਥੋਂ ਦੀ ਪੁਲਿਸ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਦਿੱਤੀ। ਇਸ ਮਗਰੋਂ ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਦੇ ਮੈਨੇਜਰ ਭਾਈ ਨੱਥਾ ਸਿੰਘ, ਡੀ.ਐਸ.ਪੀ. ਜਰਨੈਲ ਸਿੰਘ ਅਤੇ ਥਾਣਾ ਮੁਖੀ ਹਰਸ਼ ਗੌਤਮ ਮੌਕੇ 'ਤੇ ਪੁੱਜ ਗਏ। ਪੁਲਿਸ ਅਧਿਕਾਰੀਆਂ ਵੱਲੋਂ ਜਾਂਚ ਮਗਰੋਂ ਗੁਰਦੁਆਰੇ ਦੇ ਸੁਖਆਸਣ ਅਸਥਾਨ ਵਿਚੋਂ ਛੇ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਅਤੇ ਪ੍ਰਕਾਸ਼ ਅਸਥਾਨ ਤੋਂ ਚਾਰ ਸਰੂਪ, ਦੋ ਵੱਡੀਆਂ ਪੋਥੀਆਂ ਅਤੇ ਗੁਟਕਾ ਸਾਹਿਬ ਰਹਿਤ ਮਰਿਆਦਾ ਅਨੁਸਾਰ ਇਤਿਹਾਸਕ ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਵਿਖੇ ਪਹੁੰਚਾ ਦਿੱਤੇ ਗਏ। ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਦੇ ਮੈਨੇਜਰ ਭਾਈ ਨੱਥਾ ਸਿੰਘ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਸਾਰੀ ਰਿਪੋਰਟ ਤਿਆਰ ਕਰ ਕੇ ਕਾਰਵਾਈ ਲਈ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਅਤੇ ਸ਼੍ਰੋਮਣੀ ਕਮੇਟੀ ਨੂੰ ਭੇਜ ਦਿੱਤੀ ਗਈ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਹਰਜੀਤ ਸਿੰਘ ਸਾਹੀ | ਰਘਬੀਰ ਸਿੰਘ ਘੁੰਨ | ਗੁਰਵੀਰ ਸਿੰਘ ਗਿੱਲ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਸਰਵਣ ਸਿੰਘ ਟਿਵਾਣਾ | ਦਰਸ਼ਨ ਸਿੰਘ ਦਰੜ | ਜਸਕਰਨ ਸਿੰਘ ਧਾਲੀਵਾਲ |
| ਜਸਬੀਰ ਕੌਰ ਢਿੱਲੋਂ | ਜੈਦੇਵ ਸਿੰਘ ਭੱਠਲ | ਡਾ. ਗੁਰਚਰਨ ਸਿੰਘ ਗਰੇਵਾਲ | ਅਮਰੀਕ ਸਿੰਘ (ਅਮਰ ਕਾਰਪੇਟ) |
| ਡਾ. ਇਨਕਲਾਬੀ ਥਾਂਦੀ | ਪਰਮਿੰਦਰ ਸਿੰਘ ਵਾਲੀਆ | ਰਾਜਿੰਦਰ ਸਿੰਘ ਬੈਂਸ | ਅੰਮ੍ਰਿਤਪਾਲ ਸਿੰਘ ਸੰਘਾ |
| ਦਰਸ਼ਨ ਸਿੰਘ ਗਰੇਵਾਲ | ਡਾ. ਹਰਗੁਰਮੁਖਪਾਲ ਸਿੰਘ | ਮਨਦੀਪ ਸਿੰਘ ਭੂਰਾ | ਭੁਪਿੰਦਰ ਸਿੰਘ ਧਾਲੀਵਾਲ |
| ਹਰਦਿਆਲ ਸਿੰਘ ਦਿਓਲ | ਡਾ. ਤੇਜਿੰਦਰ ਸਿੰਘ ਮੰਡੇਰ | ਗੁਲਜ਼ਾਰ ਸਿੰਘ ਮੁਲਤਾਨੀ | ਅਮੋਲਕ ਸਿੰਘ ਗਾਖਲ |
| ਡਾ. ਗੁਰਦਿਆਲ ਸਿੰਘ ਬਸਰਾਨ | ਜਗਦੀਸ਼ਰ ਸਿੰਘ ਕਲੇਰ | ਅਵਤਾਰ ਸਿੰਘ ਸਪਰਿੰਗਫੀਲਡ | ਜਸਵਿੰਦਰ ਸਿੰਘ (ਜੱਸੀ) ਗਿੱਲ |

# ਮੱਖਣ ਸਿੰਘ ਬੈਂਸ ਤੇ ਰਵਿੰਦਰ ਸਿੰਘ ਵਲੋਂ 'ਪੰਜਾਬ ਟਾਈਮਜ਼' ਦੇ ਪਾਠਕਾਂ ਨੂੰ ਬੰਦੀ ਛੋੜ ਦਿਹਾੜੇ ਤੇ ਦੀਵਾਲੀ ਦੀਆਂ ਲੱਖ ਲੱਖ ਮੁਬਾਰਕਾਂ!



ਮੱਖਣ ਸਿੰਘ ਬੈਂਸ ਤੇ ਰਵਿੰਦਰ ਸਿੰਘ


Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Follow us on:

Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ 200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

**Services Include**
- Catering
- Silverware
- Chinaware
- Decorated Hall
- Linen
- Several Bar Options
- Security
- Wait Staff
- Full Setup Including table cloth, napkins, chairs etc.

**Paradise Ballrooms**
4100 Peralta Blvd. Fremont, CA 94536
(510) 900-6319
info@paradiseballrooms.com
www.paradiseballrooms.com

# ਵਿਪਸਾਅ ਦੀ 23ਵੀਂ ਪੰਜਾਬੀ ਸਾਹਿਤਕ ਕਾਨਫਰੰਸ ਸਫਲਤਾਪੂਰਵਕ ਸੰਪੰਨ

## ਲੇਖਕਾਂ, ਵਿਦਵਾਨਾਂ ਅਤੇ ਸ਼ਾਇਰਾਂ ਵਲੋਂ ਭਰਵੀਂ ਸ਼ਿਰਕਤ; ਦਰਜਨ ਦੇ ਕਰੀਬ ਪੁਸਤਕਾਂ ਲੋਕ ਅਰਪਣ

ਵਿਸ਼ਵ ਪੰਜਾਬੀ ਸਾਹਿਤਕ ਅਕਾਦਮੀ (ਵਿਪਸਾਅ) ਕੈਲੀਫ਼ੋਰਨੀਆ ਵਲੋਂ ਹੇਅਵਰਡ ਸ਼ਹਿਰ 'ਚ ਦੋ ਰੋਜ਼ਾ 23ਵੀਂ ਪੰਜਾਬੀ ਸਾਹਿਤਕ ਕਾਨਫਰੰਸ ਕਰਵਾਈ ਗਈ। ਇਸ ਵਿਚ ਪੰਜਾਬੀ ਜ਼ੁਬਾਨ, ਭਾਸ਼ਾ, ਸਾਹਿਤ, ਸਭਿਆਚਾਰ ਅਤੇ ਇਸ ਦੇ ਪ੍ਰਚਾਰ ਤੇ ਪ੍ਰਸਾਰ ਲਈ ਕੀਤੇ ਜਾ ਰਹੇ ਯਤਨਾਂ ਦੀ ਸਫ਼ਲਤਾ ਨਾਲ ਨਵਾਂ ਇਤਿਹਾਸ ਸਿਰਜਦਿਆਂ ਉੱਤਰੀ ਅਮਰੀਕਾ 'ਚ ਆਉਣ ਵਾਲੇ ਸਮੇਂ 'ਚ ਇਸ ਦੀ ਚੜ੍ਹਦੀ ਕਲਾ ਲਈ ਨਵਾਂ ਮੰਚ ਵੀ ਪ੍ਰਦਾਨ ਕੀਤਾ ਗਿਆ।

ਇਸ ਕਾਨਫਰੰਸ ਵਿਚ ਜਿੱਥੇ ਵੱਖ-ਵੱਖ ਵਿਸ਼ਿਆਂ 'ਤੇ ਵਿਚਾਰ ਵਟਾਂਦਰਾ, ਨਵ-ਪ੍ਰਕਾਸ਼ਿਤ ਪੁਸਤਕਾਂ ਦਾ ਲੋਕ ਅਰਪਣ, ਕਵਿਤਾ ਪਾਠ, ਗੀਤ ਸੰਗੀਤ ਹੋਇਆ, ਉਥੇ ਹੀ ਭਾਰਤੀ ਸਾਹਿਤ ਅਕਾਦਮੀ ਅਵਾਰਡ ਹਾਸਲ ਕਰਨ ਵਾਲੇ ਵਰਿਆਮ ਸਿੰਘ ਸੰਧੂ, ਜਸਵਿੰਦਰ, ਦਰਸ਼ਨ ਬੁੱਟਰ ਅਤੇ ਡਾ. ਆਤਮਜੀਤ ਸਮੇਤ ਜਸਵੰਤ ਜ਼ਫ਼ਰ, ਡਾ. ਆਤਮ ਰੰਧਾਵਾ, ਡਾ. ਰਾਜੇਸ਼ ਸ਼ਰਮਾ, ਦਲਵੀਰ ਕੌਰ, ਡਾ. ਮੋਨੋਜੀਤ, ਸੁਸ਼ੀਲ ਦੁਸਾਂਝ, ਰਵਿੰਦਰ ਸਹਿਰਾਅ, ਸਤੀਸ਼ ਗੁਲਾਟੀ, ਸੁਹਿੰਦਰਬੀਰ, ਸੁਰਿੰਦਰ ਸੋਹਲ, ਪ੍ਰੀਤ ਮਨਪ੍ਰੀਤ, ਹਰਦਮ ਸਿੰਘ ਮਾਨ, ਮਨਜੀਤ ਕੌਰ ਗਿੱਲ ਅਤੇ ਰਾਕਿੰਦ ਕੌਰ ਵਰਗੇ ਪੰਜਾਬੀ ਲੇਖਕ ਅਤੇ ਬੁੱਧੀਜੀਵੀ ਉਚੇਚੇ ਤੌਰ 'ਤੇ ਸ਼ਾਮਿਲ ਹੋਏ। ਵਿਪਸਾਅ ਦੇ ਸੁਰਿੰਦਰ ਸੀਰਤ, ਸੁਖਵਿੰਦਰ ਕੰਬੋਜ, ਪ੍ਰਧਾਨ ਕੁਲਵਿੰਦਰ, ਜਨਰਲ ਸਕੱਤਰ ਜਗਜੀਤ ਨੌਸ਼ਹਿਰਵੀ, ਗੁਲਸ਼ਨ ਦਿਆਲ, ਅਮਰਜੀਤ ਕੌਰ ਪੰਨੂੰ, ਚਰਨਜੀਤ ਸਿੰਘ ਪੰਨੂ, ਸੁਰਜੀਤ ਸਖੀ, ਲਾਜ ਨੀਲਮ ਸੈਣੀ, ਹਰਭਜਨ ਢਿੱਲੋਂ, ਸੁਖਦੇਵ ਸਾਹਿਲ, ਕਵੀ ਐਸ਼, ਹਰਜਿੰਦਰ ਕੰਗ, ਡਾ. ਗੁਰਪ੍ਰੀਤ ਧੁੱਗਾ, ਗਗਨਦੀਪ ਮਾਹਲ, ਤਾਰਾ ਸਾਗਰ, ਪ੍ਰਿੰ. ਹਜ਼ੂਰਾ ਸਿੰਘ ਅਤੇ ਮੁਕੇਸ਼ ਸ਼ਰਮਾ ਦੇ ਖਾਤੇ 'ਚ ਇਸ ਕਾਨਫਰੰਸ ਦੀ ਸਫ਼ਲਤਾ ਦਾ ਮਾਣ ਪਾਇਆ ਜਾ ਸਕਦਾ ਹੈ।

ਸੁਰੀਲੇ ਗਾਇਕ ਸੁਖਦੇਵ ਸਾਹਿਲ ਦੇ ਸ਼ਬਦ ਗਾਇਨ ਨਾਲ ਕਾਨਫਰੰਸ ਦੀ ਸ਼ੁਰੂਆਤ ਹੋਈ। ਸਵਾਗਤੀ ਸੈਸ਼ਨ ਦੀ ਪ੍ਰਧਾਨਗੀ ਵਿਪਸਾਅ ਦੇ ਸਪਾਂਸਰ ਉੱਘੇ ਕਾਰੋਬਾਰੀ ਜਸਵੀਰ ਗਿੱਲ, ਬਲਵਿੰਦਰ ਸਿੰਘ ਧਨੋਆ, ਪੰਜਾਬ ਲੋਕ ਰੰਗ ਦੇ ਸੁਰਿੰਦਰ ਧਨੋਆ, ਕੁਲਵਿੰਦਰ ਅਤੇ ਕਵੀ ਐਸ਼ ਨੇ ਕੀਤੀ। ਪ੍ਰਧਾਨ ਕੁਲਵਿੰਦਰ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਅਤੇ ਕਾਨਫਰੰਸ ਦੇ ਮਨੋਰਥ ਬਾਰੇ ਗੱਲ ਕਰਦਿਆਂ ਇਸ ਮਸ਼ੀਨੀ ਯੁੱਗ ਵਿਚ ਸਾਹਿਤ ਨਾਲ ਜੁੜਨ ਨੂੰ ਹੋਰ ਵੀ ਜ਼ਰੂਰੀ ਦੱਸਿਆ। ਉਨ੍ਹਾਂ ਨੇ ਇਹ ਕਾਨਫ਼ਰੰਸ ਵਿਪਸਾਅ ਦੇ ਸੰਸਥਾਪਕ ਮੈਂਬਰ ਸਵ: ਡਾ. ਗੁਰੂਮੇਲ ਸਿੱਧੂ ਦੀ ਯਾਦ ਨੂੰ ਸਮਰਪਿਤ ਕਰਦਿਆਂ ਡਾ: ਸਿੱਧੂ ਨੂੰ ਸ਼ਰਧਾਂਜਲੀ ਭੇਟ ਕੀਤੀ। ਸਭਾ ਦੀ ਸਾਲਾਨਾ ਰਿਪੋਰਟ ਸਾਹਿਤ ਸਕੱਤਰ ਲਾਜ ਨੀਲਮ ਸੈਣੀ ਨੇ ਪੜ੍ਹੀ ਅਤੇ ਕਰੋਨਾ ਕਾਲ ਤੋਂ ਬਾਅਦ ਹੋਏ ਸਾਹਿਤਕ ਸਮਾਗਮਾਂ ਦਾ ਵੇਰਵੇ ਸਹਿਤ ਜ਼ਿਕਰ ਕੀਤਾ।

'ਅਮਰੀਕੀ ਪੰਜਾਬੀ ਕਵਿਤਾ ਸਮਕਾਲ ਦੇ ਸੰਦਰਭ' ਵਿਚ ਵਾਚਦਿਆਂ ਡਾ. ਆਤਮ ਸਿੰਘ ਰੰਧਾਵਾ ਨੇ ਆਪਣੇ ਪਰਚੇ ਵਿਚ ਕਵਿਤਾ ਰਾਹੀਂ ਵਿਸ਼ਵ ਵਿਚ ਵਸਦੇ ਪੰਜਾਬੀਆਂ ਦੀ ਰੂਹ ਨੂੰ ਪੰਜਾਬ ਨਾਲ ਜੁੜੇ ਹੋਣ ਦੀ ਗੱਲ ਕਰਦਿਆਂ ਕਵਿਤਾ ਪ੍ਰਤੀ ਸ਼ਾਇਰਾਂ ਦੀ ਸੁਹਿਰਦਤਾ, ਵਿਸ਼ਿਆਂ ਤੇ ਹਾਲਾਤ ਦਾ ਚਿਤਰਨ ਬਿਆਨਦਿਆਂ ਇਨ੍ਹਾਂ ਨੂੰ ਚੰਗੀਆਂ ਪ੍ਰਾਪਤੀਆਂ ਦੱਸਿਆ। ਉਨ੍ਹਾਂ ਨਵੀਂ ਦ੍ਰਿਸ਼ਟੀ ਤੋਂ ਪਰਵਾਸ ਤੇ ਪਰਵਾਸੀ ਕਵਿਤਾ ਨੂੰ ਪਰਿਭਾਸ਼ਿਤ ਕਰਨ ਉਪਰੰਤ ਅਮਰੀਕਾ ਵਿਚ ਲਿਖੀ ਜਾ ਰਹੀ ਸਮੁੱਚੀ ਪੰਜਾਬੀ ਕਵਿਤਾ ਦੇ ਮੁੱਖ ਪਛਾਣ-ਚਿੰਨ੍ਹ ਅਤੇ ਉਨ੍ਹਾਂ ਦੇ ਵਿਚਾਰਧਾਰਾਈ ਆਧਾਰ ਨਿਰਧਾਰਤ ਕੀਤੇ। ਉਨ੍ਹਾਂ ਕਿਹਾ ਕਿ ਅਮਰੀਕਾ ਤੇ ਮੂਲ-ਦੇਸ ਵਿਚ ਸਮੇਂ ਸਮੇਂ ਚੱਲੀਆਂ ਲਹਿਰਾਂ, ਪਰਵਾਸ ਦਾ ਕਠੋਰ ਯਥਾਰਥ ਤੇ ਵਿਸ਼ਵ ਪੱਧਰ 'ਤੇ 1990 ਤੋਂ ਬਾਅਦ ਵਾਪਰੇ ਬਦਲਾਅ 'ਚੋਂ ਲੰਘਦਿਆਂ ਇਹ ਕਵਿਤਾ ਚੇਤਨਤਾ, ਭਾਵੁਕਤਾ ਅਤੇ ਸਮਕਾਲ ਤਕ ਪਹੁੰਚਦਿਆਂ ਦਾਰਸ਼ਨਿਕਤਾ ਦੇ ਪੱਧਰ ਵੱਲ ਰੁਖ਼ ਕਰਦੀ ਹੈ।

ਇਸ ਚਰਚਾ ਸੈਸ਼ਨ ਦੇ ਮੁੱਖ ਮਹਿਮਾਨ ਵਰਿਆਮ ਸਿੰਘ ਸੰਧੂ ਸਨ ਅਤੇ ਪ੍ਰਧਾਨਗੀ ਦਰਸ਼ਨ ਬੁੱਟਰ ਨੇ ਕੀਤੀ। ਪ੍ਰਧਾਨਗੀ ਮੰਡਲ ਵਿਚ ਸੁਸ਼ੀਲ ਦੁਸਾਂਝ, ਜਸਵਿੰਦਰ ਅਤੇ ਡਾ. ਰਾਜੇਸ਼ ਸ਼ਰਮਾ ਨੇ ਵੀ ਇਸ ਵਿਸ਼ੇ 'ਤੇ ਆਪਣੇ ਵਿਚਾਰ ਪੇਸ਼ ਕੀਤੇ।

'ਅਮਰੀਕੀ ਪੰਜਾਬੀ ਕਹਾਣੀ ਸਮਕਾਲ ਦੇ ਸੰਦਰਭ ਵਿਚ' ਸੈਸ਼ਨ ਦੇ ਮੁੱਖ ਮਹਿਮਾਨ ਡਾ. ਮੋਨੋਜੀਤ ਅਤੇ ਪ੍ਰਧਾਨ ਵਰਿਆਮ ਸਿੰਘ ਸੰਧੂ ਸਨ। ਪ੍ਰਧਾਨਗੀ ਮੰਡਲ ਵਿਚ ਸੁਰਿੰਦਰ ਸੋਹਲ,




ਚਰਨਜੀਤ ਪੰਨੂ, ਸੁਖਵਿੰਦਰ ਕੰਬੋਜ ਅਤੇ ਅਮਰਜੀਤ ਕੌਰ ਪੰਨੂੰ ਸ਼ਾਮਲ ਸਨ। ਅਜਮੇਰ ਸਿੱਧੂ ਨੇ ਅਮਰੀਕੀ ਪੰਜਾਬੀ ਕਹਾਣੀ ਬਾਰੇ ਗੱਲ ਕਰਦਿਆਂ ਕਿਹਾ ਕਿ ਉਸ ਨੇ ਅਮਰੀਕਾ ਦੇ ਕਹਾਣੀਕਾਰਾਂ ਦੀਆਂ 35 ਕਹਾਣੀਆਂ ਪੜ੍ਹਦਿਆਂ ਖੁਸ਼ੀ ਮਹਿਸੂਸ ਕੀਤੀ ਹੈ ਕਿ ਪਰਵਾਸ 'ਚ ਰਹਿ ਕੇ ਵੀ ਪੰਜਾਬੀ ਕਹਾਣੀਕਾਰ ਆਪਣੀ ਮਿੱਟੀ ਤੇ ਸਾਹਿਤ ਨਾਲ ਗਹਿਗੱਚ ਜੁੜੇ ਹੋਏ ਹਨ। ਸਿੱਧੂ ਦੀ ਵਿਚਾਰ ਲੜੀ ਨੂੰ ਅੱਗੇ ਤੋਰਦਿਆਂ ਸੁਰਿੰਦਰ ਸੋਹਲ ਅਤੇ ਵਰਿਆਮ ਸਿੰਘ ਸੰਧੂ ਨੇ ਕਹਾਣੀ ਦੇ ਰੂਪ/ ਵਿਸ਼ਾ-ਵਸਤੂ ਬਾਰੇ ਅਮਰੀਕੀ ਪੰਜਾਬੀ ਕਹਾਣੀਆਂ ਵਿਚੋਂ ਮਿਸਾਲਾਂ ਸਹਿਤ ਚਾਨਣਾ ਪਾਇਆ। ਇਸ ਚਰਚਾ ਦਾ ਸੰਚਾਲਨ ਲੇਖਕਾ ਗੁਲਸ਼ਨ ਦਿਆਲ ਨੇ ਕੀਤਾ।

ਕਾਨਫ਼ਰੰਸ ਵਿਚ ਹਾਜ਼ਰ ਲੇਖਕਾਂ ਦੀਆਂ ਦਰਜਨ ਦੇ ਕਰੀਬ ਨਵ-ਪ੍ਰਕਾਸ਼ਿਤ ਕਿਤਾਬਾਂ ਰਿਲੀਜ਼ ਕੀਤੀਆਂ ਗਈਆਂ ਜਿਨ੍ਹਾਂ ਵਿਚ ਕੁਲਵਿੰਦਰ ਅਤੇ ਸਤੀਸ਼ ਗੁਲਾਟੀ ਸੰਪਾਦਿਤ ਪਾਕਿਸਤਾਨ ਤੋਂ ਪੰਜਾਬੀ ਦੇ ਨਾਮਵਰ ਸ਼ਾਇਰ ਅਬਦੁਲ ਕਰੀਮ ਕੁਦਸੀ ਦੇ ਸ਼ਾਇਰੀ ਸੰਗ੍ਰਹਿ 'ਆਪਣੇ ਘਰੀਂ ਪ੍ਰਾਉਣੇ' ਅਤੇ 'ਬਿਰਹੋਂ ਦੀ ਰੜਕ', ਜਸਵੰਤ ਜ਼ਫ਼ਰ ਦੀ ਵਿਚਾਰ ਲੜੀ ਪੁਸਤਕ 'ਚਮੇਲੀ ਦੇ ਫੁੱਲ', ਡਾ. ਮੋਨੋਜੀਤ ਦਾ ਕਵਿਤਾ ਸੰਗ੍ਰਹਿ 'ਕਿਤਾਬ ਮੂਰਤੀ ਨਹੀਂ ਹੁੰਦੀ', ਡਾ. ਸ਼ਮਸ਼ੇਰ ਮੋਹੀ ਸੰਪਾਦਿਤ 'ਸੁਰਜੀਤ ਸਖੀ ਕਾਵਿ ਵਸਤੂ, ਵਿਧੀ ਤੇ ਵਿਚਾਰਧਾਰਾ', ਅਮਰਜੀਤ ਕੌਰ ਪੰਨੂੰ ਦਾ ਕਹਾਣੀ ਸੰਗ੍ਰਹਿ 'ਸੁੱਚਾ ਗੁਲਾਬ', ਐਸ਼ ਦੀਆਂ ਦੋ ਜੀਵਨੀ ਕਾਵਿ-ਪੁਸਤਕਾਂ ਸ਼ਾਮਲ ਹਨ। ਸਵ: ਗੁਰੂਮੇਲ ਸਿੱਧੂ ਦੀ 'ਗ਼ਦਰ ਲਹਿਰ ਦਾ ਦੂਜਾ ਪੱਖ' ਦਾ ਦੂਜਾ ਐਡੀਸ਼ਨ, ਸੁਖਵਿੰਦਰ ਕੰਬੋਜ ਦੀ 'ਜੰਗ ਜਸ਼ਨ ਤੇ ਜੁਗਨੂੰ' ਦਾ ਨਵਾਂ ਐਡੀਸ਼ਨ, ਜਸਵਿੰਦਰ ਦੀ 'ਅਗਰਬੱਤੀ' ਦਾ ਚੌਥਾ ਐਡੀਸ਼ਨ ਅਤੇ ਮੈਗਜ਼ੀਨ 'ਹੁਣ', ਜੰਮੂ ਤੋਂ ਨਿਕਲਦੇ ਮੈਗਜ਼ੀਨ 'ਆਬਰੂ' ਅਤੇ 'ਏਕਮ' ਦੇ ਨਵੇਂ ਐਡੀਸ਼ਨ ਵੀ ਰਿਲੀਜ਼ ਕੀਤੇ ਗਏ। ਹਰਪ੍ਰੀਤ ਕੌਰ ਧੂਤ ਅਤੇ ਜਗਜੀਤ ਨੇ ਇਨ੍ਹਾਂ ਕਿਤਾਬਾਂ ਦੀ ਜਾਣ-ਪਛਾਣ ਕਰਾਈ।

ਕਾਨਫਰੰਸ ਦੇ ਪਹਿਲੇ ਦਿਨ ਵਿਸ਼ਾਲ ਕਵੀ ਦਰਬਾਰ ਕੀਤਾ ਗਿਆ ਜਿਸ ਵਿਚ 20 ਤੋਂ ਵੱਧ ਕਵੀਆਂ/ ਕਵਿੱਤਰੀਆਂ ਨੇ ਆਪਣੀਆਂ ਕਵਿਤਾਵਾਂ ਨਾਲ ਹਾਜ਼ਰ ਸਰੋਤਿਆਂ ਨੂੰ ਸਾਹਿਤ ਦੇ ਲੜ ਬੰਨ੍ਹੀਂ ਰੱਖਿਆ। ਇਸ ਕਵੀ ਦਰਬਾਰ ਦੇ ਮੁੱਖ ਮਹਿਮਾਨ ਜਸਵੰਤ ਜ਼ਫ਼ਰ ਸਨ ਅਤੇ ਪ੍ਰਧਾਨਗੀ ਰਵਿੰਦਰ ਸਹਿਰਾਅ ਨੇ ਕੀਤੀ। ਪ੍ਰਧਾਨਗੀ ਮੰਡਲ ਵਿਚ ਉਨ੍ਹਾਂ ਦਾ ਸਾਥ ਸੁਰਜੀਤ ਸਖੀ, ਸੁਹਿੰਦਰਬੀਰ, ਪ੍ਰੀਤ ਮਨਪ੍ਰੀਤ, ਗੁਲਸ਼ਨ ਦਿਆਲ, ਅਤੇ ਮਨਜੀਤ ਕੌਰ ਗਿੱਲ ਨੇ ਦਿੱਤਾ। ਕਵੀ ਦਰਬਾਰ ਦਾ ਆਗਾਜ਼ ਰਾਕਿੰਦ ਕੌਰ ਨੇ ਸ਼ਮ੍ਹਾਂ ਰੋਸ਼ਨ ਕਰ ਕੇ ਕੀਤਾ। ਸਭ ਤੋਂ ਪਹਿਲਾਂ ਅਮਰਜੀਤ ਜੌਹਲ ਨੇ ਮਾਂ ਬੋਲੀ ਅਤੇ ਪੰਜਾਬ ਨੂੰ ਸਮਰਪਿਤ ਗੀਤ ਤਰੰਨਮ ਵਿਚ ਗਾਇਆ ਅਤੇ ਸਮਾਪਤੀ ਰਵਿੰਦਰ ਸਹਿਰਾਅ ਦੀਆਂ ਨਜ਼ਮਾਂ 'ਫ਼ਲਸਤੀਨੀ ਕੁੜੀ ਦੀ ਚੱਪਲ' ਅਤੇ 'ਲਾਹੌਰ ਸ਼ਹਿਰ ਦੀਓ ਕੁੜੀਓ' ਨਾਲ ਹੋਈ। ਪ੍ਰਭਸ਼ਰਨਬੀਰ ਸਿੰਘ, ਸਤੀਸ਼ ਗੁਲਾਟੀ, ਕਵੀ ਐਸ਼, ਸੁਹਿੰਦਰਬੀਰ, ਹਰਜਿੰਦਰ ਕੰਗ, ਹਰਜਿੰਦਰ ਢੇਸੀ, ਸੰਤੋਖ ਮਿਨਹਾਸ, ਰਾਕਿੰਦ ਕੌਰ, ਸੁਰਿੰਦਰ ਸੋਹਲ ਅਤੇ ਪ੍ਰਧਾਨਗੀ ਮੰਡਲ ਵਿਚ ਸ਼ਾਮਲ ਕਵੀਆਂ ਨੇ ਆਪਣਾ ਕਲਾਮ ਸੁਣਾ ਕੇ ਸਰੋਤਿਆਂ ਤੋਂ ਪ੍ਰਸ਼ੰਸਾ ਹਾਸਲ ਕੀਤੀ। ਕਵੀ ਦਰਬਾਰ ਦੇ ਸੰਚਾਲਨ ਦੀ ਜ਼ਿੰਮੇਵਾਰੀ ਲਾਜ ਨੀਲਮ ਸੈਣੀ ਅਤੇ ਜਗਜੀਤ ਨੌਸ਼ਹਿਰਵੀ ਨੇ ਨਿਭਾਈ।

ਪਹਿਲੀ ਸ਼ਾਮ ਦਾ ਅੰਤ ਸੁਖਦੇਵ ਸਾਹਿਲ ਦੀ ਮੁਗਧ ਅਵਾਜ਼ ਵਿਚ ਸੂਫ਼ੀ ਅਤੇ ਆਧੁਨਿਕ ਸ਼ਾਇਰੀ ਦੇ ਜਾਦੂਮਈ ਗਾਇਨ ਨਾਲ ਹੋਇਆ। ਸਾਹਿਲ ਨੇ ਹੀਰ ਵਾਰਿਸ, ਸ਼ਿਵ ਬਟਾਲਵੀ, ਜਸਵਿੰਦਰ, ਹਰਜਿੰਦਰ ਕੰਗ, ਕੁਲਵਿੰਦਰ ਅਤੇ ਹੋਰ ਸਮਕਾਲੀ ਸ਼ਾਇਰਾਂ ਦਾ ਕਲਾਮ ਗਾ ਕੇ ਹਾਜ਼ਰ ਰੂਹਾਂ ਨੂੰ ਅਨੰਦਿਤ ਕੀਤਾ।

ਕਾਨਫ਼ਰੰਸ ਦੇ ਦੂਜੇ ਤੇ ਆਖਰੀ ਦਿਨ ਪੰਜਾਬੀ ਯੂਨੀਵਰਸਿਟੀ ਦੇ ਡਾ. ਰਾਜੇਸ਼ ਸ਼ਰਮਾ ਨੇ ਪੰਜਾਬੀ ਸਾਹਿਤ ਦੇ ਵਿਸ਼ਵ ਸਾਹਿਤ ਵਿਚ ਸਥਾਨ, ਰੁਤਬਾ, ਅਨੁਵਾਦ ਅਤੇ ਆਦਾਨ-ਪ੍ਰਦਾਨ ਦੇ ਵਿਸ਼ੇ ਉੱਤੇ ਏਨੀਆਂ ਭਾਵਪੂਰਤ ਟਿੱਪਣੀਆਂ ਕੀਤੀਆਂ ਕਿ ਕਾਨਫ਼ਰੰਸ ਦਾ ਇਹ ਇਕ ਵਡਮੁੱਲਾ ਭਾਗ ਸਾਬਤ ਹੋਇਆ। ਡਾ. ਸ਼ਰਮਾ ਦੀਆਂ ਟਿੱਪਣੀਆਂ ਉੱਤਰੀ ਅਮਰੀਕਾ 'ਚ ਸਾਹਿਤਕਾਰਾਂ ਲਈ ਸਾਹਿਤ ਨੂੰ ਹੋਰ ਵੀ ਗੰਭੀਰਤਾ ਨਾਲ ਰਚਣ ਵਿਚ ਮਦਦਗਾਰ ਸਾਬਤ ਹੋਣਗੀਆਂ। ਉਨ੍ਹਾਂ ਨੇ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਪੰਜਾਬੀ ਸਾਹਿਤ ਦਾ ਦੂਜੀਆਂ ਭਾਸ਼ਾਵਾਂ ਵਿਚ ਅਨੁਵਾਦ ਹੋਣਾ ਚਾਹੀਦਾ ਹੈ ਤਾਂ ਕਿ ਅਸੀਂ ਕੌਮਾਂਤਰੀ ਸਾਹਿਤ ਵਿਚ ਆਪਣੀ ਚੰਗੀ ਥਾਂ ਬਣਾ ਸਕੀਏ। ਡਾ: ਸ਼ਰਮਾ ਨੇ ਕਿਹਾ ਕਿ 'ਪਰਵਾਸੀ ਇੱਕ ਤੀਰਥ ਯਾਤਰੀ ਹੈ, ਤੁਸੀਂ ਇੱਕ ਤੋਂ ਦੂਸਰੀ ਧਰਤੀ ਦਾ ਹੀ ਨਹੀਂ, ਇੱਕ ਤੋਂ ਦੂਸਰੇ ਪੱਧਰ ਦਾ, ਇੱਕ ਤੋਂ ਦੂਸਰੀ ਜ਼ਿੰਦਗੀ ਦਾ, ਇੱਕ ਤੋਂ ਦੂਸਰੀ ਚੇਤਨਾ ਧਾਰਾ ਦਾ ਸਫਰ ਤਹਿ ਕਰਨ ਦਾ ਮੌਕਾ ਲੈਂਦੇ ਹੋ'। ਇਸ ਸੈਸ਼ਨ ਦੇ ਮੁੱਖ ਮਹਿਮਾਨ ਸਨ ਡਾ. ਆਤਮਜੀਤ ਅਤੇ ਪ੍ਰਧਾਨਗੀ ਡਾ. ਆਤਮ ਸਿੰਘ ਰੰਧਾਵਾ ਨੇ ਕੀਤੀ ਅਤੇ ਪ੍ਰਧਾਨਗੀ ਮੰਡਲ ਵਿਚ ਉਨ੍ਹਾਂ ਦਾ ਸਾਥ ਦਿੱਤਾ ਸੁਰਿੰਦਰ ਸੀਰਤ, ਹਰਦਮ ਮਾਨ, ਹਰਜਿੰਦਰ ਕੰਗ ਅਤੇ ਡਾ. ਕੁਲਬੀਰ ਸਿੰਘ ਥਿੰਦ ਨੇ। ਸਾਰੀ ਵਿਚਾਰ ਚਰਚਾ ਨੂੰ ਸੁਖਵਿੰਦਰ ਕੰਬੋਜ ਨੇ ਸੰਚਾਲਕ ਵਜੋਂ ਬਾਖ਼ੂਬੀ ਪਰੋਇਆ।

ਕਾਨਫਰੰਸ ਦੇ ਇਕ ਖ਼ਾਸ ਸੈਸ਼ਨ ਵਿਚ ਡਾ. ਗੁਰਪ੍ਰੀਤ ਧੁੱਗਾ ਦੇ ਬਹੁ-ਚਰਚਿਤ ਨਾਵਲ 'ਚਾਲ਼ੀ ਦਿਨ' ਉੱਪਰ ਵਿਚਾਰ ਚਰਚਾ ਹੋਈ। ਇਸ ਚਰਚਾ ਦਾ ਸੰਚਾਲਨ ਅਸ਼ੋਕ ਭੌਰਾ ਨੇ ਕੀਤਾ। ਡਾ. ਵਰਿਆਮ ਸਿੰਘ ਸੰਧੂ, ਡਾ. ਆਤਮਜੀਤ, ਸੁਰਿੰਦਰ ਸੋਹਲ, ਜਸਵੰਤ ਜ਼ਫ਼ਰ, ਦਰਸ਼ਨ ਬੁੱਟਰ ਤੇ ਡਾ. ਰਾਜੇਸ਼ ਸ਼ਰਮਾ ਨੇ ਡਾ. ਧੁੱਗਾ ਦੀ ਨਿਵੇਕਲੀ ਸਾਹਿਤਕ ਕਿਰਤ 'ਚਾਲ਼ੀ ਦਿਨ' ਨੂੰ ਡਾ. ਗੁਰਪ੍ਰੀਤ ਧੁੱਗਾ ਦੀ ਵੱਡੀ ਸਾਹਿਤਕ ਪ੍ਰਾਪਤੀ ਦੱਸਿਆ। ਸੁਰਿੰਦਰ ਸੋਹਲ ਨੇ ਡਾ. ਧੁੱਗਾ ਤੋਂ ਆਉਣ ਵਾਲੀਆਂ ਕਿਰਤਾਂ ਵਿਚ ਹੋਰ ਵੀ ਨਿਖਰਨ ਦੀ ਆਸ ਪ੍ਰਗਟਾਈ। ਡਾ. ਸੰਧੂ ਨੇ ਇਸ ਲਿਖਤ ਦਾ ਰੂਪ ਬਾਬੇ ਨਾਨਕ ਦੀਆਂ ਉਦਾਸੀਆਂ ਦੌਰਾਨ ਵਾਪਰਦੀਆਂ ਸਾਖੀਆਂ ਨਾਲ ਮਿਲਦਾ ਦੱਸਿਆ। ਡਾ. ਰਾਜੇਸ਼ ਸ਼ਰਮਾ ਨੇ ਕਿਹਾ ਕਿ ਹੋਰ ਭਾਸ਼ਾਵਾਂ ਵਿਚ ਵੀ ਨਵੀਂ ਪੀੜ੍ਹੀ ਦੇ ਲੇਖਕ ਪ੍ਰਵਾਨਤ ਸਾਹਿਤ ਰੂਪਾਂ ਤੋਂ ਅੱਗੇ ਨਵੀਆਂ ਸਾਹਿਤਕ ਵੰਨਗੀਆਂ ਸਿਰਜ ਰਹੇ ਹਨ। 'ਚਾਲ਼ੀ ਦਿਨ' ਵੀ 'ਪੋਸਟ-ਯੌਨਰ' ਹੈ ਅਤੇ ਪੰਜਾਬੀ ਸਾਹਿਤ ਵਿਚ ਚੰਗਾ ਵਾਧਾ ਹੈ। 'ਚਾਲ਼ੀ ਦਿਨ' ਬਾਰੇ ਇਸ ਦੇ ਲੇਖਕ ਡਾ. ਧੁੱਗਾ ਨੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਉਸ ਨੂੰ ਆਪਣੀ ਪ੍ਰਾਪਤੀ 'ਤੇ ਮਾਣ ਹੀ ਨਹੀਂ ਖ਼ੁਸ਼ੀ ਵੀ ਹੈ ਪਰ ਇਸ ਨਾਲ ਉਸ ਦੀਆਂ ਸਾਹਿਤਕ ਜ਼ਿੰਮੇਵਾਰੀਆਂ ਵੱਡੀਆਂ ਹੋ ਗਈਆਂ ਹਨ।

ਦੂਜੇ ਦਿਨ ਦੇ ਕਵੀ ਦਰਬਾਰ ਦਾ ਸੰਚਾਲਨ ਉੱਘੇ ਕਵੀ ਸੁਰਿੰਦਰ ਸੀਰਤ ਅਤੇ ਸ਼ਾਇਰਾ ਸੁਰਜੀਤ ਸਖੀ ਨੇ ਕੀਤਾ। ਕਵੀ ਦਰਬਾਰ ਦੀ ਸਦਾਰਤ ਜਸਵਿੰਦਰ ਨੇ ਕੀਤੀ ਅਤੇ ਮੁੱਖ ਮਹਿਮਾਨ ਦਰਸ਼ਨ ਬੁੱਟਰ ਸਨ। ਪ੍ਰਧਾਨਗੀ ਮੰਡਲ ਵਿਚ ਇਨ੍ਹਾਂ ਦੇ ਸਾਥੀ ਸਨ ਕੁਲਵਿੰਦਰ, ਦਲਵੀਰ ਕੌਰ, ਭੁਪਿੰਦਰ ਦਲੇਰ, ਗੁਲਸ਼ਨ ਦਿਆਲ, ਸਤੀਸ਼ ਗੁਲਾਟੀ, ਦਿਲ ਨਿੱਝਰ ਅਤੇ ਅਸ਼ੋਕ ਭੌਰਾ। ਹੋਰਨਾਂ ਤੋਂ ਇਲਾਵਾ ਇਸ ਕਵੀ ਦਰਬਾਰ ਵਿਚ ਦਰਸ਼ਨ ਬੁੱਟਰ, ਡਾ. ਗੁਰਪ੍ਰੀਤ ਧੁੱਗਾ, ਜਸਵਿੰਦਰ, ਲਖਵਿੰਦਰ ਲੱਕੀ, ਲਾਜ ਨੀਲਮ ਸੈਣੀ, ਡਾ. ਬਿਕਰਮ ਸੋਹੀ, ਪ੍ਰਿੰ. ਹਜ਼ੂਰਾ ਸਿੰਘ, ਤਾਰਾ ਸਾਗਰ, ਸੁਖਪਾਲ ਸੰਘੇੜਾ, ਲਾਜ ਨੀਲਮ ਸੈਣੀ, ਗਗਨਦੀਪ ਮਾਹਲ, ਤਰਲੋਚਨ ਸਿੰਘ ਦੁਪਾਲਪੁਰੀ, ਦਲਵੀਰ ਕੌਰ, ਜਸਵੰਤ ਸ਼ਾਦ, ਹਰਜਿੰਦਰ ਕੰਗ, ਹਰਭਜਨ ਢਿੱਲੋਂ, ਕੁਲਵੰਤ ਸੇਖੋਂ ਨੇ ਆਪਣਾ ਕਲਾਮ ਪੇਸ਼ ਕੀਤਾ।

ਰੰਗ-ਮੰਚ ਨੂੰ ਆਪਣੀ ਜ਼ਿੰਦਗੀ ਦਾ ਮਹੱਤਵਪੂਰਨ ਹਿੱਸਾ ਪ੍ਰਦਾਨ ਕਰ ਕੇ ਇਸ ਖੇਤਰ ਦੀਆਂ ਨਵੀਆਂ ਸਿਖਰਾਂ ਸਿਰਜਣ ਵਾਲੇ ਡਾ. ਆਤਮਜੀਤ ਨੇ ਜਦੋਂ ਦੀਵਾਨ ਸਿੰਘ ਕਾਲੇਪਾਣੀ ਦੀ ਜ਼ਿੰਦਗੀ 'ਤੇ ਆਧਾਰਿਤ ਨਾਟਕ 'ਕਿਸ਼ਤੀਆਂ ਵਿਚ ਜਹਾਜ਼' ਦਾ ਨਾਟਕੀ ਪਾਠ ਦੇਰ ਰਾਤ ਦਰਸ਼ਕਾਂ ਨਾਲ ਸਾਂਝਾ ਕੀਤਾ ਤਾਂ ਇਸ ਚੁੱਪ 'ਚ ਹਰ ਅੱਖ ਜਜ਼ਬਾਤੀ, ਸਿੱਲੀ ਤੇ ਭਾਵਪੂਰਤ ਸੀ। ਇਹ ਪੇਸ਼ਕਾਰੀ ਦੋ ਦਿਨਾਂ ਕਾਨਫਰੰਸ ਦੀ ਇਕ ਤਰ੍ਹਾਂ ਨਾਲ ਇਤਿਹਾਸਕ ਸਿਖਰ ਮੰਨੀ ਜਾ ਸਕਦੀ ਹੈ। ਡਾ. ਕਾਲੇਪਾਣੀ ਦੀ ਪੋਤਰੀ ਅਨੁਰੰਜਨ ਕੌਰ ਆਪਣੇ ਪਰਿਵਾਰ ਨਾਲ ਹਾਜ਼ਰ ਸੀ। ਵਿਪਸਾਅ ਵਲੋਂ ਉਨ੍ਹਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।

ਦੋਵੇਂ ਦਿਨ ਕਾਨਫਰੰਸ ਦਾ ਸਟੇਜ ਸੰਚਾਲਨ ਜਗਜੀਤ ਨੌਸ਼ਹਿਰਵੀ, ਲਾਜ ਨੀਲਮ ਸੈਣੀ, ਸੁਰਿੰਦਰ ਸੀਰਤ, ਗੁਲਸ਼ਨ ਦਿਆਲ, ਸੁਖਵਿੰਦਰ ਕੰਬੋਜ, ਅਸ਼ੋਕ ਭੌਰਾ ਅਤੇ ਹਰਪ੍ਰੀਤ ਕੌਰ ਧੂਤ ਨੇ ਕੀਤਾ। ਵਿਪਸਾਅ ਕਮੇਟੀ ਵਲੋਂ ਜਸਵੀਰ ਗਿੱਲ, ਡਾ. ਗੁਰਪ੍ਰੀਤ ਧੁੱਗਾ, ਡਾ. ਸਰਬਜੀਤ ਹੁੰਦਲ, ਬਲਵਿੰਦਰ ਧਨੋਆ, ਸੁਰਿੰਦਰ ਧਨੋਆ, ਡਾ. ਦਲਬੀਰ ਪੰਨੂੰ, ਪ੍ਰੋ. ਸੁਖਦੇਵ ਸਿੰਘ, ਬਲਜਿੰਦਰ ਸਵੈਚ, ਸਤਵੰਤ ਸਿੰਘ, ਅਤੇ ਵਿਪਸਾਅ ਦੀ ਸਮੁੱਚੀ ਕਾਰਜਕਰਨੀ ਵਲੋਂ ਮਾਇਕ ਮਦਦ ਇਕੱਠੀ ਕਰਨ ਵਿਚ ਖ਼ਾਸ ਭੂਮਿਕਾ ਨਿਭਾਉਣ ਲਈ ਧੰਨਵਾਦ ਕੀਤਾ ਗਿਆ। ਪੰਜਾਬੀ ਰੇਡੀਓ ਯੂ ਐਸ ਏ ਦੇ ਹਰਜੋਤ ਸਿੰਘ ਖਾਲਸਾ ਅਤੇ ਰਾਜਕਰਨ ਸਿੰਘ ਨੇ ਸਾਰੇ ਪ੍ਰੋਗਰਾਮ ਦਾ ਲਾਈਵ ਪ੍ਰਸਾਰਣ ਕੀਤਾ।

*-ਰਿਪੋਰਟ: ਜਗਜੀਤ ਨੌਸ਼ਹਿਰਵੀ*
*ਜਨਰਲ ਸਕੱਤਰ*
*ਫੋਨ: 510-676-1565*

# ਨਗਰ ਕੀਰਤਨ ਦੌਰਾਨ ਖਾਲਸਾਈ ਰੰਗ ਵਿਚ ਰੰਗਿਆ ਫਰਿਜ਼ਨੋ

**ਫਰਿਜ਼ਨੋ:** ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਨੂੰ ਸਮਰਪਿਤ ਸਾਲਾਨਾ ਨਗਰ ਕੀਰਤਨ ਸਜਾਇਆ ਗਿਆ ਜਿਸ ਦੀ ਸੁਰੂਆਤ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਗੁਰਮਤਿ ਦੀਵਾਨ ਦੀ ਸਮਾਪਤੀ



ਬਾਅਦ ਹੋਈ। ਗੁਰੂਘਰ ਵਿਖੇ ਹਾਜ਼ਰ ਕੀਰਤਨੀ ਜਥਿਆਂ ਅਤੇ ਕਥਾਕਾਰਾਂ ਨੇ ਸੰਗਤਾਂ ਨੂੰ ਨਿਰੋਲ ਗੁਰਬਾਣੀ ਨਾਲ ਨਿਹਾਲ ਕੀਤਾ। ਗੁਰੂਘਰ ਦੇ ਬਾਹਰ ਨਗਰ ਕੀਰਤਨ ਵਿਚ ਸ਼ਾਮਲ ਸੰਗਤਾਂ ਵਿਚੋਂਬਹੁਤਿਆਂ ਨੇ ਕੇਸਰੀ, ਨੀਲੀਆਂ, ਹਰੀਆਂ ਤੇ ਪੀਲੀਆਂ ਦਸਤਾਰਾਂ ਸਜਾਈਆਂ ਅਤੇ ਬੀਬੀਆਂ ਦੇ ਦੁਪੱਟਿਆਂ ਨੇ ਸਾਰੇ ਫਰਿਜ਼ਨੋ ਸ਼ਹਿਰ ਨੂੰ ਖਾਲਸਾਈ ਰੰਗ ਵਿਚ ਰੰਗ ਦਿੱਤਾ।

ਬੱਚਿਆਂ ਦੇ ਗੱਤਕਾ ਗਰੁੱਪਾਂ ਨੇ ਆਪਣੀ ਕਲਾ ਦਾ ਖੁੱਲ੍ਹ ਕੇ ਪ੍ਰਦਰਸ਼ਨ ਕੀਤਾ। ਦੁਕਾਨਦਾਰਾਂ ਵੱਲੋਂ ਅਨੇਕਾਂ ਦੁਕਾਨਾਂ ਅਤੇ ਵੱਖ-ਵੱਖ ਬੂਥ ਵੀ ਸੰਗਤਾਂ ਲਈ ਖਿੱਚ ਦਾ ਕੇਂਦਰ ਰਹੇ। ਲਾਊਡ ਸਪੀਕਰਾਂ ਵਿਚ ਗੂੰਜਦੇ 'ਬੋਲੇ ਸੋ ਨਿਹਾਲ' ਦੇ ਜੈਕਾਰਿਆਂ ਨਾਲ ਜਿਵੇਂ ਅਸਮਾਨ ਗੂੰਜ ਰਿਹਾ ਸੀ।

ਨਗਰ ਕੀਰਤਨ ਦੀ ਸੁਰੂਆਤ ਵਿਚ ਆਪਸੀ ਭਾਈਚਾਰਕ ਸਾਂਝ ਦਾ ਸਬੂਤ ਦਿੰਦੇ ਹੋਏ ਸਭ ਤੋਂ ਮੂਹਰੇ ਨਗਾਰਾ ਫਿਰ ਅਮੈਰੀਕਨ ਝੰਡਾ, ਕੈਲੀਫੋਰਨੀਆ ਦਾ ਝੰਡਾ ਅਤੇ ਖਾਲਸੇ ਦਾ ਕੇਸਰੀ ਨਿਸ਼ਾਨ ਸਾਹਿਬ ਸਨ, ਜਿਨ੍ਹਾਂ ਦੀ ਅਗਵਾਈ ਪੰਜ ਪਿਆਰੇ ਕਰ ਰਹੇ ਸਨ। ਖੂਬਸੂਰਤ ਤਰੀਕੇ ਨਾਲ ਸਜੇ ਫਲੋਟ ਉਪਰ ਸ੍ਰੀ ਗੁਰੂ ਗ੍ਰੰਥ ਸਹਿਬ ਜੀ ਪਾਲਕੀ ਵਿਚ ਸੁਸ਼ੋਭਿਤ ਸਨ। ਪੰਜ ਪਿਆਰੇ ਅਤੇ ਨਿਸ਼ਾਨਚੀ ਸਿੰਘ ਨਗਰ ਕੀਰਤਨ ਦੀ ਅਗਵਾਈ ਕਰ ਰਹੇ ਸਨ। ਸੰਗਤਾਂ ਭਾਰੀ ਉਤਸ਼ਾਹ ਅਤੇ ਸ਼ਰਧਾ ਨਾਲ ਪਾਲਕੀ ਸਾਹਿਬ ਦੇ ਪਿੱਛੇ ਪੈਦਲ ਸ਼ਬਦ ਗਾਇਨ ਕਰਦੀਆਂ ਜਾ ਰਹੀਆਂ ਸਨ। ਉਨ੍ਹਾਂ ਦੇ ਪਿੱਛੇ ਹੋਰ ਫਲੋਟ ਚੱਲ ਰਹੇ ਸਨ। ਸਥਾਨਕ ਗਤਕਾ ਦਲ ਦੇ ਸਿੰਘਾਂ ਦੇ ਗੱਤਕੇ ਦੇ ਜੌਹਰ ਵੇਖਣ ਯੋਗ ਸਨ। ਪੰਜਾਬ ਤੋਂ ਮੰਗਵਾਏ ਟਰੈਕਟਰ ਅਤੇ ਟਰਾਲੀਆਂ ਤੋਂ ਇਲਾਵਾ ਸਿੱਖ ਟਰੱਕ ਵੀ ਨਗਰ ਕੀਰਤਨ ਦਾ ਸ਼ਿੰਗਾਰ ਬਣੇ ਹੋਏ ਸਨ। ਇਸ ਸਮੇਂ ਗੁਰੂਘਰ ਅਤੇ ਹੋਰ ਵੱਖ-ਵੱਖ ਸੰਸਥਾਵਾਂ ਵੱਲੋਂ ਗੁਰੂ ਦੇ ਲੰਗਰ ਅਤੁੱਟ ਵਰਤੇ। ਇਹ ਨਗਰ ਕੀਰਤਨ ਫਾਊਲਰ ਸ਼ਹਿਰ ਦੇ ਮਿੱਥੇ ਰੂਟ ਨੂੰ ਤੈਅ ਕਰਦਾ ਹੋਇਆ ਕੁਝ ਸਮੇਂ ਲਈ ਫਾਊਲਰ ਸ਼ਹਿਰ ਪਾਰਕ ਵਿਚ ਰੁਕਿਆ, ਜਿੱਥੇ ਸਟੇਜ ਤੋਂ ਧਰਮ ਪ੍ਰਚਾਰਕਾਂ, ਕਵੀਸ਼ਰਾਂ ਨੇ ਸੰਗਤਾਂ ਨੂੰ ਗੁਰ ਇਤਿਹਾਸ ਸਰਵਣ ਕਰਵਾਇਆ। ਇਸੇ ਤਰ੍ਹਾਂ ਗੁਰੂਘਰ ਦੀ ਪ੍ਰਬੰਧਕ ਕਮੇਟੀ ਨੇ ਆਪਣੇ ਚੁਣੇ ਹੋਏ ਖਾਸ ਸੇਵਾਦਾਰਾਂ ਨੂੰ ਸਨਮਾਨਤ ਕੀਤਾ। ਇੱਥੇ ਵੀ ਵੱਖ-ਵੱਖ ਲੰਗਰਾਂ ਦੇ ਸਟਾਲ ਲੱਗੇ ਹੋਏ ਸਨ। ਇਸ ਪਾਰਕ ਦੇ ਪੜਾਅ ਦੀ ਸਮਾਪਤੀ ਉਪਰੰਤ ਨਗਰ ਕੀਰਤਨ ਵਾਪਸ ਗੁਰੂਘਰ ਪਹੁੰਚ ਕੇ ਸਮਾਪਤ ਹੋ ਗਿਆ। ਅੰਤ ਅਮਿੱਟ ਪੈੜਾਂ ਛੱਡਦਾ ਇਹ ਨਗਰ ਕੀਰਤਨ ਸਰਬੱਤ ਦੇ ਭਲੇ ਦੀ ਅਰਦਾਸ ਨਾਲ ਯਾਦਗਾਰੀ ਹੋ ਨਿੱਬੜਿਆ।

***-ਕੁਲਵੰਤ ਧਾਲੀਆਂ/ ਨੀਟਾ ਮਾਛੀਕੇ***

# ਇਤਿਹਾਸਕ ਫਿਲਮ 'ਸਰਾਭਾ' ਨੂੰ ਮਿਲ ਰਿਹੈ ਭਰਵਾਂ ਹੁੰਗਾਰਾ

**ਫਰਿਜ਼ਨੋ :** ਸ਼ਹੀਦ ਸ. ਕਰਤਾਰ ਸਿੰਘ ਸਰਾਭਾ ਦੀ ਜ਼ਿੰਦਗੀ 'ਤੇ ਆਧਾਰਿਤ ਫ਼ਿਲਮ 'ਸਰਾਭਾ' ਬੀਤੇ ਦਿਨੀ ਦੁਨੀਆਂ ਭਰ ਦੇ ਸਿਨੇਮਾ ਘਰਾਂ ਵਿਚ ਰਿਲੀਜ਼ ਹੋਈ। ਅਫਸੋਸ ਭਾਰਤੀ ਸੈਂਸਰ ਬੋਰਡ ਵੱਲੋਂ ਇਸ ਫ਼ਿਲਮ ਦੇ ਕੁਝ ਦ੍ਰਿਸ਼ਾਂ 'ਤੇ ਇਤਰਾਜ਼ ਕਰਦੇ ਹੋਏ ਰੋਕ ਲਾ ਦਿੱਤੀ ਗਈ ਜਦਕਿ ਸਾਡੇ ਮੀਡੀਏ ਦੀ ਟੀਮ ਵੱਲੋਂ ਇਹ ਫਿਲਮ ਫਰਿਜ਼ਨੋ ਦੇ 'ਸੀਆਰਾ ਵੈਸਟਾ ਸਿਨੇਮਾ' ਵਿਚ ਅਦਾਕਾਰ ਅਤੇ ਇਸ ਫਿਲਮ ਦੇ ਅਸਿਸਟੈਂਟ ਡਾਇਰੈਕਟਰ ਮਲਕੀਅਤ ਮੀਤ ਨਾਲ ਸਰੋਤਿਆਂ ਦੇ ਭਰੇ ਹਾਲ ਵਿਚ ਦੇਖੀ ਗਈ। ਇਸ ਫਿਲਮ ਵਿਚ ਹਰ ਪਾਤਰ ਨੇ ਬਹੁਤ ਵਧੀਆ ਭੂਮਿਕਾ ਨਿਭਾਈ ਹੈ। ਇਸ ਫ਼ਿਲਮ ਦਾ ਫਿਲਮਾਂਕਣ ਵੀ ਉਸੇ ਪੁਰਾਤਨ ਸਮੇਂ ਅਤੇ ਗਦਰ ਲਹਿਰ ਦੇ ਸਾਰੇ ਸਰੋਤਾਂ ਨੂੰ ਲੈ ਕੇ ਇਸ ਤਰ੍ਹਾਂ ਕੀਤਾ ਗਿਆ ਹੈ, ਜਿਵੇਂ ਤੁਸੀਂ ਖੁਦ ਵੀ ਇਸੇ ਲਹਿਰ ਵਿਚ ਸ਼ਾਮਲ ਹੋਵੋ। ਦੇਸ਼ ਪ੍ਰੇਮ ਅਤੇ ਕੁਰਬਾਨੀ ਦਾ ਜਜ਼ਬਾ ਪੈਦਾ ਕਰਨ ਵਾਲੀ ਇਸ ਫਿਲਮ ਦੇ ਮੁੱਖ ਡਾਇਰੈਕਟਰ ਕਵੀ ਰਾਜ ਹਨ। ਜੋ ਇਸ ਤੋਂ ਪਹਿਲਾਂ ਵੀ ਇਤਿਹਾਸਕ ਫ਼ਿਲਮਾਂ ਦਾ ਨਿਰਮਾਣ ਸਫਲਤਾ ਨਾਲ ਕਰ ਚੁੱਕੇ ਹਨ। ਇਸ ਫਿਲਮ ਦਾ ਨਿਰਮਾਣ ਕੈਨੇਡਾ, ਅਮਰੀਕਾ ਅਤੇ ਭਾਰਤ ਵਿਚ ਕੀਤਾ ਗਿਆ ਹੈ।




ਅੱਜ ਸਮੇਂ ਦੀ ਲੋੜ ਹੈ ਕਿ ਇਹੋ ਜਿਹੀਆਂ ਇਤਿਹਾਸਕ ਫ਼ਿਲਮਾਂ ਦੀ ਵੱਧ ਤੋਂ ਵੱਧ ਮਦਦ ਕੀਤੀ ਜਾਵੇ। ਜਿਸ ਨਾਲ ਅਸੀਂ ਨਵੀਂ ਪੀੜ੍ਹੀ ਨੂੰ ਇਤਿਹਾਸ ਨਾਲ ਜੋੜਦੇ ਹੋਏ ਸਾਡੀਆਂ ਕੁਰਬਾਨੀਆਂ, ਪਿਛੋਕੜ ਅਤੇ ਸੱਭਿਆਚਾਰ ਬਾਰੇ ਦੱਸ ਸਕੀਏ। ਦੁਨੀਆਂ ਭਰ ਵਿਚ ਗ਼ਦਰੀ ਬਾਬਿਆਂ ਨੂੰ ਯਾਦ ਕਰਦੇ ਹੋਏ ਸਾਲਾਨਾ ਮੇਲੇ ਲਾਉਣਾ ਅਤੇ ਸ਼ਰਧਾਂਜਲੀਆਂ ਭੇਟ ਕਰਨਾ ਚੰਗਾ ਕੰਮ ਹੈ। ਪਰ ਅੱਜ ਦੀ ਨਵੀਂ ਪੀੜ੍ਹੀ ਦੇ ਮੀਡੀਏ ਅਤੇ ਮਾਨਸਿਕ ਰੁਝਾਨ ਨੂੰ ਦੇਖਦੇ ਹੋਏ, ਉਨ੍ਹਾਂ ਨੂੰ ਆਪਣੇ ਪਿਛੋਕੜ ਨਾਲ ਜੋੜਨ ਅਤੇ ਇਤਿਹਾਸ ਪ੍ਰਤੀ ਜਾਗਰੂਕ ਕਰਨ ਵਿਚ ਇਹੋ ਜਿਹੀਆਂ ਫਿਲਮਾਂ ਵੱਡਾ ਯੋਗਦਾਨ ਪਾ ਸਕਦੀਆਂ ਹਨ। ਸੋ ਸਮੁੱਚੇ ਭਾਈਚਾਰੇ ਅਤੇ ਗਦਰ ਲਹਿਰ ਨਾਲ ਸੰਬੰਧਤ ਸੰਸਥਾਵਾਂ ਨੂੰ ਇਸ ਫਿਲਮ ਦਾ ਡਟ ਕੇ ਸਮਰਥਨ ਕਰਦੇ ਹੋਏ ਸਹਿਯੋਗ ਦੇਣਾ ਚਾਹੀਦਾ ਹੈ ਤਾਂ ਕਿ ਭਵਿੱਖ ਵਿਚ ਇਹੋ ਜਿਹੀਆਂ ਹੋਰ ਫਿਲਮਾਂ ਦਾ ਨਿਰਮਾਣ ਵੀ ਹੋ ਸਕੇ। ਸਾਡੇ ਵੱਲੋਂ ਸ਼ੁਭ ਇੱਛਾਵਾਂ ਅਤੇ 'ਸਰਾਭਾ' ਫਿਲਮ ਦੀ ਸਫਲ ਪੇਸ਼ਕਾਰੀ ਲਈ ਸਮੁੱਚੀ ਟੀਮ ਵਧਾਈ ਦੀ ਪਾਤਰ ਹੈ।

# ਫਾਊਲਰ 'ਚ ਲੱਗਿਆ '23ਵਾਂ ਉਸਤਾਦ ਲਾਲ ਚੰਦ ਯਮਲਾ ਜੱਟ ਯਾਦਗਾਰੀ ਮੇਲਾ'

ਫਰਿਜ਼ਨੋ: ਪੰਜਾਬੀ ਸੱਭਿਆਚਾਰ ਅਤੇ ਗਾਇਕੀ ਦਾ ਮਾਣ, ਤੂੰਬੀ ਦੇ ਬਾਦਸ਼ਾਹ ਮਰਹੂਮ ਕਲਾਕਾਰ ਉਸਤਾਦ ਲਾਲ ਚੰਦ ਯਮਲਾ ਜੱਟ ਦਾ 23ਵਾਂ ਯਾਦਗਾਰੀ ਮੇਲਾ ਕੈਲੇਫੋਰਨੀਆ ਦੇ ਸ਼ਹਿਰ ਫਾਊਲਰ ਵਿਖੇ ਲਾਇਆ ਗਿਆ। ਇਸ ਮੌਕੇ ਉਸਤਾਦ ਲਾਲ ਚੰਦ ਯਮਲਾ ਜੱਟ ਦੀ ਤਸਵੀਰ ਉੱਪਰ ਸ਼ਰਧਾ ਦੇ ਫੁੱਲ ਭੇਟ ਕਰਦੇ ਹੋਏ ਹਾਰ ਪਾਉਣ ਦੀ ਰਸਮ ਨਿਭਾਈ ਗਈ।

ਇਸ ਸਮੇਂ ਵਿਸ਼ੇਸ਼ ਤੌਰ 'ਤੇ ਪੰਜਾਬ ਤੋਂ ਪਹੁੰਚੇ ਕਿਸਾਨ ਆਗੂ ਸ. ਬਲਬੀਰ ਸਿੰਘ ਰਾਜੇਵਾਲ ਨੇ ਹਾਜ਼ਰੀ ਭਰੀ। ਉਨ੍ਹਾਂ ਕਿਸਾਨ ਅੰਦੋਲਨ ਲਈ ਵਿਦੇਸ਼ੀਆਂ ਦੇ ਸਹਿਯੋਗ ਦਾ ਧੰਨਵਾਦ ਕੀਤਾ ਅਤੇ ਸਥਾਨਕ ਮੇਲਾ ਕਮੇਟੀ ਨੂੰ ਮੇਲੇ ਨੂੰ ਸਫਲ ਬਣਾਉਣ 'ਤੇ ਵਧਾਈ ਦਿੱਤੀ। ਉਸਤਾਦ ਲਾਲ ਚੰਦ ਯਮਲਾ ਜੱਟ ਕਮੇਟੀ ਵੱਲੋਂ ਰਾਜੇਵਾਲ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਹੋਰ ਬੁਲਾਰਿਆਂ ਵਿਚ ਚਰਨਜੀਤ ਸਿੰਘ ਬਾਠ, ਨਾਜ਼ਰ ਸਿੰਘ ਕੂਨਰ,



ਰਾਜਿੰਦਰ ਬਰਾੜ, ਗੁਰਿੰਦਰਜੀਤ ਨੀਟਾ ਮਾਛੀਕੇ ਨੇ ਵਿਚਾਰਾਂ ਦੀ ਸਾਂਝ ਪਾਈ।

ਇਸ ਮਗਰੋਂ ਚੱਲੇ ਗਾਇਕੀ ਦੇ ਖੁੱਲ੍ਹੇ ਅਖਾੜੇ ਵਿਚ ਯਮਲਾ ਜੱਟ ਦੇ ਲਾਡਲੇ ਸ਼ਾਗਿਰਦ ਅਤੇ ਮੇਲਾ ਕਮੇਟੀ ਦੇ ਪ੍ਰੈਜ਼ੀਡੈਂਟ ਰਾਜਿੰਦਰ ਬਰਾੜ ਉਰਫ ਰਾਜ ਬਰਾੜ ਯਮਲਾ ਨੇ ਆਪਣੀ ਗਾਇਕੀ ਰਾਹੀਂ ਖੂਬ ਰੰਗ ਬੰਨ੍ਹੇ। ਉਨ੍ਹਾਂ ਤੋਂ ਇਲਾਵਾ ਦਿਲਦਾਰ ਬ੍ਰਦਰਜ਼ ਗਰੁੱਪ ਦੇ ਗਾਇਕ ਅਵਤਾਰ ਗਰੇਵਾਲ, ਰਾਣੀ ਗਿੱਲ ਅਤੇ ਕਾਤਾਂ ਸਹੋਤਾ ਨੇ ਰੌਣਕਾਂ ਲਾਈਆਂ। ਹੋਰ ਪ੍ਰਮੁੱਖ ਗਾਇਕਾਂ ਵਿਚ ਐਚ.ਐਸ. ਭਜਨ, ਹਰਬੰਸ ਸਿੰਘ, ਪੱਪੀ ਭਦੌੜ, ਕਮਲਜੀਤ ਬੈਨੀਪਾਲ, ਮਹਿੰਦਰ ਸਿੰਘ ਰਾਜਪੂਤ, ਗੁਰਦੀਪ ਧਾਲੀਵਾਲ, ਜੋਰਾ ਸਿੰਘ, ਹਰਜੀਤ ਸਿੰਘ ਆਦਿ ਨੇ ਯਮਲਾ ਜੀ ਅਤੇ ਆਪਣੇ ਗੀਤਾਂ ਰਾਹੀਂ ਹਾਜ਼ਰੀ ਭਰਦੇ ਹੋਏ ਹਾਜ਼ਰੀਨ ਦਾ ਭਰਪੂਰ ਮੰਨੋਰੰਜਨ ਕੀਤਾ।

ਸਰੋਤਿਆਂ ਦੀ ਮੰਗ 'ਤੇ ਦੋਗਾਣਾ ਗਾਇਕ ਜੋੜੀਆਂ ਵਿਚ ਬੁਲੰਦ ਆਵਾਜ਼ ਦੇ ਮਾਲਕ ਗਾਇਕ



ਗੋਗੀ ਸੰਧੂ ਅਤੇ ਗਾਇਕਾ ਮੀਮੀ ਗਿਰਨ ਦੀ ਜੋੜੀ ਨੇ ਵਾਹ-ਵਾਹ ਖੱਟੀ। ਇਸੇ ਤਰ੍ਹਾਂ ਸੁਲਤਾਨ ਅਖਤਰ ਅਤੇ ਹਰਜੀਤ ਜੀਤੀ ਨੇ ਦੋਗਾਣਿਆਂ ਰਾਹੀਂ ਹਾਜ਼ਰੀਨ ਦਾ ਮੰਨੋਰੰਜਨ ਕੀਤਾ। ਪ੍ਰੋਗਰਾਮ ਦੌਰਾਨ ਸਟੇਜ ਸੰਚਾਲਨ ਕੁਲਵੰਤ ਉੱਭੀ ਧਾਲੀਆਂ ਨੇ ਸ਼ਾਇਰਾਨਾ ਅੰਦਾਜ਼ ਵਿਚ ਕੀਤਾ। ਹਾਜ਼ਰੀਨ ਲਈ ਚਾਹ-ਪਕੌੜਿਆਂ ਦੇ ਲੰਗਰ ਖੁੱਲ੍ਹੇ ਚੱਲੇ। ਸਮੁੱਚੇ ਪ੍ਰੋਗਰਾਮ ਦੌਰਾਨ ਸੰਗੀਤ ਨਰਿੰਦਰ ਬੱਗਾ, ਅਮਰੀਕ ਮੀਕਾ ਅਤੇ ਸੰਨੀ ਐਂਡ ਪਾਰਟੀ ਵੱਲੋਂ ਦਿੱਤਾ ਗਿਆ। ਅੰਤ ਵਿਚ ਰਾਜ ਬਰਾੜ ਯਮਲੇ ਨੇ ਹਾਜ਼ਰੀਨ ਦਾ ਸਹਿਯੋਗ ਲਈ ਧੰਨਵਾਦ ਕੀਤਾ। ਉਸਤਾਦ ਲਾਲ ਚੰਦ ਯਮਲਾ ਜੱਟ ਦੀ ਗਾਇਕੀ ਅਤੇ ਗੀਤਕਾਰੀ ਨੂੰ ਸਿਜਦਾ ਕਰਦੇ ਹੋਏ, ਅੰਤ ਆਪਣੀਆਂ ਅਮਿੱਟ ਪੈੜਾਂ ਛੱਡਦਾ ਹੋਇਆ ਮੇਲਾ ਯਾਦਗਾਰੀ ਹੋ ਨਿੱਬੜਿਆ।

***-ਕੁਲਵੰਤ ਧਾਲੀਆਂ/ ਨੀਟਾ ਮਾਛੀਕੇ***

# ਸਿੱਖ ਕੌਂਸਲ ਆਫ਼ ਸੈਂਟਰਲ ਕੈਲੀਫੋਰਨੀਆਂ ਵੱਲੋਂ ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਦਾ ਸਨਮਾਨ

**ਫਰਿਜ਼ਨੋ:** ਭਾਰਤ ਦੇ ਕਿਰਸਾਨੀ ਸੰਘਰਸ਼ ਵਿਚ ਆਪਣੀ ਸਿਆਣਪ ਨਾਲ ਅਹਿਮ ਭੂਮਿਕਾ ਨਿਭਾਉਣ ਵਾਲੇ ਸੁਲਝੇ ਹੋਏ ਸੀਨੀਅਰ ਕਿਸਾਨ ਆਗੂ ਸ. ਬਲਬੀਰ ਸਿੰਘ ਰਾਜੇਵਾਲ ਆਪਣੀ ਅਮਰੀਕਾ ਦੀ ਫੇਰੀ ਦੌਰਾਨ ਵੱਖ-ਵੱਖ ਮੀਟਿੰਗਾਂ ਰਾਹੀਂ ਭਾਰਤ ਵਿਚ ਕਿਸਾਨ ਸੰਘਰਸ਼ ਵਿਚ ਦਿੱਤੇ ਵਡਮੁੱਲੇ ਯੋਗਦਾਨ ਬਦਲੇ ਸਮੁੱਚੇ ਭਾਈਚਾਰੇ ਦਾ ਧੰਨਵਾਦ ਕਰ ਰਹੇ ਹਨ।

ਇਸੇ ਲੜੀ ਤਹਿਤ ਫਰਿਜ਼ਨੋ ਵਿਖੇ 'ਸਿੱਖ ਕੌਂਸਲ ਆਫ ਸੈਂਟਰਲ ਕੈਲੇਫੋਰਨੀਆ' ਵੱਲੋਂ ਉਨ੍ਹਾਂ ਦੇ ਸਤਿਕਾਰ ਵਿਚ ਦੁਪਹਿਰ ਦੀ ਖਾਣੇ ਦੀ ਦਾਅਵਤ ਦਿੱਤੀ ਗਈ। ਜਿੱਥੇ ਸਿੱਖ ਕੌਂਸਲ ਦੇ ਜਨਰਲ ਸਕੱਤਰ ਸ. ਸੁਖਦੇਵ ਸਿੰਘ ਚੀਮਾ ਨੇ ਸ. ਰਾਜੇਵਾਲ ਨੂੰ ਜੀ ਆਇਆਂ ਕਹਿੰਦੇ ਹੋਏ ਨਿੱਘਾ ਸੁਆਗਤ ਕੀਤਾ ਅਤੇ ਇੰਨੇ ਛੋਟੇ ਨੋਟਿਸ 'ਤੇ ਸਾਡਾ ਸੱਦਾ ਸਵੀਕਾਰ ਕਰਨ ਲਈ ਸਮੂਹ ਹਾਜ਼ਰੀਨ ਦਾ ਧੰਨਵਾਦ ਕੀਤਾ। ਇਸ ਸਮੇਂ ਰਾਜੇਵਾਲ ਨੇ ਪੰਜਾਬ ਅਤੇ ਖਾਸ ਕਰਕੇ ਕਿਸਾਨ ਭਾਈਚਾਰੇ ਦੀ ਮੌਜੂਦਾ ਸਥਿਤੀ ਬਾਰੇ ਕੌਂਸਲ ਮੈਂਬਰਾਂ ਨਾਲ ਵਿਚਾਰ ਸਾਂਝੇ ਕਰਦੇ ਹੋਏ ਭਾਰਤ ਦੀ ਕਿਸਾਨੀ ਵਿਸ਼ੇ 'ਤੇ ਮੈਂਬਰਾਂ ਦੇ ਵੱਖ-ਵੱਖ ਸਵਾਲਾਂ ਦੇ ਜਵਾਬ ਦਿੱਤੇ।ਇਸ ਸਮੇਂ ਸਿੱਖ ਕੌਂਸਲ ਦੇ ਮੈਂਬਰ, ਗੁਰਜੰਟ ਸਿੰਘ ਗਿੱਲ, ਸ. ਰਾਜਵਿੰਦਰ ਪਾਲ ਸਿੰਘ ਬਰਾੜ, ਸ. ਗੁਰਬਚਨ ਸਿੰਘ, ਸ. ਚਰਨਜੀਤ ਸਿੰਘ ਬਾਠ,



ਸ. ਜਸਦੀਪ ਸਿੰਘ ਸ਼ੋਕਰ, ਸੁਖਵਿੰਦਰ ਕੌਰ ਸਰਾਂ (ਪਰਿਵਾਰ ਸਮੇਤ), ਚਰਨਜੀਤ ਸਿੰਘ ਸਿਹੋਤਾ, ਭਰਪੂਰ ਸਿੰਘ ਧਾਲੀਵਾਲ, ਪਸ਼ੌਰਾ ਸਿੰਘ ਢਿੱਲੋਂ, ਗੁਰਦੀਪ ਸਿੰਘ ਸ਼ੇਰਗਿੱਲ, ਸਤਵਿੰਦਰ ਸਿੰਘ ਬਲੱਗਣ, ਦਵਿੰਦਰਪਾਲ ਸਿੰਘ ਸ਼ੇਰਗਿੱਲ, ਕੇਵਲ ਸਿੰਘ ਹੁੰਦਲ, ਗੁਰਪ੍ਰੀਤ ਸਿੰਘ ਬਰਾੜ, ਪਰਮਪਾਲ ਸਿੰਘ ਅਤੇ ਮੀਟਿੰਗ ਵਿਚ ਕਮਿਊਨਿਟੀ ਮੈਂਬਰ ਕੁਲਦੀਪ ਸਿੰਘ ਨੰਬਰਦਾਰ, ਅਮਨਪ੍ਰੀਤ ਸਿੰਘ ਧਾਲੀਵਾਲ, ਕੁਲਦੀਪ ਸਿੰਘ ਕਾਲੇਕਾ ਅਤੇ ਡਾ. ਅਰਜੁਨ ਜੋਸਨ ਆਦਿਕ ਹਾਜ਼ਰ ਹੋਏ।

ਅੰਤ ਵਿਚ ਸ. ਜਸਦੀਪ ਸਿੰਘ ਸ਼ੋਕਰ ਨੇ ਮੀਟਿੰਗ ਵਿਚ ਸਮੂਹ ਹਾਜ਼ਰੀਨ ਦਾ ਧੰਨਵਾਦ ਕਰਦੇ ਹੋਏ ਆਪਣੇ ਭਾਈਚਾਰਕ ਕਾਰਜਾਂ ਵਿਚ ਵਧ ਚੜ੍ਹ ਕੇ ਸਹਿਯੋਗ ਦੇਣ ਦੀ ਵਚਨਬੱਧਤਾ ਪ੍ਰਗਟਾਈ।

***-ਕੁਲਵੰਤ ਧਾਲੀਆਂ/ ਨੀਟਾ ਮਾਛੀਕੇ***

# ਜੰਗ ਰੋਕਣ ਲਈ ਸੰਸਾਰ ਪੱਧਰ 'ਤੇ ਕੂਟਨੀਤਕ ਕੋਸ਼ਿਸ਼ਾਂ ਤੇਜ਼ ਹੋਈਆਂ

**ਰਾਫ਼ਾਹ:** ਹੁਣ ਜਦੋਂ ਇਜ਼ਰਾਇਲੀ ਫੌਜ ਗਾਜ਼ਾ ਸਿਟੀ ਵੱਲ ਲਗਾਤਾਰ ਅੱਗੇ ਵਧ ਰਹੀ ਹੈ ਤਾਂ ਅਮਰੀਕਾ ਅਤੇ ਅਰਬ ਮੁਲਕਾਂ ਨੇ ਜੰਗਬੰਦੀ ਤੇ ਹਮਾਸ ਸ਼ਾਸਿਤ ਇਲਾਕੇ ਦੀ ਘੇਰਾਬੰਦੀ ਖਤਮ ਕਰਨ ਦੇ ਯਤਨ ਤੇਜ਼ ਕਰ ਦਿੱਤੇ ਹਨ। ਉਨ੍ਹਾਂ ਆਮ ਨਾਗਰਿਕਾਂ ਤੱਕ ਸਹਾਇਤਾ ਪਹੁੰਚਾਉਣ ਦੇ ਉਦੇਸ਼ ਨਾਲ ਥੋੜੇ ਸਮੇਂ ਲਈ ਜੰਗਬੰਦੀ ਦਾ ਸੱਦਾ ਦਿੱਤਾ ਹੈ। ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਵੀ ਮਾਨਵੀ ਜੰਗਬੰਦੀ ਦਾ ਸੁਝਾਅ ਦਿੱਤਾ ਹੈ।

ਇਸੇ ਉਦੇਸ਼ ਤਹਿਤ ਅਮਰੀਕਾ ਦੇ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਮੁੜ ਇਜ਼ਰਾਈਲ ਅਤੇ ਜਾਰਡਨ ਦੇ ਦੌਰੇ 'ਤੇ ਪੁੱਜੇ। ਇਜ਼ਰਾਈਲ ਨੇ ਅਜੇ ਤੱਕ ਬਾਇਡਨ ਦੇ ਬਿਆਨ 'ਤੇ ਕੋਈ ਪ੍ਰਤੀਕਰਮ ਨਹੀਂ ਦਿੱਤਾ ਹੈ। ਉਂਜ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਜੰਗਬੰਦੀ ਦੀ ਮੰਗ ਨੂੰ ਖਾਰਜ ਕਰਦੇ ਆ ਰਹੇ ਹਨ। ਇਸ ਦੌਰਾਨ ਅਮਰੀਕਾ, ਮਿਸਰ, ਇਜ਼ਰਾਈਲ ਅਤੇ ਕਤਰ ਵਿਚਕਾਰ ਸਮਝੌਤੇ, ਜੋ ਹਮਾਸ ਨਾਲ ਵਿਚੋਲਗੀ ਕਰਦਾ ਹੈ, ਤਹਿਤ 335 ਵਿਦੇਸ਼ੀ ਪਾਸਪੋਰਟ ਧਾਰਕ ਅਤੇ 76 ਜ਼ਖ਼ਮੀ ਆਪਣੇ ਸਾਥੀਆਂ ਨਾਲ ਪਹਿਲੀ ਵਾਰ ਗਾਜ਼ਾ ਛੱਡ ਕੇ ਮਿਸਰ ਪੁੱਜ ਚੁੱਕੇ ਹਨ। ਇਜ਼ਰਾਈਲ ਨੇ ਰਾਹਤ ਸਮੱਗਰੀ ਨਾਲ ਭਰੇ 260 ਤੋਂ ਵੱਧ ਹੋਰ ਟਰੱਕਾਂ ਨੂੰ ਗਾਜ਼ਾ 'ਚ ਦਾਖਲ ਹੋਣ ਦੀ ਇਜਾਜ਼ਤ ਦਿੱਤੀ ਹੈ। ਅਮਰੀਕਾ ਨੇ ਕਿਹਾ ਹੈ ਕਿ ਉਹ 400 ਅਮਰੀਕੀਆਂ ਨੂੰ ਪਰਿਵਾਰਾਂ ਸਮੇਤ ਉਥੋਂ ਕੱਢਣ ਦੀ ਕੋਸ਼ਿਸ਼ ਕਰ ਰਿਹਾ ਹੈ। ਇਜ਼ਰਾਇਲੀ ਫੌਜ ਨੇ ਕਿਹਾ ਕਿ ਫਲਸਤੀਨੀ ਅਤਿਵਾਦੀਆਂ ਨੇ ਜੰਗ ਦੌਰਾਨ ਜਵਾਨਾਂ 'ਤੇ ਗ੍ਰਨੇਡ ਅਤੇ ਟੈਂਕ ਵਿਰੋਧੀ ਮਿਜ਼ਾਈਲਾਂ ਦਾਗੀਆਂ। ਉਧਰ, ਹਸਪਤਾਲਾਂ 'ਚ ਈਂਧਣ ਲਗਾਤਾਰ ਖਤਮ ਹੁੰਦਾ ਜਾ ਰਿਹਾ ਹੈ। ਗਾਜ਼ਾ ਸਿਟੀ ਦੇ ਸਭ ਤੋਂ ਵੱਡੇ ਹਸਪਤਾਲ ਸ਼ਿਫਾ 'ਚ ਸਿਰਫ ਕੁਝ ਘੰਟਿਆਂ ਦੀ ਬਿਜਲੀ ਬਚੀ ਹੈ ਅਤੇ ਹਸਪਤਾਲ ਦੇ ਡਾਇਰੈਕਟਰ ਮੁਹੰਮਦ ਅਬੂ ਸਾਲਮੀਆ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਨ੍ਹਾਂ ਦੇ ਘਰਾਂ 'ਚ ਜਿੰਨਾ ਵੀ ਡੀਜ਼ਲ ਹੈ, ਉਹ ਹਸਪਤਾਲ ਨੂੰ ਦਾਨ ਕਰ ਦੇਣ ਤਾਂ ਜੋ ਜ਼ਖ਼ਮੀਆਂ ਦੀ ਜਾਨ ਬਚਾਈ ਜਾ ਸਕੇ। ਸਿਹਤ ਮੰਤਰਾਲੇ ਨੇ ਕਿਹਾ ਕਿ ਤੁਰਕਿਸ਼-ਫਲਸਤੀਨੀ ਹਸਪਤਾਲ ਈਂਧਣ ਦੀ ਘਾਟ ਕਾਰਨ ਬੰਦ ਕਰਨਾ ਪਿਆ ਜਿਸ ਕਾਰਨ ਕੈਂਸਰ ਪੀੜਤ 70 ਮਰੀਜ਼ਾਂ ਦੀ ਹਾਲਤ ਵਿਗੜ ਗਈ। ਉੱਤਰੀ ਗਾਜ਼ਾ 'ਚ ਇੰਡੋਨੇਸ਼ੀਅਨ ਹਸਪਤਾਲ 'ਚ ਜਬਾਲੀਆ ਹਮਲੇ 'ਚ ਜ਼ਖ਼ਮੀ ਹੋਏ ਲੋਕਾਂ ਦਾ ਇਲਾਜ ਚੱਲ ਰਿਹਾ ਹੈ ਅਤੇ ਉਨ੍ਹਾਂ ਨੂੰ ਈਂਧਣ ਬਚਾਉਣ ਲਈ ਜ਼ਿਆਦਾਤਰ ਬੱਤੀਆਂ ਬੰਦ ਕਰਨ ਲਈ ਮਜਬੂਰ ਹੋਣਾ ਪਿਆ। ਫਲਸਤੀਨ ਦਾ ਮੰਨਣਾ ਹੈ ਕਿ ਜੇਕਰ ਈਂਧਣ ਨਾ ਮਿਲਿਆ ਤਾਂ ਵੱਡੀ ਬਿਪਤਾ ਦਾ ਸਾਹਮਣਾ ਕਰਨਾ ਪਵੇਗਾ।

**ਗਾਜ਼ਾ:** ਉੱਤਰੀ ਗਾਜ਼ਾ ਦੇ ਜਬਾਲੀਆ ਸਥਿਤ ਸੰਯੁਕਤ ਰਾਸ਼ਟਰ ਵੱਲੋਂ ਚਲਾਏ ਜਾ ਰਹੇ ਅਲ-ਫਖ਼ੌਰਾ ਸਕੂਲ ਅਤੇ ਅਲ-ਸ਼ਿਫਾ ਹਸਪਤਾਲ ਦੀ ਐਂਬੂਲੈਂਸ 'ਤੇ ਇਜ਼ਰਾਇਲੀ ਫੌਜ ਦੇ ਹਮਲੇ 'ਚ 30 ਵਿਅਕਤੀ ਮਾਰੇ ਗਏ। ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਐਂਤੋਨੀਓ ਗੁਟੇਰੇਜ ਨੇ ਹਮਲੇ ਦੀ ਨਿਖੇਧੀ ਕਰਦਿਆਂ ਹਮਾਸ ਨੂੰ ਅਪੀਲ ਕੀਤੀ ਹੈ ਕਿ ਉਹ ਸਾਰੇ ਬੰਧਕਾਂ ਨੂੰ ਤੁਰਤ ਰਿਹਾਅ ਕਰੇ।

ਉਧਰ, ਅਮਰੀਕੀ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਜਾਰਡਨ ਦੌਰੇ ਦੌਰਾਨ ਅਰਬ ਮੁਲਕਾਂ ਵੱਲੋਂ ਜੰਗਬੰਦੀ ਦੀ ਮੰਗ ਲਈ ਚੁੱਕੇ ਜਾਣ ਵਾਲੇ ਕਦਮਾਂ ਬਾਰੇ ਵਿਚਾਰ ਵਟਾਂਦਰਾ ਕੀਤਾ। ਉਨ੍ਹਾਂ ਕਿਹਾ ਕਿ ਅਮਰੀਕਾ ਸਮਝਦਾ ਹੈ ਕਿ ਜੇਕਰ ਜੰਗਬੰਦੀ ਹੋਈ ਤਾਂ ਫਲਸਤੀਨੀ ਦਹਿਸ਼ਤਗਰਦ ਗੁੱਟ ਮੁੜ ਇਕੱਤਰ ਹੋ ਜਾਣਗੇ ਅਤੇ ਉਹ ਦੁਬਾਰਾ 7 ਅਕਤੂਬਰ ਵਰਗੇ ਹਮਲੇ ਕਰ ਸਕਦੇ ਹਨ। ਉਂਜ ਜਾਰਡਨ ਦੇ ਵਿਦੇਸ਼ ਮੰਤਰੀ ਅਯਮਾਨ ਸਾਫਦੀ ਨੇ ਕਿਹਾ ਕਿ ਇਜ਼ਰਾਈਲ ਜੰਗੀ ਅਪਰਾਧ ਕਰ ਰਿਹਾ ਹੈ।



## ਜੰਗਬੰਦੀ ਬਾਰੇ ਅਰਬ ਤੇ ਅਮਰੀਕਾ ਵਿਚਾਲੇ ਵੱਖਰੇਵਾਂ

**ਗਾਜ਼ਾ:** ਇਜ਼ਰਾਈਲ ਤੇ ਹਮਾਸ ਵਿਚਾਲੇ ਜੰਗ ਕਾਰਨ ਹਜ਼ਾਰਾਂ ਫਲਸਤੀਨੀਆਂ ਦੀ ਮੌਤ ਦੀ ਨਿੰਦਾ ਕਰਦਿਆਂ ਅਰਬ ਦੇਸ਼ਾਂ ਦੇ ਆਗੂਆਂ ਨੇ ਫੌਰੀ ਤੌਰ 'ਤੇ ਜੰਗਬੰਦੀ 'ਤੇ ਜ਼ੋਰ ਦਿੱਤਾ ਹੈ। ਇਸੇ ਦੌਰਾਨ ਅਮਰੀਕਾ ਦੇ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਕਿਹਾ ਹੈ ਕਿ ਜੰਗਬੰਦੀ ਦੇ ਉਲਟ ਨਤੀਜੇ ਵੀ ਨਿਕਲ ਸਕਦੇ ਹਨ ਕਿਉਂਕਿ ਅਜਿਹੇ ਕਦਮ ਨਾਲ ਅਤਿਵਾਦੀ ਗਰੋਹਾਂ ਨੂੰ ਹਿੰਸਕ ਹੋਣ ਦਾ ਮੌਕਾ ਮਿਲ ਜਾਵੇਗਾ। ਉਨ੍ਹਾਂ ਨੇ ਗਾਜ਼ਾ ਦੇ ਨਾਗਰਿਕਾਂ ਨੂੰ ਸੁਰੱਖਿਆ ਪ੍ਰਦਾਨ ਕਰਨ ਤੇ ਰਾਹਤ ਸਮੱਗਰੀ ਪਹੁੰਚਾਉਣ ਦੀ ਇੱਛਾ ਜ਼ਾਹਿਰ ਕੀਤੀ।

## ਗਾਜ਼ਾ ਵਿਚ 3700 ਤੋਂ ਵੱਧ ਬੱਚਿਆਂ ਦੀ ਮੌਤ

**ਰਾਫਾਹ:** ਹਮਾਸ ਸ਼ਾਸਿਤ ਗਾਜ਼ਾ ਦੇ ਸਿਹਤ ਮੰਤਰਾਲੇ ਨੇ ਕਿਹਾ ਹੈ ਕਿ ਇਜ਼ਰਾਈਲ ਨਾਲ ਜੰਗ 'ਚ 3760 ਬੱਚੇ ਮਾਰੇ ਜਾ ਚੁੱਕੇ ਹਨ। ਮੰਤਰਾਲੇ ਦੇ ਤਰਜਮਾਨ ਡਾਕਟਰ ਅਸ਼ਰਫ ਅਲ-ਕੁਦਰਾ ਨੇ ਕਿਹਾ ਕਿ ਇਹ ਬੱਚੇ 18 ਸਾਲ ਤੋਂ ਘੱਟ ਉਮਰ ਦੇ ਹਨ। ਉਨ੍ਹਾਂ ਕਿਹਾ ਕਿ ਜੰਗ 'ਚ ਕੁੱਲ ਮਿਲਾ ਕੇ 9061 ਫਲਸਤੀਨੀ ਮਾਰੇ ਜਾ ਚੁੱਕੇ ਹਨ। ਮੌਤਾਂ ਦਾ ਅੰਕੜਾ ਹੋਰ ਵਧਣ ਦਾ ਖਦਸ਼ਾ ਹੈ ਕਿਉਂਕਿ ਇਜ਼ਰਾਇਲੀ ਫੌਜ ਹੁਣ ਗਾਜ਼ਾ ਸਿਟੀ ਦੇ ਸੰਘਣੇ ਰਿਹਾਇਸ਼ੀ ਇਲਾਕਿਆਂ 'ਚ ਅੱਗੇ ਵਧ ਰਹੀ ਹੈ। ਹਮਾਸ ਵੱਲੋਂ 7 ਅਕਤੂਬਰ ਨੂੰ ਕੀਤੇ ਗਏ ਹਮਲੇ 'ਚ ਇਜ਼ਰਾਈਲ ਅੰਦਰ 1400 ਤੋਂ ਵੱਧ ਲੋਕ ਹਲਾਕ ਹੋ ਗਏ ਸਨ।

## ਸ਼ਰਨਾਰਥੀ ਕੈਂਪ 'ਤੇ ਹਮਲੇ ਜੰਗੀ ਅਪਰਾਧ: ਸੰਯੁਕਤ ਰਾਸ਼ਟਰ

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਨੇ ਕਿਹਾ ਹੈ ਕਿ ਗਾਜ਼ਾ 'ਚ ਜਬਾਲੀਆ ਸ਼ਰਨਾਰਥੀ ਕੈਂਪ 'ਤੇ ਅੰਨ੍ਹੇਵਾਹ ਹਮਲੇ ਜੰਗੀ ਅਪਰਾਧ ਦੀ ਸ਼੍ਰੇਣੀ 'ਚ ਆ ਸਕਦੇ ਹਨ ਕਿਉਂਕਿ ਉਥੇ ਆਮ ਨਾਗਰਿਕਾਂ ਦਾ ਵੱਡੇ ਪੱਧਰ 'ਤੇ ਘਾਣ ਹੋ ਰਿਹਾ ਹੈ। ਮਨੁੱਖੀ ਹੱਕਾਂ ਬਾਰੇ ਹਾਈ ਕਮਿਸ਼ਨਰ ਦੇ ਦਫਤਰ ਨੇ 'ਐਕਸ' 'ਤੇ ਪੋਸਟ 'ਚ ਕਿਹਾ ਕਿ ਇਹ ਗੰਭੀਰ ਚਿੰਤਾ ਦੀ ਗੱਲ ਹੈ। ਮਾਨਵੀ ਮਾਮਲਿਆਂ ਬਾਰੇ ਸੰਯੁਕਤ ਰਾਸ਼ਟਰ ਦੇ ਤਾਲਮੇਲ ਦਫਤਰ ਨੇ ਕਿਹਾ ਕਿ ਅਲ ਕਰਾਮਾ, ਜਬਾਲੀਆ ਅਤੇ ਅਜ ਜਾਇਤੋਂਨ ਇਲਾਕਿਆਂ 'ਚ ਇਜ਼ਰਾਇਲੀ ਫੌਜ ਵੱਲੋਂ ਲਗਾਤਾਰ ਹਮਲੇ ਕੀਤੇ ਜਾ ਰਹੇ ਹਨ।

# ਏਅਰ ਇੰਡੀਆ ਵੱਲੋਂ ਤਲ ਅਵੀਵ ਦੀਆਂ ਉਡਾਣਾਂ 30 ਤੱਕ ਮੁਅੱਤਲ




**ਨਵੀਂ ਦਿੱਲੀ:** ਇਜ਼ਰਾਈਲ ਅਤੇ ਅਤਿਵਾਦੀ ਸਮੂਹ ਹਮਾਸ ਵਿਚਾਲੇ ਤਣਾਅ ਦਰਮਿਆਨ ਏਅਰ ਇੰਡੀਆ ਨੇ ਤਲ ਅਵੀਵ ਲਈ ਆਪਣੀਆਂ ਨਿਰਧਾਰਤ ਉਡਾਣਾਂ 30 ਨਵੰਬਰ ਤੱਕ ਮੁਲਤਵੀ ਕਰ ਦਿੱਤੀਆਂ ਹਨ।

ਏਅਰਲਾਈਨ ਨੇ 7 ਅਕਤੂਬਰ ਤੋਂ ਤਲ ਅਵੀਵ ਲਈ ਕੋਈ ਨਿਰਧਾਰਤ ਉਡਾਣ ਨਹੀਂ ਚਲਾਈ ਹੈ। ਏਅਰਲਾਈਨ ਦੇ ਬੁਲਾਰੇ ਨੇ ਕਿਹਾ ਕਿ ਤਲ ਅਵੀਵ ਲਈ ਉਡਾਣਾਂ 30 ਨਵੰਬਰ ਤੱਕ ਮੁਅੱਤਲ ਕਰ ਦਿੱਤੀਆਂ ਗਈਆਂ ਹਨ। ਵੈਸੇ ਏਅਰਲਾਈਨਜ਼ ਵੱਲੋਂ ਰਾਸ਼ਟਰੀ ਰਾਜਧਾਨੀ ਤੋਂ ਤਲ ਅਵੀਵ ਲਈ ਹਫਤੇ 'ਚ ਪੰਜ ਉਡਾਣਾਂ ਸੋਮਵਾਰ, ਮੰਗਲਵਾਰ, ਵੀਰਵਾਰ, ਸ਼ਨੀਵਾਰ ਅਤੇ ਐਤਵਾਰ ਚਲਾਈਆਂ ਜਾਂਦੀਆਂ ਹਨ।

ਪਿਛਲੇ ਮਹੀਨੇ ਏਅਰਲਾਈਨ ਨੇ ਇਜ਼ਰਾਈਲ ਤੋਂ ਵਾਪਸ ਆਉਣ ਦੀ ਇੱਛਾ ਰੱਖਣ ਵਾਲੇ ਭਾਰਤੀਆਂ ਨੂੰ ਲਿਆਉਣ ਲਈ ਸਰਕਾਰ ਦੇ 'ਅਪ੍ਰੇਸ਼ਨ ਅਜੇ' ਤਹਿਤ ਰਾਸ਼ਟਰੀ ਰਾਜਧਾਨੀ ਤੋਂ ਤਲ ਅਵੀਵ ਲਈ ਕੁਝ ਚਾਰਟਰਡ ਉਡਾਣਾਂ ਚਲਾਈਆਂ ਸਨ।

## ਸਿੱਖ ਬਜ਼ੁਰਗ 'ਤੇ ਹਮਲਾ ਕਰਨ ਵਾਲੇ 'ਤੇ ਨਫਰਤੀ ਅਪਰਾਧ ਸਣੇ ਕਈ ਦੋਸ਼

**ਨਿਊ ਯਾਰਕ:** ਕਾਰ ਦੀ ਟੱਕਰ ਤੋਂ ਬਾਅਦ 66 ਸਾਲਾ ਸਿੱਖ ਬਜ਼ੁਰਗ ਦੀ ਹੱਤਿਆ ਦੇ ਮਾਮਲੇ 'ਚ ਨਿਊ ਯਾਰਕ ਸਿਟੀ ਦੇ ਵਿਅਕਤੀ ਨੂੰ ਨਫਰਤੀ ਅਪਰਾਧਾਂ ਸਮੇਤ ਕਈ ਦੋਸ਼ ਲਗਾਏ ਗਏ ਹਨ। ਕੁਈਨਜ਼ ਕਾਊਂਟੀ ਦੀ ਜ਼ਿਲ੍ਹਾ ਅਟਾਰਨੀ ਅਨੁਸਾਰ ਗਿਲਬਰਟ ਔਗਸਟਿਨ (30), ਜੋ ਕਵੀਨਜ਼ ਦਾ ਰਹਿਣ ਵਾਲਾ ਹੈ, ਨੇ ਗੱਡੀਆਂ ਦੀ ਟੱਕਰ ਤੋਂ ਬਾਅਦ ਜਸਮੇਰ ਸਿੰਘ 'ਤੇ ਹਮਲਾ ਕੀਤਾ। ਪ੍ਰਾਪਤ ਜਾਣਕਾਰੀ ਮੁਤਾਬਕ ਜਿਵੇਂ ਹੀ ਦੋ ਵਿਚਕਾਰ ਗਰਮਾ ਗਰਮੀ ਹੋਈ ਤਾਂ ਔਗਸਟਿਨ ਨੇ ਕਥਿਤ ਤੌਰ ਉਤੇ ਜਸਮੇਰ ਸਿੰਘ ਨੂੰ ਪੱਗੜ ਵਾਲਾ ਕਿਹਾ। ਇਸ ਤੋਂ ਬਾਅਦ ਉਸ ਨੇ ਬਜ਼ੁਰਗ ਦੇ ਸਿਰ ਅਤੇ ਚਿਹਰੇ ਉਤੇ ਤਿੰਨ ਵਾਰ ਮੁੱਕਾ ਮਾਰਿਆ, ਜਿਸ ਕਾਰਨ ਉਹ ਡਿੱਗ ਗਿਆ ਅਤੇ ਉਸ ਦਾ ਸਿਰ ਫੁੱਟਪਾਥ ਉਤੇ ਵੱਜਿਆ। ਇਸ ਕਾਰਨ ਜਸਮੇਰ ਸਿੰਘ ਦੇ ਦਿਮਾਗ ਉਤੇ ਸੱਟ ਲੱਗ ਗਈ ਅਤੇ ਉਸ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਅਗਲੇ ਦਿਨ ਉਸ ਦੀ ਮੌਤ ਹੋ ਗਈ। ਔਗਸਟਿਨ ਨੂੰ 6 ਦਸੰਬਰ ਨੂੰ ਅਦਾਲਤ ਵਿਚ ਪੇਸ਼ ਹੋਣ ਦੀ ਸੰਭਾਵਨਾ ਹੈ। ਜੇ ਉਹ ਦੋਸ਼ੀ ਠਹਿਰਾਇਆ ਜਾਂਦਾ ਹੈ ਤਾਂ ਉਸ ਨੂੰ 25 ਸਾਲ ਤੱਕ ਦੀ ਕੈਦ ਹੋ ਸਕਦੀ ਹੈ।

# ਪਾਕਿਸਤਾਨ 'ਚ 8 ਫਰਵਰੀ ਨੂੰ ਹੋਣਗੀਆਂ ਆਮ ਚੋਣਾਂ

**ਇਸਲਾਮਾਬਾਦ:** ਪਾਕਿਸਤਾਨ 'ਚ ਆਮ ਚੋਣਾਂ ਅਗਲੇ ਸਾਲ 8 ਫਰਵਰੀ ਨੂੰ ਹੋਣਗੀਆਂ। ਇਹ ਫੈਸਲਾ ਸੁਪਰੀਮ ਕੋਰਟ ਦੀਆਂ ਹਦਾਇਤਾਂ ਮਗਰੋਂ ਚੋਣ ਕਮਿਸ਼ਨ ਦੇ ਅਧਿਕਾਰੀਆਂ ਵੱਲੋਂ ਰਾਸ਼ਟਰਪਤੀ ਆਰਿਫ ਅਲਵੀ ਨਾਲ ਕੀਤੀ ਮੁਲਾਕਾਤ ਤੋਂ ਬਾਅਦ ਲਿਆ ਗਿਆ। ਇਹ ਐਲਾਨ ਹੋਣ ਨਾਲ ਦੇਸ਼ 'ਚ ਚੋਣਾਂ ਨੂੰ ਲੈ ਕੇ ਲੰਮੇ ਸਮੇਂ ਤੋਂ ਬਣੀ ਬੇਯਕੀਨੀ ਦੀ ਸਥਿਤੀ ਖਤਮ ਹੋ ਗਈ ਹੈ।

ਪਾਕਿਸਤਾਨ ਚੋਣ ਕਮਿਸ਼ਨ ਦੇ ਉੱਚ ਅਧਿਕਾਰੀਆਂ ਤੇ ਰਾਸ਼ਟਰਪਤੀ ਆਰਿਫ ਅਲਵੀ ਦਰਮਿਆਨ ਹੋਈ ਮੀਟਿੰਗ ਤੋਂ ਬਾਅਦ ਰਾਸ਼ਟਰਪਤੀ ਭਵਨ ਤੋਂ ਚੋਣਾਂ ਦੀ ਨਵੀਂ ਤਰੀਕ ਦਾ ਐਲਾਨ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਦਿਨੇ ਚੋਣ ਕਮਿਸ਼ਨ ਦੇ ਵਕੀਲ ਨੇ ਸੁਪਰੀਮ ਕੋਰਟ ਨੂੰ ਦੱਸਿਆ ਸੀ ਕਿ ਪਾਕਿਸਤਾਨ 'ਚ ਆਮ ਚੋਣਾਂ 11 ਫਰਵਰੀ ਨੂੰ ਹੋਣਗੀਆਂ। ਰਾਸ਼ਟਰਪਤੀ ਦਫਤਰ ਨੇ ਕਿਹਾ ਕਿ ਸੁਪਰੀਮ ਕੋਰਟ ਦੇ ਹੁਕਮਾਂ 'ਤੇ ਮੁੱਖ ਚੋਣ ਕਮਿਸ਼ਨਰ ਸਿਕੰਦਰ ਸੁਲਤਾਨ ਰਾਜਾ ਨੇ ਅਟਾਰਨੀ ਜਨਰਲ ਮਨਸੂਰ ਉਸਮਾਨ ਅਵਾਨ ਤੇ ਕਮਿਸ਼ਨ ਦੇ ਚਾਰ ਹੋਰ ਮੈਂਬਰਾਂ ਨੂੰ ਨਾਲ ਲੈ ਕੇ ਰਾਸ਼ਟਰਪਤੀ ਅਲਵੀ ਨਾਲ ਮੁਲਾਕਾਤ ਕਰਕੇ ਚੋਣਾਂ ਸਬੰਧੀ ਚਰਚਾ ਕੀਤੀ।

ਉਨ੍ਹਾਂ ਕਿਹਾ, 'ਰਾਸ਼ਟਰਪਤੀ ਨੇ ਚੋਣ ਕਮਿਸ਼ਨ ਤੋਂ ਹੱਦਬੰਦੀ ਤੇ ਚੋਣਾਂ ਦੀਆਂ ਤਿਆਰੀਆਂ ਸਬੰਧੀ ਜਾਣਕਾਰੀ ਲਈ। ਲੰਮੀ ਵਿਚਾਰ ਚਰਚਾ ਤੋਂ ਬਾਅਦ 8 ਫਰਵਰੀ 2024 ਨੂੰ ਆਮ ਚੋਣਾਂ ਕਰਵਾਉਣ ਦਾ ਫੈਸਲਾ ਲਿਆ ਗਿਆ।' ਇਸ ਤੋਂ ਪਹਿਲਾਂ ਪਾਕਿਸਤਾਨੀ ਚੋਣ ਕਮਿਸ਼ਨ ਦੇ ਵਕੀਲ ਸਜੀਲ ਸਵਾਤੀ ਨੇ ਕਿਹਾ ਕਿ ਚੋਣ ਹਲਕੇ ਨਿਰਧਾਰਤ ਕਰਨ ਦੀ ਪ੍ਰਕਿਰਿਆ 29 ਜਨਵਰੀ ਨੂੰ ਮੁਕੰਮਲ ਹੋ ਜਾਵੇਗੀ ਤੇ ਇਸ ਨਾਲ ਚੋਣਾਂ ਕਰਵਾਉਣ ਦਾ ਰਾਹ ਪੱਧਰਾ ਹੋ ਜਾਵੇਗਾ।

# ਨਿੱਝਰ ਕਤਲ ਕਾਂਡ: ਭਾਰਤ ਨੇ ਕੈਨੇਡਾ ਦੀ ਜਾਂਚ 'ਤੇ ਮੁੜ ਉਂਗਲ ਧਰੀ

**ਓਟਵਾ:** ਕੈਨੇਡਾ ਵਿਚ ਭਾਰਤ ਦੇ ਹਾਈ ਕਮਿਸ਼ਨਰ ਸੰਜੈ ਕੁਮਾਰ ਵਰਮਾ ਨੇ ਸਿੱਖ ਵੱਖਵਾਦੀ ਆਗੂ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਵਿਚ ਭਾਰਤੀ ਏਜੰਟਾਂ ਦੀ ਕਥਿਤ ਸ਼ਮੂਲੀਅਤ ਸਬੰਧੀ ਕੈਨੇਡੀਅਨ ਪ੍ਰਧਾਨ ਮੰਤਰੀ ਦੇ ਦਾਅਵੇ ਨੂੰ ਲੈ ਕੇ ਓਟਵਾ ਨੂੰ ਲੋੜੀਂਦੇ ਸਬੂਤ ਮੁਹੱਈਆ ਕਰਵਾਉਣ ਲਈ ਕਿਹਾ ਹੈ। ਵਰਮਾ ਨੇ ਕੈਨੇਡਾ ਵੱਲੋਂ ਕੀਤੀ ਜਾਂਚ ਨੂੰ ਦਾਗਦਾਰ ਕਰਾਰ ਦਿੱਤਾ ਹੈ। ਵਰਮਾ ਨੇ ਗਲੋਬ ਤੇ ਮੇਲ ਅਖਬਾਰ ਨੂੰ ਦਿੱਤੇ ਇੰਟਰਵਿਊ ਦੌਰਾਨ ਕਿਹਾ ਸੀ ਕਿ 'ਇਸ ਕੇਸ ਵਿਚ ਅਜੇ ਤੱਕ ਕੋਈ ਵਿਸ਼ੇਸ਼ ਜਾਂ ਸਬੰਧਤ ਜਾਣਕਾਰੀ ਮੁਹੱਈਆ ਨਹੀਂ ਕਰਵਾਈ ਗਈ, ਜਿਸ ਨਾਲ ਜਾਂਚ ਵਿਚ ਕੋਈ ਮਦਦ ਮਿਲੇ।''

ਭਾਰਤ ਦੇ ਵਿਦੇਸ਼ ਮੰਤਰੀ ਐੱਸ.ਜੈਸ਼ੰਕਰ ਨੇ ਕਿਹਾ ਸੀ ਕਿ ਕੂਟਨੀਤਕ ਟਕਰਾਅ ਨੂੰ ਮੁਖਾਤਬ ਹੋਣ ਲਈ ਦੋਵੇਂ ਧਿਰਾਂ ਇਕ ਦੂਜੇ ਦੇ ਸੰਪਰਕ ਵਿਚ ਹਨ। ਹਾਲਾਂਕਿ ਉਨ੍ਹਾਂ ਜ਼ੋਰ ਦੇ ਕੇ ਆਖਿਆ ਕਿ 'ਪ੍ਰਭੂਸੱਤਾ ਤੇ ਸੰਵੇਦਨਸ਼ੀਲਤਾ' ਇਕਤਰਫਾ ਨਹੀਂ ਹੋ ਸਕਦੀ। ਅਖਬਾਰ ਨੇ ਵਰਮਾ ਦੇ ਹਵਾਲੇ ਨਾਲ ਕਿਹਾ, ''ਸਬੂਤ ਕਿੱਥੇ ਹਨ? ਇਸ ਜਾਂਚ ਦਾ ਨਤੀਜਾ ਕਿੱਥੇ ਹੈ? ਮੈਂ ਇਕ ਕਦਮ ਹੋਰ ਅੱਗੇ ਜਾਂਦਾ ਹਾਂ ਤੇ ਕਹਿੰਦਾ ਹਾਂ ਕਿ ਜਾਂਚ ਪਹਿਲਾਂ ਹੀ ਦਾਗਦਾਰ ਹੋ ਚੁੱਕੀ ਹੈ।'' ਵਰਮਾ ਨੇ ਕਿਸੇ ਦਾ ਨਾਮ ਲਏ ਬਿਨਾਂ ਕਿਹਾ, ''ਇਹ ਹਦਾਇਤਾਂ ਕਿਤੋਂ ਉਪਰੋਂ ਆਈਆਂ ਹਨ ਕਿ ਨਿੱਝਰ ਕਤਲ ਕਾਂਡ ਪਿੱਛੇ ਭਾਰਤ ਜਾਂ ਭਾਰਤੀ ਏਜੰਟਾਂ ਦਾ ਹੱਥ ਹੋਣ ਬਾਰੇ ਬਿਆਨ ਦਿੱਤਾ ਜਾਵੇ।'' ਵਰਮਾ ਨੇ ਕੈਨੇਡਾ ਦੇ ਦੋਸ਼ਾਂ ਨੂੰ ਸਿਰੇ ਤੋਂ ਖਾਰਜ ਕਰਦਿਆਂ ਕਿਹਾ ਕਿ ਭਾਰਤ ਪਿਛਲੇ ਪੰਜ-ਛੇ ਸਾਲਾਂ ਦੌਰਾਨ ਓਟਵਾ ਨੂੰ 26 ਵਾਰ ਬੇਨਤੀ ਕਰ ਚੁੱਕਾ ਹੈ ਕਿ ਕੁਝ ਵੱਖਵਾਦੀਆਂ ਨੂੰ ਭਾਰਤ ਦੇ ਹਵਾਲੇ ਕਰੇ ਪਰ ਕੈਨੇਡਾ ਨੇ ਅਜੇ ਤੱਕ ਕੋਈ ਕਾਰਵਾਈ ਨਹੀਂ ਕੀਤੀ। ਉਨ੍ਹਾਂ ਕੈਨੇਡਾ ਵਿਚ ਖੁਦ ਨੂੰ ਅਤੇ ਹੋਰ ਭਾਰਤੀ ਕੂਟਨੀਤਕ ਸਟਾਫ ਨੂੰ ਦਰਪੇਸ਼ ਸੁਰੱਖਿਆ ਚੁਣੌਤੀਆਂ ਬਾਰੇ ਵੀ ਗੱਲ ਕੀਤੀ।



ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਸਤੰਬਰ ਵਿਚ ਦੇਸ਼ ਦੀ ਸੰਸਦ ਵਿਚ ਦਿੱਤੇ ਉਪਰੋਕਤ ਬਿਆਨ ਮਗਰੋਂ ਭਾਰਤ ਤੇ ਕੈਨੇਡਾ ਦੇ ਰਿਸ਼ਤਿਆਂ ਵਿਚ ਕੂਟਨੀਤਕ ਟਕਰਾਅ ਤੇ ਤਲਖ਼ੀ ਵੱਧ ਗਈ ਸੀ। ਨਿੱਝਰ ਦੀ ਇਸ ਸਾਲ ਜੂਨ ਵਿਚ ਸਰੀ ਦੇ ਗੁਰਦੁਆਰੇ ਦੇ ਬਾਹਰ ਅਣਪਛਾਤੇ ਹਮਲਾਵਰਾਂ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਸੀ। ਭਾਰਤ ਨੇ ਨਿੱਝਰ ਨੂੰ 2020 ਵਿਚ ਦਹਿਸ਼ਤਗਰਦ ਐਲਾਨ ਦਿੱਤਾ ਸੀ।

ਭਾਰਤ ਨੇ ਹਾਲਾਂਕਿ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਦੋਸ਼ਾਂ ਨੂੰ 'ਹਾਸੋਹੀਣੇ' ਤੇ 'ਪ੍ਰੇਰਿਤ' ਦੱਸ ਕੇ ਖਾਰਜ ਕਰ ਦਿੱਤਾ ਸੀ। ਭਾਰਤ ਨੇ ਮਗਰੋਂ ਕੈਨੇਡਾ ਸਥਿਤ ਆਪਣੇ ਸਫ਼ਾਰਤਖਾਨਿਆਂ ਤੋਂ ਵੀਜ਼ਾ ਸੇਵਾਵਾਂ ਆਰਜ਼ੀ ਤੌਰ 'ਤੇ ਮੁਅੱਤਲ ਕਰ ਦਿੱਤੀਆਂ ਸਨ। ਇਹੀ ਨਹੀਂ ਭਾਰਤ ਨੇ ਕੈਨੇਡਾ ਨੂੰ ਆਪਣੀ ਕੂਟਨੀਤਕ ਮੌਜੂਦਗੀ ਘਟਾਉਣ ਲਈ ਵੀ ਕਿਹਾ ਸੀ। ਕੈਨੇਡਾ ਨੇ ਆਪਣੇ 41 ਡਿਪਲੋਮੈਟ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਵਾਪਸ ਸੱਦ ਲਿਆ ਸੀ।

## ਮਹਾਦੇਵ ਸਣੇ 22 ਗੈਰਕਾਨੂੰਨੀ ਸੱਟੇਬਾਜ਼ੀ ਐਪਸ 'ਤੇ ਪਾਬੰਦੀ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਦੀ ਅਪੀਲ ਉਤੇ ਮਹਾਦੇਵ ਐਪ ਤੇ ਰੈਡੀਅੰਨਾਪ੍ਰੈਸਟੋਪਰੋ ਸਣੇ 21 ਹੋਰਨਾਂ ਗੈਰਕਾਨੂੰਨੀ ਸੱਟੇਬਾਜ਼ੀ ਐਪਸ ਤੇ ਵੈੱਬਸਾਈਟਾਂ 'ਤੇ ਪਾਬੰਦੀ ਲਾਉਣ ਦੇ ਹੁਕਮ ਦਿੱਤੇ ਹਨ। ਇਲੈਕਟ੍ਰਾਨਿਕਸ ਤੇ ਆਈ.ਟੀ. ਮੰਤਰਾਲੇ ਵਿਚ ਰਾਜ ਮੰਤਰੀ ਰਾਜੀਵ ਚੰਦਰਸ਼ੇਖਰ ਨੇ ਕਿਹਾ ਕਿ ਛੱਤੀਸਗੜ੍ਹ ਸਰਕਾਰ ਨੇ ਲੋੜੀਂਦੇ ਅਧਿਕਾਰ ਹੋਣ ਦੇ ਬਾਵਜੂਦ ਇਨ੍ਹਾਂ ਪਲੇਟਫਾਰਮਾਂ ਨੂੰ ਬੰਦ ਕਰਨ ਲਈ ਕੋਈ ਗੁਜ਼ਾਰਸ਼ ਨਹੀਂ ਭੇਜੀ। ਈ.ਡੀ. ਨੇ ਲੰਘੇ ਦਿਨੀਂ ਦੋਸ਼ ਲਾਇਆ ਸੀ ਕਿ ਸੱਟੇਬਾਜ਼ੀ ਐਪ ਮਹਾਦੇਵ ਦੇ ਪ੍ਰਮੋਟਰਾਂ ਨੇ ਛੱਤੀਸਗੜ੍ਹ ਦੇ ਮੁੱਖ ਮੰਤਰੀ ਭੁਪੇਸ਼ ਬਘੇਲ ਨੂੰ 508 ਕਰੋੜ ਰੁਪਏ ਦੀ ਅਦਾਇਗੀ ਕੀਤੀ ਸੀ। ਹਾਲਾਂਕਿ ਇਹ ਜਾਂਚ ਦਾ ਵਿਸ਼ਾ ਹੈ।

# ਮੁੱਖ ਮੰਤਰੀ ਦੀ 'ਖੁੱਲ੍ਹੀ ਬਹਿਸ' ਪੰਜਾਬ ਦੇ ਮੁੱਦਿਆਂ ਦਾ ਮਜ਼ਾਕ ਕਰਾਰ

**ਲੁਧਿਆਣਾ:** ਪੰਜਾਬ ਦਿਵਸ ਮੌਕੇ ਇਥੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ.ਏ.ਯੂ.) ਵਿਚ ਰੱਖੀ ਖੁੱਲ੍ਹੀ ਬਹਿਸ ਦੌਰਾਨ ਸੂਬੇ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸਤਲੁਜ ਯਮੁਨਾ ਲਿੰਕ (ਐਸ.ਵਾਈ.ਐਲ) ਨਹਿਰ ਸਣੇ 19 ਵੱਖ-ਵੱਖ ਮੁੱਦਿਆਂ ਨੂੰ ਲੈ ਕੇ ਵਿਰੋਧੀ ਧਿਰਾਂ ਨੂੰ ਘੇਰਿਆ। ਉਨ੍ਹਾਂ ਐਸ.ਵਾਈ.ਐਲ. ਬਣਵਾਉਣ ਤੋਂ ਲੈ ਕੇ ਅਦਾਲਤੀ ਕੇਸਾਂ ਲਈ ਸਿੱਧੇ ਤੌਰ 'ਤੇ ਕਾਂਗਰਸ ਤੇ ਅਕਾਲੀ ਦਲ ਨੂੰ ਜ਼ਿੰਮੇਵਾਰ ਦੱਸਿਆ। ਉਨ੍ਹਾਂ ਆਪਣੇ ਦਾਅਵਿਆਂ ਨੂੰ ਸਾਬਤ ਕਰਨ ਲਈ ਅਹਿਮ ਦਸਤਾਵੇਜ਼ ਪੇਸ਼ ਕੀਤੇ, ਜੋ ਪਿਛਲੀਆਂ ਸਰਕਾਰਾਂ ਨੇ ਪਹਿਲਾਂ ਕਦੇ ਜਨਤਕ ਨਹੀਂ ਕੀਤੇ। ਯੂਨੀਵਰਸਿਟੀ ਦੇ ਡਾ. ਮਨਮੋਹਨ ਸਿੰਘ ਆਡੀਟੋਰੀਅਮ 'ਚ ਰੱਖੀ ਖੁੱਲ੍ਹੀ ਬਹਿਸ 'ਮੈਂ ਪੰਜਾਬ ਬੋਲਦਾ ਹਾਂ' ਵਿਚ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਦਾ ਕੋਈ ਵੀ ਆਗੂ ਨਹੀਂ ਪੁੱਜਾ।

ਸਟੇਜ 'ਤੇ ਮੁੱਖ ਮੰਤਰੀ ਭਗਵੰਤ ਮਾਨ ਸਣੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ, ਭਾਜਪਾ ਪ੍ਰਧਾਨ ਸੁਨੀਲ ਜਾਖੜ, ਕਾਂਗਰਸ ਪ੍ਰਧਾਨ ਅਮਰਿੰਦਰ ਰਾਜਾ ਵੜਿੰਗ ਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਲਈ ਕੁਰਸੀ ਲਗਾਈ ਗਈ ਸੀ। ਵਿਰੋਧੀ ਧਿਰਾਂ ਦੇ ਆਗੂਆਂ ਵੱਲੋਂ ਸਿਆਸੀ ਬਹਿਸ ਦਾ ਬਾਈਕਾਟ ਕੀਤੇ ਜਾਣ ਕਰਕੇ ਸਟੇਜ 'ਤੇ ਸਿਰਫ ਇਕੱਲੇ ਮੁੱਖ ਮੰਤਰੀ ਭਗਵੰਤ ਮਾਨ ਹੀ ਬੈਠੇ। ਇਸ ਲਈ ਪੰਜਾਬ ਦੀਆਂ ਵਿਰੋਧੀ ਧਿਰਾਂ ਨੇ ਇਸ ਬਹਿਸ ਨੂੰ ਪੰਜਾਬ ਦੇ ਮਸਲਿਆਂ ਦਾ ਮਜ਼ਾਕ ਉਡਾਉਣ ਵਾਲੀ ਕਰਾਰ ਦਿੱਤਾ ਹੈ।

ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਹੇਠਲੇ ਪੱਧਰ ਦੀ ਸਿਆਸਤ ਕਰਦਿਆਂ ਪੰਜਾਬ ਦੇ ਗੰਭੀਰ ਮੁੱਦਿਆਂ ਦਾ ਮਜ਼ਾਕ ਉਡਾਇਆ ਹੈ, ਜਿਸ ਲਈ ਪੰਜਾਬੀ ਕਦੇ ਵੀ ਉਨ੍ਹਾਂ ਨੂੰ ਮੁਆਫ ਨਹੀਂ ਕਰਨਗੇ। ਸ੍ਰੀ ਜਾਖੜ ਨੇ ਕਿਹਾ ਕਿ ਐਸ.ਵਾਈ.ਐਲ. ਦੇ ਮੁੱਦੇ ਨੂੰ ਭੁਲਾ ਕੇ ਮੁੱਖ ਮੰਤਰੀ ਨੇ ਨਾ ਕੇਵਲ ਪੰਜਾਬ ਨਾਲ ਧੋਖਾ ਕੀਤਾ ਹੈ, ਸਗੋਂ ਜਿਨ੍ਹਾਂ ਲੋਕਾਂ ਨੇ ਉਨ੍ਹਾਂ ਨੂੰ ਵੋਟ ਪਾ ਕੇ ਮੁੱਖ ਮੰਤਰੀ ਬਣਾਇਆ, ਉਨ੍ਹਾਂ ਦੇ ਵਿਸ਼ਵਾਸ ਨਾਲ ਵੀ ਧ੍ਰੋਹ ਕੀਤਾ ਹੈ। ਸਰਕਾਰ ਨੇ ਵਿਰੋਧੀ ਆਗੂਆਂ ਨੂੰ ਇਸ ਬਹਿਸ ਤੋਂ ਦੂਰ ਰੱਖਣ ਲਈ ਹਰ ਜਾਇਜ਼-ਨਾਜਾਇਜ਼ ਹੀਲਾ ਵਰਤਿਆ ਹੈ। ਸ੍ਰੀ ਜਾਖੜ ਨੇ ਕਿਹਾ ਕਿ ਇਥੇ ਕੋਈ ਪੰਜਾਬੀ ਨਹੀਂ ਬੋਲ ਰਿਹਾ ਸੀ, ਸਗੋਂ ਮੁੱਖ ਮੰਤਰੀ ਬੋਲ ਰਹੇ ਸਨ, ਜਿਨ੍ਹਾਂ ਨੇ ਪਹਿਲਾਂ ਚਰਚਾ ਲਈ ਸਭ ਨੂੰ ਸੱਦਾ ਦਿੱਤਾ ਪਰ ਬਾਅਦ ਵਿਚ ਬੂਹੇ ਬੰਦ ਕਰ ਲਏ।

ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਮੁੱਖ ਮੰਤਰੀ ਭਗਵੰਤ ਮਾਨ ਦੀ ਖੁੱਲ੍ਹੀ ਬਹਿਸ ਨੂੰ ਮਹਿਜ਼ ਸਿਆਸੀ ਡਰਾਮਾ ਦੱਸਦਿਆਂ ਪੰਜਾਬ ਦੇ ਮਸਲੇ ਹੱਲ ਕਰਨ ਦੀ ਯੋਜਨਾ ਬਣਾਉਣ ਦੀ ਸਲਾਹ ਦਿੱਤੀ ਹੈ। ਉਨ੍ਹਾਂ ਕਿਹਾ ਕਿ ਜਿਹੜੀਆਂ ਗੱਲਾਂ ਨਾਲ 'ਆਪ' ਨੇ ਸਰਕਾਰ ਬਣਾਈ ਹੈ, ਇਸ ਖੁੱਲ੍ਹੀ ਬਹਿਸ ਵਿਚ ਭਗਵੰਤ ਮਾਨ ਨੇ ਮੁੜ ਉਹੀ ਗੱਲਾਂ ਦੁਹਰਾਈਆਂ ਹਨ। ਉਨ੍ਹਾਂ ਕਿਹਾ ਕਿ ਹੁਣ ਸਰਕਾਰ ਵਿਚ ਆਉਣ ਤੋਂ ਬਾਅਦ 'ਆਪ' ਨੂੰ ਲੋਕ ਮਸਲਿਆਂ ਤੇ ਪੰਜਾਬ ਦੇ ਮੁੱਦਿਆਂ ਦੇ ਹੱਲ ਲਈ ਤਿਆਰ ਕੀਤੀਆਂ ਯੋਜਨਾਵਾਂ ਤੇ ਪ੍ਰਬੰਧਾਂ ਬਾਰੇ ਦੱਸਣਾ ਚਾਹੀਦਾ ਸੀ। ਇਸ ਬਹਿਸ ਦਾ ਪੰਜਾਬ ਨੂੰ ਕੋਈ ਲਾਭ ਨਹੀਂ ਹੋਇਆ ਸਗੋਂ ਅਜਿਹਾ ਕਰਕੇ ਲੋਕਾਂ ਨੂੰ ਗੁਮਰਾਹ ਕੀਤਾ ਜਾ ਰਿਹਾ ਹੈ। ਖੁੱਲ੍ਹੀ ਬਹਿਸ ਵਿਚ ਵੀ ਆਮ ਲੋਕਾਂ ਨੂੰ ਅੰਦਰ ਨਹੀਂ ਜਾਣ ਦਿੱਤਾ ਗਿਆ।

ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਪੰਜਾਬ ਸਰਕਾਰ ਦੀ 'ਖੁੱਲ੍ਹੀ ਬਹਿਸ' ਉਤੇ ਮੋੜਵਾਂ ਵਾਰ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਇਨ੍ਹਾਂ ਮੁੱਦਿਆਂ 'ਤੇ ਬਹਿਸ ਕਰਨ ਲਈ ਪੰਜਾਬ ਵਿਧਾਨ ਸਭਾ ਦਾ 25 ਦਿਨਾਂ ਦਾ ਸਮਾਂ ਰੱਖਣ ਜਿਸ ਵਿਚ ਹਰ ਮੁੱਦੇ 'ਤੇ ਗੱਲ ਹੋਵੇ। ਉਨ੍ਹਾਂ ਕਿਹਾ ਕਿ ਚੋਣਾਂ ਤੋਂ ਪਹਿਲਾਂ ਬਾਹਰ ਤੇ ਚੋਣਾਂ ਤੋਂ ਬਾਅਦ ਸਦਨ ਵਿਚ ਬਹਿਸ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਖੁੱਲ੍ਹੀ ਬਹਿਸ ਵਿਚੋਂ ਕੱਖ ਨਹੀਂ ਨਿਕਲਿਆ। ਬਹਿਸ ਲਈ ਕਾਂਗਰਸ ਨੂੰ ਕੋਈ ਸੱਦਾ ਪੱਤਰ ਨਹੀਂ ਮਿਲਿਆ ਤੇ ਜੋ ਲੁਧਿਆਣਾ ਵਿਚ ਪ੍ਰੋਗਰਾਮ ਹੋਇਆ, ਉਹ ਤਾਂ ਪੁੱਟਿਆ ਪਹਾੜ ਨਿਕਲਿਆ ਚੂਹਾ ਕਹਾਵਤ ਵਾਂਗ ਹੈ।



## ਬਾਜਵਾ ਨੇ ਬਹਿਸ ਨੂੰ ਡਰਾਮਾ ਕਰਾਰ ਦਿੱਤਾ

**ਚੰਡੀਗੜ੍ਹ:** ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਬੁਲਾਈ ਗਈ 'ਖੁੱਲ੍ਹੀ ਬਹਿਸ' ਨੂੰ ਡਰਾਮਾ ਕਰਾਰ ਦਿੰਦਿਆਂ ਕਿਹਾ ਕਿ 'ਆਪ' ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਇਕ ਵਾਰ ਫਿਰ ਪੰਜਾਬ ਦੇ ਦਰਿਆਈ ਪਾਣੀਆਂ ਦੀ ਲੁੱਟ 'ਤੇ ਆਪਣੀ ਬੇਈਮਾਨੀ ਦਾ ਪ੍ਰਗਟਾਵਾ ਕੀਤਾ ਹੈ। ਸ੍ਰੀ ਬਾਜਵਾ ਨੇ ਕਿਹਾ ਕਿ ਬਹਿਸ ਤੋਂ ਇਕ ਰਾਤ ਪਹਿਲਾਂ ਮੁੱਖ ਮੰਤਰੀ ਨੇ ਆਪਣੀ ਐਕਸ ਪੋਸਟ ਰਾਹੀਂ ਸਤਲੁਜ ਯਮੁਨਾ ਲਿੰਕ (ਐਸ.ਵਾਈ.ਐਲ.) ਨਹਿਰ ਤੋਂ ਬਹਿਸ ਦਾ ਵਿਸ਼ਾ ਬਦਲ ਕੇ ਨਸ਼ਾਖੋਰੀ, ਵਧਦੇ ਗੈਂਗਸਟਰਵਾਦ ਅਤੇ ਬੇਰੁਜ਼ਗਾਰੀ ਸਣੇ ਚਾਰ ਮੁੱਦਿਆਂ ਕੇਂਦਰਤ 'ਤੇ ਕਰ ਦਿੱਤਾ ਸੀ। ਉਨ੍ਹਾਂ ਕਿਹਾ ਕਿ ਇਹ ਬਹੁਤ ਹੀ ਨਿੰਦਣਯੋਗ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਨੇ ਆਪਣੀ ਐਕਸ ਪੋਸਟ ਹਿੰਦੀ ਭਾਸ਼ਾ ਵਿਚ ਲਿਖੀ।

## ਕਿਸਾਨਾਂ ਨਾਲ ਬਹਿਸ ਤੋਂ ਭੱਜੀ ਸਰਕਾਰ: ਦਰਸ਼ਨ ਪਾਲ

**ਚੰਡੀਗੜ੍ਹ:** ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਨੇ ਲੁਧਿਆਣਾ 'ਚ ਹੋਈ ਬਹਿਸ ਦੌਰਾਨ ਕਿਸਾਨ ਆਗੂਆਂ, ਮੁਲਾਜ਼ਮ ਤੇ ਵਿਦਿਆਰਥੀ ਦੀ ਸ਼ਮੂਲੀਅਤ ਰੋਕਣ ਲਈ ਪੁਲਿਸ ਦੀ ਦੁਰਵਰਤੋਂ ਦੇ ਦੋਸ਼ ਲਾਏ ਹਨ। ਕਿਸਾਨ ਆਗੂ ਦਰਸ਼ਨ ਪਾਲ ਨੇ ਦੱਸਿਆ ਕਿ ਲੁਧਿਆਣਾ ਆ ਰਹੇ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਆਗੂਆਂ ਸਣੇ ਹੋਰਨਾਂ ਜਥੇਬੰਦੀਆਂ ਨਾਲ ਸਬੰਧਤ ਕਿਸਾਨ ਆਗੂਆਂ ਨੂੰ ਪੁਲਿਸ ਨੇ ਹਿਰਾਸਤ 'ਚ ਲੈ ਕੇ ਥਾਣਿਆਂ 'ਚ ਡੱਕ ਦਿੱਤਾ। ਉਨ੍ਹਾਂ ਕਿਹਾ ਕਿ ਸਰਕਾਰ ਦੇ ਇਸ ਕਦਮ ਤੋਂ ਸਪੱਸ਼ਟ ਹੁੰਦਾ ਹੈ ਕਿ ਬਹਿਸ ਮਹਿਜ਼ ਦਿਖਾਵਾ ਸੀ, ਜੇ ਸਰਕਾਰ ਅਸਲ ਵਿਚ ਖੁੱਲ੍ਹੀ ਬਹਿਸ ਕਰਾਉਣੀ ਚਾਹੁੰਦੀ ਹੁੰਦੀ ਤਾਂ ਪੰਜਾਬ ਦੇ ਮੁੱਦਿਆਂ 'ਤੇ ਲੰਬੇ ਸਮੇਂ ਤੋਂ ਲੜਦੇ ਆ ਰਹੇ ਕਿਸਾਨ ਆਗੂਆਂ ਨੂੰ ਜ਼ਰੂਰ ਸ਼ਾਮਲ ਕਰਦੀ।

## ਹਰਿਆਣਾ ਦੇ ਹੱਕ 'ਚ ਹਲਫ਼ੀਆ ਬਿਆਨ ਕਿਉਂ: ਵਲਟੋਹਾ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਵਿਰਸਾ ਸਿੰਘ ਵਲਟੋਹਾ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਨੇ ਆਮ ਆਦਮੀ ਪਾਰਟੀ ਵੱਲੋਂ ਉਸ ਦੇ ਖਿਲਾਫ ਲਗਾਏ ਇਕ-ਇਕ ਦੋਸ਼ ਦਾ ਜਵਾਬ ਦਿੱਤਾ ਹੈ ਅਤੇ ਹੁਣ 'ਆਪ' ਜਵਾਬ ਦੇਵੇ ਕਿ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਐਸ.ਵਾਈ.ਐਲ. ਦੇ ਮੁੱਦੇ 'ਤੇ ਸੁਪਰੀਮ ਕੋਰਟ ਵਿਚ ਹਰਿਆਣਾ ਦੇ ਹੱਕ ਵਿਚ ਹਲਫ਼ੀਆ ਬਿਆਨ ਕਿਉਂ ਦਾਇਰ ਕੀਤਾ ਹੈ। ਅਕਾਲੀ ਆਗੂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਤੇ ਉਨ੍ਹਾਂ ਦੇ ਸਮਰਥਕ ਅਕਾਲੀ ਦਲ ਲੀਡਰਸ਼ਿਪ ਖ਼ਿਲਾਫ਼ ਝੂਠੇ ਦੋਸ਼ ਲਗਾ ਰਹੇ ਹਨ ਤਾਂ ਜੋ ਲੋਕਾਂ ਦਾ ਧਿਆਨ ਇਸ ਗੱਲ ਤੋਂ ਭਟਕਾਇਆ ਜਾ ਸਕੇ ਕਿ 'ਆਪ' ਨੇ ਕਿਵੇਂ ਪੰਜਾਬ ਦੇ ਦਰਿਆਈ ਪਾਣੀਆਂ ਦੇ ਮਸਲੇ 'ਤੇ ਸੂਬੇ ਦੇ ਹਿੱਤਾਂ ਨਾਲ ਸਮਝੌਤਾ ਕੀਤਾ ਹੈ।

# ਹਵਾ ਪ੍ਰਦੂਸ਼ਣ: ਹਰਿਆਣਾ ਤੇ ਪੰਜਾਬ ਹੋਏ ਆਹਮੋ-ਸਾਹਮਣੇ

**ਚੰਡੀਗੜ੍ਹ:** ਦਿੱਲੀ ਤੇ ਐਨ.ਸੀ.ਆਰ. ਵਿਚ ਵਧ ਰਹੇ ਹਵਾ ਪ੍ਰਦੂਸ਼ਣ ਨੂੰ ਲੈ ਕੇ ਹਰਿਆਣਾ ਤੇ ਪੰਜਾਬ ਆਹਮੋ-ਸਾਹਮਣੇ ਹੋ ਗਏ। ਹਰਿਆਣਾ ਦੇ ਖੇਤੀਬਾੜੀ ਮੰਤਰੀ ਜੇ.ਪੀ. ਦਲਾਲ ਨੇ ਪਰਾਲੀ ਸਾੜਨ ਦੇ ਮਾਮਲੇ ਵਿਚ ਪੰਜਾਬ ਸਰਕਾਰ ਨੂੰ ਘੇਰਿਆ। ਉਨ੍ਹਾਂ ਕਿਹਾ ਕਿ ਹਰਿਆਣਾ ਦੇ ਮੁਕਾਬਲੇ ਪੰਜਾਬ ਵਿਚ ਕਈ ਗੁਣਾ ਵੱਧ ਪਰਾਲੀ ਸਾੜੀ ਜਾ ਰਹੀ ਹੈ। ਉਨ੍ਹਾਂ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' ਉੱਤੇ ਪੰਜਾਬ ਤੇ ਹਰਿਆਣਾ 'ਚ ਪਰਾਲੀ ਸਾੜਨ ਦੇ ਅੰਕੜੇ ਪੇਸ਼ ਕੀਤੇ। ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ 'ਚ ਪਿਛਲੇ ਤਿੰਨ ਦਿਨਾਂ ਵਿਚ ਪਰਾਲੀ ਸਾੜਨ ਦੇ 5140 ਮਾਮਲੇ ਸਾਹਮਣੇ ਆਏ ਹਨ, ਜਦੋਂ ਕਿ ਹਰਿਆਣਾ ਵਿਚ ਸਿਰਫ 175 ਮਾਮਲੇ ਸਾਹਮਣੇ ਆਏ ਹਨ।

'ਆਪ' ਬੁਲਾਰੇ ਨੀਲ ਗਰਗ ਨੇ ਸ੍ਰੀ ਦਲਾਲ ਵੱਲੋਂ ਲਾਏ ਦੋਸ਼ਾਂ ਬਾਰੇ ਕਿਹਾ ਕਿ ਤਾਜ਼ਾ ਏਅਰ ਕੁਆਲਿਟੀ ਇੰਡੈਕਸ (ਏ.ਕਿਊ.ਆਈ.) ਅਨੁਸਾਰ ਹਰਿਆਣਾ ਦੇ 20 ਜ਼ਿਲ੍ਹੇ ਦੇਸ਼ ਦੇ 52 ਸਭ ਤੋਂ ਵੱਧ ਪ੍ਰਦੂਸ਼ਤ ਜ਼ਿਲ੍ਹਿਆਂ ਵਿਚ ਸ਼ਾਮਲ ਹਨ ਅਤੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਸੂਬੇ ਨੂੰ ਪ੍ਰਦੂਸ਼ਣ ਮੁਕਤ ਬਣਾਉਣ ਦੀ ਥਾਂ ਸਿਆਸਤ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਵਿਚ ਪਰਾਲੀ ਸਾੜਨ ਨੂੰ ਰੋਕਣ ਲਈ ਅਹਿਮ ਕਦਮ ਉਠਾਏ ਹਨ। ਸਰਕਾਰ ਨੇ ਪਰਾਲੀ ਤੋਂ ਬਾਇਓਫਿਊਲ ਬਣਾਉਣ ਲਈ ਮਸ਼ੀਨਾਂ ਦਾ ਪ੍ਰਬੰਧ ਕੀਤਾ ਹੈ ਅਤੇ ਲੋਕਾਂ ਨੂੰ ਪਰਾਲੀ ਨਾ ਸਾੜਨ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ।

## ਪ੍ਰਦੂਸ਼ਣ ਬਾਰੇ ਪੰਜਾਬ ਨੂੰ ਬਦਨਾਮ ਕੀਤਾ ਜਾ ਰਿਹੈ: ਖੁੱਡੀਆਂ

**ਚੰਡੀਗੜ੍ਹ:** ਪੰਜਾਬ ਦੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਉੱਤਰੀ ਭਾਰਤ ਵਿਚ ਪ੍ਰਦੂਸ਼ਣ ਫੈਲਾਉਣ ਲਈ ਪੰਜਾਬ ਅਤੇ ਇੱਥੋਂ ਦੇ ਕਿਸਾਨਾਂ ਨੂੰ ਬਦਨਾਮ ਕਰਨ ਪਿੱਛੇ ਇਕ ਡੂੰਘੀ ਸਾਜ਼ਿਸ਼ ਹੈ। ਖੁੱਡੀਆਂ ਨੇ ਕਿਹਾ ਕਿ ਦਿੱਲੀ ਅਤੇ ਹਰਿਆਣਾ ਦੇ ਧੂੰਏਂ ਦੀ ਲਪੇਟ ਵਿਚ ਆਉਣ ਲਈ ਪੰਜਾਬ ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ ਹੈ ਕਿਉਂਕਿ ਪੰਜਾਬ ਦੇ ਕਿਸੇ ਵੀ ਸ਼ਹਿਰ ਦੀ ਹਵਾ ਦੀ ਗੁਣਵੱਤਾ 'ਗੰਭੀਰ' ਸ਼੍ਰੇਣੀ ਵਿਚ ਦਰਜ ਨਹੀਂ ਕੀਤੀ ਗਈ ਹੈ। ਖੁੱਡੀਆਂ ਨੇ ਕਿਹਾ ਕਿ ਪੰਜਾਬ ਵਿਚ ਐਤਕੀਂ ਅੱਗ ਲੱਗਣ ਦੀਆਂ ਘਟਨਾਵਾਂ ਦੀ ਗਿਣਤੀ ਵਿਚ 47 ਫੀਸਦੀ ਕਮੀ ਆਈ ਹੈ।

# ਡੀ.ਏ.ਪੀ. ਖਾਦ ਦੀ ਕਾਲਾ ਬਾਜ਼ਾਰੀ ਰੋਕੇ ਸਰਕਾਰ: ਮਜੀਠੀਆ



**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਅਪੀਲ ਕੀਤੀ ਹੈ ਕਿ ਉਹ ਡੀ.ਏ.ਪੀ. ਖਾਦ ਦੀ ਕਾਲਾ ਬਾਜ਼ਾਰੀ ਰੋਕਣ ਅਤੇ ਕਿਸਾਨਾਂ ਵਾਸਤੇ ਖਾਦ ਦੀ ਢੁਕਵੀਂ ਸਪਲਾਈ ਯਕੀਨੀ ਬਣਾਉਣ ਤਾਂ ਜੋ ਕਣਕ ਸਮੇਤ ਆਲੂ ਤੇ ਮਟਰ ਵਰਗੀਆਂ ਹੋਰ ਫਸਲਾਂ ਦੀ ਬਿਜਾਈ ਪ੍ਰਭਾਵਿਤ ਨਾ ਹੋਵੇ। ਅਕਾਲੀ ਆਗੂ ਮੁਤਾਬਕ ਪਤਾ ਲੱਗਾ ਹੈ ਕਿ ਡੀ.ਏ.ਪੀ. ਖਾਦ ਜਿਸ ਦੀ ਕੀਮਤ 1325 ਰੁਪਏ ਪ੍ਰਤੀ ਬੋਰੀ ਹੈ, ਨੂੰ ਕਾਲਾ ਬਾਜ਼ਾਰੀ ਵਿਚ ਦੋ ਹਜ਼ਾਰ ਰੁਪਏ ਵਿਚ ਵੇਚਿਆ ਜਾ ਰਿਹਾ ਹੈ। ਅਜਿਹਾ ਇਸ ਕਰ ਕੇ ਹੋ ਰਿਹਾ ਹੈ ਕਿਉਂਕਿ ਖਾਦ ਦੀ 5.50 ਲੱਖ ਮੀਟਰਿਕ ਟਨ ਮੰਗ ਦੇ ਮੁਕਾਬਲੇ 'ਆਪ' ਸਰਕਾਰ ਨੇ ਸਿਰਫ 3.8 ਲੱਖ ਮੀਟਰਿਕ ਟਨ ਖਾਦ ਦਾ ਹੀ ਪ੍ਰਬੰਧ ਕੀਤਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਜ਼ਮੀਨੀ ਪੱਧਰ 'ਤੇ ਸੂਬੇ ਨੂੰ ਦਰਪੇਸ਼ ਅਸਲ ਮਸਲਿਆਂ ਵੱਲ ਧਿਆਨ ਦੇਣ।

# ਐਸ.ਵਾਈ.ਐਲ.: ਸੁਖਬੀਰ ਵੱਲੋਂ ਮੁੱਖ ਮੰਤਰੀ 'ਤੇ ਮਾਣਹਾਨੀ ਦਾਅਵਾ ਠੋਕਣ ਦੀ ਚਿਤਾਵਨੀ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਪਹਿਲੀ ਨਵੰਬਰ ਨੂੰ ਸਾਬਕਾ ਮੁੱਖ ਮੰਤਰੀ ਮਰਹੂਮ ਪ੍ਰਕਾਸ਼ ਸਿੰਘ ਬਾਦਲ ਅਤੇ ਬਾਦਲ ਪਰਿਵਾਰ ਖਿਲਾਫ ਝੂਠਾ ਤੇ ਨਿਰਆਧਾਰ ਪ੍ਰਚਾਰ ਕਰਨ ਦੇ ਦੋਸ਼ ਲਾਏ ਹਨ। ਉਨ੍ਹਾਂ ਮੁੱਖ ਮੰਤਰੀ ਨੂੰ ਚਿਤਾਵਨੀ ਦਿੱਤੀ ਹੈ ਕਿ ਜੇਕਰ ਉਨ੍ਹਾਂ ਨੇ 10 ਦਿਨਾਂ ਦੇ ਅੰਦਰ ਜਨਤਕ ਤੌਰ 'ਤੇ ਮੁਆਫ਼ੀ ਨਾ ਮੰਗੀ ਤਾਂ ਉਹ ਉਨ੍ਹਾਂ ਖ਼ਿਲਾਫ਼ ਅਦਾਲਤ ਵਿਚ ਮਾਣਹਾਨੀ ਦਾ ਮੁਕੱਦਮਾ ਦਾਇਰ ਕਰਨਗੇ।

ਸ੍ਰੀ ਬਾਦਲ ਨੇ ਕਿਹਾ ਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿਚ ਹੋਈ ਬਹਿਸ 'ਵਨ ਮੈਨ ਸ਼ੋਅ' ਸੀ ਜਿਸ ਦਾ ਸਾਰੀ ਵਿਰੋਧੀ ਧਿਰਾਂ ਨੇ ਬਾਈਕਾਟ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸ ਦੌਰਾਨ ਮੁੱਖ ਮੰਤਰੀ ਨੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਅਕਸ ਖਰਾਬ ਕਰਨ ਲਈ ਇਹ ਦਾਅਵਾ ਕੀਤਾ ਸੀ ਕਿ 1998 ਵਿਚ ਸਾਬਕਾ ਮੁੱਖ ਮੰਤਰੀ ਨੇ ਹਰਿਆਣਾ ਦੇ ਬਾਲਸਰ ਵਿਚ ਬਾਦਲ ਫਾਰਮ ਤੱਕ ਨਹਿਰ ਲਿਜਾਣ ਲਈ ਭਾਖੜਾ ਮੇਨ ਲਾਈਨ ਨਹਿਰ ਦੀ ਉਚਾਈ ਉੱਚੀ ਚੁੱਕੀ। ਉਨ੍ਹਾਂ ਕਿਹਾ ਕਿ ਇਹ ਦਾਅਵਾ ਸੱਚ ਤੋਂ ਕੋਹਾਂ ਦੂਰ ਹੈ।



ਅਕਾਲੀ ਦਲ ਦੇ ਪ੍ਰਧਾਨ ਨੇ ਮੁੱਖ ਮੰਤਰੀ ਨੂੰ ਚੁਣੌਤੀ ਦਿੱਤੀ ਕਿ ਉਹ ਐਮਰਜੈਂਸੀ ਵੇਲੇ ਮਰਹੂਮ ਪ੍ਰਕਾਸ਼ ਸਿੰਘ ਬਾਦਲ ਵੱਲੋਂ ਜੇਲ੍ਹ ਵਿਚ ਰਹਿੰਦਿਆਂ ਐਸ.ਵਾਈ.ਐਲ. ਦੀ ਉਸਾਰੀ ਲਈ ਲਿਖੀ ਇਕ ਵੀ ਚਿੱਠੀ ਦਿਖਾਉਣ। ਉਨ੍ਹਾਂ ਕਿਹਾ ਕਿ ਇਸ ਦੌਰਾਨ ਇਹ ਵੀ ਝੂਠ ਬੋਲਿਆ ਗਿਆ ਕਿ ਬਾਦਲ ਪਰਿਵਾਰ ਦੀਆਂ 62 ਬੱਸਾਂ ਦੇ ਪਰਮਿਟ ਰੱਦ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਗੁਰੂਗ੍ਰਾਮ ਵਿਚ ਹੋਟਲ ਵਾਲੀ ਜ਼ਮੀਨ ਬਾਦਲ ਪਰਿਵਾਰ ਨੇ 1989 ਵਿਚ ਸਨਅਤ ਨੀਤੀ ਤਹਿਤ ਅਪਲਾਈ ਕਰ ਕੇ ਹਾਸਲ ਕੀਤੀ ਸੀ ਜਦੋਂਕਿ ਐਸ.ਵਾਈ.ਐਲ. ਨਹਿਰ ਪ੍ਰੋਜੈਕਟ ਨੂੰ 1976 ਵਿਚ ਤਤਕਾਲੀ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਨੇ ਸਿਧਾਂਤਕ ਮਨਜ਼ੂਰੀ ਦਿੱਤੀ ਸੀ।

ਉਨ੍ਹਾਂ ਕਿਹਾ ਕਿ ਉਹ ਸ੍ਰੀ ਭਗਵੰਤ ਮਾਨ ਨੂੰ ਇਹ ਵੀ ਚੇਤੇ ਕਰਵਾਉਣਾ ਚਾਹੁੰਦੇ ਹਨ ਕਿ ਜਦੋਂ 1979 ਵਿਚ ਦੇਵੀ ਲਾਲ ਨੇ ਐਸ.ਵਾਈ.ਐਲ. ਨਹਿਰ ਦੀ ਉਸਾਰੀ ਲਈ ਸੁਪਰੀਮ ਕੋਰਟ ਕੋਲ ਪਹੁੰਚ ਕੀਤੀ ਸੀ ਤਾਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪੰਜਾਬ ਪੁਨਰਗਠਨ ਐਕਟ ਦੀ ਧਾਰਾ 78 ਨੂੰ ਚੁਣੌਤੀ ਦਿੱਤੀ ਸੀ ਤਾਂ ਜੋ ਨਹਿਰ ਦੀ ਉਸਾਰੀ ਰੋਕੀ ਜਾ ਸਕੇ। ਉਨ੍ਹਾਂ ਕਿਹਾ ਕਿ ਸ੍ਰੀ ਬਾਦਲ ਨੇ ਆਪ ਕਪੂਰੀ ਮੋਰਚੇ ਦੀ ਅਗਵਾਈ ਕੀਤੀ ਸੀ ਤਾਂ ਜੋ ਨਹਿਰ ਨਾ ਉਸਾਰੀ ਜਾਵੇ।

## ਮਜੀਠੀਆ ਨੇ ਪੀ.ਏ.ਯੂ. ਦੀ ਵਰਤੋਂ ਸਿਆਸੀ ਬਹਿਸ ਲਈ ਕਰਨ ਦੇ ਦੋਸ਼ ਲਾਏ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੀ ਦੁਰਵਰਤੋਂ ਸਿਆਸੀ ਮੰਤਵਾਂ ਲਈ ਕਰਨ 'ਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਨਿਖੇਧੀ ਕਰਨ ਅਤੇ ਉਪ ਕੁਲਪਤੀ ਡਾ. ਸਤਬੀਰ ਸਿੰਘ ਗੋਸਲ ਤੋਂ ਜਵਾਬਤਲਬੀ ਕੀਤੀ ਜਾਵੇ ਅਤੇ ਪ੍ਰੋਗਰਾਮ ਦੌਰਾਨ ਮੰਚ ਸੰਚਾਲਨ ਕਰਨ ਲਈ ਡੀਨ (ਵਿਦਿਆਰਥੀ ਭਲਾਈ) ਡਾ. ਨਿਰਮਲ ਜੌੜਾ ਨੂੰ ਬਰਖ਼ਾਸਤ ਕੀਤਾ ਜਾਵੇ। ਉਨ੍ਹਾਂ ਇਸ ਸਬੰਧੀ ਰਾਜਪਾਲ ਨੂੰ ਪੱਤਰ ਵੀ ਲਿਖਿਆ ਹੈ।

## ਅਕਾਲੀ ਦਲ ਕਾਰਨ ਸਰਕਾਰ ਅਦਾਲਤ 'ਚ ਹਾਰੀ: ਆਪ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਦੇ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਕਿਹਾ ਹੈ ਕਿ ਮਰਹੂਮ ਪ੍ਰਕਾਸ਼ ਸਿੰਘ ਬਾਦਲ ਦੀ 4 ਜੁਲਾਈ 1978 ਦੀ ਚਿੱਠੀ ਰਿਕਾਰਡ 'ਤੇ ਮੌਜੂਦ ਹੈ, ਜਿਸ ਵਿਚ ਉਨ੍ਹਾਂ ਨੇ ਹਰਿਆਣਾ ਤੋਂ ਐਸ.ਵਾਈ.ਐਲ. ਨਹਿਰ ਬਣਾਉਣ ਲਈ ਪੈਸੇ ਮੰਗੇ ਸਨ। ਸੁਪਰੀਮ ਕੋਰਟ ਨੇ ਪ੍ਰਕਾਸ਼ ਸਿੰਘ ਬਾਦਲ ਦੀਆਂ ਚਿੱਠੀਆਂ ਦੀ ਤਸਦੀਕ ਕਰਦਿਆਂ ਆਪਣੇ ਫੈਸਲੇ ਵਿਚ ਕਿਹਾ ਕਿ ਪੰਜਾਬ ਸਰਕਾਰ ਐਸ.ਵਾਈ.ਐਲ. ਨਹਿਰ ਦੀ ਉਸਾਰੀ ਲਈ ਤਿਆਰ ਹੈ। ਬਾਦਲ ਪਰਿਵਾਰ ਕਾਰਨ ਪੰਜਾਬ ਸਰਕਾਰ ਸੁਪਰੀਮ ਕੋਰਟ ਵਿਚ ਕੇਸ ਹਾਰ ਗਈ।

ਪੰਜਾਬ ਟਾਈਮਜ਼

ਸ਼ਨਿਚਰਵਾਰ, 11 ਨਵੰਬਰ, 2023

## ਮੋਦੀ ਸਰਕਾਰ ਦੀਆਂ ਔਕੜਾਂ

ਮੋਦੀ ਸਰਕਾਰ ਦੀਆਂ ਸਮੱਸਿਆਵਾਂ ਘਟ ਨਹੀਂ ਰਹੀਆਂ ਅਤੇ ਉਪਰੋਂ ਲੋਕ ਸਭਾ ਚੋਣਾਂ ਦਸਤਕ ਦੇ ਰਹੀਆਂ ਹਨ। ਇਸੇ ਕਰ ਕੇ ਹੁਣ ਭਾਰਤੀ ਜਨਤਾ ਪਾਰਟੀ ਦਾ ਸਾਰਾ ਧਿਆਨ ਭਾਰਤ ਵਿਚ ਹੋ ਰਹੀਆਂ ਵਿਧਾਨ ਸਭਾ ਚੋਣਾਂ ‘ਤੇ ਲੱਗਿਆ ਹੋਇਆ ਹੈ। ਇਨ੍ਹਾਂ ਚੋਣਾਂ ਨੂੰ ਇਕ ਤਰ੍ਹਾਂ ਨਾਲ ਲੋਕ ਸਭਾ ਚੋਣਾਂ ਦਾ ਸੈਮੀ ਫਾਈਨਲ ਦੱਸਿਆ ਜਾ ਰਿਹਾ ਹੈ। ਵਿਰੋਧੀ ਧਿਰਾਂ ਵੀ ਇਨ੍ਹਾਂ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਨੂੰ ਹਰਾਉਣ ਲਈ ਅੱਡੀ-ਚੋਟੀ ਦਾ ਜ਼ੋਰ ਲਾ ਰਹੀਆਂ ਹਨ। ਉਧਰ ਸੰਸਾਰ ਵਿਚ ਕੌਮਾਂਤਰੀ ਭੁੱਖਮਰੀ ਸੂਚਕ ਅੰਕ ਦੀ ਰਿਪੋਰਟ ਨੇ ਇਕ ਵਾਰ ਫਿਰ ਮੋਦੀ ਸਰਕਾਰ ਦੇ ਪੈਰਾਂ ਹੇਠੋਂ ਜ਼ਮੀਨ ਖਿਸਕਾ ਦਿੱਤੀ ਹੈ। ਸੂਚਕ ਅੰਕ ਵਿਚ ਭਾਰਤ ਦਾ ਸਥਾਨ 125 ਦੇਸ਼ਾਂ ਵਿਚੋਂ 111ਵਾਂ ਹੈ। ਇਹ ਉਹ ਮਾਪਦੰਡ ਹੈ ਜਿਸ ਤਹਿਤ ਇਹ ਦੱਸਿਆ ਜਾਂਦਾ ਹੈ ਕਿ ਵੱਖ-ਵੱਖ ਦੇਸ਼ਾਂ ਵਿਚ ਲੋਕਾਂ ਨੂੰ ਭੋਜਨ ਮਿਲਣ ਦੀ ਹਾਲਤ ਕੀ ਹੈ, ਉਨ੍ਹਾਂ ਨੂੰ ਪੂਰਾ ਭੋਜਨ ਵੀ ਮਿਲ ਰਿਹਾ ਹੈ ਜਾਂ ਨਹੀਂ। ਇਸ ਸੂਚਕ ਅੰਕ ਅਨੁਸਾਰ, ਭਾਰਤ ਦਾ ਸਥਾਨ ਬਹੁਤ ਥੱਲੇ ਹੈ। ਇਸ ਦੇ ਸਿੱਧੇ-ਸਿੱਧੇ ਅਰਥ ਇਹ ਹਨ ਕਿ ਵੱਡੀ ਗਿਣਤੀ ਭਾਰਤੀਆਂ ਨੂੰ ਲੋੜੀਂਦਾ ਭੋਜਨ ਨਹੀਂ ਮਿਲਦਾ। ਅੰਕੜਿਆਂ ਅਨੁਸਾਰ ਭਾਰਤ ਵਿਚ ਉਹ ਬੱਚੇ ਜਿਨ੍ਹਾਂ ਦਾ ਕੱਦ ਉਮਰ ਅਨੁਸਾਰ ਘੱਟ ਹੈ, ਦੀ ਗਿਣਤੀ ਕੁੱਲ ਬੱਚਿਆਂ ਦੀ ਗਿਣਤੀ ਦਾ 35.5 ਫ਼ੀਸਦੀ ਹੈ ਅਤੇ ਭਾਰ ਘੱਟ ਹੋਣ ਵਾਲੇ ਬੱਚਿਆਂ ਦੀ ਗਿਣਤੀ 18.7 ਫ਼ੀਸਦੀ ਹੈ।

ਭਾਰਤ ਸਰਕਾਰ ਇਸ ਸੂਚਕ ਅੰਕ ਨੂੰ ਗ਼ਲਤ ਦੱਸਦੀ ਹੈ ਅਤੇ ਇਸ ਨੂੰ ਤਿਆਰ ਕਰਨ ਲਈ ਅਪਣਾਈ ਜਾਂਦੀ ਪ੍ਰਕਿਰਿਆ ਨਾਲ ਵੀ ਸਹਿਮਤ ਨਹੀਂ ਹੈ। ਇਹ ਗੱਲ ਗੌਲਣ ਵਾਲੀ ਹੈ ਕਿ ਕੌਮੀ ਪਰਿਵਾਰ ਸਿਹਤ ਸਰਵੇਖਣ-5 ਦੀ ਰਿਪੋਰਟ ਜੋ ਮੋਦੀ ਸਰਕਾਰ ਦੀ ਆਪਣੀ ਰਿਪੋਰਟ ਹੈ, ਵੀ ਕੁਝ ਇਹੋ ਜਿਹੀ ਤਸਵੀਰ ਹੀ ਪੇਸ਼ ਕਰਦੀ ਹੈ। ਉਂਝ ਵੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹਾਲ ਹੀ ਵਿਚ ਐਲਾਨ ਕੀਤਾ ਹੈ ਕਿ ਲਗਭਗ 80 ਕਰੋੜ ਲੋਕਾਂ ਨੂੰ ਮੁਫ਼ਤ ਅਨਾਜ ਦਿੱਤੇ ਜਾਣ ਵਾਲੀ ਸਕੀਮ ਪੰਜ ਸਾਲ ਹੋਰ ਲਾਗੂ ਰਹੇਗੀ; ਅਰਥਾਤ, ਸਰਕਾਰ ਇਹ ਸਵੀਕਾਰ ਕਰਦੀ ਹੈ ਕਿ 80 ਕਰੋੜ ਲੋਕ ਆਪਣੇ ਲਈ ਲੋੜੀਂਦਾ ਭੋਜਨ ਪ੍ਰਾਪਤ ਕਰਨ ਦੀ ਹਾਲਤ ਵਿਚ ਨਹੀਂ। ਮੋਦੀ ਅਕਸਰ ਵਿਰੋਧੀ ਪਾਰਟੀਆਂ ‘ਤੇ ਹਮਲੇ ਕਰਦੇ ਰਹਿੰਦੇ ਹਨ ਕਿ ਉਹ ਲੋਕਾਂ ਵਿਚ ਮੁਫ਼ਤ ਚੀਜ਼ਾਂ ਵੰਡ ਕੇ ਉਨ੍ਹਾਂ ਨਾਲ ਅਜਿਹਾ ਵਿਹਾਰ ਕਰ ਰਹੇ ਹਨ ਜਿਵੇਂ ਕੋਈ ਅਮੀਰ ਗ਼ਰੀਬਾਂ ਵਿਚ ਰਿਉੜੀਆਂ ਵੰਡ ਕੇ ਉਨ੍ਹਾਂ ਨੂੰ ਪਰਚਾਉਣ ਦਾ ਯਤਨ ਕਰੇ ਪਰ ਜਦੋਂ ਪ੍ਰਧਾਨ ਮੰਤਰੀ 80 ਕਰੋੜ ਲੋਕਾਂ ਨੂੰ ਮੁਫ਼ਤ ਅਨਾਜ ਦੇਣ ਦੀ ਸਕੀਮ ਚਾਲੂ ਰੱਖਣ ਦਾ ਐਲਾਨ ਕਰਦੇ ਹਨ ਤਾਂ ਖੁਦ ਵੀ ਤਾਂ ਉਹੀ ਕੁਝ ਕਰ ਰਹੇ ਹਨ। ਅੰਕੜਿਆਂ ਅਨੁਸਾਰ ਜੇ ਸਰਕਾਰ 80 ਕਰੋੜ ਲੋਕਾਂ ਨੂੰ ਮੁਫ਼ਤ ਅਨਾਜ ਨਾ ਪਹੁੰਚਾਏ ਤਾਂ ਇਸ ਦੇ ਅਰਥ ਇਹ ਹੋਣਗੇ ਕਿ ਦੇਸ਼ ਦੇ 55 ਫ਼ੀਸਦੀ ਲੋਕਾਂ ਨੂੰ ਲੋੜੀਂਦਾ ਅੰਨ ਨਹੀਂ ਮਿਲੇਗਾ। ਇਸੇ ਕਰ ਕੇ ਮੁੱਖ ਪ੍ਰਸ਼ਨ ਇਹ ਹੈ ਕਿ ਇੰਨੀ ਵੱਡੀ ਗਿਣਤੀ ਵਿਚ ਲੋਕ ਆਪਣੇ ਲਈ ਲੋੜੀਂਦਾ ਅਨਾਜ ਕਿਉਂ ਨਹੀਂ ਖਰੀਦ ਸਕਦੇ? ਇਸ ਦਾ ਕਾਰਨ ਹੱਦੋਂ ਵੱਧ ਅਸਾਵਾਂ ਆਰਥਿਕ ਵਿਕਾਸ ਹੈ ਜਿਸ ਵਿਚ ਦੇਸ਼ ਦੇ ਹੇਠਲੇ 50-60 ਫ਼ੀਸਦੀ ਹਿੱਸੇ ਨੂੰ ਬਹੁਤ ਘੱਟ ਉਜਰਤ ‘ਤੇ ਕੰਮ ਕਰਨ ਲਈ ਮਜਬੂਰ ਕੀਤਾ ਗਿਆ ਹੈ। ਦੇਸ਼ ਦੀ ਦੌਲਤ ਵਿਚ ਹੇਠਲੇ 50 ਫ਼ੀਸਦੀ ਲੋਕਾਂ ਦਾ ਹਿੱਸਾ ਸਿਰਫ਼ 3 ਫ਼ੀਸਦੀ ਹੈ। ਵਿਕਾਸ ਦੇ ਫ਼ਾਇਦੇ ਸਿਖਰਲੇ ਅਮੀਰਾਂ ਤੇ ਕਾਰਪੋਰੇਟ ਘਰਾਣਿਆਂ ਨੂੰ ਮਿਲ ਰਹੇ ਹਨ ਅਤੇ ਸਰਕਾਰਾਂ ਉਨ੍ਹਾਂ ‘ਤੇ ਟੈਕਸ ਵਧਾਉਣ ਤੋਂ ਇਨਕਾਰੀ ਹਨ।

ਮੋਦੀ ਸਰਕਾਰ ਦੂਜਾ ਮਸਲਾ ਜਿਹੜਾ ਗਲੇ ਦੀ ਹੱਡੀ ਬਣ ਗਿਆ ਹੈ, ਉਹ ਕੈਨੇਡਾ ਨਾਲ ਵਿਗੜ ਰਹੇ ਆਪਸੀ ਸਬੰਧ ਹਨ। ਭਾਰਤ ਦੇ ਵਿਦੇਸ਼ ਮੰਤਰੀ ਐਸ. ਜੈਸ਼ੰਕਰ ਭਾਵੇਂ ਵਾਰ-ਵਾਰ ਕਹਿ ਰਹੇ ਹਨ ਕਿ ਦੋਹਾਂ ਮੁਲਕਾਂ ਵਿਚਕਾਰ ਕੂਟਨੀਤਕ ਸਬੰਧ ਬਹੁਤ ਛੇਤੀ ਸੁਧਾਰ ਲਏ ਜਾਣਗੇ ਕਿਉਂਕਿ ਦੋਹਾਂ ਮੁਲਕਾਂ ਵਿਚਕਾਰ ਸੰਵਾਦ ਦੀ ਵੱਡੀ ਗੁੰਜਾਇਸ਼ ਪਈ ਹੈ ਪਰ ਕੈਨੇਡਾ ਵਿਚ ਕਤਲ ਹੋਏ ਸਿੱਖ ਆਗੂ ਹਰਦੀਪ ਸਿੰਘ ਨਿੱਝਰ ਦੇ ਮਾਮਲੇ ਵਿਚ ਭਾਰਤ ਸਰਕਾਰ ਦੀ ਹਾਲਤ ਕਸੂਤੀ ਬਣੀ ਹੋਈ ਹੈ। ਹੁਣ ਭਾਰਤ ਨੇ ਇਸ ਮਸਲੇ ‘ਤੇ ਇਕ ਵਾਰ ਫਿਰ ਆਪਣਾ ਪੱਖ ਰੱਖਣ ਦਾ ਯਤਨ ਕੀਤਾ ਹੈ। ਕੈਨੇਡਾ ਵਿਚ ਭਾਰਤ ਦੇ ਹਾਈ ਕਮਿਸ਼ਨਰ ਸੰਜੇ ਕੁਮਾਰ ਵਰਮਾ ਨੇ ਇਕ ਅਖ਼ਬਾਰ ਨੂੰ ਦਿੱਤੀ ਇੰਟਰਵਿਊ ਵਿਚ ਕਿਹਾ ਹੈ ਕਿ ਕੈਨੇਡਾ ਨੇ ਹਰਦੀਪ ਸਿੰਘ ਨਿੱਝਰ ਵਾਲੇ ਮਾਮਲੇ ਵਿਚ ਜਿਹੜੇ ਦੋਸ਼ ਲਾਏ ਹਨ, ਉਸ ਸਬੰਧੀ ਅਜੇ ਤੱਕ ਕੋਈ ਵੀ ਸਬੂਤ ਮੁਹੱਈਆ ਨਹੀਂ ਕਰਵਾਏ ਹਨ। ਉਨ੍ਹਾਂ ਨੇ ਇਸ ਕੇਸ ਵਿਚ ਕੀਤੀ ਜਾ ਰਹੀ ਤਫ਼ਤੀਸ਼ ਬਾਰੇ ਵੀ ਸਵਾਲ ਕੀਤਾ ਹੈ। ਇਸ ਦੇ ਨਾਲ-ਨਾਲ ਉਨ੍ਹਾਂ ਇਹ ਗੱਲ ਵੀ ਨਾਲ ਜੋੜੀ ਹੈ ਕਿ ਕੈਨੇਡਾ ਵਿਚ ਭਾਰਤੀ ਸਫ਼ੀਰਾਂ ਦੀ ਸੁਰੱਖਿਆ ਸਬੰਧੀ ਕੈਨੇਡਾ ਕੋਈ ਪਹਿਲਕਦਮੀ ਕਰੇ। ਕੈਨੇਡਾ ਨੂੰ ਇਹ ਅਪੀਲ ਵੀ ਕੀਤੀ ਕਿ ਉਹ ਖ਼ਾਲਿਸਤਾਨੀ ਹਮਾਇਤੀਆਂ ਨੂੰ ਨੱਥ ਪਾਉਣ ਦੇ ਮੁੱਖ ਮੁੱਦੇ ਦੇ ਹੱਲ ਵੱਲ ਸੰਜੀਦਗੀ ਨਾਲ ਧਿਆਨ ਦੇਵੇ।

ਧਿਆਨ ਦੇਣ ਯੋਗ ਹੈ ਕਿ ਕੈਨੇਡਾ ਦੇ ਹਮਾਇਤੀ ਮੁਲਕਾਂ ਜਿਨ੍ਹਾਂ ਵਿਚ ਅਮਰੀਕਾ ਤੇ ਇੰਗਲੈਂਡ ਸ਼ਾਮਿਲ ਹਨ, ਭਾਰਤ ਨੂੰ ਵਾਰ-ਵਾਰ ਕਹਿ ਰਹੇ ਹਨ ਕਿ ਇਹ ਹਰਦੀਪ ਸਿੰਘ ਨਿੱਝਰ ਕੇਸ ਸਬੰਧੀ ਜਾਂਚ ਵਿਚ ਸਹਿਯੋਗ ਦੇਵੇ। ਇਸ ਬਾਰੇ ਭਾਰਤ ਦਾ ਪੈਂਤੜਾ ਹੈ ਕਿ ਇਹ ਮੁਲਕ ਕੈਨੇਡਾ ਉੱਤੇ ਦਬਾਅ ਕਿਉਂ ਨਹੀਂ ਪਾ ਰਹੇ ਕਿ ਕੈਨੇਡਾ ਭਾਰਤ ਉਤੇ ਲਾਏ ਦੋਸ਼ਾਂ ਸਾਬਤ ਕਰੇ। ਯਾਦ ਰਹੇ ਕਿ ਇਸ ਵਕਤ ਕੈਨੇਡਾ ਵਿਚ ਭਾਰਤੀ ਮੂਲ ਦੇ ਲੋਕ ਵੱਡੀ ਗਿਣਤੀ ਵਿਚ ਰਹਿੰਦੇ ਹਨ ਅਤੇ ਹਰ ਸਾਲ ਹਜ਼ਾਰਾਂ ਵਿਦਿਆਰਥੀ ਕੈਨੇਡਾ ਵਿਚ ਪੜ੍ਹਨ ਜਾ ਰਹੇ ਹਨ। ਇਹ ਸਾਰੇ ਲੋਕ ਕੈਨੇਡਾ ਦੇ ਅਰਥਚਾਰੇ ਵਿਚ ਵੱਡਾ ਹਿੱਸਾ ਪਾਉਂਦੇ ਹਨ। ਇਸ ਕਰ ਕੇ ਜੇ ਇਹ ਮਸਲਾ ਵਧੇਰੇ ਸਮੇਂ ਲਈ ਲਟਕਿਆ ਰਹਿੰਦਾ ਹੈ ਤਾਂ ਦੋਹਾਂ ਧਿਰਾਂ ਦੇ ਨੁਕਸਾਨ ਦਾ ਖਦਸ਼ਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਅੱਠ ਨਵੰਬਰ ਆਖਰੀ ਮੌਕਾ

ਮੁਕਤ ਕਰਨ ਦਾ ਆ ਗਿਆ ਸ਼ੁੱਭ ਮੌਕਾ ‘ਪੀਲ਼ੀ ਵੇਲ’ ਤੋਂ ਪੰਥ ਦਾ ਬਾਗ ਭਾਈ।
ਬਹੁਤੇ ਸਾਲ ‘ਗੁਲਾਮੀ’ ਦੇ ਵਿਚ ਗਾਲ਼ੇ ਗਾਓ ਹੁਣੇ ਈ ਅਣਖ ਦਾ ਰਾਗ ਭਾਈ।
ਮੁੱਲ ਪਾਉਣ ਲਈ ਫਿਰੂ ‘ਭਰਦਾਨ’ ਦੌੜਾ ਲਾਇਓ ਮੂੰਹ ਨਾ ਦਿਓ ਤਿਆਗ ਭਾਈ।
ਇੱਕ ਟੱਬਰ ਦੀ ਜਕੜ ਜੇ ਖਤਮ ਕਰ’ਤੀ ‘ਦਲ’ ਦੇ ਵਾਸਤੇ ਹੋਊ ‘ਸੁਭਾਗ’ ਭਾਈ।
ਉਹਦੇ ਲਈ ‘ਸਵੇਰਾ’ ਤਾਂ ਉਦੇ ਈ ਸਮਝੋ ਸੁੱਤਾ ਪਿਆ ਕੋਈ ਜਦ ਪਵੇ ਜਾਗ ਭਾਈ।
‘ਬਾਦਲ-ਪ੍ਰਸਤੀ’ ਦੇ ਮੱਥੇ ਜੋ ਲੱਗ ਚੁੱਕੇ ‘ਅੱਠ ਨਵੰਬਰ’ ਨੂੰ ਧੋ ਦਿਓ ਦਾਗ ਭਾਈ!

# ਭਗਵੰਤ ਮਾਨ ਵਾਲੀ ਬਹਿਸ ਦੀ ਹਕੀਕੀ ਸਿਆਸਤ

ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ (ਪੀ.ਏ.ਯੂ.) ਵਿਚ ਪਹਿਲੀ ਨਵੰਬਰ ਨੂੰ ਰੱਖੀ ‘ਡਿਬੇਟ’ ਅਸਲ ਵਿਚ ਪੁਲਿਸ ਦੇ ਸਖਤ ਸੁਰੱਖਿਆ ਪ੍ਰਬੰਧਾਂ ਹੇਠ ਮੁੱਖ ਮੰਤਰੀ ਦਾ ਭਾਸ਼ਣ ਹੋ ਨਿੱਬੜੀ। ‘ਮੈਂ ਪੰਜਾਬ ਬੋਲਦਾ ਹਾਂ’ ਸਿਰਲੇਖ ਤਹਿਤ ਟੈਲੀਵਿਜ਼ਨ ‘ਤੇ ਚੱਲ ਰਿਹਾ ਲਾਈਵ ਪ੍ਰਸਾਰਨ ਇਸ ਤਰ੍ਹਾਂ ਲੱਗਦਾ ਸੀ ਜਿਵੇਂ ਸਾਡੇ ਪ੍ਰਧਾਨ ਮੰਤਰੀ ਦੇ ਪ੍ਰੋਗਰਾਮ ‘ਮਨ ਕੀ ਬਾਤ’ ਦੀ ਨਕਲ ਕਰ ਲਈ ਗਈ ਹੋਵੇ। ਮੁੱਖ ਮੰਤਰੀ ਨੇ ਦਿਨ ਵਧੀਆ ਚੁਣਿਆ ਸੀ ਕਿਉਂਕਿ ਪਹਿਲੀ ਨਵੰਬਰ 1966 ਨੂੰ ਸਾਡੇ ਮੌਜੂਦਾ ਪੰਜਾਬ ਦਾ ਗਠਨ ਹੋਇਆ ਸੀ। ‘ਪੰਜਾਬ ਦਿਵਸ’ ਵਜੋਂ ਮਨਾਏ ਜਾਂਦੇ ਇਸ ਦਿਨ ਮੌਕੇ ਕੌਮੀ ਅਤੇ ਕੌਮਾਂਤਰੀ ਮੀਡੀਆ ‘ਚ ਪੰਜਾਬ ਨਾਲ ਹੋਏ ਵਿਤਕਰਿਆਂ ਦੀ ਚਰਚਾ ਛੇੜੀ ਜਾ ਸਕਦੀ ਸੀ। ਜੇਕਰ ਮੁੱਖ ਮੰਤਰੀ ਜੀ ਸੱਚੀਂ ਹੀ ਸੁਹਿਰਦਤਾ



ਨਵਕਿਰਨ ਸਿੰਘ ਪੱਤੀ
ਈਮੇਲ: n4navkiran@gmail.com


ਦਿਖਾਉਂਦੇ ਤਾਂ ਇਸ ਦਿਨ ਪੰਜਾਬ ਦੇ ਪਿੰਡਾਂ ਨੂੰ ਉਜਾੜ ਕੇ ਵਸਾਏ ਗਏ ਚੰਡੀਗੜ੍ਹ ਬਾਰੇ ਤੱਥਾਂ ਸਮੇਤ ਪੰਜਾਬ ਦੀ ਹੱਕ ਜਤਾਈ ਦੀ ਚਰਚਾ ਮੁੜ ਛਿੜ ਸਕਦੀ ਸੀ, ਪੰਜਾਬੀ ਬੋਲਦੇ ਇਲਾਕਿਆਂ ਅਤੇ ਪੰਜਾਬ ਦੇ ਪਾਣੀਆਂ ਦਾ ਮਸਲਾ ਤੱਥਾਂ ਸਮੇਤ ਚਰਚਾ ਦਾ ਕੇਂਦਰ ਬਿੰਦੂ ਬਣਾਇਆ ਜਾ ਸਕਦਾ ਸੀ ਪਰ ਮੁੱਖ ਮੰਤਰੀ ਜੀ ਦਾ ਭਾਸ਼ਣ ਬਹੁਤੀ ਸੰਜੀਦਗੀ ਦੀ ਥਾਂ ਸਟੇਜ ਉੱਤੇ ਕਾਂਗਰਸ, ਅਕਾਲੀ ਦਲ ਤੇ ਭਾਜਪਾ ਆਗੂਆਂ ਦੀਆਂ ਖਾਲੀ ਰੱਖੀਆਂ ਕੁਰਸੀਆਂ ਨੂੰ ਸੰਬੋਧਨ ਹੋ ਕੇ ਤਨਜ਼ ਕੱਸਣ ਵੱਲ ਸੇਧਿਤ ਸੀ।

ਵਿਰੋਧੀ ਧਿਰਾਂ ਕਿਉਂ ਨਹੀਂ ਆਈਆਂ ਜਾਂ ਵਿਰੋਧੀ ਧਿਰਾਂ ਦੇ ਨਾ ਆਉਣ ਪਿਛਲੇ ਕਾਰਨਾਂ ਦੀ ਚਰਚਾ ਤਾਂ ਸਾਡੀ ਬਹਿਸ ਦਾ ਵਿਸ਼ਾ ਨਹੀਂ ਹੋਣਾ ਚਾਹੀਦਾ ਹੈ। ਜੱਗ ਜ਼ਾਹਿਰ ਹੈ ਕਿ ਆਪਣੇ ਨਿੱਜੀ ਮੁਫਾਦਾਂ ਲਈ ਹਾਕਮ ਪਾਰਟੀਆਂ ਦੇ ਆਗੂ ਅੰਦਰੋ-ਅੰਦਰੀ ਘਿਉ ਖਿਚੜੀ ਹਨ ਤੇ ਪੰਜਾਬ ਵਿਚ ਵਿਰੋਧੀ ਧਿਰ ਦੀ ਭੂਮਿਕਾ ਤਾਂ ਸੰਘਰਸ਼ਸ਼ੀਲ ਜਨਤਕ ਜਥੇਬੰਦੀਆਂ ਨਿਭਾਅ ਰਹੀਆਂ ਹਨ, ਉਹਨਾਂ ਨਾਲ ਬਹਿਸ ਦੀ ਥਾਂ ਲੋਕਾਂ ਦੇ ਨਕਾਰੇ ਹੋਏ ਲੀਡਰਾਂ ਨੂੰ ਸੱਦ ਕੇ ਮੁੱਖ ਮੰਤਰੀ ਕੀ ਸੰਦੇਸ਼ ਦੇਣਾ ਚਾਹੁੰਦੇ ਸਨ, ਇਹ ਗੌਰ ਕਰਨ ਵਾਲਾ ਮਾਮਲਾ ਹੈ।

ਜਦ ਲੋਕ ਲੰਘੀਆਂ ਵਿਧਾਨ ਸਭਾ ਚੋਣਾਂ ਵਿਚ ਪੰਜਾਬੀ ਕਾਂਗਰਸ, ਅਕਾਲੀ ਦਲ ਅਤੇ ਭਾਜਪਾ ਨੂੰ ਰੱਦ ਕਰ ਚੁੱਕੇ ਹਨ ਤਾਂ ਸਵਾਲ ਮੁੱਖ ਮੰਤਰੀ ‘ਤੇ ਉੱਠਦਾ ਹੈ ਕਿ ਉਹ ਜਾਖੜ, ਬਾਜਵਾ, ਵੜਿੰਗ, ਬਾਦਲ ਦੇ ਨਾਵਾਂ ਵਾਲੀਆਂ ਖਾਲੀ ਕੁਰਸੀਆਂ ਨਾਲ ਬਹਿਸ ਕਰ ਕੇ ਕੀ ਸਾਬਤ ਕਰਨਾ ਚਾਹੁੰਦੇ ਸਨ। ਮੁੱਖ ਮੰਤਰੀ ਨੇ ‘ਡਿਬੇਟ’ ਦੌਰਾਨ ਥਾਪੀਆਂ ਮਾਰੀਆਂ ਕਿ ਦੇਖੋ ਇਹ ਚਾਰ ਲੀਡਰ ਮੇਰੇ ਨਾਲ ਬਹਿਸ ਕਰਨ ਤੋਂ ਭੱਜ ਗਏ ਹਨ ਪਰ ਇਹੋ ਗੱਲ ਉਲਟੇ ਰੂਪ ਵਿਚ ਮੁੱਖ ਮੰਤਰੀ ‘ਤੇ ਵੀ ਢੁੱਕਦੀ ਹੈ ਕਿ ਇਹ ਚਾਰ ਤਾਂ ਲੀਡਰ ਛੱਡੋ, ਜਿਹੜੇ ਪੀ.ਏ.ਯੂ. ਦੇ ਗੇਟ ਬਾਹਰ ਦਰਜਨਾਂ ਬੇਰੁਜ਼ਗਾਰ, ਮੁਲਾਜ਼ਮ, ਕਿਸਾਨ ਲੀਡਰ ਤੁਹਾਡੇ ਨਾਲ ਬਹਿਸ ਕਰਨ ਲਈ ਆਏ, ਪੁਲਿਸ ਨੇ ਹਿਰਾਸਤ ਵਿਚ ਲੈ ਲਏ, ਤੁਸੀਂ ਖੁਦ ਉਹਨਾਂ ਨਾਲ ਬਹਿਸ ਕਰਨ ਤੋਂ ਭੱਜ ਗਏ।

ਦਰਅਸਲ, ਸੱਤਾ ਹਾਸਲ ਕਰਨ ਤੋਂ ਬਾਅਦ ‘ਆਪ’ ਕੋਲ ਦੋ ਰਸਤੇ ਸਨ; ਪਹਿਲਾ ਇਹ ਕਿ ਇਹ ਅਨਿਸ਼ਚਤਤਾ ਦੇ ਮਾਹੌਲ ਵਿਚ ਫਸੇ ਪੰਜਾਬੀਆਂ ਖਾਸ ਕਰ ਨੌਜਵਾਨਾਂ ਅੱਗੇ ਕੋਈ ‘ਰੋਡ ਮੈਪ’ ਲੈ ਕੇ ਆਉਂਦੇ ਜਿਸ ਵਿਚ ਰੁਜ਼ਗਾਰ, ਨਸ਼ੇ, ਸੂਬੇ ਤੋਂ ਹੋ ਰਹੇ ਬੇਲੋੜੇ ਪਰਵਾਸ, ਕਿਸਾਨ, ਮਜ਼ਦੂਰ ਖੁਦਕੁਸ਼ੀਆਂ ਪ੍ਰਤੀ ਕੋਈ ਠੋਸ ਨੀਤੀ ਹੁੰਦੀ; ਦੂਜਾ ਰਸਤਾ ਇਹ ਸੀ ਕਿ ਇਹ ਪਿਛਲੀਆਂ ਸਰਕਾਰਾਂ ਦੀਆਂ ਨਾਕਾਮੀਆਂ ਨੂੰ ਕਮੇਡੀ ਭਰੇ ਅੰਦਾਜ਼ ਵਿਚ ਪੇਸ਼ ਕਰ-ਕਰ ਕੇ ਪੰਜ ਸਾਲ ਟਾਈਮ ਪਾਸ ਕਰਨ ਦਾ ਰਸਤਾ ਅਖਤਿਆਰ ਕਰਦੇ। ਹਕੀਕਤ ਸਾਡੇ ਸਾਹਮਣੇ ਹੈ ਕਿ ਇਹਨਾਂ ਨੇ ਦੂਜਾ ਰਸਤਾ ਅਖਤਿਆਰ ਕੀਤਾ ਹੈ। ਮੀਡੀਆ ਰਾਹੀਂ ਪਹਿਲਾਂ 25 ਦਿਨ ਪੰਜਾਬ ਦੇ ਚਲੰਤ ਮਾਮਲਿਆਂ ਤੋਂ ਲੋਕਾਂ ਦਾ ਧਿਆਨ ਭੜਕਾ ਕੇ ਇਕ ਨਵੰਬਰ ਦੀ ਬਹਿਸ ‘ਤੇ ਇਸ ਤਰ੍ਹਾਂ ਲਗਾਈ ਰੱਖਿਆ ਜਿਵੇਂ ਪੰਜਾਬ ਦੇ ਸਾਰੇ ਮਸਲਿਆਂ ਦਾ ਹੱਲ ਇਸ ਬਹਿਸ ਵਿਚ ਲੁਕਿਆ ਹੋਵੇ ਤੇ ਹੁਣ ਅਜਿਹਾ ਕੋਈ ਨਵਾਂ ਮੁੱਦਾ ਕੱਢ ਕੇ ਮਹੀਨਾ ਲੰਘਾ ਲੈਣਗੇ, ਉਸ ਤੋਂ ਬਾਅਦ ਅਗਲਾ।

ਜੇਕਰ ਮੁੱਖ ਮੰਤਰੀ ਨੇ ਰਾਜਨੀਤਕ ਪਾਰਟੀਆਂ ਨੂੰ ਹੀ ਬਹਿਸ ਵਿਚ ਬਲਾਉਣਾ ਸੀ ਤਾਂ ਬਸਪਾ, ਖੱਬੇ ਪੱਖੀ ਪਾਰਟੀਆਂ, ਸ਼੍ਰੋਮਣੀ ਅਕਾਲੀ ਦਲ (ਅ) ਆਦਿ ਨੂੰ ਕਿਉਂ ਨਹੀਂ ਬੁਲਾਇਆ ਗਿਆ? ਜੇਕਰ ਮੁੱਖ ਮੰਤਰੀ ਨੇ ਪੰਜਾਬ ਦੇ ਮੰਗਾਂ




ਮਸਲਿਆਂ ‘ਤੇ ਖੁੱਲ੍ਹੀ ਬਹਿਸ ਹੀ ਕਰਨੀ ਸੀ ਤਾਂ ਕਿਸਾਨ ਜਥੇਬੰਦੀਆਂ, ਮਜ਼ਦੂਰ ਜਥੇਬੰਦੀਆਂ, ਮੁਲਾਜ਼ਮ ਜਥੇਬੰਦੀਆਂ, ਬੇਰੁਜ਼ਗਾਰ ਜਥੇਬੰਦੀਆਂ ਨੂੰ ਵੀ ਬੁਲਾਇਆ ਜਾਣਾ ਚਾਹੀਦਾ ਸੀ। ਅਸਲ ਵਿਚ ਮੁੱਖ ਮੰਤਰੀ ਨੇ ‘ਇਨਡੋਰ ਹਾਲ ਵਿਚ ਓਪਨ ਬਹਿਸ’ ਦਾ ਸੱਦਾ ਤਾਂ ਦਿੱਤਾ ਪਰ ਹੱਕੀ ਮੰਗਾਂ ਮਸਲਿਆਂ ਨੂੰ ਲੈ ਕੇ ਸੰਘਰਸ਼ ਕਰਨ ਵਾਲੇ ਬੇਰੁਜ਼ਗਾਰ, ਕੱਚੇ ਕਾਮੇ, ਮੁਲਾਜ਼ਮ, ਕਿਸਾਨ ਮਜ਼ਦੂਰ ਆਗੂਆਂ ਨੂੰ ਅੰਦਰ ਵੜਨ ਨਹੀਂ ਦਿੱਤਾ।

ਯੂਨੀਵਰਸਿਟੀਆਂ ਵਿਚ ਰਾਜਨੀਤਕ ਬਹਿਸ ਕਰਨੀ ਤਾਂ ਕੋਈ ਮਾੜੀ ਗੱਲ ਨਹੀਂ, ਯੂਨੀਵਰਸਿਟੀਆਂ ਵਿਚ ਇਮਾਨਦਾਰੀ ਨਾਲ ਰਾਜਨੀਤਕ ਬਹਿਸ ਕਰਨ ਨਾਲ ਵਿਦਿਆਰਥੀ ਰਾਜਨੀਤੀ ਨੂੰ ਨੇੜਿਓਂ ਸਮਝ ਸਕਦੇ ਹਨ ਪਰ ਜਿਸ ਤਰ੍ਹਾਂ ਖੇਤੀਬਾੜੀ ਯੂਨੀਵਰਸਿਟੀ ਵਿਚ ਚੱਪੇ-ਚੱਪੇ ‘ਤੇ ਪੁਲਿਸ ਤਾਇਨਾਤ ਕਰ ਕੇ ਪੁਲਿਸ ਦੀ ਦਹਿਸ਼ਤ ਪੈਦਾ ਕੀਤੀ ਗਈ, ਵੱਡੀ ਗਿਣਤੀ ਵਿਦਿਆਰਥੀਆਂ ਨੂੰ ਹੋਸਟਲਾਂ ਵਿਚ ਬੰਦ ਰੱਖਿਆ ਗਿਆ, ਯੂਨੀਵਰਸਿਟੀ ਦਾ ਵੱਡਾ ਹਿੱਸਾ ਵਿਦਿਆਰਥੀਆਂ ਨੂੰ ਬਹਿਸ ਵਾਲੇ ਆਡੀਟੋਰੀਅਮ ਦੇ ਨੇੜੇ ਵੀ ਨਹੀਂ ਢੁੱਕਣ ਦਿੱਤਾ ਗਿਆ, ਇਸ ਤੋਂ ਮਾੜੀ ਪਿਰਤ ਵੀ ਕੋਈ ਨਹੀਂ। ਪਹਿਲੀ ਨਵੰਬਰ ਨੂੰ ਸਿਰਫ ਯੂਨੀਵਰਸਿਟੀ ਹੀ ਨਹੀਂ ਬਲਕਿ ਲੁਧਿਆਣਾ ਸ਼ਹਿਰ ਦਾ ਇੱਕ ਹਿੱਸਾ ‘ਸੀਲ’ ਕੀਤਾ ਗਿਆ ਸੀ। ਇਹ ਕਹਿਣਾ ਕੋਈ ਅਤਿ ਕਥਨੀ ਨਹੀਂ ਹੋਵੇਗੀ ਕਿ ਲੋਕਾਂ ਨੂੰ ਜਾਮ ਵਿਚ ਫਸਾ ਕੇ ਮੁੱਖ ਮੰਤਰੀ ਉਪਰੋਂ ਹੈਲੀਕਾਪਟਰ ਰਾਹੀਂ ਲੰਘ ਗਏ।

ਪਿਛਲੇ ਕਈ ਦਹਾਕਿਆਂ ਤੋਂ ਪੰਜਾਬ ਨਾਲ ਕੇਂਦਰੀ ਹਕੂਮਤ ਧੱਕਾ ਕਰ ਰਹੀ ਹੈ। ਇਸ ਲਈ ਭਗਵੰਤ ਮਾਨ ਨੂੰ ਚਾਹੀਦਾ ਸੀ ਕਿ ਸਰਬ ਪਾਰਟੀ/ਜਥੇਬੰਦੀ ਮੀਟਿੰਗ ਬੁਲਾ ਕੇ ਸੂਬੇ ਦੀਆਂ ਸਾਰੀਆਂ ਰਾਜਨੀਤਿਕ ਪਾਰਟੀਆਂ, ਜਨਤਕ ਜਥੇਬੰਦੀਆਂ ਨਾਲ ਗੱਲਬਾਤ ਕਰ ਕੇ ਕੇਂਦਰ ਸਰਕਾਰ ਖਿਲਾਫ ਸਾਂਝੇ ਸੰਘਰਸ਼ ਦੀ ਰੂਪ-ਰੇਖਾ ਤੈਅ ਕਰਦੇ, ਇਸ ਤਰ੍ਹਾਂ ਕਰਨ ਨਾਲ ਇੱਕ ਵਾਰ ਫਿਰ ਲੋਕਾਂ ਅੱਗੇ ਰਾਜਨੀਤਕ ਪਾਰਟੀਆਂ ਦੇ ਸਟੈਂਡ ਵੀ ਸਪੱਸ਼ਟ ਹੋ ਜਾਂਦੇ ਕਿ ਕੌਣ ਪੰਜਾਬ ਨਾਲ ਖੜ੍ਹਦਾ ਹੈ ਤੇ ਕੌਣ ਪੰਜਾਬ ਦੇ ਹਿੱਤਾਂ ਖਿਲਾਫ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਸੀ- ‘ਰਾਜਨੀਤੀ ਦੀ ਥਾਂ ਹੁਣ ਵਕਤ ਬਹਿਸ ਕਰਨ ਦਾ ਹੈ ਅਤੇ ਇਸ ਲਈ ਉਹ ਸਾਰੀਆਂ ਸਿਆਸੀ ਧਿਰਾਂ ਨੂੰ ਖੁੱਲ੍ਹੀ ਬਹਿਸ ਦਾ ਸੱਦਾ ਦਿੰਦੇ ਹਨ’; ਕੀ ਬਹਿਸ ਕਰਨਾ ਰਾਜਨੀਤੀ ਨਹੀਂ ਹੈ। ਜ਼ਾਹਿਰਾ ਤੌਰ ‘ਤੇ ਰਾਜਨੀਤੀ ਹੈ ਪਰ ਡੇਢ ਸਾਲ ਦੇ ਵਕਫੇ ਦਰਮਿਆਨ ਉਨ੍ਹਾਂ ਅਜਿਹਾ ਕਿਹੜਾ ਮਾਅਰਕਾ ਮਾਰ ਦਿੱਤਾ ਕਿ ਬਹਿਸ ਕਰਨ ਦੇ ਸੱਦੇ ਦੇਣ ਲੱਗ ਪਏ।

ਬਾਕੀਆਂ ਨੂੰ ਬਹਿਸ ਦੇ ਹੋਕਰੇ ਮਾਰਨ ਤੋਂ ਪਹਿਲਾਂ ਮੁੱਖ ਮੰਤਰੀ ਜੀ ਨੂੰ ਆਪਣੇ ਚੋਣ ਵਾਅਦਿਆਂ ‘ਤੇ ਬਹਿਸ ਕਰਨੀ ਚਾਹੀਦੀ ਹੈ ਕਿ ਡੇਢ ਸਾਲ ਵਿਚ ਕਿੰਨੇ ਚੋਣ ਵਾਅਦੇ ਪੂਰੇ ਕੀਤੇ ਹਨ। ‘ਆਪ’ ਨੇ ਚੋਣਾਂ ਤੋਂ ਪਹਿਲਾਂ ਕੱਚੇ ਕਾਮੇ ਪੱਕੇ ਕਰਨ ਦਾ ਵਾਅਦਾ ਕੀਤਾ ਸੀ ਪਰ ਅਜੇ ਤੱਕ ਇੱਕ ਵੀ ਕੱਚਾ ਕਾਮਾ ਰੈਗੂਲਰ ਪੇਅ ਸਕੇਲ ਤਹਿਤ ਪੂਰੀ ਤਨਖਾਹ ‘ਤੇ ਪੱਕਾ ਨਹੀਂ ਕੀਤਾ ਹੈ। ਚੋਣਾਂ ਦੌਰਾਨ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਦੇਣ ਦਾ ਵਾਅਦਾ ਕੀਤਾ ਸੀ ਪਰ ਵੱਡੀ ਗਿਣਤੀ ਬੇਰੁਜ਼ਗਾਰ ਨੌਜਵਾਨ ਅਜੇ ਵੀ ਰੁਜ਼ਗਾਰ ਖਾਤਰ ਪਾਣੀ ਵਾਲੀਆਂ ਟੈਂਕੀਆਂ ‘ਤੇ ਚੜ੍ਹਨ ਲਈ ਮਜਬੂਰ ਹਨ, ਬੇਰੁਜ਼ਗਾਰੀ ਭੱਤੇ ਦੀ ਕੋਈ ਨੀਤੀ ਲਾਗੂ ਨਹੀਂ ਕੀਤੀ ਗਈ। ਔਰਤਾਂ ਨਾਲ ਇੱਕ ਹਜ਼ਾਰ ਰੁਪਏ ਪ੍ਰਤੀ ਮਹੀਨਾ ਦੇਣ ਦਾ ਵਾਅਦਾ ਕੀਤਾ ਸੀ ਪਰ ਅਜੇ ਤੱਕ ਇਸ ਮਾਮਲੇ ਵਿਚ ਕੁਝ ਵੀ ਨਹੀਂ ਕੀਤਾ ਹੈ। ਮਜ਼ਦੂਰ ਜਥੇਬੰਦੀਆਂ ਨਾਲ ਮੁੱਖ ਮੰਤਰੀ ਮੀਟਿੰਗ ਨਹੀਂ ਕਰ ਰਹੇ ਹਨ। ਪੁਰਾਣੀ ਪੈਨਸ਼ਨ ਬਹਾਲ ਕਰਨ ਦਾ ਨੋਟੀਫਿਕੇਸ਼ਨ ਜਾਰੀ ਕੀਤਾ ਸੀ ਪਰ ਉਹ ਸਿਰਫ ਜੁਮਲਾ ਸਾਬਤ ਹੋ ਰਿਹਾ ਹੈ, ਹੁਣ ਵੀ ਮੁੱਖ ਮੰਤਰੀ ਜਿਨ੍ਹਾਂ ਨੌਜਵਾਨਾਂ ਨੂੰ ਨਿਯੁਕਤੀ ਪੱਤਰ ਸੌਂਪ ਰਹੇ ਹਨ, ਉਹਨਾਂ ਨੂੰ ਨਵੀਂ ਪੈਨਸ਼ਨ ਸਕੀਮ ਤਹਿਤ ਹੀ ਸੌਂਪ ਰਹੇ ਹਨ।

ਕੀ ਮੁੱਖ ਮੰਤਰੀ ਇਸ ਵਿਸ਼ੇ ਨੂੰ ਬਹਿਸ ਦਾ ਮੁੱਦਾ ਬਣਾਉਣਗੇ ਕਿ ਉਹਨਾਂ ਵੀ.ਆਈ.ਪੀ. ਸਭਿਆਚਾਰ ਖਤਮ ਕਰਨ ਦਾ ਵਾਅਦਾ ਕੀਤਾ ਸੀ ਪਰ ਉਹ ਖੁਦ ਗੱਡੀਆਂ ਤੇ ਗੰਨਮੈਨਾਂ ਦਾ ਵੱਡਾ ਕਾਫਲਾ ਲੈ ਕੇ ਕਿਉਂ ਤੁਰਦੇ ਹਨ? ਅਸਲ ਵਿਚ ਮੁੱਖ ਮੰਤਰੀ ਜੀ ਅਜਿਹੀ ਬਹਿਸ ਕਰਨਾ ਚਾਹੁੰਦੇ ਹਨ ਜਿਸ ਵਿਚ ਕੌਣ ਆਵੇਗਾ, ਇਹ ਵੀ ਉਹ ਖੁਦ ਤੈਅ ਕਰਨਗੇ; ਕਿਹੜਾ ਮੁੱਦਾ ਹੋਵੇਗਾ, ਕਿੰਨਾ ਸਮਾਂ ਕੋਈ ਬੋਲੇਗਾ, ਕੌਣ ਮੰਚ ਸੰਚਾਲਨ ਕਰੇਗਾ, ਸਭ ਉਹੀ ਤੈਅ ਕਰਨਗੇ; ਤੇ ਜੇ ਸਭ ਉਹ ਤੈਅ ਕਰਨਗੇ ਤਾਂ ਇਹ ਨਿਰਪੱਖ ਕਿਵੇਂ ਹੋਵੇਗੀ?

ਪੰਜਾਬ ਵਿਚ ਉਕਤ ਬਹਿਸ ਕਰਨ ਦੀ ਸ਼ੁਰੂਆਤ ਸੁਪਰੀਮ ਕੋਰਟ ਵੱਲੋਂ ਐੱਸ.ਵਾਈ.ਐੱਲ. ਨਹਿਰ ਬਣਾਉਣ ਲਈ ਸਰਵੇ ਕਰਨ ਦੇ ਦਿੱਤੇ ਹੁਕਮ ਬਾਅਦ ਸ਼ੁਰੂ ਹੋਈ ਹੈ। ਬਹਿਸ/ਭਾਸ਼ਣ ਦੌਰਾਨ ਮੁੱਖ ਮੰਤਰੀ ਨੇ ਐੱਸ.ਵਾਈ.ਐੱਲ. ਦੇ ਮੁੱਦੇ ਉੱਤੇ ਕਾਂਗਰਸ ਅਤੇ ਅਕਾਲੀ ਦਲ-ਭਾਜਪਾ ਨੂੰ ਘੇਰਿਆ। ਘੇਰਨਾ ਵੀ ਚਾਹੀਦਾ ਹੈ ਕਿਉਂਕਿ ਇਹਨਾਂ ਪਾਰਟੀਆਂ ਨੇ ਇਸ ਮਾਮਲੇ ਵਿਚ ਕਦੇ ਵੀ ਸਪੱਸ਼ਟ ਸਟੈਂਡ ਨਹੀਂ ਲਏ ਪਰ ਮੁੱਖ ਮੰਤਰੀ ਜੀ ਦੀ ਖੁਦ ਦੀ ਪਾਰਟੀ ਦਾ ਕੀ ਸਟੈਂਡ ਹੈ; ਆਮ ਆਦਮੀ ਪਾਰਟੀ ਦਾ ਇੱਕ ਯੂਨਿਟ ਕਮਰੇ ਵਿਚ ਬੈਠ ਕੇ ਕਹਿੰਦਾ ਹੈ ਕਿ ਪਾਣੀਆਂ ‘ਤੇ ਸਿਰਫ ਤੇ ਸਿਰਫ ਪੰਜਾਬ ਦਾ ਹੱਕ ਹੈ ਤੇ ਨਾਲ ਦੇ ਕਮਰੇ ਵਿਚ ਬੈਠ ਕੇ ਦੂਸਰਾ ਯੂਨਿਟ ਹਰਿਆਣਾ ਦੀ ਹੱਕ-ਜਤਾਈ ਕਰਦਾ ਹੈ। ਮੁੱਖ ਮੰਤਰੀ ਜੀ ਦੱਸਣ ਕਿ ਇਹ ਕਿਹੜੀ ‘ਬਦਲਾਅ’ ਦੀ ਰਾਜਨੀਤੀ ਹੈ, ਇਹ ਕਿਹੜੀ ਰਾਜਨੀਤਕ ਨੈਤਿਕਤਾ ਹੈ?

ਬਹਿਸ/ਭਾਸ਼ਣ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਸਿਰ ਚੜ੍ਹੇ ਕਰਜ਼ੇ ਨੂੰ ਲੈ ਕੇ ਵਿਰੋਧੀਆਂ ਨੂੰ ਘੇਰਿਆ, ਇਹ ਹਕੀਕਤ ਵੀ ਹੈ ਕਿ ਪਿਛਲੀਆਂ ਸਰਕਾਰਾਂ ਨੇ ਆਪਣੇ ਨਿੱਜੀ ਹਿੱਤਾਂ ਲਈ ਪੰਜਾਬ ਸਿਰ ਕਰਜ਼ਾ ਚੜ੍ਹਾਇਆ ਪਰ ਪਿਛਲੇ ਡੇਢ ਸਾਲ ਵਿਚ ਇਹਨਾਂ ਕਿਹੜਾ ਘੱਟ ਗੁਜ਼ਾਰੀ ਹੈ! ਜਿਹੋ ਜਿਹੀ ਸਥਿਤੀ ਕਰਜ਼ੇ ਦੇ ਮਾਮਲੇ ਵਿਚ ਪਿਛਲੀਆਂ ਸਰਕਾਰਾਂ ਦੀ ਸੀ, ਉਹੋ ਕੁਝ ਹੀ ਇਹ ਕਰ ਰਹੇ ਹਨ।

# ਮਨੀਪੁਰ ਦਾ ਕਿਸੇ ਨੂੰ ਚੇਤਾ ਹੀ ਨਹੀਂ...




ਪਿਛਲੇ ਕੁਝ ਦਿਨਾਂ ਦੌਰਾਨ ਸੁਰਖੀਆਂ 'ਚ ਦੋ ਗੱਲਾਂ ਛਾਈਆਂ ਹੋਈਆਂ ਹਨ: ਕ੍ਰਿਕਟ ਵਿਸ਼ਵ ਕੱਪ ਦੇ ਮੈਚ ਅਤੇ ਇਜ਼ਰਾਈਲ ਵਲੋਂ ਗਾਜ਼ਾ 'ਤੇ ਵਹਿਸ਼ੀਆਨਾ ਬੰਬਾਰੀ ਜੋ ਉਸ ਨੇ ਆਪਣੀ ਸਰਜ਼ਮੀਨ 'ਤੇ ਹਮਾਸ ਦੇ ਦਹਿਸ਼ਤਗਰਦ ਹਮਲੇ ਦਾ ਬਦਲਾ ਲੈਣ ਦੇ ਨਾਂ 'ਤੇ ਵਿੱਢੀ ਹੈ। ਅਸੀਂ ਇਨ੍ਹਾਂ ਦੋਵਾਂ 'ਚੋਂ ਕਿਸੇ ਨਾਲ ਕਿਸੇ ਗੱਲ ਵਿਚ ਇਸ ਕਦਰ ਗਲਤਾਨ ਹੋਏ ਪਏ ਹਾਂ ਕਿ ਸਾਨੂੰ ਚਿੱਤ ਚੇਤਾ ਹੀ ਨਹੀਂ ਕਿ ਮਨੀਪੁਰ ਦੇ ਸੰਕਟ ਨੂੰ ਛੇ ਮਹੀਨੇ ਹੋ ਗਏ ਹਨ। ਉਥੇ ਹਿੰਸਾ ਭੜਕਣ ਤੋਂ ਕੁਝ ਹਫ਼ਤੇ ਬਾਅਦ ਮੈਂ ਅੰਗਰੇਜ਼ੀ ਦੀ ਇਕ ਅਖ਼ਬਾਰ ਵਿਚ ਲੇਖ ਲਿਖਿਆ ਸੀ ਤੇ ਇਕ ਵੈੱਬਸਾਈਟ ਨੂੰ ਇੰਟਰਵਿਊ ਦਿੱਤਾ ਸੀ ਅਤੇ ਸਥਿਤੀ ਦੀ ਗੰਭੀਰਤਾ ਸਮਝਣ 'ਤੇ ਜ਼ੋਰ ਦਿੱਤਾ ਸੀ। ਮੇਰੇ ਲੇਖ 'ਤੇ ਕਿਸੇ ਟਿੱਪਣੀਕਾਰ ਨੇ ਬੜਾ ਢੁਕਵਾਂ ਪ੍ਰਤੀਕਰਮ ਦਿੱਤਾ



ਸੀ: "ਭਾਜਪਾ ਦੀ ਸਮੱਸਿਆ ਇਹ ਹੈ ਕਿ ਉਹ ਮਨੀਪੁਰ ਨੂੰ ਕੋਈ ਕੌਮੀ ਸੰਕਟ ਨਹੀਂ ਮੰਨਦੀ, ਉਨ੍ਹਾਂ ਦਾ ਖਿਆਲ ਹੈ ਕਿ ਫਰਾਂਸ ਦੀਆਂ ਸੜਕਾਂ 'ਤੇ ਹੋ ਰਹੇ ਪ੍ਰਦਰਸ਼ਨ ਕੌਮੀ ਸੰਕਟ

**ਰਾਮਚੰਦਰ ਗੁਹਾ**

ਹਨ, ਕਿਸੇ ਪਾਕਿਸਤਾਨੀ ਔਰਤ ਦਾ ਭਾਰਤੀ ਬੰਦੇ ਨਾਲ ਵਿਆਹ ਕਰਵਾਉਣਾ ਕੌਮੀ ਸੰਕਟ ਹੈ, ਕਿਸੇ ਛੋਟੇ ਜਿਹੇ ਪਿੰਡ ਵਿਚ ਇਕ ਮੁਸਲਮਾਨ ਦੀ ਕਿਸੇ ਹਿੰਦੂ ਨਾਲ ਸ਼ਾਦੀ ਹੋ ਜਾਵੇ ਤਾਂ ਇਹ ਕੌਮੀ ਸੰਕਟ ਬਣ ਜਾਂਦਾ ਹੈ।"

ਹੋ ਸਕਦਾ ਹੈ, ਇਹ ਲੇਖ ਸਾਡਾ ਸਾਰਿਆਂ ਦਾ ਧਿਆਨ ਇਕ ਵਾਰ ਮੁੜ ਮਨੀਪੁਰ ਦੇ ਸੰਕਟ ਜੋ ਹੁਣ ਆਪਣੇ ਸੱਤਵੇਂ ਮਹੀਨੇ ਵਿਚ ਦਾਖ਼ਲ ਹੋ ਗਿਆ ਹੈ, ਵੱਲ ਖਿੱਚਣ ਵਿਚ ਸਫ਼ਲ ਨਾ ਵੀ ਹੋ ਸਕੇ। ਮਨੀਪੁਰ ਵਿਚ ਮੇਰੀ ਆਪਣੀ ਦਿਲਚਸਪੀ ਇਤਿਹਾਸਕਾਰ ਵਜੋਂ ਹੋਈ ਸੀ ਤਾਂ ਕਿ ਮੈਂ ਇਹ ਸਮਝ ਸਕਾਂ ਕਿ ਕਿਵੇਂ ਇਹ 1949 ਵਿਚ ਭਾਰਤੀ ਸਟੇਟ/ਰਿਆਸਤ ਦਾ ਹਿੱਸਾ ਬਣਿਆ ਅਤੇ ਉਦੋਂ ਤੋਂ ਇਸ ਦੀ ਕਾਰਗੁਜ਼ਾਰੀ ਕਿਹੋ ਜਿਹੀ ਹੈ। ਕੁਝ ਸਾਲ ਪਹਿਲਾਂ ਜਦੋਂ ਮਨੀਪੁਰ ਦਾ ਦੌਰਾ ਕੀਤਾ ਸੀ ਤਾਂ ਇਸ ਦੇ ਕੁਦਰਤੀ ਸੁਹੱਪਣ, ਸੰਗੀਤ ਅਤੇ ਨ੍ਰਿਤ ਦੀਆਂ ਰਵਾਇਤਾਂ ਦੀ ਅਮੀਰੀ, ਔਰਤਾਂ ਦੀ ਆਜ਼ਾਦੀ ਅਤੇ ਇਸ ਦੇ ਨਾਲ ਹੀ ਇਸ ਦੇ ਤਿੰਨ ਮੁੱਖ ਨਸਲੀ ਸਮੂਹਾਂ ਮੈਤੇਈਆਂ, ਨਾਗਿਆਂ ਅਤੇ ਕੁਕੀਆਂ ਦੇ ਆਪਸੀ ਸਬੰਧ ਦੇਖ ਜਾਣ ਕੇ ਮੇਰੀ ਦਿਲਚਸਪੀ ਹੋਰ ਗਹਿਰੀ ਹੋ ਗਈ ਸੀ। ਹਾਲਾਂਕਿ ਇਕ ਇਤਿਹਾਸਕਾਰ ਅਤੇ ਮੁਸਾਫ਼ਿਰ ਦੀ ਨਜ਼ਰ ਤੋਂ ਤਣਾਅ ਸਾਫ਼ ਨਜ਼ਰ ਆ ਰਿਹਾ ਸੀ ਪਰ ਜਿਸ ਪੈਮਾਨੇ ਅਤੇ ਸ਼ਿੱਦਤ ਨਾਲ ਮੌਜੂਦਾ ਟਕਰਾਅ ਸਾਹਮਣੇ ਆਇਆ, ਉਸ ਦੀ ਪਿੱਛੇ ਕੀਤੇ ਮਿਸਾਲ ਨਹੀਂ ਮਿਲਦੀ ਅਤੇ ਸ਼ਾਇਦ ਕਿਸੇ ਨੇ ਇਸ ਦਾ ਕਿਆਸ ਵੀ ਨਹੀਂ ਕੀਤਾ ਸੀ। ਪਿਛਲੇ ਕੁਝ ਮਹੀਨਿਆਂ ਤੋਂ ਮੈਤੇਈ ਖਾੜਕੂਆਂ (ਮਿਲੀਟੈਂਟਾਂ) ਅਤੇ ਕੁਕੀ-ਜ਼ੋ ਖਾੜਕੂਆਂ ਨੇ ਇਕ ਦੂਜੇ ਨੂੰ ਸਿਰੇ ਦਾ ਦੁਸ਼ਮਣ ਮੰਨ ਲਿਆ ਹੈ। ਜ਼ਮੀਨ 'ਤੇ ਹਿੰਸਾ ਦਾ ਇਕ ਰੂਪ ਆਨਲਾਈਨ ਵੀ ਦੇਖਣ ਨੂੰ ਮਿਲ ਰਿਹਾ ਹੈ ਜਿੱਥੇ ਗਾਲੀ ਗਲੋਚ ਵਾਲੀਆਂ ਟਿੱਪਣੀਆਂ ਦਾ ਦੌਰ ਚੱਲਦਾ ਰਿਹਾ ਹੈ।

ਮਨੀਪੁਰ ਦੇ ਸੰਕਟ ਮੁਤੱਲਕ ਜੋ ਕੁਝ ਅਸੀਂ ਜਾਣਦੇ ਹਾਂ, ਗੋਦੀ ਮੀਡੀਆ ਨੇ ਉਹ ਸਭ ਕੁਝ ਲੁਕੋਅ ਲਿਆ ਜਾਂ ਨਜ਼ਰਅੰਦਾਜ਼ ਕਰ ਛੱਡਿਆ ਹੈ। ਚੰਗੇ ਭਾਗੀਂ, ਸਾਨੂੰ 'ਸਕਰੌਲ' ਅਤੇ 'ਦਿ ਵਾਇਰ' ਜਿਹੀਆਂ ਸੁਤੰਤਰ ਵੈੱਬਸਾਈਟਾਂ ਰਾਹੀਂ ਉੱਥੋਂ ਦੀਆਂ ਅਸਲ ਘਟਨਾਵਾਂ ਦਾ ਪਤਾ ਲੱਗ ਸਕਿਆ। 'ਸਕਰੌਲ' ਨੇ ਆਪਣਾ ਧਿਆਨ ਜ਼ਮੀਨੀ ਰਿਪੋਰਟਾਂ ਅਤੇ 'ਦਿ ਵਾਇਰ' ਨੇ ਮਸਲੇ ਨਾਲ ਜੁੜੇ ਵੱਖ ਵੱਖ ਸਮੂਹਾਂ ਦੇ ਨੁਮਾਇੰਦਿਆਂ ਨਾਲ ਮੁਲਾਕਾਤਾਂ ਉੱਪਰ ਕੇਂਦਰਤ ਕੀਤਾ। ਇਨ੍ਹਾਂ ਤੋਂ ਇਲਾਵਾ ਮੈਂ ਉਸ ਸੂਬੇ ਦੇ ਵੱਖੋ ਵੱਖਰੇ ਖੇਤਰਾਂ ਨਾਲ ਜੁੜੇ ਆਪਣੇ ਸਹਿਕਰਮੀਆਂ ਨਾਲ ਗੱਲ ਕਰ ਕੇ ਖ਼ੁਦ ਨੂੰ ਬਾਖ਼ਬਰ ਰੱਖਿਆ ਹੈ।

ਇਹ ਗੱਲ ਮੰਨਣਯੋਗ ਹੈ ਕਿ ਮਈ 2023 ਤੋਂ ਪਹਿਲਾਂ ਵੀ ਕੁਕੀ ਅਤੇ ਮੈਤੇਈ ਲੋਕਾਂ ਦਰਮਿਆਨ ਮੁਕੰਮਲ ਸਦਭਾਵਨਾ ਨਹੀਂ ਸੀ। ਉਨ੍ਹਾਂ ਦੇ ਧਰਮ ਵੱਖੋ ਵੱਖਰੇ ਸਨ, ਜ਼ਿਆਦਾਤਰ ਕੁਕੀ ਇਸਾਈ ਹਨ ਅਤੇ ਬਹੁਤੇ ਮੈਤੇਈ ਹਿੰਦੂ ਹਨ। ਕੁਕੀ ਪਹਾੜੀ ਖੇਤਰਾਂ ਵਿਚ ਵਸਦੇ ਹਨ, ਮੈਤੇਈਆਂ ਦੀ ਬਹੁਗਿਣਤੀ ਇੰਫਾਲ ਵਾਦੀ ਵਿਚ ਹੈ। ਕੁਕੀ ਆਮ ਤੌਰ 'ਤੇ ਮੈਤੇਈ ਸਿਆਸਤਦਾਨਾਂ ਵਲੋਂ ਆਪਣੇ ਭਾਈਚਾਰੇ ਦੀ ਪੁਸ਼ਤਪਨਾਹੀ ਖਿਲਾਫ਼ ਰੋਸ ਜਤਾਉਂਦੇ ਸਨ; ਮੈਤੇਈਆਂ ਨੂੰ ਸ਼ਿਕਾਇਤ ਸੀ ਕਿ ਕੁਕੀਆਂ ਨੂੰ ਅਨੁਸੂਚਿਤ ਕਬੀਲੇ ਦਾ ਦਰਜਾ ਮਿਲਣ ਕਰ ਕੇ ਸਰਕਾਰੀ ਨੌਕਰੀਆਂ ਹਾਸਿਲ ਕਰਨ ਵਿਚ ਉਨ੍ਹਾਂ ਨੂੰ ਫ਼ਾਇਦਾ ਹੁੰਦਾ ਹੈ।

ਸਾਡੇ ਦੇਸ਼ ਅੰਦਰ ਵੱਖ ਵੱਖ ਨਸਲੀ ਅਤੇ ਧਾਰਮਿਕ ਸਮੂਹਾਂ ਦਰਮਿਆਨ ਟਕਰਾਅ ਨਵਾਂ ਵਰਤਾਰਾ ਨਹੀਂ। ਅਜਿਹੇ ਟਕਰਾਅ ਆਜ਼ਾਦ ਮੁਲਕ ਵਜੋਂ ਸਾਡੀ ਕਵਾਇਦ ਦਾ ਸਥਾਈ ਲੱਛਣ ਬਣੇ ਰਹੇ ਹਨ। ਇਸ ਗੜਬੜਜ਼ਦਾ ਇਤਿਹਾਸ ਦੇ ਬਾਵਜੂਦ ਮੈਤੇਈਆਂ ਅਤੇ ਕੁਕੀਆਂ ਦਰਮਿਆਨ ਚੱਲ ਰਹੇ ਟਕਰਾਅ ਹਿੰਸਾ ਦੇ ਪੈਮਾਨੇ ਤੇ ਖ਼ਾਸਕਰ ਮੁਕੰਮਲ ਧਰੁਵੀਕਰਨ ਦੇ ਲਿਹਾਜ਼ ਤੋਂ ਇਹ ਆਪਣੀ ਕਿਸਮ ਦਾ ਵਰਤਾਰਾ ਹੋ ਨਿੱਬੜਿਆ ਹੈ। ਸੁਤੰਤਰ ਸਮੀਖਿਅਕਾਂ ਦੇ ਇਕੱਤਰ ਸਬੂਤਾਂ ਤੋਂ ਪਤਾ ਲੱਗਿਆ ਹੈ ਕਿ ਟਕਰਾਅ ਵਿਚ ਕੁਕੀਆਂ ਨੂੰ ਨਿਸਬਤਨ ਜ਼ਿਆਦਾ ਨੁਕਸਾਨ ਝੱਲਣਾ ਪਿਆ ਕਿਉਂਕਿ ਰਾਜਕੀ ਸੱਤਾ 'ਤੇ ਮੈਤੇਈਆਂ ਦਾ ਕਬਜ਼ਾ ਹੈ ਅਤੇ ਪੁਲੀਸ ਤੇ ਨੌਕਰਸ਼ਾਹੀ ਮੈਤੇਈ ਸਿਆਸਤਦਾਨਾਂ ਨੂੰ ਰਿਪੋਰਟ ਕਰਦੀ ਹੈ।

ਮਈ 2023 ਤੋਂ ਪਹਿਲਾਂ ਵੀ ਮੈਤੇਈਆਂ ਅਤੇ ਕੁਕੀਆਂ ਦਰਮਿਆਨ ਇਕ ਹੱਦ ਤੱਕ ਬੇਵਿਸਾਹੀ ਦਾ ਮਾਹੌਲ ਸੀ; ਉਸ ਤੋਂ ਬਾਅਦ ਤਾਂ ਰਿਸ਼ਤੇ ਜ਼ਹਿਰੀਲੇ ਹੋ ਗਏ। ਕਿਸੇ ਵੇਲੇ ਇੰਨੀ ਕੁ ਸਹਿਣਸ਼ੀਲਤਾ ਸੀ ਕਿ ਬਹੁਤ ਸਾਰੇ ਕੁਕੀ ਇੰਫਾਲ ਵਾਦੀ ਅਤੇ ਮੈਤੇਈ ਪਹਾੜੀ ਖੇਤਰਾਂ ਵਿਚ ਰਹਿ ਸਕਦੇ ਸਨ ਪਰ ਹੁਣ ਨਸਲੀ ਵਖਰੇਵਾਂ ਹੈ; ਕੁਕੀ ਇੰਫਾਲ ਵਾਦੀ ਛੱਡ ਗਏ ਹਨ ਅਤੇ ਮੈਤੇਈ ਪਹਾੜੀ ਖੇਤਰਾਂ 'ਚੋਂ ਜਾ ਚੁੱਕੇ ਹਨ।

ਇਹ ਜੋ ਤਰਾਸਦਿਕ ਹਾਲਾਤ ਬਣੇ ਹਨ, ਉਨ੍ਹਾਂ ਲਈ ਮੁੱਖ ਤੌਰ 'ਤੇ ਤਿੰਨ ਸ਼ਖ਼ਸ ਜ਼ਿੰਮੇਵਾਰ ਹਨ। ਪਹਿਲਾ ਹੈ ਮਨੀਪੁਰ ਦਾ ਮੁੱਖ ਮੰਤਰੀ ਬਿਰੇਨ ਸਿੰਘ ਜਿਸ ਨੇ ਨੰਗੇ ਚਿੱਟੇ ਰੂਪ ਵਿਚ ਮੈਤੇਈਆਂ ਦਾ ਪੱਖ ਪੂਰਿਆ। ਬਿਰੇਨ ਸਿੰਘ ਸਰਕਾਰ ਜਿੰਨੀ ਵਿਚਾਰਧਾਰਕ ਪੱਖਪਾਤੀ ਰਹੀ ਹੈ, ਉਸੇ ਹਿਸਾਬ ਨਾਲ ਇਸ ਦੀ ਪ੍ਰਸ਼ਾਸਕੀ ਨਾ-ਅਹਿਲੀਅਤ ਸਾਬਤਿ ਹੋਈ ਹੈ। 'ਇੰਡੀਅਨ ਐਕਸਪ੍ਰੈਸ' ਦੀ ਦਸਤਾਵੇਜ਼ੀ ਰਿਪੋਰਟ ਵਿਚ ਕਿਹਾ ਗਿਆ ਸੀ ਕਿ ਟਕਰਾਅ ਪੈਦਾ ਹੋਣ ਤੋਂ ਤੁਰੰਤ ਬਾਅਦ ਮਿਲੀਟੈਂਟ ਗਰੁੱਪਾਂ ਵਲੋਂ ਵੱਡੇ ਪੱਧਰ 'ਤੇ ਹਥਿਆਰਾਂ ਦੀ ਲੁੱਟ ਖੋਹ ਨੂੰ ਨਾ ਕੇਵਲ ਸੂਬਾ ਸਰਕਾਰ ਦੀ ਸਹਿਮਤੀ ਹਾਸਲ ਸੀ ਸਗੋਂ ਸ਼ਾਇਦ ਇਸ ਲਈ ਹੱਲਾਸ਼ੇਰੀ ਵੀ ਦਿੱਤੀ ਗਈ। ਲੁੱਟੇ ਗਏ ਹਥਿਆਰਾਂ ਦਾ ਮਾਮੂਲੀ ਹਿੱਸਾ ਹੀ ਅਜੇ ਤੱਕ ਬਰਾਮਦ ਕੀਤਾ ਜਾ ਸਕਿਆ ਹੈ।

ਮਨੀਪੁਰ ਵਿਚ ਚੱਲ ਰਹੀ ਤਰਾਸਦੀ ਦੀ ਦੂਜੀ ਵਿਅਕਤੀਗਤ ਜ਼ਿੰਮੇਵਾਰੀ ਕੇਂਦਰੀ ਗ੍ਰਹਿ ਮੰਤਰੀ ਦੀ ਹੈ ਜਿਨ੍ਹਾਂ ਸੂਬੇ ਦਾ ਦੌਰਾ ਕਰਨ ਤੋਂ ਬਾਅਦ ਹਿੰਸਾ ਨੂੰ ਠੱਲ੍ਹ ਪਾਉਣ ਲਈ ਕੋਈ ਤਰੱਦਦ ਨਹੀਂ ਕੀਤਾ ਸਗੋਂ ਉਹ ਹੋਰਨਾਂ ਸੂਬਿਆਂ ਵਿਚ ਅਸੈਂਬਲੀ ਚੋਣਾਂ ਮੌਕੇ ਆਪਣਾ ਸਮਾਂ ਤੇ ਊਰਜਾ ਵੋਟਰਾਂ ਦੇ ਧਰੁਵੀਕਰਨ 'ਤੇ ਲਾ ਰਹੇ ਹਨ। ਤੀਜੇ ਹਨ ਪ੍ਰਧਾਨ ਮੰਤਰੀ ਜੋ ਉਦੋਂ ਤੋਂ ਲੈ ਕੇ ਹੁਣ ਤੱਕ ਇਕ ਵਾਰ ਵੀ ਮਨੀਪੁਰ ਨਹੀਂ ਗਏ ਅਤੇ ਸਾਰਾ ਜ਼ਿੰਮਾ ਮੁੱਖ ਮੰਤਰੀ ਅਤੇ ਆਪਣੇ ਗ੍ਰਹਿ ਮੰਤਰੀ ਨੂੰ ਸੌਂਪ ਰੱਖਿਆ ਹੈ ਜਿਨ੍ਹਾਂ ਨੇ ਸੰਕਟ ਨੂੰ ਸੁਲਝਾਉਣ ਲਈ ਕੋਈ ਕਦਮ ਨਹੀਂ ਪੁੱਟਿਆ। ਪਤਾ ਨਹੀਂ ਇਹ ਸੰਵੇਦਨਹੀਣਤਾ ਹੈ ਜਾਂ ਹੰਕਾਰ ਪਰ ਮਨੀਪੁਰ ਦੇ ਲੋਕਾਂ ਨੂੰ ਉਨ੍ਹਾਂ ਦੇ ਹਾਲ 'ਤੇ ਇੰਝ ਛੱਡ ਦੇਣਾ, ਪ੍ਰਧਾਨ ਮੰਤਰੀ ਨੂੰ ਸੋਭਾ ਨਹੀਂ ਦਿੰਦਾ। ਜੇ ਨਰਿੰਦਰ ਮੋਦੀ ਸੂਬੇ ਦਾ ਦੌਰਾ ਕਰਦੇ ਅਤੇ ਵਾਦੀ ਤੇ ਪਹਾੜੀ ਖੇਤਰਾਂ ਦਾ ਜਾਇਜ਼ਾ ਲੈਂਦੇ ਤਾਂ ਇਸ ਨਾਲ ਸੰਕੇਤ ਜਾਣਾ ਸੀ ਕਿ ਮੈਤੇਈ ਹੋਣ ਜਾਂ ਕੁਕੀ ਜਾਂ ਕੋਈ ਹੋਰ, ਉਹ ਸਾਰੇ ਮਨੀਪੁਰੀ ਲੋਕਾਂ ਦੀ ਫ਼ਿਕਰ ਕਰਦੇ ਹਨ। ਇਸ ਨਾਲ ਟਕਰਾਅ ਵਿਚ ਸ਼ਾਮਿਲ ਦੋਵੇਂ ਭਾਈਚਾਰਿਆਂ ਦੇ ਆਗੂਆਂ ਵਿਚਕਾਰ ਗੱਲਬਾਤ ਸ਼ੁਰੂ ਹੋ ਸਕਦੀ ਸੀ। ਮੁੱਖ ਮੰਤਰੀ ਬਿਰੇਨ ਸਿੰਘ ਨੇ ਉਹੀ ਕੀਤਾ ਜਿਸ ਵਿਚ ਉਨ੍ਹਾਂ ਦਾ ਵਿਸ਼ਵਾਸ ਸੀ ਕਿ ਮੈਤੇਈ ਨਸਲੀ ਸ਼੍ਰੇਸ਼ਠਤਾ ਨੂੰ ਸ਼ਹਿ ਦੇਣ ਨਾਲ ਉਨ੍ਹਾਂ ਨੂੰ ਅਹੁਦੇ 'ਤੇ ਬਣੇ ਰਹਿਣ ਵਿਚ ਮਦਦ ਮਿਲ ਸਕਦੀ ਹੈ ਪਰ ਅਮਿਤ ਸ਼ਾਹ ਅਤੇ ਨਰਿੰਦਰ ਮੋਦੀ ਨੇ ਮਨੀਪੁਰ ਅਤੇ ਉੱਥੋਂ ਦੇ ਲੋਕਾਂ ਨੂੰ ਇੰਝ ਅਣਡਿੱਠ ਕਿਉਂ ਕੀਤਾ? ਕੀ ਇਸ ਦਾ ਕਾਰਨ ਇਹ ਸੀ ਕਿ ਇਸ ਦੇ ਪਹਿਲੇ ਕਦਮ ਵਜੋਂ ਬਿਰੇਨ ਸਿੰਘ ਦੀ ਬਰਤਰਫ਼ੀ ਨਾਲ ਕਮਜ਼ੋਰੀ 'ਤੇ ਮੋਹਰ ਲੱਗ ਜਾਣੀ ਸੀ? ਕੀ ਇਸ ਲਈ ਕਿ ਉਹ ਇਹ ਸੋਚਦੇ ਹਨ ਕਿ ਕੁਕੀਆਂ ਨੂੰ ਬਦਨਾਮ ਕਰਨ ਨਾਲ ਉਨ੍ਹਾਂ ਨੂੰ ਅਗਲੀਆਂ ਲੋਕ ਸਭਾ ਚੋਣਾਂ ਵਿਚ ਹਿੰਦੂ ਵੋਟਾਂ ਨੂੰ ਇਕਜੁੱਟ ਕਰਨ ਵਿਚ ਮਦਦ ਮਿਲ ਸਕਦੀ ਹੈ?

ਪਿਛਲੇ ਕੁਝ ਮਹੀਨਿਆਂ ਤੋਂ ਗ੍ਰਹਿ ਮੰਤਰੀ ਅਤੇ ਪ੍ਰਧਾਨ ਮੰਤਰੀ ਨੇ ਮਨੀਪੁਰ ਬਾਰੇ ਚੁੱਪ ਵੱਟੀ ਹੋਈ ਹੈ; ਰਾਜਸਥਾਨ, ਤਿਲੰਗਾਨਾ ਅਤੇ ਹੋਰ ਸੂਬਿਆਂ ਦੇ ਚੋਣ ਪ੍ਰਚਾਰ ਦੌਰਾਨ ਦੌਰਾਨ ਉਹ ਹੋਰ ਮੁੱਦਿਆਂ 'ਤੇ ਬਥੇਰਾ ਬੋਲ ਰਹੇ ਹਨ। ਦਿਲਚਸਪ ਗੱਲ ਹੈ ਕਿ ਆਰ.ਐੱਸ.ਐੱਸ. ਦੇ ਮੁਖੀ ਨੇ ਵਿਜੈ ਦਸ਼ਮੀ ਸਮਾਗਮ ਮੌਕੇ ਆਪਣੇ ਭਾਸ਼ਣ ਵਿਚ ਮਨੀਪੁਰ ਦਾ ਮੁੱਦਾ ਛੋਹਿਆ ਸੀ ਜਿਸ ਵਿਚ ਉਨ੍ਹਾਂ ਆਖਿਆ- "ਲੰਮੇ ਸਮੇਂ ਤੋਂ ਇਕੱਠੇ ਰਹਿੰਦੇ ਮੈਤੇਈਆਂ ਅਤੇ ਕੁਕੀਆਂ ਵਿਚਕਾਰ ਐਨਾ ਟਕਰਾਅ ਕਿਉਂ ਪੈਦਾ ਹੋਇਆ? ਇਸ ਤੋਂ ਕਿਸ ਨੂੰ ਲਾਭ ਹੋ ਰਿਹਾ ਹੈ? ਕੀ ਕੋਈ ਬਾਹਰੀ ਸ਼ਕਤੀਆਂ ਸਨ? ਉੱਥੇ ਮਜ਼ਬੂਤ ਸਰਕਾਰ ਮੌਜੂਦ ਹੈ। ਕੇਂਦਰੀ ਗ੍ਰਹਿ ਮੰਤਰੀ ਨੇ ਸੂਬੇ ਦਾ ਦੌਰਾ ਕੀਤਾ ਸੀ ਪਰ ਜਦੋਂ ਵੀ ਮਾਮਲਾ ਸ਼ਾਂਤ ਹੋਣ ਲੱਗਦਾ ਹੈ ਤਾਂ ਕੋਈ ਨਾ ਕੋਈ ਤਰਾਸਦੀ ਵਾਪਰ ਜਾਂਦੀ ਹੈ... ਇਹ ਲੋਕ ਕੌਣ ਹਨ? ਇਸ ਨੂੰ ਭੜਕਾਇਆ ਜਾ ਰਿਹਾ ਹੈ।"

ਮੋਹਨ ਭਾਗਵਤ ਦੇ ਇਸ ਭਾਸ਼ਣ ਤੋਂ ਪਹਿਲਾਂ ਅਤੇ ਬਾਅਦ ਵਿਚ ਮਨੀਪੁਰ ਦੇ ਸੰਕਟ ਲਈ ਵਿਦੇਸ਼ੀ ਹੱਥ ਜ਼ਿੰਮੇਵਾਰ ਹੋਣ ਦੇ ਦੋਸ਼ ਨੂੰ ਸੋਸ਼ਲ ਮੀਡੀਆ 'ਤੇ ਖ਼ੂਬ ਪ੍ਰਚਾਰਿਆ ਗਿਆ। ਇਹ ਇਸ਼ਾਰਾ ਵੀ ਕੀਤਾ ਜਾ ਰਿਹਾ ਹੈ ਕਿ ਕੁਕੀ ਜ਼ਿਆਦਾਤਰ ਈਸਾਈ ਹਨ; ਮੈਤੇਈ ਜ਼ਿਆਦਾਤਰ ਹਿੰਦੂ ਹਨ ਜਿਸ ਕਰ ਕੇ ਉਹ ਪੱਕੇ ਤੇ ਪੂਰੀ ਤਰ੍ਹਾਂ ਦੇਸ਼ਭਗਤ ਹਨ। ਇਹ ਦਾਅਵੇ ਨਿਰੇ ਝੂਠੇ ਤੇ ਬੇਬੁਨਿਆਦ ਹਨ।

ਫਿਲਹਾਲ ਮਨੀਪੁਰ ਸੰਕਟ ਦੀ ਸ਼ਿੱਦਤ ਵਿਚ ਕਮੀ ਆਉਣ ਦੇ ਕੋਈ ਸੰਕੇਤ ਨਹੀਂ ਜੋ 'ਡਬਲ ਇੰਜਣ ਸਰਕਾਰ' ਦੀ ਸਿਰੇ ਦੀ ਨਾਕਾਮੀ ਹੈ। ਕੇਂਦਰ ਅਤੇ ਸੂਬੇ ਵਿਚ ਆਪਣੇ ਬਹੁਮਤ ਦੇ ਬਾਵਜੂਦ ਪੁਲੀਸ ਤੇ ਨੀਮ ਫ਼ੌਜੀ ਦਸਤਿਆਂ ਅਤੇ ਕਾਨੂੰਨ ਵਿਵਸਥਾ ਉਪਰ ਕੰਟਰੋਲ ਹੋਣ ਦੇ ਬਾਵਜੂਦ ਮੋਦੀ-ਸ਼ਾਹ ਸਰਕਾਰ ਨੇ ਮਨੀਪੁਰ ਅਤੇ ਮਨੀਪੁਰ ਦੀ ਅਵਾਮ ਨੂੰ ਇਸ ਨੌਬਤ ਨੂੰ ਪਹੁੰਚਾ ਦਿੱਤਾ ਹੈ। ਮੋਹਨ ਭਾਗਵਤ ਦਾ ਦਾਅਵਾ ਹੈ ਕਿ ਆਰ.ਐੱਸ.ਐੱਸ. ਦੇ ਪ੍ਰਚਾਰਕ ਵਲੋਂ ਚਲਾਈ ਜਾ ਰਹੀ ਸਰਕਾਰ ਮਜ਼ਬੂਤ ਹੈ; ਹਾਲਾਂਕਿ ਜੇ ਸਹੀ ਢੰਗ ਨਾਲ ਆਖਣਾ ਹੋਵੇ ਤਾਂ ਇਹ ਨਾ-ਅਹਿਲ ਅਤੇ ਦੁਸ਼ਟ ਸਰਕਾਰ ਜਾਪਦੀ ਹੈ। ਸਰਕਾਰ ਦੀ ਨਾ-ਅਹਿਲੀਅਤ ਉਦੋਂ ਜ਼ਾਹਿਰ ਹੋਈ ਜਦੋਂ ਇਸ ਨੇ ਅਮਨ ਕਾਨੂੰਨ ਦਾ ਆਪਣਾ ਜ਼ਿੰਮਾ ਪ੍ਰਾਈਵੇਟ ਅਦਾਕਾਰਾਂ ਦੇ ਸਪੁਰਦ ਕਰ ਦਿੱਤਾ; ਇਸ ਦੀ ਦੁਸ਼ਟਤਾ ਉਦੋਂ ਉਜਾਗਰ ਹੋਈ ਜਦੋਂ ਇਸ ਨੇ ਅਗਲੀਆਂ ਆਮ ਚੋਣਾਂ ਵਿਚ ਆਪਣੇ ਜਿੱਤ ਦੇ ਆਸਾਰ ਵਧਾਉਣ ਲਈ ਸਰਹੱਦੀ ਸੂਬੇ ਅੰਦਰ ਆਪਣੇ ਬਹੁਗਿਣਤੀਵਾਦੀ ਏਜੰਡੇ ਨੂੰ ਹੱਲਾਸ਼ੇਰੀ ਦਿੱਤੀ।

# ਸਭ ਲਈ ਪੌਸ਼ਟਿਕ ਭੋਜਨ

ਚਿੰਤਾ ਵਾਲੀ ਗੱਲ ਹੈ ਕਿ ਗਲੋਬਲ ਹੰਗਰ ਇੰਡੈਕਸ ਰਿਪੋਰਟ-2023 (ਸੰਸਾਰ ਭੁੱਖਮਰੀ ਸੂਚਕ ਅੰਕ) ਵਿਚ 28.7 ਦੇ ਸਕੋਰ ਨਾਲ ਭਾਰਤ ਸਰਵੇਖਣ ਕੀਤੇ 125 ਦੇਸ਼ਾਂ ਵਿਚੋਂ 111ਵੇਂ ਸਥਾਨ 'ਤੇ ਹੈ। ਇਸ ਦੇ ਮੁਕਾਬਲੇ ਗੁਆਂਢੀ ਦੇਸ਼ਾਂ ਦਾ ਪ੍ਰਦਰਸ਼ਨ ਬਿਹਤਰ ਹੈ। ਸ਼੍ਰੀਲੰਕਾ 60ਵੇਂ, ਨੇਪਾਲ 69ਵੇਂ, ਬੰਗਲਾਦੇਸ਼ 81ਵੇਂ ਅਤੇ ਪਾਕਿਸਤਾਨ 102ਵੇਂ ਸਥਾਨ 'ਤੇ ਹਨ। 9.9 ਜਾਂ ਇਸ ਤੋਂ ਘੱਟ ਸਕੋਰ ਨੂੰ ਘੱਟ, 10.019.9 ਮੱਧਮ, 20.034.9 ਗੰਭੀਰ ਮੰਨਿਆ ਜਾਂਦਾ ਹੈ; 35.049.9 ਚਿੰਤਾਜਨਕ ਅਤੇ 50.0 ਜਾਂ ਵੱਧ

**ਡਾ. ਅਰੁਣ ਮਿੱਤਰਾ**

ਬਹੁਤ ਚਿੰਤਾਜਨਕ ਸਕੋਰ ਮੰਨਿਆ ਗਿਆ ਹੈ।

ਸਕੋਰ ਚਾਰ ਸੂਚਕਾਂ 'ਤੇ ਆਧਾਰਤਿ ਹਨ- ਕੁਪੋਸ਼ਣ ਜੋ ਨਾਕਾਫ਼ੀ ਕੈਲੋਰੀ ਦੀ ਮਾਤਰਾ ਹੈ; ਬਾਲ ਸਟੰਟਿੰਗ ਜੋ ਉਮਰ ਦੇ ਹਿਸਾਬ ਨਾਲ ਕੱਦ ਦਾ ਘੱਟ ਹੋਣਾ ਹੈ; ਬੱਚਿਆਂ ਦੀ ਉਮਰ ਦੇ ਮੁਕਾਬਲੇ ਵਜ਼ਨ ਘੱਟ ਹੋਣਾ ਅਤੇ ਬਾਲ ਮੌਤ ਦਰ, ਮਤਲਬ ਬੱਚਿਆਂ ਦੀ ਗਿਣਤੀ ਜੋ ਪੰਜਵੇਂ ਜਨਮ ਦਿਨ ਤੋਂ ਪਹਿਲਾਂ ਮਰ ਜਾਂਦੇ ਹਨ।

ਨੈਸ਼ਨਲ ਫੈਮਿਲੀ ਹੈਲਥ ਸਰਵੇ-2019-21 ਦਾ ਖੁਲਾਸਾ ਹੈ ਕਿ ਭਾਰਤੀਆਂ ਦੀ ਸਿਹਤ ਅਤੇ ਪੋਸ਼ਣ ਦੀ ਹਾਲਤ ਵਿਚ ਕੋਈ ਮਹੱਤਵਪੂਰਨ ਸੁਧਾਰ ਨਹੀਂ ਹੋਇਆ। 7.7% ਬੱਚੇ ਬਹੁਤ ਕਮਜ਼ੋਰ ਹਨ ਅਤੇ 35.5% ਸਟੰਟਿਡ ਹੁੰਦੇ ਹਨ। ਸਰਗਰਮ ਭਾਰਤੀ ਬਾਲਗ ਨੂੰ ਪ੍ਰਤੀ ਦਿਨ 2800-3200 ਕੈਲੋਰੀਆਂ ਦੀ ਲੋੜ ਹੁੰਦੀ ਹੈ, ਹੱਥੀਂ ਕਿਰਤ ਕਰਨ ਵਾਲੇ ਨੂੰ 3700 ਤੋਂ ਵੱਧ। ਸੰਤੁਲਤਿ ਪੌਸ਼ਟਿਕ ਖ਼ੁਰਾਕ ਦਾ ਮਤਲਬ ਹੈ- ਪ੍ਰੋਟੀਨ, ਚਰਬੀ, ਕਾਰਬੋਹਾਈਡਰੇਟ ਅਤੇ ਵਿਟਾਮਿਨ ਤੇ ਖਣਜਿਾਂ ਦੇ ਰੂਪ ਵਿਚ ਸੂਖਮ ਪੌਸ਼ਟਿਕ ਤੱਤਾਂ ਦੀ ਲੋੜੀਂਦੀ ਮਾਤਰਾ। ਭੋਜਨ, ਗ੍ਰਹਿ (ਪਲੈਨਟ) ਅਤੇ ਸਿਹਤ ਬਾਰੇ - ਕਮਿਸ਼ਨ ਦੁਆਰਾ ਸੁਝਾਈ ਪਲੈਨੇਟਰੀ ਹੈਲਥ ਡਾਈਟ ਅਨੁਸਾਰ ਰੋਜ਼ਾਨਾ ਭੋਜਨ ਵਿਚ ਮੇਵੇ 50 ਗ੍ਰਾਮ, ਫ਼ਲੀਦਾਰ (ਦਾਲਾਂ, ਬੀਨਜ਼) 75 ਗ੍ਰਾਮ, ਮੱਛੀ 28 ਗ੍ਰਾਮ, ਆਂਡੇ 13 ਗ੍ਰਾਮ/ਦਿਨ (1 ਆਂਡੇ ਹਰ ਹਫ਼ਤੇ), ਮੀਟ 14 ਗ੍ਰਾਮ/ਚਿਕਨ 29 ਗ੍ਰਾਮ, ਕਾਰਬੋਹਾਈਡਰੇਟ (ਅਨਾਜ ਦੀ ਰੋਟੀ ਤੇ ਚੌਲ) 232 ਗ੍ਰਾਮ, ਕਾਰਬੋਹਾਈਡਰੇਟ 50 ਗ੍ਰਾਮ ਸਟਾਰਚ ਵਾਲੀਆਂ ਸਬਜ਼ੀਆਂ ਜਿਵੇਂ ਆਲੂ ਤੇ ਯਾਮ, ਡੇਅਰੀ 250 ਗ੍ਰਾਮ, ਸਬਜ਼ੀਆਂ 300 ਗ੍ਰਾਮ, ਗੈਰ-ਸਟਾਰਚੀ ਸਬਜ਼ੀਆਂ ਅਤੇ 200 ਗ੍ਰਾਮ ਫਲ, ਹੋਰ 31 ਗ੍ਰਾਮ ਚੀਨੀ ਅਤੇ ਖਾਣਾ ਪਕਾਉਣ ਵਾਲਾ ਤੇਲ 50 ਗ੍ਰਾਮ ਹੋਣੇ ਚਾਹੀਦੇ ਹਨ। ਭਾਰਤੀ ਮੈਡੀਕਲ ਖੋਜ ਕੌਂਸਲ ਨੇ ਵੀ ਭਾਰਤੀਆਂ ਲਈ ਅਜਿਹੇ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ।

ਬਾਜ਼ਾਰੀ ਕੀਮਤ 'ਤੇ ਪ੍ਰਤੀ ਵਿਅਕਤੀ ਇਸ ਭੋਜਨ ਦੀ ਕੀਮਤ ਲਗਭਗ 200 ਰੁਪਏ ਪ੍ਰਤੀ ਦਿਨ ਬਣਦੀ ਹੈ; ਭਾਵ, ਪੰਜ ਜੀਆਂ ਵਾਲੇ ਪਰਿਵਾਰ ਨੂੰ 1000 ਰੁਪਏ ਪ੍ਰਤੀ ਦਿਨ ਜਾਂ 30000 ਰੁਪਏ ਪ੍ਰਤੀ ਮਹੀਨਾ ਭੋਜਨ 'ਤੇ ਖਰਚ ਕਰਨਾ ਚਾਹੀਦਾ ਹੈ। ਸਟੇਟ ਆਫ ਫੂਡ ਸਕਿਓਰਿਟੀ ਐਂਡ ਨਿਊਟ੍ਰੀਸ਼ਨ ਇਨ ਦਿ ਵਰਲਡ-2023 ਦੀ ਰਿਪੋਰਟ ਜੋ ਸੰਯੁਕਤ ਰਾਸ਼ਟਰ ਦੀ ਖ਼ੁਰਾਕ ਅਤੇ ਖੇਤੀਬਾੜੀ ਸੰਸਥਾ, ਇੰਟਰਨੈਸ਼ਨਲ ਫੰਡ ਫਾਰ ਐਗਰੀਕਲਚਰਲ ਡਿਵੈਲਪਮੈਂਟ, ਸੰਯੁਕਤ ਰਾਸ਼ਟਰ ਚਿਲਡਰਨ ਫੰਡ, ਵਿਸ਼ਵ ਭੋਜਨ ਪ੍ਰੋਗਰਾਮ ਅਤੇ ਵਿਸ਼ਵ ਸਿਹਤ ਸੰਸਥਾ ਨੇ ਸਾਂਝੇ ਤੌਰ 'ਤੇ 2021 ਵਿਚ ਬਣਾਈ, ਅਨੁਸਾਰ 74% ਭਾਰਤੀ ਆਬਾਦੀ ਸਿਹਤਮੰਦ ਖ਼ੁਰਾਕ ਖਰੀਦਣ ਦੀ ਸਮਰੱਥਾ ਨਹੀਂ ਰੱਖਦੀ; ਭਾਵ, 100 ਕਰੋੜ ਤੋਂ ਵੱਧ ਲੋਕ ਨਾਕਾਫ਼ੀ ਪੋਸ਼ਣ ਵਾਲਾ ਭੋਜਨ ਖਾਣ ਲਈ ਮਜਬੂਰ ਹਨ। ਸਭ ਜਾਣਦੇ ਹਨ ਕਿ ਗਰੀਬੀ ਕੁਪੋਸ਼ਣ ਦਾ ਕਾਰਨ ਬਣਦੀ ਹੈ ਜੋ ਮੋੜਵੇਂ ਰੂਪ ਵਿਚ ਗਰੀਬੀ 'ਚ ਵਧਾਉਂਦੀ ਹੈ।

ਔਕਸਫੈਮ ਦੀ ਅਸਮਾਨਤਾ ਰਿਪੋਰਟ ਦੱਸਦੀ ਹੈ ਕਿ ਭਾਰਤੀ ਆਬਾਦੀ ਦੇ ਸਿਖਰਲੇ 10% ਲੋਕਾਂ ਕੋਲ ਕੁੱਲ ਕੌਮੀ ਦੌਲਤ ਦਾ 77% ਹੈ। 2017 ਵਿਚ ਪੈਦਾ ਹੋਈ ਦੌਲਤ ਦਾ 73% ਸਭ ਤੋਂ ਅਮੀਰ 1% ਕੋਲ ਗਿਆ; 67 ਕਰੋੜ ਭਾਰਤੀਆਂ ਜੋ ਆਬਾਦੀ ਦਾ ਅੱਧਾ ਹਿੱਸਾ ਹੈ ਤੇ ਆਰਥਿਕ ਤੌਰ 'ਤੇ ਬਹੁਤ ਕਮਜ਼ੋਰ ਹੈ, ਦੀ ਦੌਲਤ ਵਿਚ ਸਿਰਫ 1% ਵਾਧਾ ਹੋਇਆ। ਭਾਰਤ ਵਿਚ 119 ਅਰਬਪਤੀ ਹਨ। ਇਹ ਸੰਖਿਆ 2000 ਵਿਚ ਸਿਰਫ਼ 9 ਸੀ ਜੋ 2017 ਵਿਚ 101 ਹੋ ਗਈ ਸੀ। 2018 ਅਤੇ 2022 ਵਿਚਕਾਰ ਭਾਰਤ ਵਿਚ ਹਰ ਰੋਜ਼ 70 ਨਵੇਂ ਕਰੋੜਪਤੀ ਜੁੜਨ ਦਾ ਅਨੁਮਾਨ ਹੈ। ਦੂਜੇ ਬੰਨੇ, ਬਹੁਤ ਸਾਰੇ ਲੋਕਾਂ ਦੀ ਪਹੁੰਚ ਲੋੜੀਂਦੀ ਸਿਹਤ ਦੇਖਭਾਲ ਸੇਵਾ ਤੱਕ ਵੀ ਨਹੀਂ। ਇਨ੍ਹਾਂ ਵਿਚੋਂ 6.3 ਕਰੋੜ ਲੋਕ ਸਿਹਤ 'ਤੇ ਹੋਣ ਵਾਲੇ ਖਰਚੇ ਕਾਰਨ ਹਰ ਸਾਲ ਗਰੀਬੀ ਵਿਚ ਧੱਕੇ ਜਾਂਦੇ ਹਨ।


ਭਾਰਤ ਸਰਕਾਰ ਆਪਣੇ ਸਭ ਤੋਂ ਅਮੀਰ ਨਾਗਰਿਕਾਂ 'ਤੇ ਮੁਸ਼ਕਿਲ ਨਾਲ ਹੀ ਟੈਕਸ ਲਗਾਉਂਦੀ ਹੈ। ਇਸੇ ਕਾਰਨ ਜਨਤਕ ਸਿਹਤ ਸੰਭਾਲ 'ਤੇ ਇਸ ਦਾ ਖਰਚ ਦੁਨੀਆ ਵਿਚ ਸਭ ਤੋਂ ਘੱਟ ਹੈ। ਚੰਗੀ ਫੰਡ ਵਾਲੀ ਸਿਹਤ ਸੇਵਾ ਦੀ ਥਾਂ ਭਾਰਤ ਵਿਚ ਕਾਰਪੋਰੇਟ ਕੰਟਰੋਲ ਸਿਹਤ ਪ੍ਰਣਾਲੀ ਵਿਕਸਤਿ ਕੀਤੀ ਗਈ ਹੈ। ਨਤੀਜੇ ਵਜੋਂ ਵਧੀਆ ਸਿਹਤ ਸੰਭਾਲ ਸਿਰਫ਼ ਉਨ੍ਹਾਂ ਲਈ ਉਪਲਬਧ ਹੈ ਜਿਨ੍ਹਾਂ ਕੋਲ ਇਸ ਦਾ ਭੁਗਤਾਨ ਕਰਨ ਲਈ ਪੈਸਾ ਹੈ ਹਾਲਾਂਕਿ ਇਹ ਦੇਸ਼ ਮੈਡੀਕਲ ਸੈਰ-ਸਪਾਟੇ ਦੀ ਮੁੱਖ ਮੰਜ਼ਿਲ ਹੈ। ਸਭ ਤੋਂ ਗਰੀਬ ਭਾਰਤੀ ਰਾਜਾਂ ਵਿਚ ਬਾਲ ਮੌਤ ਦਰ ਉਪ-ਸਹਾਰਾ ਅਫਰੀਕਾ ਤੋਂ ਵੀ ਵੱਧ ਹੈ। ਸੰਸਾਰ ਭਰ ਵਿਚ ਮਾਵਾਂ ਦੀ ਮੌਤ ਦਾ 17% ਭਾਰਤ ਵਿਚ ਹੈ ਅਤੇ ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਿਚ 21% ਮੌਤਾਂ। ਵੱਖ ਵੱਖ ਮਜ਼ਦੂਰ ਜਥੇਬੰਦੀਆਂ ਨੇ ਕੈਲੋਰੀ ਦੀ ਲੋੜ ਦੇ ਆਧਾਰ 'ਤੇ ਘੱਟੋ-ਘੱਟ ਉਜਰਤ 26000 ਰੁਪਏ ਪ੍ਰਤੀ ਮਹੀਨਾ ਤੈਅ ਕਰਨ ਦੀ ਮੰਗ ਕੀਤੀ ਹੈ। ਇਹ ਨਿਰਾਸ਼ ਕਰਨ ਵਾਲੀ ਗੱਲ ਹੈ ਕਿ ਸਰਕਾਰ ਨੇ 178 ਰੁਪਏ ਪ੍ਰਤੀ ਦਿਨ ਦਿਹਾੜੀ ਦੀ ਮਜ਼ਦੂਰੀ ਦਾ ਐਲਾਨ ਕੀਤਾ ਹਾਲਾਂਕਿ ਕਿਰਤ ਮੰਤਰਾਲੇ ਦੀ ਕਮੇਟੀ ਦੀ ਸਿਫਾਰਿਸ਼ ਵੀ 375 ਰੁਪਏ ਪ੍ਰਤੀ ਦਿਨ ਸੀ।

ਭੁੱਖਮਰੀ ਦੀ ਇਹ ਹਾਲਤ ਸਾਡੀ ਸਰਕਾਰ ਦੀ 5 ਖਰਬ ਡਾਲਰ ਦੀ ਆਰਥਿਕਤਾ ਬਣਨ ਦੀ ਇੱਛਾ ਇਸ ਦੇ ਖੋਖਲੇ ਦਾਅਵਿਆਂ ਦਾ ਪਰਦਾਫਾਸ਼ ਕਰਦੀ ਹੈ। ਸਰਕਾਰ ਨੂੰ ਰਿਪੋਰਟ ਦੀ ਆਲੋਚਨਾ ਕਰਨ ਦੀ ਬਜਾਇ ਇਸ ਵਿਗਾੜ ਨੂੰ ਠੀਕ ਕਰਨ ਲਈ ਚੁੱਕੇ ਜਾਣ ਵਾਲੇ ਕਦਮਾਂ ਬਾਰੇ ਗੱਲ ਕਰਨੀ ਚਾਹੀਦੀ ਹੈ।

### ਕਤਲੇਆਮ 84 ਅਤੇ ਜਾਂਚ ਕਮਿਸ਼ਨਾਂ ਦੇ ਪਾਪ

# ਸਰਕਾਰੀ ਜਾਂਚਾਂ ਨੇ ਸਚਾਈ ਨੂੰ ਧੁੰਦਲਾ ਕਿਵੇਂ ਕੀਤਾ?

*ਨਵੰਬਰ ਦਾ ਪਹਿਲਾ ਹਫਤਾ ਸਿੱਖਾਂ ਲਈ ਬਹੁਤ ਭਿਆਨਕ ਸੁਫਨਾ ਹੋ ਨਿੱਬੜਿਆ ਸੀ। 31 ਅਕਤੂਬਰ ਨੂੰ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਦਿੱਲੀ ਅਤੇ ਮੁਲਕ ਦੇ ਕੁਝ ਹੋਰ ਸ਼ਹਿਰਾਂ ਵਿਚ ਸਿੱਖਾਂ ਨੂੰ ਕੋਹ-ਕੋਹ ਕੇ ਮਾਰਿਆ ਗਿਆ। ਇਸ ਲੰਮੇ ਲੇਖ ਵਿਚ ਉਘੇ ਪੱਤਰਕਾਰ ਹਰਤੋਸ਼ ਸਿੰਘ ਬੱਲ ਨੇ ਉਸ ਵੇਲੇ ਦੇ ਹਾਲਾਤ ਕਲਮਬੱਧ ਕੀਤੇ ਹਨ। ਇਹ ਲਿਖਤ ਤਕਰੀਬਨ ਇਕ ਦਹਾਕਾ ਪੁਰਾਣੀ ਹੈ ਪਰ ਇਸ ਵਿਚ ਦਰਜ ਤੱਥ ਦੱਸਦੇ ਹਨ ਕਿ ਕਿਸ ਤਰ੍ਹਾਂ ਸਿੱਖਾਂ ਨੂੰ ਨਿਸ਼ਾਨਾ ਬਣਾਇਆ ਗਿਆ ਅਤੇ ਜਾਂਚ ਕਮਿਸ਼ਨਾਂ ਨੇ ਕੀ ਕੁਝ ਕੀਤਾ। ਇਸ ਲੇਖ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ। ਇਸ ਦੀ ਪਹਿਲੀ ਕਿਸ਼ਤ ਪੇਸ਼ ਹੈ।*



**ਹਰਤੋਸ਼ ਸਿੰਘ ਬੱਲ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

31 ਅਕਤੂਬਰ 1984 ਨੂੰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਉਸ ਦੇ ਦੋ ਅੰਗ-ਰੱਖਿਅਕਾਂ ਨੇ ਕਤਲ ਕਰ ਦਿੱਤਾ। ਇਸ ਤੋਂ ਬਾਅਦ ਹੋਈ ਹਿੰਸਾ ਜੋ ਲੱਗਭੱਗ ਤਿੰਨ ਦਿਨ ਜਾਰੀ ਰਹੀ, ਵਿਚ ਦਿੱਲੀ ਵਿਚ 2,733 ਸਿੱਖ ਮਾਰੇ ਗਏ। ਕਾਨਪੁਰ, ਬੋਕਾਰੋ, ਜਬਲਪੁਰ ਅਤੇ ਰੁੜਕੇਲਾ ਸਮੇਤ ਕਈ ਹੋਰ ਭਾਰਤੀ ਸ਼ਹਿਰਾਂ ਵਿਚ ਵੀ ਸਿੱਖਾਂ ਉੱਪਰ ਹਮਲੇ ਹੋਏ। ਇਹ ਆਜ਼ਾਦ ਭਾਰਤ ਵਿਚ ਫਿਰਕੂ ਹਿੰਸਾ ਦੇ ਸਭ ਤੋਂ ਖ਼ੂਨੀ ਅਤੇ ਸਭ ਤੋਂ ਬੇਕਿਰਕ ਕਤਲ ਕਾਂਡਾਂ ਵਿਚੋਂ ਇਕ ਹੈ।

ਅਗਲੇ ਦੋ ਦਹਾਕਿਆਂ ਦੌਰਾਨ ਨੌਂ ਜਾਂਚ ਕਮਿਸ਼ਨ ਬਣਾਏ ਗਏ। ਇਨ੍ਹਾਂ ਵਿਚੋਂ ਸੱਤ ਨੇ ਤ੍ਰਾਸਦੀ ਦੇ ਖ਼ਾਸ ਪਹਿਲੂਆਂ ਦੀ ਜਾਂਚ ਕੀਤੀ ਜਿਵੇਂ ਮੌਤ ਦੀ ਗਿਣਤੀ ਜੋ ਆਹੂਜਾ ਕਮੇਟੀ ਦੁਆਰਾ 1987 ਵਿਚ ਅਧਿਕਾਰਤ ਤੌਰ 'ਤੇ ਸਥਾਪਿਤ ਕੀਤੀ ਗਈ ਸੀ। ਦੋ ਪੈਨਲਾਂ- 1985 ਵਿਚ ਗਠਿਤ ਰੰਗਨਾਥ ਮਿਸ਼ਰਾ ਕਮਿਸ਼ਨ ਅਤੇ ਜਸਟਿਸ ਜੀ.ਟੀ. ਨਾਨਾਵਤੀ ਕਮਿਸ਼ਨ ਜਿਸ ਦੀ ਅੰਤਿਮ ਰਿਪੋਰਟ 2005 ਵਿਚ ਪ੍ਰਕਾਸ਼ਿਤ ਕੀਤੀ ਗਈ ਸੀ- ਨੇ ਹਿੰਸਾ ਨੂੰ ਸਮੁੱਚਤਾ 'ਚ ਦੇਖਣਾ ਸੀ।

ਉਨ੍ਹਾਂ ਦੋ ਕਮਿਸ਼ਨਾਂ ਦੀਆਂ ਰਿਪੋਰਟਾਂ ਨੂੰ ਪੜ੍ਹ ਕੇ ਅੱਜ ਵੀ ਹੈਰਾਨੀ ਹੁੰਦੀ ਹੈ। ਹਰ ਇਕ ਨੇ ਬਹੁਤ ਸਾਰੇ ਪੀੜਤਾਂ ਅਤੇ ਗਵਾਹਾਂ ਦੀਆਂ ਗਵਾਹੀਆਂ ਦਰਜ ਕੀਤੀਆਂ ਅਤੇ ਪੁਲਿਸ ਅਧਿਕਾਰੀਆਂ ਸਮੇਤ ਉਨ੍ਹਾਂ ਵਿਚੋਂ ਕੁਝ ਮੁਲਜ਼ਮਾਂ ਦੇ ਬਿਆਨ ਲਏ ਜੋ ਬੁਰੀ ਤਰ੍ਹਾਂ ਪ੍ਰਭਾਵਿਤ ਖੇਤਰਾਂ ਵਿਚ ਡਿਊਟੀ 'ਤੇ ਸਨ। ਫਿਰ ਵੀ ਦਰਜ ਕੀਤੀਆਂ ਗਈਆਂ ਗਵਾਹੀਆਂ ਅਤੇ ਜਿਨ੍ਹਾਂ ਸਿੱਟਿਆਂ 'ਤੇ ਉਹ ਪਹੁੰਚੀਆਂ, ਉਹ ਸਿਰਫ਼ ਪੂਰੀ ਤਰ੍ਹਾਂ ਮੇਲ ਹੀ ਨਹੀਂ ਹਨ- ਕਮਿਸ਼ਨਾਂ ਦੀਆਂ ਆਪਣੀਆਂ ਨਿਰਖਾਂ ਉਨ੍ਹਾਂ ਦੇ ਨਤੀਜਿਆਂ ਦਾ ਖੰਡਨ ਵੀ ਕਰਦੀਆਂ ਹਨ।

ਤੀਹ ਸਾਲਾਂ ਤੋਂ ਲਗਾਤਾਰ ਇਹ ਦਾਅਵਾ ਕੀਤਾ ਜਾਂਦਾ ਰਿਹਾ ਹੈ (ਅੰਸ਼ਕ ਤੌਰ 'ਤੇ ਇਨ੍ਹਾਂ ਖੋਜਾਂ ਦੇ ਆਧਾਰ 'ਤੇ) ਕਿ ਇੰਦਰਾ ਗਾਂਧੀ ਦੀ ਮੌਤ ਤੋਂ ਬਾਅਦ ਹੋਈ ਹਿੰਸਾ ਸੋਗ ਦਾ ਆਪਮੁਹਾਰਾ ਵਹਾਅ ਸੀ ਪਰ ਇਨ੍ਹਾਂ ਕਮਿਸ਼ਨਾਂ ਦੇ ਰਿਕਾਰਡ ਜ਼ਾਹਿਰਾ ਤੌਰ 'ਤੇ ਇਹ ਚੀਜ਼ ਸਥਾਪਿਤ ਕਰਦੇ ਹਨ ਜੋ ਅਜਿਹੇ ਸਿੱਟਿਆਂ ਨੂੰ ਰੱਦ ਕਰਦੀ ਹੈ: 31 ਅਕਤੂਬਰ ਦੀ ਨਿੰਦਣਯੋਗ ਪਰ ਵੱਡੇ ਪੱਧਰ 'ਤੇ ਆਪਮੁਹਾਰੀ ਹਿੰਸਾ ਯੋਜਨਾਬੱਧ ਕਤਲੇਆਮ ਵਿਚ ਬਦਲ ਗਈ ਜੋ 1 ਤੋਂ 3 ਨਵੰਬਰ ਤੱਕ ਜਾਰੀ ਰਿਹਾ।

ਬਹੁਤ ਸਾਲਾਂ ਤੋਂ ਜ਼ਿੰਦਾ ਬਚ ਗਏ ਲੋਕਾਂ, ਗਵਾਹਾਂ ਅਤੇ ਨਿਰੀਖਕਾਂ ਨੇ ਸ਼ੱਕ ਜ਼ਾਹਿਰ ਕੀਤਾ ਹੈ ਕਿ ਹਿੰਸਾ ਕਾਂਗਰਸ ਪਾਰਟੀ ਦੇ ਸਭ ਤੋਂ ਸਿਖ਼ਰਲੇ ਆਗੂਆਂ ਨੇ ਕਰਵਾਈ ਸੀ। ਕੁਝ ਕਾਂਗਰਸੀ ਆਗੂਆਂ, ਖ਼ਾਸ ਤੌਰ 'ਤੇ ਸੱਜਣ ਕੁਮਾਰ ਤੇ ਜਗਦੀਸ਼ ਟਾਈਟਲਰ ਖ਼ਿਲਾਫ਼ ਕੇਸ ਜ਼ਰੂਰ ਦਰਜ ਕਰ ਲਏ ਗਏ ਪਰ ਅਜੇ ਤੱਕ ਕਿਸੇ ਵੀ ਸੀਨੀਅਰ ਸਿਆਸਤਦਾਨ ਜਾਂ ਪੁਲਿਸ ਅਧਿਕਾਰੀ ਨੂੰ ਸਜ਼ਾ ਨਹੀਂ ਦਿੱਤੀ ਗਈ।

ਇਸ ਲੇਖ ਵਿਚ ਜਿਨ੍ਹਾਂ ਸਬੂਤਾਂ ਦੀ ਗੱਲ ਕੀਤੀ ਗਈ ਹੈ, ਉਹ ਦੱਸਦੇ ਹਨ ਕਿ ਹਿੰਸਾ ਦੇ ਆਦੇਸ਼ ਸੰਸਦ ਮੈਂਬਰ ਅਰੁਣ ਨਹਿਰ ਨੇ ਦਿੱਤੇ ਸਨ ਜੋ ਇੰਦਰਾ ਗਾਂਧੀ ਦੇ ਫਰਜ਼ੰਦ ਅਤੇ ਵਾਰਿਸ ਰਾਜੀਵ ਗਾਂਧੀ ਦਾ ਰਿਸ਼ਤੇ 'ਚੋਂ ਭਰਾ ਅਤੇ ਉਸ ਦਾ ਵਿਸ਼ਵਾਸਪਾਤਰ ਸੀ। ਹਾਲਾਂਕਿ ਇਹ ਸਬੂਤ ਅਸਿੱਧੀ ਗਵਾਹੀ ਹਨ, ਮਿਸ਼ਰਾ ਅਤੇ ਨਾਨਾਵਤੀ ਕਮਿਸ਼ਨਾਂ ਦੀਆਂ ਰਿਪੋਰਟਾਂ ਵਿਚ ਮੌਜੂਦ ਬਹੁਤ ਸਾਰੇ ਹਾਲਾਤੀ ਸਬੂਤ ਇਨ੍ਹਾਂ ਨੂੰ ਮਜ਼ਬੂਤੀ ਦਿੰਦੇ ਹਨ। ਇਹ ਸਬੂਤ ਇਹ ਵੀ ਦਰਸਾਉਂਦੇ ਹਨ ਕਿ ਜਿਸ ਸਾਜ਼ਿਸ਼ ਕਾਰਨ ਹਿੰਸਾ ਹੋਈ ਅਤੇ ਕਮਿਸ਼ਨਾਂ ਦੇ ਰਿਕਾਰਡਾਂ ਤੇ ਉਨ੍ਹਾਂ ਦੇ ਸਿੱਟਿਆਂ ਦਰਮਿਆਨ ਕੋਈ ਮੇਲ ਨਾ ਹੋਣਾ, ਤ੍ਰਾਸਦੀ ਦੇ ਦੋ ਵੱਖ-ਵੱਖ ਪਹਿਲੂ ਨਹੀਂ ਹਨ, ਇਕ ਤੋਂ ਬਾਅਦ ਹੀ ਦੂਜੀ ਚੀਜ਼ ਵਾਪਰੀ ਸੀ।



---

ਸਵੇਰੇ 9 ਵਜੇ ਤੋਂ ਕੁਝ ਚਿਰ ਬਾਅਦ ਇੰਦਰਾ ਗਾਂਧੀ 1 ਸਫ਼ਦਰਜੰਗ ਰੋਡ ਸਥਿਤ ਆਪਣੇ ਘਰੋਂ ਨਾਲ ਦੇ ਬੰਗਲੇ 'ਚ ਆਪਣੇ ਦਫ਼ਤਰ ਜਾਣ ਲਈ ਨਿਕਲੀ ਜਿੱਥੇ ਟੈਲੀਵਿਜ਼ਨ ਟੋਲੀ ਨਾਲ ਪੀਟਰ ਉਸਤੀਨੋਵ ਉਸ ਦੀ ਇੰਟਰਵਿਊ ਲਈ ਉਡੀਕ ਕਰ ਰਿਹਾ ਸੀ। ਇਕ ਹੈੱਡ ਕਾਂਸਟੇਬਲ ਦੇ ਹੱਥ 'ਚ ਇੰਦਰਾ ਗਾਂਧੀ ਨੂੰ ਸੂਰਜ ਤੋਂ ਬਚਾਉਣ ਲਈ ਛਤਰੀ ਸੀ। ਇਕ ਹੋਰ ਪੁਲਿਸ ਵਾਲਾ, ਉਸ ਦਾ ਨਿੱਜੀ ਸੇਵਾਦਾਰ ਤੇ ਨਿੱਜੀ ਸਕੱਤਰ, ਆਰ.ਕੇ. ਧਵਨ ਉਸ ਦੇ ਪਿੱਛੇ ਸਨ। ਬੰਗਲੇ ਨੂੰ ਵੱਖ ਕਰਨ ਵਾਲੇ ਗੇਟ ਉੱਪਰ ਦੋ ਸਿੱਖ ਜਵਾਨ ਤਾਇਨਾਤ ਸਨ ਜਿਨ੍ਹਾਂ ਨੇ ਤਾਲਮੇਲ ਕਰ ਕੇ ਉਸੇ ਸ਼ਿਫਟ 'ਤੇ ਡਿਊਟੀ ਲਵਾਈ ਸੀ। ਆਪਣੇ ਸਰਵਿਸ ਰਿਵਾਲਵਰ ਨਾਲ ਲੈਸ ਬੇਅੰਤ ਸਿੰਘ ਨੇ ਇਕ ਹੋਰ ਪੁਲਿਸ ਮੁਲਾਜ਼ਮ ਨਾਲ ਡਿਊਟੀ ਬਦਲ ਲਈ ਸੀ। ਗੇਟ ਦੇ ਲਾਗੇ ਹੀ ਲੈਟਰਿਨ ਹੋਣ ਕਰ ਕੇ ਸੈਮੀ-ਆਟੋਮੈਟਿਕ ਕਾਰਬਾਈਨ ਨਾਲ ਲੈਸ ਸਤਵੰਤ ਸਿੰਘ ਨੇ ਪੇਚਸ ਤੋਂ ਪੀੜਤ ਹੋਣ ਦਾ ਬਹਾਨਾ ਬਣਾ ਕੇ ਆਪਣੀ ਡਿਊਟੀ ਉੱਥੇ ਲਗਵਾ ਲਈ ਸੀ।

ਇਕ ਹਫ਼ਤਾ ਪਹਿਲਾਂ ਹੀ ਇਨ੍ਹਾਂ ਦੋਹਾਂ ਨੇ ਸਿੱਖਾਂ ਦੇ ਇਕ ਸਮਾਗਮ ਵਿਚ ਅੰਮ੍ਰਿਤ ਛਕਿਆ ਸੀ ਜੋ ਆਮ ਤੌਰ 'ਤੇ ਸਭ ਤੋਂ ਸ਼ਰਧਾਵਾਨ ਲੋਕਾਂ ਲਈ ਹੀ ਰਾਖਵਾਂ ਹੁੰਦਾ ਹੈ। ਉਨ੍ਹਾਂ ਦਾ ਇਹ ਜੋਸ਼ ਸਾਕਾ ਨੀਲਾ ਤਾਰਾ ਦਾ ਨਤੀਜਾ ਸੀ। 1984 ਦੇ ਪਹਿਲੇ ਅੱਧ 'ਚ ਸਿੱਖ ਖਾੜਕੂਵਾਦ ਜਿਸ ਨੂੰ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਦਰਮਿਆਨ ਮੁਕਾਬਲੇਬਾਜ਼ੀ ਦੀ ਸਿਆਸਤ ਨੇ ਪਾਲਿਆ-ਪੋਸਿਆ ਸੀ ਅਤੇ ਜਿਸ ਦਾ ਰਾਹ-ਦਰਸਾਵਾ ਜਰਨੈਲ ਸਿੰਘ ਭਿੰਡਰਾਂਵਾਲਾ ਸੀ, ਨੇ ਵਹਿਸ਼ੀ ਮੋੜ ਲੈ ਲਿਆ ਸੀ। ਇੱਕ ਜਨਵਰੀ ਤੋਂ 3 ਜੂਨ ਤੱਕ ਪੰਜਾਬ ਵਿਚ ਤਕਰੀਬਨ ਤਿੰਨ ਸੌ ਲੋਕ (ਸਿੱਖ ਤੇ ਹਿੰਦੂ, ਦੋਵੇਂ) ਮਾਰੇ ਗਏ ਸਨ। ਫਿਰ ਇੰਦਰਾ ਗਾਂਧੀ ਨੇ ਫ਼ੌਜ ਨੂੰ ਭਿੰਡਰਾਂਵਾਲੇ ਅਤੇ ਉਸ ਦੇ ਸਾਥੀਆਂ ਨੂੰ ਅੰਮ੍ਰਿਤਸਰ ਦੇ ਦਰਬਾਰ ਸਾਹਿਬ ਕੰਪਲੈਕਸ ਵਿਚਲੇ ਉਨ੍ਹਾਂ ਦੇ ਗੜ੍ਹ 'ਚੋਂ ਬਾਹਰ ਕੱਢਣ ਲਈ ਸਾਕਾ ਨੀਲਾ ਤਾਰਾ ਸ਼ੁਰੂ ਕਰਨ ਦਾ ਨਿਰਦੇਸ਼ ਦਿੱਤਾ। ਘੱਟੋ-ਘੱਟ ਸੱਤ ਸੌ ਲੋਕ ਮਾਰੇ ਗਏ; ਘਟਾ ਕੇ ਲਾਏ ਅਨੁਮਾਨਾਂ ਅਨੁਸਾਰ ਵੀ 350 ਦੇ ਕਰੀਬ ਆਮ ਨਾਗਰਿਕ ਅਣਚਾਹੇ ਹੀ ਇਸ ਬੇਸਮਝ ਕਾਰਵਾਈ ਦਾ ਨਿਸ਼ਾਨਾ ਬਣ ਗਏ ਸਨ। ਫ਼ੌਜੀ ਹਮਲੇ ਦੇ ਅੰਤ 'ਚ 6 ਜੂਨ ਨੂੰ ਸਿੱਖ ਧਰਮ ਦੇ ਸਭ ਤੋਂ ਮੁਕੱਦਸ ਸਥਾਨਾਂ ਵਿਚੋਂ ਇਕ ਸ੍ਰੀ ਅਕਾਲ ਤਖ਼ਤ ਸਾਹਿਬ ਧੂੰਏਂ 'ਚ ਧੁਖਦਾ ਖੰਡਰ ਬਣ ਗਿਆ। ਭਿੰਡਰਾਂਵਾਲੇ ਦੀ ਨੁਕਤਾਚੀਨੀ ਕਰਨ ਵਾਲੇ ਸਿੱਖ ਵੀ ਫ਼ੌਜੀ ਹਮਲੇ ਦੇ ਸਦਮੇ ਨਾਲ ਗੁੰਮਸੁੰਮ ਸਨ।

ਜਿਓਂ ਹੀ ਇੰਦਰਾ ਗਾਂਧੀ ਗੇਟ ਦੇ ਨੇੜੇ ਪਹੁੰਚੀ, ਬੇਅੰਤ ਸਿੰਘ ਅਤੇ ਸਤਵੰਤ ਸਿੰਘ ਨੇ ਉਸ ਉੱਪਰ ਗੋਲੀਆਂ ਚਲਾ ਦਿੱਤੀਆਂ- ਬੇਅੰਤ ਦੇ ਰਿਵਾਲਵਰ 'ਚੋਂ ਪੰਜ ਅਤੇ ਸਤਵੰਤ ਦੀ ਕਾਰਬਾਈਨ 'ਚੋਂ 25 ਗੋਲੀਆਂ ਚੱਲੀਆਂ। ਉਸ ਦੇ ਜ਼ਮੀਨ 'ਤੇ ਡਿੱਗਦੇ ਸਾਰ ਦੋਹਾਂ ਨੇ ਆਪਣੇ ਹਥਿਆਰ ਸੁੱਟ ਦਿੱਤੇ ਅਤੇ ਉਨ੍ਹਾਂ ਨੂੰ ਹਿਰਾਸਤ ਵਿਚ ਲੈ ਲਿਆ ਗਿਆ। ਗਾਂਧੀ ਨੂੰ ਤੁਰੰਤ ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ਼ (ਏਮਸ) ਲਿਜਾਇਆ ਗਿਆ ਜਿੱਥੇ ਬਾਅਦ ਵਿਚ ਉਸੇ ਦਿਨ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ।

ਦੋਵੇਂ ਹੁਣ ਬੇਹਥਿਆਰ ਸਨ। ਇੰਡੋ-ਤਿੱਬਤ ਬਾਰਡਰ ਪੁਲਿਸ (ਆਈ.ਟੀ.ਬੀ.ਪੀ.) ਦੇ ਜਵਾਨ ਉਨ੍ਹਾਂ ਨੂੰ ਫੜ ਕੇ ਗਾਰਡ ਰੂਮ 'ਚ ਲੈ ਗਏ ਜਿੱਥੇ ਉਨ੍ਹਾਂ ਨੂੰ ਗੋਲੀ ਮਾਰ ਦਿੱਤੀ ਗਈ। ਸਤਵੰਤ ਸਿੰਘ ਬੁਰੀ ਤਰ੍ਹਾਂ ਫੱਟੜ ਹੋ ਗਿਆ, ਬੇਅੰਤ ਮਾਰਿਆ ਗਿਆ (ਸਾਢੇ ਚਾਰ ਸਾਲ ਬਾਅਦ ਸਤਵੰਤ ਨੂੰ ਫਾਂਸੀ ਦੇ ਦਿੱਤੀ ਗਈ)।

ਸ਼ਾਮ 4.30 ਵਜੇ ਤੱਕ ਭਾਰਤ ਦੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਤੁਰੰਤ ਉੱਤਰੀ ਯਮਨ ਦੇ ਸਰਕਾਰੀ ਦੌਰੇ ਤੋਂ ਦਿੱਲੀ ਵਾਪਸ ਆ ਗਏ। ਹਵਾਈ ਅੱਡੇ ਤੋਂ ਉਹ ਕਾਫ਼ਲੇ ਦੇ ਰੂਪ 'ਚ ਸਿੱਧੇ ਏਮਸ ਪਹੁੰਚੇ। ਇਕ ਕਾਰ ਵਿਚ ਉਨ੍ਹਾਂ ਦਾ ਪ੍ਰੈਸ ਸਕੱਤਰ ਤਰਲੋਚਨ ਸਿੰਘ ਸਵਾਰ ਸੀ। ਹਸਪਤਾਲ ਤੋਂ ਇਕ ਕਿਲੋਮੀਟਰ ਦੂਰ ਕਮਲ ਸਿਨੇਮਾ ਚੌਰਾਹੇ ਨੇੜੇ ਤਰਲੋਚਨ ਸਿੰਘ ਨੇ ਵੀਹ ਕੁ ਬੰਦਿਆਂ ਦੀ ਭੀੜ ਦੇਖੀ। ਦਸੰਬਰ 2001 'ਚ ਉਸ ਨੇ ਨਾਨਾਵਤੀ ਕਮਿਸ਼ਨ ਨੂੰ ਦੱਸਿਆ, "ਉਨ੍ਹਾਂ ਕੋਲ ਲਾਠੀਆਂ ਅਤੇ ਬਲਦੀਆਂ ਮਸ਼ਾਲਾਂ ਸਨ।" ਉਸ ਤੋਂ ਅੱਗੇ ਦੀਆਂ ਕਾਰਾਂ ਭੀੜ ਲਾਗਿਓਂ ਸਹੀ-ਸਲਾਮਤ ਲੰਘ ਗਈਆਂ ਪਰ ਉਸ ਦੀ ਗੱਡੀ ਉੱਤੇ ਹਮਲਾ ਹੋ ਗਿਆ। ਉਸ ਮੁਤਾਬਿਕ, "ਉਨ੍ਹਾਂ ਨੇ ਮੇਰੀ ਕਾਰ ਦੇ ਸ਼ੀਸ਼ੇ ਭੰਨ ਦਿੱਤੇ ਅਤੇ ਬਲਦੀਆਂ ਮਸ਼ਾਲਾਂ ਸੁੱਟਣੀਆਂ ਚਾਹੀਆਂ। ਮੇਰੇ ਕਹਿਣ 'ਤੇ ਡਰਾਈਵਰ ਨੇ ਗੱਡੀ ਤੇਜ਼ੀ ਨਾਲ ਭਜਾ ਕੇ ਉੱਥੋਂ ਕੱਢ ਲਈ ਅਤੇ ਇਸ ਤਰ੍ਹਾਂ ਮੈਂ ਆਪਣੀ ਜਾਨ ਬਚਾ ਕਰ ਸਕਿਆ।"

> ***ਰਾਤੋ-ਰਾਤ ਦਿੱਲੀ 'ਚ ਹਿੰਸਾ ਦਾ ਰੂਪ ਬਦਲ ਗਿਆ। ਨਾਨਾਵਤੀ ਕਮਿਸ਼ਨ ਨੇ ਦੇਖਿਆ ਕਿ ਪਹਿਲੀ ਨਵੰਬਰ ਦੀ ਸਵੇਰ ਤੋਂ "ਹਮਲਿਆਂ ਦਾ ਸੁਭਾਅ ਅਤੇ ਤੀਬਰਤਾ ਬਦਲ ਗਈ। ਉਸ ਦਿਨ ਸਵੇਰੇ 10 ਵਜੇ ਤੋਂ ਬਾਅਦ ਭੀੜਾਂ 'ਖ਼ੂਨ ਕਾ ਬਦਲਾ ਖ਼ੂਨ ਸੇ ਲੇਂਗੇ' ਦੇ ਨਾਅਰੇ ਲਾ ਰਹੀਆਂ ਸਨ ਜੋ ਛੇਤੀ ਹੀ ਪੂਰੇ ਸ਼ਹਿਰ ਵਿਚ ਦਨਦਨਾ ਰਹੀਆਂ ਸਨ।***

ਤਰਲੋਚਨ ਸਿੰਘ ਦੇ ਡਰਾਈਵਰ ਨੇ ਰਸਤਾ ਬਦਲਿਆ ਅਤੇ ਗੱਡੀ ਰਾਸ਼ਟਰਪਤੀ ਭਵਨ ਵੱਲ ਲੈ ਗਿਆ। ਉਸ ਦਿਨ ਸ਼ਾਮ ਨੂੰ ਜਦੋਂ ਰਾਸ਼ਟਰਪਤੀ ਵੀ ਉੱਥੇ ਪਹੁੰਚ ਗਿਆ, ਤਰਲੋਚਨ ਸਿੰਘ ਦੇ ਦੱਸਣ ਅਨੁਸਾਰ ਉਸ ਨੂੰ "ਸੁਰੱਖਿਆ ਅਧਿਕਾਰੀ ਨੇ ਦੱਸਿਆ ਸੀ ਕਿ ਏਮਸ ਕੋਲ ਮੁੱਖ ਚੁਰਾਹੇ ਨੇੜੇ ਰਾਸ਼ਟਰਪਤੀ ਦੀ ਕਾਰ ਉੱਤੇ ਵੀ ਹਮਲਾ ਕੀਤਾ ਗਿਆ ਸੀ ਪਰ ਰਾਸ਼ਟਰਪਤੀ ਨਾਲ ਤਾਇਨਾਤ ਪੁਲਿਸ ਫੋਰਸ ਉਸ ਭੀੜ ਨੂੰ ਭਜਾਉਣ ਵਿਚ ਕਾਮਯਾਬ ਰਹੀ ਸੀ।" ਰਾਤ 8 ਵਜੇ ਤੱਕ ਰਾਸ਼ਟਰਪਤੀ ਦੇ ਸਟਾਫ਼ ਨੂੰ "ਸ਼ਹਿਰ ਦੇ ਵੱਖ-ਵੱਖ ਹਿੱਸਿਆਂ 'ਚੋਂ ਸਿੱਖਾਂ ਦੇ ਫੋਨ ਆਉਣੇ ਸ਼ੁਰੂ ਹੋ ਗਏ ਸਨ ਕਿ ਦੰਗੇ ਭੜਕ ਗਏ ਹਨ ਅਤੇ ਸਿੱਖਾਂ 'ਤੇ ਹਮਲੇ ਹੋ ਰਹੇ ਹਨ।" ਉਸ ਨੇ ਅੱਗੇ ਕਿਹਾ, "ਫਿਰ ਅਸੀਂ ਰਾਸ਼ਟਰਪਤੀ ਕੋਲ ਪਹੁੰਚ ਕੀਤੀ ਅਤੇ ਸਾਨੂੰ ਜੋ ਜਾਣਕਾਰੀ ਮਿਲੀ ਸੀ, ਉਹ ਉਸ ਨੂੰ ਦੱਸੀ। ਉਸ ਨੇ ਸਾਨੂੰ ਦੱਸਿਆ ਕਿ ਉਸ ਨੂੰ ਵੀ ਸਿੱਖਾਂ ਉੱਪਰ ਹਮਲਿਆਂ ਸਬੰਧੀ ਦੋ-ਤਿੰਨ ਫੋਨ ਆਏ ਸਨ।"

ਉਸ ਦਿਨ ਦੀ ਹਿੰਸਾ ਬਾਰੇ ਆਪਣੇ ਸੰਖੇਪ ਨੋਟ ਵਿਚ ਨਾਨਾਵਤੀ ਕਮਿਸ਼ਨ ਨੇ ਲਿਖਿਆ ਕਿ "ਦਿੱਲੀ ਵਿਚ ਗੁੱਸਾ ਭੜਕਣ ਦੇ ਨਤੀਜੇ ਵਜੋਂ ਜਨਤਾ ਦੀ ਨਾਰਾਜ਼ਗੀ ਦਾ ਪਹਿਲਾ ਸੰਕੇਤ" ਦੁਪਹਿਰ 2.30 ਵਜੇ ਦੇ ਕਰੀਬ ਆਇਆ, "ਜਦੋਂ ਜਨਤਾ ਨੂੰ ਸ਼ੱਕ ਹੋਇਆ ਕਿ ਜ਼ਖ਼ਮਾਂ ਦੀ ਤਾਬ ਨਾ ਝੱਲਦੇ ਹੋਏ ਇੰਦਰਾ ਗਾਂਧੀ ਦਮ ਤੋੜ ਗਈ ਹੈ ਅਤੇ ਰਾਹਗੀਰ ਸਿੱਖਾਂ 'ਤੇ ਹਮਲੇ ਕਰਨੇ ਸ਼ੁਰੂ ਕਰ ਦਿੱਤੇ।" ਸ਼ਾਮ 5 ਵਜੇ ਦੇ ਕਰੀਬ ਹੋਰ ਹਿੰਸਾ ਨੋਟ ਕੀਤੀ ਗਈ, "ਏਮਸ ਵਿਚ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਦੇ ਕਾਫ਼ਲੇ ਦੀਆਂ ਕਾਰਾਂ 'ਤੇ ਪਥਰਾਉ ਕੀਤਾ ਗਿਆ।" ਸ਼ਾਮ ਦੇ 6 ਵਜੇ ਆਲ ਇੰਡੀਆ ਰੇਡੀਓ 'ਤੇ ਗਾਂਧੀ ਦੀ ਮੌਤ ਦਾ ਐਲਾਨ ਕੀਤਾ ਗਿਆ। ਇਸ ਤੋਂ ਤੁਰੰਤ ਬਾਅਦ ਰਾਜੀਵ ਗਾਂਧੀ ਨੇ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕੀ।

ਨਾਨਾਵਤੀ ਕਮਿਸ਼ਨ ਲਿਖਦਾ ਹੈ, ਲੱਗਭੱਗ ਉਦੋਂ ਹੀ, "ਦਿੱਲੀ ਦੇ ਕਈ ਹਿੱਸਿਆਂ ਵਿਚ ਭੀੜਾਂ ਜੁੜ ਗਈਆਂ ਸਨ ਅਤੇ ਹਿੰਸਕ ਹੋ ਗਈਆਂ ਸਨ।"

ਸਿੱਖਾਂ ਦੀ ਕੁੱਟ-ਮਾਰ ਕੀਤੀ ਗਈ ਅਤੇ ਉਨ੍ਹਾਂ ਦੇ ਵਾਹਨ ਸਾੜ ਦਿੱਤੇ ਗਏ। ਉਦੋਂ ਤੱਕ ਇਹ ਹਮਲੇ ਉਨ੍ਹਾਂ ਵਿਅਕਤੀਆਂ ਵੱਲੋਂ ਕੀਤੇ ਗਏ ਸਨ ਜੋ ਇਹ ਜਾਣਨ ਲਈ ਸੜਕਾਂ 'ਤੇ ਇਕੱਠੇ ਹੋਏ ਸਨ ਕਿ ਕੀ ਹੋਇਆ ਅਤੇ ਕੀ ਹੋ ਰਿਹਾ ਹੈ। ਉਹ ਟੁੱਟਵੀਆਂ ਘਟਨਾਵਾਂ ਸਨ ਅਤੇ ਹਮਲੇ ਬਿਲਕੁਲ ਵੀ ਜਥੇਬੰਦ ਨਹੀਂ ਸਨ। ਉਦੋਂ ਤੱਕ ਭੀੜ ਹਥਿਆਰਾਂ ਜਾਂ ਜਲਣਸ਼ੀਲ ਸਮੱਗਰੀ ਨਾਲ ਲੈਸ ਨਹੀਂ ਸੀ। ਜੋ ਕੁਝ ਵੀ ਹੱਥ ਲੱਗਿਆ, ਉਨ੍ਹਾਂ ਨੇ ਸਿੱਖਾਂ ਦੀ ਕੁੱਟ-ਮਾਰ ਕੀਤੀ ਅਤੇ ਉਨ੍ਹਾਂ ਦੇ ਵਾਹਨ ਸਾੜ ਦਿੱਤੇ। ਸਿੱਖਾਂ ਦੇ ਘਰਾਂ ਜਾਂ ਦੁਕਾਨਾਂ ਨੂੰ ਨੁਕਸਾਨ ਪਹੁੰਚਾਉਣ ਦੀਆਂ ਟੁੱਟਵੀਆਂ ਘਟਨਾਵਾਂ ਵਾਪਰੀਆਂ।

ਇਸ ਪੜਾਅ 'ਤੇ ਇਹ ਸਪਸ਼ਟ ਸੀ ਕਿ ਸਿੱਖਾਂ ਨੂੰ ਸਮੂਹਿਕ ਤੌਰ 'ਤੇ ਨਿਸ਼ਾਨਾ ਬਣਾਇਆ ਜਾ ਰਿਹਾ ਸੀ, ਤੇ ਦਿੱਲੀ ਪ੍ਰਸ਼ਾਸਨ ਜਿਸ ਦੀ ਅਗਵਾਈ ਲੈਫਟੀਨੈਂਟ ਗਵਰਨਰ ਪੀ.ਜੀ. ਗਵਈ ਕਰ ਰਿਹਾ ਸੀ, ਵੱਲੋਂ ਹਿੰਸਾ ਰੋਕਣ ਲਈ ਵਾਧੂ ਫੋਰਸ ਤਾਇਨਾਤ ਕਰਨਾ ਜਾਇਜ਼ ਹੋਣਾ ਸੀ। ਰਾਜਧਾਨੀ ਦੇ ਅੰਦਰ ਅਤੇ ਨੇੜੇ ਫ਼ੌਜ ਦਾ ਇਕ ਪੈਦਲ ਬ੍ਰਿਗੇਡ ਅਤੇ ਇਕ ਤੋਪਖਾਨਾ ਬ੍ਰਿਗੇਡ ਉਚੇਚੇ ਤੌਰ 'ਤੇ ਰੱਖਿਆ ਜਾਂਦਾ ਸੀ; ਇਹ ਰਾਜਪੂਤਾਨਾ ਰਾਈਫਲਜ਼ ਦੇ ਰੈਜੀਮੈਂਟਲ ਸਿਖਲਾਈ ਕੇਂਦਰ ਵਿਚ ਮੌਜੂਦ ਸੀਮਤ ਫੋਰਸ ਨੂੰ ਵੀ ਬੁਲਾ ਸਕਦਾ ਸੀ। ਤਤਕਾਲੀ ਫ਼ੌਜ ਮੁਖੀ ਜਨਰਲ ਏ.ਐੱਸ. ਵੈਦਿਆ ਨੇ ਬਾਅਦ ਵਿਚ ਮਿਸ਼ਰਾ ਕਮਿਸ਼ਨ ਨੂੰ ਦੱਸਿਆ ਕਿ 31 ਅਕਤੂਬਰ ਨੂੰ ਸਵੇਰੇ 10.30 ਵਜੇ ਸੋਲਾਂ ਸੌ ਸੈਨਿਕਾਂ ਦੀ ਇਕ ਵਾਧੂ ਬ੍ਰਿਗੇਡ ਨੂੰ ਮੇਰਠ ਤੋਂ ਦਿੱਲੀ ਜਾਣ ਦਾ ਹੁਕਮ ਦਿੱਤਾ ਗਿਆ ਸੀ ਅਤੇ ਇਹ ਅੱਧੀ ਰਾਤ ਤੋਂ ਪਹਿਲਾਂ ਹੀ ਰਾਜਧਾਨੀ ਪਹੁੰਚ ਗਈ ਸੀ। ਦਿੱਲੀ ਖੇਤਰ ਦੇ ਕਮਾਂਡਿੰਗ ਅਫ਼ਸਰ ਮੇਜਰ ਜਨਰਲ ਜੇ.ਐੱਸ. ਜਮਵਾਲ ਨੇ ਕਮਿਸ਼ਨ ਨੂੰ ਦੱਸਿਆ ਕਿ ਹਾਸਲ ਫ਼ੌਜੀਆਂ ਦੀ ਕੁਲ ਗਿਣਤੀ 6,100 ਸੀ। ਉਸ ਨੇ ਕਿਹਾ ਕਿ ਅੱਧੇ ਤੋਂ ਘੱਟ 'ਫੀਲਡ ਡਿਊਟੀ ਲਈ ਉਪਲਬਧ' ਸਨ; ਬਾਕੀ 3,100 ਜਾਂ ਤਾਂ 'ਤੀਨਮੂਰਤੀ ਭਵਨ, ਜਿੱਥੇ ਮਰਹੂਮ ਪ੍ਰਧਾਨ ਮੰਤਰੀ ਦੀ ਦੇਹ ਰੱਖੀ ਹੋਈ ਸੀ, ਵਿਖੇ ਨਕਲੋ-ਹਰਕਤ ਨੂੰ ਕੰਟਰੋਲ ਕਰਨ ਲਈ ਵਰਤੇ ਗਏ ਸਨ' ਜਾਂ ਇੱਥੋਂ ਲੈ ਕੇ ਸ਼ਕਤੀ ਸਥਲ ਦੇ ਰਸਤੇ ਵਿਚ ਤਾਇਨਾਤ ਸਨ ਜਿੱਥੇ ਇੰਦਰਾ ਗਾਂਧੀ ਦਾ ਸਸਕਾਰ ਕੀਤਾ ਜਾਣਾ ਸੀ। ਵੈਦਿਆ ਨੇ ਕਿਹਾ ਕਿ ਉਸ ਨੇ ਜਮਵਾਲ ਨੂੰ ਦਿੱਲੀ ਪ੍ਰਸ਼ਾਸਨ ਵੱਲੋਂ ਮੰਗ ਕੀਤੇ ਜਾਣ 'ਤੇ ਤੁਰੰਤ ਫ਼ੌਜੀ ਸਹਾਇਤਾ ਦੇਣ ਲਈ ਆਪਣੀ ਸਹਿਮਤੀ ਦੇ ਦਿੱਤੀ ਸੀ।

ਪਰ ਕਿਸੇ ਨੇ ਮੰਗ ਨਹੀਂ ਕੀਤੀ। ਦਿੱਲੀ ਪੁਲਿਸ ਦੇ ਕਮਿਸ਼ਨਰ ਸੁਭਾਸ਼ ਟੰਡਨ ਨੇ ਮਿਸ਼ਰਾ ਕਮਿਸ਼ਨ ਨੂੰ ਦੱਸਿਆ ਕਿ ਦਿੱਲੀ ਵਿਚ ਲੋੜੀਂਦੀ ਫ਼ੌਜੀ ਨਫ਼ਰੀ ਨਹੀਂ ਸੀ ਪਰ ਇਹ ਸਾਫ਼ ਤੌਰ 'ਤੇ ਗ਼ਲਤ ਸੀ; ਕਮਿਸ਼ਨ ਨੇ ਖ਼ੁਦ ਦੇਖਿਆ ਕਿ ਉਸ ਦਾ ਦਾਅਵਾ ਪੂਰੀ ਤਰ੍ਹਾਂ 'ਨਿਰਅਧਾਰ' ਸੀ। ਜੇ ਪਹਿਲੀ ਨਵੰਬਰ 1984 ਦੀ ਸਵੇਰ ਨੂੰ ਫ਼ੌਜ ਸੱਦ ਲਈ ਗਈ ਹੁੰਦੀ, ਕਮਿਸ਼ਨ ਨੇ ਸਿੱਟਾ ਕੱਢਿਆ ਕਿ ਫਿਰ "ਕਾਲਮਾਂ ਵਿਚ ਵੰਡੇ ਸਹੀ ਤਰੀਕੇ ਨਾਲ ਹਥਿਆਰਾਂ ਨਾਲ ਲੈਸ ਹੋ ਕੇ 5,000 ਫ਼ੌਜੀ ਜਵਾਨ ਸੜਕਾਂ ਉੱਪਰ ਗਸ਼ਤ ਕਰ ਰਹੇ ਹੋਣੇ ਸਨ ਅਤੇ ਘੱਟੋ-ਘੱਟ 2,000 ਲੋਕਾਂ ਦੀ ਮੌਤ ਨਹੀਂ ਹੋਣੀ ਸੀ।" ਦੂਜੇ ਸ਼ਬਦਾਂ ਵਿਚ ਘੱਟੋ-ਘੱਟ ਦੋ ਹਜ਼ਾਰ ਜਾਨਾਂ ਇਸ ਕਰ ਕੇ ਗਈਆਂ ਕਿਉਂਕਿ ਦਿੱਲੀ ਪ੍ਰਸ਼ਾਸਨ ਨੇ ਫ਼ੌਜ ਨੂੰ ਤਾਇਨਾਤ ਨਾ ਕਰਨ ਦੀ ਚੋਣ ਕੀਤੀ।

ਰਾਤੋ-ਰਾਤ ਦਿੱਲੀ 'ਚ ਹਿੰਸਾ ਦਾ ਰੂਪ ਬਦਲ ਗਿਆ। ਨਾਨਾਵਤੀ ਕਮਿਸ਼ਨ ਨੇ ਦੇਖਿਆ ਕਿ ਪਹਿਲੀ ਨਵੰਬਰ ਦੀ ਸਵੇਰ ਤੋਂ "ਹਮਲਿਆਂ ਦਾ ਸੁਭਾਅ ਅਤੇ ਤੀਬਰਤਾ ਬਦਲ ਗਈ। ਉਸ ਦਿਨ ਸਵੇਰੇ 10 ਵਜੇ ਤੋਂ ਬਾਅਦ ਭੀੜਾਂ 'ਖ਼ੂਨ ਕਾ ਬਦਲਾ ਖ਼ੂਨ ਸੇ ਲੇਂਗੇ' ਦੇ ਨਾਅਰੇ ਲਾ ਰਹੀਆਂ ਸਨ ਜੋ ਛੇਤੀ ਹੀ ਪੂਰੇ ਸ਼ਹਿਰ ਵਿਚ ਦਨਦਨਾ ਰਹੀਆਂ ਸਨ। "ਅਫਵਾਹਾਂ ਫੈਲਾਈਆਂ ਗਈਆਂ ਸਨ ਜੋ ਲੋਕਾਂ ਨੂੰ ਸਿੱਖਾਂ ਵਿਰੁੱਧ ਭੜਕਾਉਣ ਅਤੇ ਉਨ੍ਹਾਂ ਨੂੰ ਬਦਲਾ ਲੈਣ ਲਈ ਉਕਸਾਉਣ ਲਈ ਕਾਰਗਰ ਸਾਬਤ ਹੋਈਆਂ।" ਇਨ੍ਹਾਂ ਅਫਵਾਹਾਂ ਵਿਚੋਂ ਇਕ ਇਹ ਸੀ ਕਿ ਸਿੱਖਾਂ ਨੇ ਦਿੱਲੀ ਦੇ ਪੀਣ ਵਾਲੇ ਪਾਣੀ ਵਿਚ ਜ਼ਹਿਰ ਘੋਲ ਦਿੱਤਾ ਸੀ, ਦੂਜੀ ਇਹ ਸੀ ਕਿ ਪੰਜਾਬ ਤੋਂ ਆਉਣ ਵਾਲੀ ਹਰ ਰੇਲ ਗੱਡੀ ਦਰਜਨਾਂ ਗ਼ੈਰ-ਸਿੱਖਾਂ ਦੀਆਂ ਲਾਸ਼ਾਂ ਨਾਲ ਭਰੀ ਹੋਈ ਸੀ। ਮਿਸ਼ਰਾ ਕਮਿਸ਼ਨ ਨੇ ਨੋਟ ਕੀਤਾ, "ਇਹ ਪੂਰੀ ਤਰ੍ਹਾਂ ਝੂਠ ਸੀ ਪਰ ਇਸ ਦਾ ਮਨਸ਼ਾ ਜ਼ਰੂਰੀ ਦਹਿਸ਼ਤ ਪਾਉਣਾ ਅਤੇ ਭੀੜਾਂ ਦਾ ਰੂਪ ਧਾਰ ਰਹੇ ਲੋਕਾਂ ਨੂੰ ਸਿੱਖਾਂ ਦੇ ਵਿਰੁੱਧ ਪ੍ਰਤੀਕਰਮ ਲਈ ਭੜਾਉਣਾ ਸੀ।"

ਭੀੜ ਪੂਰੀ ਤਰ੍ਹਾਂ ਜਥੇਬੰਦ ਸੀ। ਨਾਨਾਵਤੀ ਕਮਿਸ਼ਨ ਦੁਆਰਾ ਸਵੀਕਾਰ ਕੀਤੇ ਗਏ ਸਬੂਤਾਂ ਅਨੁਸਾਰ, "ਕੁਝ ਥਾਵਾਂ 'ਤੇ ਹਿੰਸਕ ਹਮਲਿਆਂ ਵਿਚ ਜੁਟੀ ਭੀੜ ਡੀ.ਟੀ.ਸੀ. ਦੀਆਂ ਬੱਸਾਂ 'ਚ"

**(ਬਾਕੀ ਅਗਲੇ ਸਫੇ 'ਤੇ)**

# ਚੋਣਾਂ ਦੌਰਾਨ ਭੀੜਾਂ ਦੀ ਸਿਆਸਤ



ਡਾ. ਸ ਸ ਛੀਨਾ

ਸਫਲ ਲੋਕਤੰਤਰ ਦੀਆਂ ਦੋ ਮੁੱਢਲੀਆਂ ਸ਼ਰਤਾਂ ਜ਼ਰੂਰੀ ਹਨ: ਵਿੱਦਿਆ ਤੇ ਖੁਸ਼ਹਾਲੀ। ਇਨ੍ਹਾਂ ਦੋਵਾਂ ਵਿਚੋਂ ਕਿਸੇ ਦੀ ਕਮੀ ਉਹ ਉਦੇਸ਼ ਪ੍ਰਾਪਤ ਕਰਨ ਵਿਚ ਅੜਿੱਕੇ ਬਣਦੀ ਹੈ ਜਿਨ੍ਹਾਂ ਲਈ ਲੋਕਤੰਤਰ ਚਲਾਉਣ ਵਾਲੀਆਂ ਦੀ ਚੋਣ ਕੀਤੀ ਗਈ ਹੈ। ਲੋਕਤੰਤਰ ਸਭ ਤੋਂ ਪਹਿਲਾਂ ਯੂਨਾਨ ਵਿਚ ਬਹੁਤ ਛੋਟੇ ਛੋਟੇ ਰਾਜਾਂ ਵਿਚ ਹੋਇਆ ਸੀ। ਆਧੁਨਿਕ ਯੁੱਗ ਵਿਚ ਕੋਈ 13ਵੀਂ ਸਦੀ ਤੋਂ ਹੀ ਇੰਗਲੈਂਡ ਨੇ ਲੋਕਤੰਤਰ ਅਪਣਾਇਆ ਭਾਵੇਂ ਅਜੇ ਵੀ ਉਥੇ ਬਾਦਸ਼ਾਹ ਦੀ ਹਕੂਮਤ ਕਹੀ ਜਾਂਦੀ ਹੈ ਪਰ ਬਾਦਸ਼ਾਹ ਕੋਲ ਕੋਈ ਸ਼ਕਤੀਆਂ ਨਹੀਂ, ਸ਼ਕਤੀਆਂ ਚੁਣੀ ਹੋਈ ਸਰਕਾਰ ਕੋਲ ਹਨ।

ਇੰਗਲੈਂਡ ਦਾ ਸੰਵਿਧਾਨ ਬਹੁਤ ਹੀ ਘੱਟ ਲਿਖਤ ਵਿਚ ਹੈ, ਜ਼ਿਆਦਾ ਕੰਮ ਰਵਾਇਤਾਂ 'ਤੇ ਹੀ ਨਿਰਭਰ ਹਨ ਤੇ ਰਵਾਇਤੀ ਲਿਖਤੀ ਸੰਵਿਧਾਨ ਤੋਂ ਵੀ ਜ਼ਿਆਦਾ ਮਜ਼ਬੂਤ ਇਸ ਕਰ ਕੇ ਹਨ ਕਿਉਂ ਜੋ ਉੱਥੇ ਲੋਕਤੰਤਰ ਦੀਆਂ ਦੋਵੇਂ ਸ਼ਰਤਾਂ ਵਿੱਦਿਆ ਅਤੇ ਖੁਸ਼ਹਾਲੀ ਹਨ। ਇਸ ਦੇ ਬਿਲਕੁਲ ਉਲਟ, ਏਸ਼ੀਆ ਤੇ ਅਫਰੀਕਾ ਦੇ ਕੁਝ ਦੇਸ਼ਾਂ ਵਿਚ ਵਿੱਦਿਆ ਅਤੇ ਖੁਸ਼ਹਾਲੀ ਦੀ ਕਮੀ ਕਰ ਕੇ ਲਿਖਤੀ ਸੰਵਿਧਾਨ ਵੀ ਉਹ ਟੀਚੇ ਪ੍ਰਾਪਤ ਨਹੀਂ ਕਰ ਸਕਿਆ ਜਿਨ੍ਹਾਂ ਵਿਚ ਜ਼ਿਆਦਾ ਜ਼ੋਰ ਭਾਸ਼ਣਾਂ ਅਤੇ ਭੀੜ ਇਕੱਠੀ ਕਰ ਕੇ ਵੱਖ ਵੱਖ ਵਾਅਦਿਆਂ 'ਤੇ ਜ਼ੋਰ ਦਿੱਤਾ ਜਾਂਦਾ ਹੈ। ਭਾਰਤ ਵਿਚ ਅਜੇ ਵੀ ਸਾਖਰਤਾ ਦਰ 74 ਫ਼ੀਸਦੀ ਹੈ ਜਿਸ ਦਾ ਅਰਥ ਹੈ ਕਿ 100 ਵਿਚੋਂ 26 ਲੋਕ ਅਨਪੜ੍ਹ ਹਨ। ਪੜ੍ਹੇ-ਲਿਖੇ ਦੀ ਪਰਿਭਾਸ਼ਾ ਵੀ ਇਹ ਦਿੱਤੀ ਜਾਂਦੀ ਹੈ- 8ਵੀਂ ਪਾਸ ਨੂੰ ਪੜ੍ਹੇ-ਲਿਖਿਆਂ ਵਿਚ ਗਿਣ ਲਿਆ ਜਾਂਦਾ ਹੈ ਹਾਲਾਂਕਿ ਇੰਨੀ ਘੱਟ ਸਕੂਲੀ ਵਿੱਦਿਆ ਨਾਲ ਉਹ ਰਾਜਨੀਤਕ ਸੂਝ-ਬੂਝ ਨਹੀਂ ਬਣ ਸਕਦੀ ਜਿਹੜੀ ਵੱਖ ਵੱਖ ਰਾਜਨੀਤਕ ਪਾਰਟੀਆਂ ਦੇ ਸਿਧਾਂਤਾਂ, ਉਨ੍ਹਾਂ ਦੇ ਉਦੇਸ਼ਾਂ ਅਤੇ ਕੇਡਰ 'ਤੇ ਆਧਾਰਤਿ ਸੰਗਠਨ ਨੂੰ ਠੀਕ ਤਰ੍ਹਾਂ ਸਮਝ ਸਕਣ।

ਪਾਰਟੀ ਨੇਤਾ ਭੀੜ ਇਕੱਠੀ ਕਰ ਕੇ ਭਾਸ਼ਣ ਦਿੰਦੇ ਹਨ ਜਿਸ ਵਿਚ ਉਨ੍ਹਾਂ ਵੱਲੋਂ ਆਉਣ ਵਾਲੇ ਸਮੇਂ ਵਿਚ ਉਨ੍ਹਾਂ ਲੋਕਾਂ ਦੀ ਰਾਹਤ ਲਈ ਕੀ ਕਰਨਾ ਹੈ, ਬਾਰੇ ਵਿਸਥਾਰ ਨਾਲ ਸਮਝਾਇਆ ਜਾਂਦਾ ਹੈ। ਭਾਰਤ ਦੀ ਰਾਜਨੀਤੀ ਜ਼ਿਆਦਾਤਰ ਭੀੜ ਇਕੱਠੀ ਕਰਨ ਦੀ ਸਿਆਸਤ 'ਤੇ ਆਧਾਰਿਤ ਹੈ। ਜਿਹੜਾ ਨੇਤਾ ਜ਼ਿਆਦਾ ਲੋਕ ਇਕੱਠੇ ਕਰ ਸਕਦਾ ਹੈ, ਉਸ ਨੂੰ ਸਫਲ ਮੰਨਿਆ ਜਾਂਦਾ ਹੈ। ਇਹੋ ਵਜ੍ਹਾ ਹੈ ਕਿ ਭਾਰਤ ਵਿਚ ਫਿਲਮ ਐਕਟਰਾਂ ਨੂੰ ਵੀ ਕਈ ਪਾਰਟੀਆਂ ਸਿਰਫ਼ ਇਸ ਉਦੇਸ਼ ਨਾਲ ਚੋਣਾਂ ਵਿਚ ਖੜ੍ਹੇ ਕਰਦੀਆਂ ਹਨ ਕਿ ਉਹ ਵੱਧ ਤੋਂ ਵੱਧ ਭੀੜ ਇਕੱਠੀ ਕਰ ਸਕਦੇ ਹਨ ਅਤੇ ਜਿੱਤ ਕੇ ਉਸ ਪਾਰਟੀ ਦੇ ਮੈਂਬਰਾਂ ਦੀ ਗਿਣਤੀ ਵਿਚ ਵਾਧਾ ਵੀ ਕਰ ਸਕਦੇ ਹਨ। ਭਾਰਤੀ ਚੋਣਾਂ ਦੇ ਇਤਿਹਾਸ ਵਿਚ ਇਹ ਗੱਲ ਦੇਖੀ ਗਈ ਹੈ ਕਿ ਸਾਰੀ ਉਮਰ ਸੰਘਰਸ਼ ਕਰਨ ਵਾਲੇ ਨੇਤਾ ਫਿਲਮੀ ਐਕਟਰਾਂ ਕੋਲੋਂ ਚੋਣ ਹਾਰ ਜਾਂਦੇ ਹਨ, ਭਾਵੇਂ ਬਾਅਦ ਵਿਚ ਫਿਲਮੀ ਐਕਟਰ ਆਪਣੇ ਚੋਣ ਹਲਕੇ ਜਾਂ ਪਾਰਲੀਮੈਂਟ ਵਿਚ ਉਨ੍ਹਾਂ ਲੋਕਾਂ ਦੀਆਂ ਲੋੜਾਂ ਲਈ ਕੋਈ ਵੱਡਾ ਯੋਗਦਾਨ ਵੀ ਨਹੀਂ ਪਾਉਂਦੇ।



1947 ਤੋਂ ਪਹਿਲਾਂ ਭਾਰਤ ਵਿਚ ਕਾਂਗਰਸ, ਮੁਸਲਿਮ ਲੀਗ ਅਤੇ ਕਮਿਊਨਿਸਟ ਪਾਰਟੀਆਂ ਹੀ ਮੁੱਖ ਪਾਰਟੀਆਂ ਸਨ। ਕਮਿਊਨਿਸਟ ਪਾਰਟੀ ਲੰਮਾ ਸਮਾਂ ਵਿਰੋਧੀ ਪਾਰਟੀ ਵਜੋਂ ਪਾਰਲੀਮੈਂਟ ਵਿਚ ਰਹੀ। ਕਮਿਊਨਿਸਟ ਪਾਰਟੀ ਜਾਂ ਦੂਸਰੀਆਂ ਪਾਰਟੀਆਂ ਕਿਸੇ ਸਿਧਾਂਤ 'ਤੇ ਆਧਾਰਤਿ ਸਨ ਭਾਵੇਂ ਕਮਿਊਨਿਸਟ ਪਾਰਟੀ ਦੇ ਆਗੂ ਵੀ ਲੋਕ ਇਕੱਠੇ ਕਰਨ ਲਈ ਪਿੰਡਾਂ ਵਿਚ ਡਰਾਮੇ ਅਤੇ ਸਭਿਆਚਾਰਕ ਪ੍ਰੋਗਰਾਮ ਕਰਦੇ ਰਹੇ ਪਰ ਉਹ ਪਾਰਟੀ ਆਪਣੇ ਸਿਧਾਂਤ ਤੋਂ ਕਦੀ ਵੱਖ ਨਹੀਂ ਹੋਈ; ਹੋਰ ਪਾਰਟੀਆਂ ਦੇ ਨੇਤਾ ਲੋੜ ਅਨੁਸਾਰ ਆਪਣੇ ਸਿਧਾਂਤ ਤੋਂ ਲਾਂਭੇ ਵੀ ਹੋ ਜਾਂਦੇ ਰਹੇ। ਹੁਣ ਹਾਲ ਇਹ ਹੈ ਕਿ ਜਿਹੜਾ ਵਿਰੋਧੀ ਪਾਰਟੀ ਦਾ ਮੁੱਖ ਨੇਤਾ ਹੁੰਦਾ ਹੈ, ਉਹ ਕੱਲ੍ਹ ਨੂੰ ਦੂਜੀ ਪਾਰਟੀ ਵਿਚ ਜਾ ਕੇ ਫਿਰ ਨੇਤਾ ਬਣ ਜਾਂਦਾ ਹੈ ਤੇ ਜਿਹੜੇ ਸਿਧਾਂਤ ਦੀ ਉਹ ਲਗਾਤਾਰ ਸਿਫ਼ਤ ਕਰਦਾ ਰਿਹਾ ਸੀ, ਉਸੇ ਦੀ ਆਲੋਚਨਾ ਕਰ ਕੇ ਉਸ ਪਾਰਟੀ ਦੇ ਸਿਧਾਂਤ ਦੀ ਸਿਫ਼ਤ ਸ਼ੁਰੂ ਕਰ ਦਿੰਦਾ ਹੈ ਜਿਸ ਦਾ ਉਹ ਵਿਰੋਧੀ ਰਿਹਾ ਸੀ।

ਵੱਡੇ ਲੀਡਰ ਦੇ ਕਿਸੇ ਸਮਾਗਮ ਵਿਚ ਆਉਣ ਤੋਂ ਪਹਿਲਾਂ ਸਿਰਫ਼ ਉਸ ਤਰੀਕ ਦਾ ਐਲਾਨ ਹੀ ਨਹੀਂ ਕੀਤਾ ਜਾਂਦਾ, ਬਾਕੀ ਲੀਡਰਾਂ ਦੀ ਡਿਊਟੀ ਲੋਕ ਇਕੱਠੇ ਕਰਨ ਦੀ ਵੀ ਲਾਈ ਜਾਂਦੀ ਹੈ। ਵੱਡਾ ਲੀਡਰ ਅਗਾਂਹ ਛੋਟੇ ਲੀਡਰਾਂ ਅਤੇ ਫਿਰ ਪਿੰਡ ਦੇ ਨੇਤਾ ਤਕ ਇਸ ਭੀੜ ਲਈ ਵੱਖ ਵੱਖ ਛੋਟੇ ਨੇਤਾਵਾਂ ਦੇ ਜ਼ਿੰਮੇ ਕੋਟਾ ਲਾਉਂਦਾ ਹੈ। ਇਸ ਗੱਲ ਨੂੰ ਕੋਈ ਝੁਠਲਾ ਨਹੀਂ ਸਕਦਾ ਕਿ ਜਿਹੜੇ ਲੋਕ ਇਕ ਦਿਨ ਕਿਸੇ ਇਕ ਪਾਰਟੀ ਦੀ ਰੈਲੀ ਵਿਚ ਗਏ ਸਨ, ਉਹੀ ਫਿਰ ਦੂਜੀ ਪਾਰਟੀ ਦੀ ਰੈਲੀ ਵਿਚ ਅਤੇ ਫਿਰ ਉਹੋ ਹੀ ਤੀਜੀ ਤੇ ਹੋਰ ਪਾਰਟੀਆਂ ਵਿਚ ਜਾਂਦੇ ਹਨ। ਪਿੰਡਾਂ ਦੇ ਛੋਟੇ ਨੇਤਾਵਾਂ ਨੂੰ ਪਤਾ ਹੈ ਕਿ ਉਸ ਨੇ ਕਿਹੜੇ ਬੰਦੇ ਲਿਜਾਣੇ ਹਨ, ਉਨ੍ਹਾਂ ਦੇ ਆਉਣ ਜਾਣ ਅਤੇ ਉਨ੍ਹਾਂ ਲਈ ਉਸ ਦਿਨ ਦਾ ਖਰਚ ਵੀ ਉਸ ਨੇਤਾ ਨੂੰ ਹੀ ਕਰਨਾ ਪੈਂਦਾ ਹੈ ਜਿਸ ਦੇ ਮਨ ਵਿਚ ਵੱਡੇ ਲੀਡਰ ਤੋਂ ਕਈ ਤਰ੍ਹਾਂ ਦੀਆਂ ਉਮੀਦਾਂ ਹੁੰਦੀਆਂ ਹਨ।

ਦੁਨੀਆ ਦੇ ਵਿਕਸਤ ਦੇਸ਼ਾਂ ਜਿਵੇਂ ਇੰਗਲੈਂਡ, ਅਮਰੀਕਾ, ਆਸਟਰੇਲੀਆ, ਕੈਨੇਡਾ ਆਦਿ ਵਿਚ ਅਜਿਹੇ ਜਲਸੇ-ਜਲੂਸ ਅਤੇ ਰੈਲੀਆਂ ਕਦੀ ਨਜ਼ਰ ਨਹੀਂ ਆਉਂਦੀਆਂ ਜਿਸ ਦੇ ਕਾਰਨ ਫਿਰ ਉਹੋ ਹਨ ਕਿ ਉੱਥੇ ਵਿੱਦਿਆ ਅਤੇ ਖੁਸ਼ਹਾਲੀ ਹੈ। ਲੋਕਾਂ ਨੂੰ ਰੈਲੀ ਵਿਚ ਜਾ ਕੇ ਇਕ ਤਾਂ ਸਮਝਣ ਦੀ ਲੋੜ ਨਹੀਂ, ਉਹ ਹਰ ਪਾਰਟੀ ਦੇ ਸਿਧਾਂਤ ਨੂੰ ਸਮਝਦੇ ਹਨ; ਫਿਰ ਉਨ੍ਹਾਂ ਕੋਲ ਸਮਾਂ ਵੀ ਨਹੀਂ। ਇਹ ਵੱਖਰੀ ਗੱਲ ਹੈ ਕਿ ਭਾਰਤ ਦੀਆਂ ਰੈਲੀਆਂ ਵਿਚ ਵੀ ਜ਼ਿਆਦਾਤਰ ਲੋਕ ਕਿਸੇ ਗੱਲ ਨੂੰ ਸਮਝਣ ਲਈ ਤਾਂ ਨਹੀਂ ਜਾਂਦੇ ਪਰ ਉਨ੍ਹਾਂ ਕੋਲ ਸਮਾਂ ਹੈ ਕਿਉਂ ਜੋ ਉਹ ਬੇਰੁਜ਼ਗਾਰ ਹਨ। ਜਿਸ ਰੈਲੀ ਵਿਚ ਹਜ਼ਾਰਾਂ ਲੋਕ ਇਕੱਠੇ ਹੋਣੇ ਹਨ, ਉਨ੍ਹਾਂ ਲਈ ਪੈਟਰੋਲ, ਕਿਰਤ ਦਾ ਸਮਾਂ ਖ਼ਰਾਬ ਕਰਨਾ ਅਤੇ ਆਮ ਲੋਕਾਂ ਦੀਆਂ ਪ੍ਰੇਸ਼ਾਨੀਆਂ ਵੱਲ ਕਦੀ ਵੀ ਖ਼ਿਆਲ ਨਹੀਂ ਕੀਤਾ ਜਾਂਦਾ ਸਗੋਂ ਉਨ੍ਹਾਂ ਰੈਲੀਆਂ ਵਿਚ ਉਨ੍ਹਾਂ ਲੋਕਾਂ ਦੇ ਜ਼ਿੰਮੇ ਇਹ ਵੀ ਲਾਇਆ ਜਾਂਦਾ ਹੈ ਕਿ ਉਹ ਉਨ੍ਹਾਂ ਨੂੰ ਨਾਲ ਲਿਆਏ ਹੋਏ ਲੀਡਰ ਦੇ ਹੱਕ ਵਿਚ ਨਾਅਰੇ ਮਾਰਦੇ ਜਾਣ ਤਾਂ ਕਿ ਉਸ ਲੀਡਰ ਦੀ ਹਾਜ਼ਰੀ ਲੱਗ ਜਾਵੇ।

1952 ਵਿਚ ਜਦੋਂ ਪਹਿਲੀਆਂ ਚੋਣਾਂ ਹੋਈਆਂ ਸਨ, ਉਦੋਂ ਤੋਂ ਹਰ ਚੋਣ ਵਿਚ ਜਿੰਨੇ ਵੀ ਵਾਅਦੇ ਕੀਤੇ ਜਾਂਦੇ ਰਹੇ ਹਨ, ਉਹ ਆਰਥਿਕਤਾ ਦੁਆਲੇ ਘੁੰਮਦੇ ਹਨ ਜਿਵੇਂ ਰੋਟੀ, ਕੱਪੜਾ ਤੇ ਮਕਾਨ, ਗਰੀਬੀ ਹਟਾਉ, ਬੇਰੁਜ਼ਗਾਰੀ ਦੂਰ ਕਰਨੀ। ਇਨ੍ਹਾਂ ਸਾਰੀਆਂ ਰੈਲੀਆਂ ਤੇ ਭੀੜ ਦੇ ਇਕੱਠਾਂ ਵਿਚ ਸਾਰੇ ਹੀ ਲੀਡਰ ਇਹ ਮੁਸ਼ਕਿਲਾਂ ਇਕ ਦਮ ਹੱਲ ਕਰਨ ਦੇ ਵਾਅਦੇ ਅਤੇ ਦਾਅਵੇ ਕਰਦੇ ਹਨ ਪਰ ਇਹ ਇਕੱਠ ਰੁਜ਼ਗਾਰ ਪੈਦਾ ਕਰਨ ਦੀ ਥਾਂ (ਜੋ ਬਾਕੀ ਵਾਅਦਿਆਂ ਦਾ ਆਧਾਰ ਹੈ), ਬੇਰੁਜ਼ਗਾਰੀ ਅਤੇ ਬਦਹਾਲੀ ਦਾ ਕਾਰਨ ਇਸ ਕਰ ਕੇ ਬਣਦਾ ਹੈ ਕਿ ਲੋਕਾਂ ਦਾ ਸਮਾਂ ਕਿਸੇ ਉਸਾਰੂ ਕੰਮ ਲਈ ਨਹੀਂ, ਪੈਟਰੋਲ ਤੇ ਡੀਜ਼ਲ ਕਿਸੇ ਉਸਾਰੀ ਦੇ ਪ੍ਰਾਜੈਕਟ ਲਈ ਨਹੀਂ ਸਗੋਂ ਭੀੜ ਇਕੱਠੀ ਕਰਨ ਲਈ ਖ਼ਰਚ ਕੀਤਾ ਜਾਂਦਾ ਹੈ। ਲੀਡਰ ਲਈ ਉਸਾਰੂ ਕੰਮ ਲਈ ਸੋਚਣ ਅਤੇ ਲਾਗੂ ਕਰਨ ਲਈ ਦਿਮਾਗ ਨਹੀਂ ਲਗਾਇਆ ਜਾਂਦਾ ਸਗੋਂ ਭੀੜ ਇਕੱਠੀ ਕਰਨ ਤੱਕ ਹੀ ਸੀਮਤ ਰਹਿੰਦਾ ਹੈ। ਫ਼ਿਕਰ ਵਾਲੀ ਗੱਲ ਇਹ ਹੈ ਕਿ ਸਾਢੇ ਤਿੰਨ ਦਹਾਕਿਆਂ ਤੋਂ ਸੁਤੰਤਰ ਹੋਏ ਦੇਸ਼ 'ਚ ਭੀੜ ਦੀ ਸਿਆਸਤ ਘਟਣ ਦੀ ਬਜਾਇ ਵਧ ਰਹੀ ਹੈ। ਇਨ੍ਹਾਂ ਸਾਲਾਂ 'ਚ ਵਿੱਦਿਆ ਤੇ ਖੁਸ਼ਹਾਲੀ ਦੇ ਪੱਧਰ 'ਚ ਵਾਧਾ ਨਾ ਹੋਣ ਕਰ ਕੇ ਸਿਆਸਤ ਫਿਰ ਖਾਨਦਾਨੀ ਪੇਸ਼ਾ ਅਤੇ ਲਗਾਤਾਰ ਛੋਟੇ ਸਮੇਂ ਦੇ ਉਦੇਸ਼ ਪੂਰੇ ਕਰਨ ਤਕ ਸੀਮਤ ਹੈ। ਨੀਤੀਵਾਨਾਂ (ਸਟੇਟਸਮੈਨ) ਵਾਲੀ ਸਿਆਸਤ ਕਿ ਆਉਣ ਵਾਲੀਆਂ ਪੀੜ੍ਹੀਆਂ ਦਾ ਭਲਾ ਹੋਵੇ, ਦੀ ਥਾਂ ਆਪਣੇ ਕੋਲ ਅਤੇ ਆਪਣੇ ਪਰਿਵਾਰ ਕੋਲ ਤਾਕਤ ਆ ਜਾਵੇ, ਇਹ ਇੱਥੋਂ ਤੱਕ ਹੀ ਸੀਮਤ ਹੈ।

ਸੁਤੰਤਰਤਾ ਤੋਂ ਬਾਅਦ 1948 ਵਿਚ ਡਾ. ਰਾਮ ਮਨੋਹਰ ਲੋਹੀਆ ਨੇ ਕਾਂਗਰਸ ਤੋਂ ਅਸਤੀਫਾ ਦੇ ਕੇ ਆਪਣੀ ਵੱਖਰੀ ਸੋਸ਼ਲਿਸਟ ਪਾਰਟੀ ਬਣਾਈ ਸੀ, ਉਹ ਵੀ ਉਸ ਵਕਤ ਕੇਂਦਰ ਵਿਚ ਵਜ਼ੀਰ, ਕਿਸੇ ਪ੍ਰਾਂਤ ਦਾ ਮੁੱਖ ਮੰਤਰੀ, ਗਵਰਨਰ ਜਾਂ ਜੋ ਵੀ ਚਾਹੁੰਦਾ, ਰਾਜਨੀਤਕ ਪਦਵੀ ਪ੍ਰਾਪਤ ਕਰ ਸਕਦਾ ਸੀ ਪਰ ਉਸ ਨੇ ਮਹਿਸੂਸ ਕੀਤਾ ਕਿ ਵਿਰੋਧੀ ਪਾਰਟੀ ਵਿਚ ਰਹਿਣਾ ਇਸ ਲਈ ਜ਼ਰੂਰੀ ਹੈ ਕਿ ਸਰਕਾਰ ਨੂੰ ਸੁਚੇਤ ਕੀਤਾ ਜਾਵੇ ਕਿਉਂ ਜੋ ਸੁੰਤਤਰਤਾ ਤੋਂ ਬਾਅਦ ਉਹ ਉਦੇਸ਼ ਪੂਰੇ ਕਰਨੇ ਹੀ ਸਿਆਸਤ ਦਾ ਆਖ਼ਰੀ ਉੱਦਮ ਹੈ ਜਿਸ ਨਾਲ ਵਿਦਿਆ 100 ਫੀਸਦੀ ਅਤੇ ਖੁਸ਼ਹਾਲੀ ਦਾ ਪੱਧਰ ਵਿਕਸਤ ਦੇਸ਼ਾਂ ਵਾਲਾ ਬਣੇ। ਉਹ ਸੁੰਤਤਰਤਾ ਤੋਂ ਬਾਅਦ ਵੀ ਜੇਲ੍ਹ ਵਿਚ ਰਿਹਾ ਪਰ ਆਪਣੇ ਅਸੂਲਾਂ 'ਤੇ ਪੱਕਾ ਰਿਹਾ, ਬੇਸ਼ੱਕ ਉਸ ਤੋਂ ਬਾਅਦ ਉਸ ਦੇ ਨਾਂ ਦਾ ਲਾਭ ਲੈ ਕੇ ਕਈ ਨੇਤਾ ਆਏ ਅਤੇ ਕਈ ਗਏ ਪਰ ਉਸ ਦਾ ਲਿਆ ਸੁਫਨਾ ਪੂਰਾ ਨਾ ਹੋਇਆ। ਅਜਿਹੇ ਹੋਰ ਵੀ ਅਨੇਕਾਂ ਨੀਤੀਵਾਨ ਹੋਏ ਹਨ ਪਰ ਭੀੜ ਦੀ ਸਿਆਸਤ ਨੇ ਉਨ੍ਹਾਂ ਨੂੰ ਪਛਾੜ ਕੇ ਉਨ੍ਹਾਂ ਲੋਕਾਂ ਨੂੰ ਅੱਗੇ ਕਰ ਦਿੱਤਾ ਜਿਨ੍ਹਾਂ ਦਾ ਉਦੇਸ਼ ਸਿਰਫ਼ ਸੁਫਨੇ ਦਿਖਾਉਣਾ ਸੀ। ਸਵਾਲ ਉਠਦਾ ਹੈ ਕਿ ਭੀੜ ਦੀ ਇਹ ਸਿਆਸਤ ਕਦੋਂ ਤੱਕ ਚੱਲੇਗੀ? ਇਸ ਦਾ ਜਵਾਬ ਵੀ ਪੱਕਾ ਹੈ ਕਿ ਜਿੰਨਾ ਚਿਰ ਵਿੱਦਿਆ ਦੀ ਪੱਧਰ ਅਤੇ ਖੁਸ਼ਹਾਲੀ ਦੀ ਪੱਧਰ ਵਿਕਸਤ ਦੇਸ਼ਾਂ ਵਾਲੀ ਨਹੀਂ ਬਣਦੀ, ਭੀੜ ਦੀ ਸਿਆਸਤ ਹੀ ਹਾਵੀ ਰਹੇਗੀ।

# ਸਰਕਾਰੀ ਜਾਂਚਾਂ ਨੇ ਸਚਾਈ ਨੂੰ ਧੁੰਦਲਾ ਕਿਵੇਂ ਕੀਤਾ?

***(ਪਿਛਲੇ ਸਫੇ ਦੀ ਬਾਕੀ)***

ਜਾਂ ਰਾਜ ਟਰਾਂਸਪੋਰਟ ਕਾਰਪੋਰੇਸ਼ਨ ਨਾਲ ਸਬੰਧਿਤ ਹੋਰ ਵਾਹਨਾਂ 'ਚ ਆਈ ਸੀ। ਹਮਲਾਵਰ "ਜਾਂ ਤਾਂ ਮਿੱਟੀ ਦਾ ਤੇਲ, ਪੈਟਰੋਲ ਅਤੇ ਚਿੱਟੇ ਪਾਊਡਰ ਵਰਗੀ ਜਲਣਸ਼ੀਲ ਸਮੱਗਰੀ ਅਤੇ ਹਥਿਆਰਾਂ ਨਾਲ ਲੈਸ ਹੋ ਕੇ ਆਏ ਸਨ ਜਾਂ ਉਨ੍ਹਾਂ ਨੂੰ ਇਹ ਸਮੱਗਰੀ ਉਨ੍ਹਾਂ ਇਲਾਕਿਆਂ ਵਿਚ ਲਿਜਾਣ ਤੋਂ ਫੌਰੀ ਬਾਅਦ ਸਪਲਾਈ ਕੀਤੀ ਗਈ ਸੀ ਜਿੱਥੇ ਸਿੱਖਾਂ 'ਤੇ ਹਮਲਾ ਕੀਤਾ ਜਾਣਾ ਸੀ" (ਇਹ ਪਾਊਡਰ ਚਿੱਟਾ ਫਾਸਫੋਰਸ ਹੋਣ ਦੀ ਸੰਭਾਵਨਾ ਹੈ, ਅਜਿਹਾ ਅਸਥਿਰ ਪਦਾਰਥ ਜੋ ਘਰਾਂ ਜਾਂ ਆਮ ਦੁਕਾਨਾਂ ਵਿਚ ਸਟਾਕ ਨਹੀਂ ਕੀਤਾ ਜਾਂਦਾ। ਇਹ ਪਦਾਰਥ ਉਦਯੋਗਿਕ ਮਾਤਰਾ 'ਚ ਅਚਾਨਕ ਦਿੱਲੀ ਵਿਚ ਭੀੜ ਲਈ ਉਪਲਬਧ ਕਿਵੇਂ ਹੋ ਗਿਆ, ਇਸ ਦੀ ਜਾਂਚ ਕੀਤੀ ਹੀ ਨਹੀਂ ਗਈ)।

ਕਮਿਸ਼ਨ ਨੇ ਇਹ ਸਬੂਤ ਵੀ ਸਵੀਕਾਰ ਕੀਤੇ ਕਿ ਲੰਘੀ ਸ਼ਾਮ "ਜਾਂ ਤਾਂ ਮੀਟਿੰਗਾਂ ਕੀਤੀਆਂ ਗਈਆਂ ਜਾਂ ਹਮਲੇ ਕਰਨ ਵਾਲੇ ਵਿਅਕਤੀਆਂ ਨਾਲ ਸੰਪਰਕ ਕੀਤਾ ਗਿਆ ਅਤੇ ਸਿੱਖਾਂ ਨੂੰ ਮਾਰਨ ਤੇ ਉਨ੍ਹਾਂ ਦੇ ਘਰਾਂ ਅਤੇ ਦੁਕਾਨਾਂ ਨੂੰ ਲੁੱਟਣ ਦੀਆਂ ਹਦਾਇਤਾਂ ਦਿੱਤੀਆਂ ਗਈਆਂ। ਇਹ ਹਮਲੇ ਯੋਜਨਾਬਧ ਤਰੀਕੇ ਨਾਲ ਅਤੇ ਪੁਲਿਸ ਦੇ ਭੈਅ ਤੋਂ ਮੁਕਤ ਹੋ ਕੇ ਕੀਤੇ ਗਏ ਸਨ; ਇਹ ਲੱਗਭੱਗ ਇਹੋ ਦਰਸਾਉਂਦੇ ਹਨ ਕਿ ਉਨ੍ਹਾਂ ਨੂੰ ਭਰੋਸਾ ਦਿਵਾਇਆ ਗਿਆ ਸੀ ਕਿ ਉਨ੍ਹਾਂ ਕਾਰਵਾਈਆਂ ਨੂੰ ਕਰਦੇ ਸਮੇਂ ਅਤੇ ਉਸ ਤੋਂ ਬਾਅਦ ਵੀ ਉਨ੍ਹਾਂ ਦਾ ਵਾਲ ਵੀ ਵਿੰਗਾ ਨਹੀਂ ਹੋਣ ਦਿੱਤਾ ਜਾਵੇਗਾ।"

ਪੂਰੇ ਸ਼ਹਿਰ ਦੇ ਮੁਹੱਲਿਆਂ ਵਿਚ ਕਤਲ ਦਾ ਇਕ ਤਰੀਕਾ ਆਮ ਸੀ: ਸਿੱਖ ਭਾਈਚਾਰੇ ਦੇ ਮਰਦ ਮੈਂਬਰਾਂ ਨੂੰ ਉਨ੍ਹਾਂ ਦੇ ਘਰਾਂ ਵਿਚੋਂ ਬਾਹਰ ਕੱਢ ਲਿਆ ਜਾਂਦਾ। ਉਨ੍ਹਾਂ ਦੀ ਪਹਿਲਾਂ ਕੁੱਟ-ਮਾਰ ਕੀਤੀ ਗਈ ਅਤੇ ਫਿਰ ਯੋਜਨਾਬੱਧ ਤਰੀਕੇ ਨਾਲ ਜ਼ਿੰਦਾ ਸਾੜ ਦਿੱਤੇ ਗਏ। ਕੁਝ ਮਾਮਲਿਆਂ 'ਚ ਤਾਂ ਗਲ਼ਾਂ ਵਿਚ ਟਾਇਰ ਪਾ ਕੇ ਉਨ੍ਹਾਂ ਉੱਪਰ ਮਿੱਟੀ ਦਾ ਤੇਲ ਜਾਂ ਪੈਟਰੋਲ ਪਾ ਕੇ ਅੱਗ ਲਾ ਦਿੱਤੀ ਜਾਂਦੀ ਸੀ। ਕੁਝ ਮਾਮਲਿਆਂ 'ਚ ਉਨ੍ਹਾਂ ਉੱਪਰ ਚਿੱਟਾ ਜਲਣਸ਼ੀਲ ਪਾਊਡਰ ਸੁੱਟਿਆ ਗਿਆ ਜਿਸ ਨੇ ਤੁਰੰਤ ਅੱਗ ਫੜ ਲਈ। ਇਹ ਇਕ ਆਮ ਨਮੂਨਾ ਸੀ ਜੋ ਉਨ੍ਹਾਂ ਵੱਡੀਆਂ ਭੀੜਾਂ ਨੇ ਵਰਤੋਂ 'ਚ ਲਿਆਂਦਾ ਜਿਨ੍ਹਾਂ ਨੇ ਖ਼ਾਸ ਇਲਾਕਿਆਂ ਵਿਚ ਤਬਾਹੀ ਮਚਾਈ ਸੀ।

ਇਨ੍ਹਾਂ ਇਲਾਕਿਆਂ ਵਿਚ ਸਿੱਖਾਂ ਦੀ ਮਾਲਕੀ ਵਾਲੀਆਂ ਦੁਕਾਨਾਂ ਦੀ "ਪਛਾਣ ਕੀਤੀ ਗਈ, ਲੁੱਟਮਾਰ ਕੀਤੀ ਗਈ ਅਤੇ ਸਾੜ ਦਿੱਤੀਆਂ ਗਈਆਂ। ਇਸ ਤਰ੍ਹਾਂ ਜੋ ਮੁੱਢ 'ਚ ਗੁੱਸੇ ਭਰੀ ਭੜਕਾਹਟ ਦੇ ਰੂਪ ਵਿਚ ਸ਼ੁਰੂ ਹੋਇਆ ਸੀ, ਉਹ ਜਥੇਬੰਦ ਕਤਲੇਆਮ ਬਣ ਗਿਆ।"

ਇਨ੍ਹਾਂ ਨਿਰਖਾਂ ਤੋਂ ਸਪਸ਼ਟ ਜਾਪਦਾ ਹੈ ਕਿ 31 ਅਕਤੂਬਰ ਦੀ ਰਾਤ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ ਕਿ ਸਿੱਖਾਂ ਨੂੰ ਕਿਵੇਂ ਮਾਰਿਆ ਜਾਵੇ, ਨਾਲ ਹੀ ਇਹ ਭਰੋਸਾ ਦਿੱਤਾ ਗਿਆ ਸੀ ਕਿ ਪੁਲਿਸ ਦਖ਼ਲ ਨਹੀਂ ਦੇਵੇਗੀ। ਇਹ ਮੰਨਣ 'ਚ ਨਹੀਂ ਆਉਂਦਾ ਕਿ ਦਿੱਲੀ ਦੇ ਵੱਖ-ਵੱਖ ਹਿੱਸਿਆਂ ਵਿਚ ਦੰਗਈਆਂ ਦੇ ਵੱਖੋ-ਵੱਖਰੇ ਟੋਲਿਆਂ ਨੇ ਸਿੱਖਾਂ ਨੂੰ ਗਲਾਂ 'ਚ ਟਾਇਰ ਪਾ ਕੇ ਸਾੜਨ ਅਤੇ ਜ਼ਿੰਦਾ ਜਲਾ ਦੇਣ ਦਾ ਫ਼ੈਸਲਾ ਆਪਣੇ ਆਪ ਕਰ ਲਿਆ। ਇਹ ਬਹੁਤ ਜ਼ਿਆਦਾ ਸੰਭਾਵਨਾ ਹੈ ਕਿ ਇਸ ਨੂੰ ਅੰਜਾਮ ਦੇਣ ਦੇ ਹੁਕਮ ਇਕ ਹੀ ਕਮਾਂਡ ਕੇਂਦਰ ਤੋਂ ਜਾਰੀ ਕੀਤੇ ਗਏ ਸਨ।

2014 ਦੇ ਮਾਰਚ ਮਹੀਨੇ ਮੈਂ ਸਾਕਾ ਨੀਲਾ ਤਾਰਾ ਦੀ ਰਿਪੋਰਟਿੰਗ ਦੌਰਾਨ ਮੈਂ ਸਾਬਕਾ ਪੈਟਰੋਲੀਅਮ ਸਕੱਤਰ ਅਵਤਾਰ ਸਿੰਘ ਗਿੱਲ ਨੂੰ ਸੈਨਿਕ ਫਾਰਮਜ਼ ਦਿੱਲੀ ਵਿਚ ਉਸ ਦੀ ਰਿਹਾਇਸ਼ 'ਤੇ ਮਿਲਿਆ। ਗੱਲਬਾਤ ਦੌਰਾਨ ਉਸ ਨੇ ਮੈਨੂੰ ਦੱਸਿਆ ਕਿ ਰਾਜੀਵ ਗਾਂਧੀ ਦੇ ਕਰੀਬੀ ਵਿਸ਼ਵਾਸਪਾਤਰ ਅਰੁਣ ਨਹਿਰੂ ਨੇ ਬਲੂਸਟਾਰ ਤੋਂ ਕਈ ਮਹੀਨੇ ਪਹਿਲਾਂ ਦਰਬਾਰ ਸਾਹਿਬ ਉੱਪਰ ਫ਼ੌਜ ਦੇ ਹਮਲੇ ਦੀ ਸੰਭਾਵਨਾ ਦਾ ਇਸ਼ਾਰਾ ਉਸ ਨੂੰ ਕਰ ਦਿੱਤਾ ਸੀ।

ਗਿੱਲ ਨੇ ਆਪਣੀ ਪਿੱਠ ਸਿੱਧੀ ਕਰਦੇ ਹੋਏ ਕਿਹਾ, "ਹਾਲਾਂਕਿ ਮੈਂ ਕਲੀਨ ਸ਼ੇਵ ਸੀ ਪਰ ਉਹ ਸਰਕਾਰ ਵਿਚ ਸੀਨੀਅਰ ਅਹੁਦਿਆਂ 'ਤੇ ਤਾਇਨਾਤ ਸਿੱਖਾਂ ਵਿਚੋਂ ਇਕ ਹੋਣ ਕਰ ਕੇ ਮੇਰੇ ਵਿਚਾਰ ਜਾਣਨਾ ਚਾਹੁੰਦਾ ਸੀ। ਉਹ ਜਾਣਨਾ ਚਾਹੁੰਦਾ ਸੀ ਕਿ ਭਾਈਚਾਰੇ ਦਾ ਇਸ ਉੱਪਰ ਕੀ ਪ੍ਰਤੀਕ੍ਰਮ ਹੋਵੇਗਾ। ਇਹ ਪਹਿਲੀ ਵਾਰ ਨਹੀਂ ਸੀ ਜਦੋਂ ਉਸ ਨੇ ਮੇਰੇ ਨਾਲ ਪੰਜਾਬ ਬਾਰੇ ਗੱਲ ਕੀਤੀ ਸੀ, ਤੇ ਉਸ ਨੇ ਆਪਣੇ ਵਿਚਾਰ ਦੱਸਣ ਤੋਂ ਬਿਲਕੁਲ ਨਹੀਂ ਝਿਜਕ ਨਹੀਂ ਦਿਖਾਈ ਸੀ। ਮੈਨੂੰ ਚੇਤੇ ਹੈ ਕਿ ਇਕ ਵਾਰ ਉਸ ਨੇ ਮੈਨੂੰ ਕੁਝ ਮਾਣ ਨਾਲ ਕਿਹਾ ਸੀ ਕਿ ਉਹ ਤਾਂ ਸਖ਼ਤ ਕਾਰਵਾਈ ਪੱਖੀ ਹੈ। ਮੈਂ ਉਸ ਨੂੰ ਕਿਹਾ ਕਿ ਅਜਿਹੀ ਕਾਰਵਾਈ ਗ਼ਲਤੀ ਹੋਵੇਗੀ। ਸਿੱਖਾਂ ਦੇ ਇਤਿਹਾਸ ਨੂੰ ਦੇਖਦੇ ਹੋਏ ਇਸ ਦਾ ਨਤੀਜਾ ਕਤਲਾਂ 'ਚ ਨਿੱਕਲੇਗਾ।"

ਅਰੁਣ ਨਹਿਰੂ ਦੇ ਜ਼ਿਕਰ ਨੇ ਅਵਤਾਰ ਸਿੰਘ ਗਿੱਲ ਨੂੰ ਇੰਦਰਾ ਗਾਂਧੀ ਦੀ ਮੌਤ ਤੋਂ ਬਾਅਦ ਦੇ ਆਪਣੇ ਨਿੱਜੀ ਅਨੁਭਵ ਦੱਸਣ ਲਈ ਪ੍ਰੇਰਿਆ। ਪਹਿਲੀ ਨਵੰਬਰ ਨੂੰ ਉਹ ਆਪਣੇ ਦਫ਼ਤਰ ਗਿਆ ਸੀ। "ਲਲਿਤ ਹੋਟਲਜ਼ ਵਾਲਾ ਲਲਿਤ ਸੂਰੀ ਜੋ ਮੈਨੂੰ ਅਕਸਰ ਮਿਲਣ ਆਉਂਦਾ ਰਹਿੰਦਾ ਸੀ, ਛੱਡ ਕੇ ਗਿਆ ਸੀ। ਉਹ ਰਾਜੀਵ ਗਾਂਧੀ ਦੇ ਛੋਟੇ-ਛੋਟੇ ਕੰਮ ਕਰਿਆ ਕਰਦਾ ਸੀ, ਤੇ ਕਿਉਂਕਿ ਉਸ ਨੂੰ ਅਕਸਰ ਕੋਈ ਕੰਮ ਕਰਵਾਉਣ ਦੀ ਲੋੜ ਹੁੰਦੀ ਸੀ, ਇਸ ਕਰ ਕੇ ਉਹ ਮੇਰੇ ਨੇੜੇ ਸੀ। ਉਹ ਮੰਤਰਾਲੇ ਵਿਚ ਮੇਰੇ ਕੋਲ ਆਇਆ ਅਤੇ ਕਿਹਾ, 'ਦਿੱਲੀ ਵਿਚ ਕਤਲੇਆਮ ਲਈ ਅਰੁਣ ਨਹਿਰੂ ਨੇ ਕਲੀਅਰੈਂਸ ਦੇ ਦਿੱਤੀ ਹੈ ਅਤੇ ਕਤਲ ਸ਼ੁਰੂ ਹੋ ਗਏ ਹਨ। ਯੁੱਧਨੀਤੀ ਸਿੱਖ ਨੌਜਵਾਨਾਂ ਨੂੰ ਫੜ ਕੇ, ਉਨ੍ਹਾਂ ਦੇ ਗਲਾਂ 'ਚ ਟਾਇਰ ਪਾ ਕੇ, ਮਿੱਟੀ ਦਾ ਤੇਲ ਪਾ ਕੇ ਅੱਗ ਲਾਉਣ ਦੀ ਹੈ। ਇਸ ਨਾਲ ਹਿੰਦੂਆਂ ਦਾ ਗੁੱਸਾ ਠੰਢਾ ਹੋ ਜਾਵੇਗਾ'।"

ਗਿੱਲ ਨੇ ਅੱਗੇ ਦੱਸਿਆ- ਸੂਰੀ ਨੇ "ਮੈਨੂੰ ਕਿਹਾ ਕਿ ਮੈਨੂੰ ਧਿਆਨ ਰੱਖਣਾ ਚਾਹੀਦਾ ਹੈ ਹਾਲਾਂਕਿ ਕਿ ਮੇਰਾ ਨਾਮ ਵੋਟਰ ਸੂਚੀ, ਦਿੱਲੀ ਗੁਰਦੁਆਰਾ ਵੋਟਰ ਸੂਚੀ ਵਿਚ ਨਹੀਂ ਹੈ। 'ਉਨ੍ਹਾਂ ਨੂੰ ਇਹ ਸੂਚੀ ਪ੍ਰਦਾਨ ਕੀਤੀ ਗਈ ਹੈ। ਇਹ ਤਿੰਨ ਦਿਨ ਚੱਲੇਗਾ। ਇਹ ਅੱਜ ਸ਼ੁਰੂ ਹੋ ਗਿਆ ਹੈ; ਇਹ ਤੀਜੇ ਦਿਨ ਖ਼ਤਮ ਹੋ ਜਾਵੇਗਾ'।"

ਗਿੱਲ ਨੇ ਫਿਰ ਮੈਨੂੰ ਕਹਾਣੀ ਸੁਣਾਈ ਜੋ ਉਸ ਹਫ਼ਤੇ ਦੇ ਡਰ ਦੀ ਝਲਕ ਪੇਸ਼ ਕਰਦੀ ਸੀ: "ਤੀਜੇ ਦਿਨ ਜੋ ਇੰਦਰਾ ਗਾਂਧੀ ਦੇ ਸਸਕਾਰ ਦਾ ਦਿਨ ਸੀ, ਜਦੋਂ ਲੋਕ ਉੱਥੇ ਰੱਖੀ ਉਸ ਦੀ ਦੇਹ ਨੂੰ ਅੰਤਿਮ ਸ਼ਰਧਾਂਜਲੀ ਦੇ ਰਹੇ ਸਨ- ਉਸੇ ਸ਼ਾਮ ਲਲਿਤ ਸੂਰੀ ਨੇ ਪੀ.ਐੱਮ.ਓ. ਤੋਂ ਕਾਰ ਵਿਚ ਮੇਰੇ ਕੋਲ ਇਕ ਬੰਦਾ ਭੇਜਿਆ।" ਪ੍ਰਧਾਨ ਮੰਤਰੀ ਦਫ਼ਤਰ ਤੋਂ ਆਏ ਬੰਦੇ ਨੇ "ਮੈਨੂੰ ਕਿਹਾ, 'ਸੂਰੀ ਨੇ ਕਿਹਾ ਹੈ ਕਿ ਤੁਸੀਂ ਅਜੇ ਵੀ ਉੱਥੇ ਨਹੀਂ ਆਏ, ਸ਼ਾਮ ਹੋ ਗਈ ਹੈ, ਤੁਹਾਨੂੰ ਜ਼ਰੂਰ ਜਾਣਾ ਚਾਹੀਦਾ ਹੈ।' ਜਦੋਂ ਮੈਂ ਇਸ ਦਾ ਕਾਰਨ ਪੁੱਛਿਆ ਤਾਂ ਉਸ ਬੰਦੇ ਨੇ ਕਿਹਾ, 'ਇਹ ਸਭ ਟੀ.ਵੀ. ਕੈਮਰਿਆਂ ਵਿਚ ਰਿਕਾਰਡ ਹੋ ਰਿਹਾ ਹੈ।' ਤੇ ਸੂਰੀ ਸਾਹਿਬ ਨੇ ਉਸ ਨੂੰ ਮੈਨੂੰ ਲੈਣ ਲਈ ਭੇਜਿਆ ਹੈ। ਉਹ ਮੈਨੂੰ ਕਾਰ ਵਿਚ ਬਿਠਾ ਕੇ ਉੱਥੇ ਲੈ ਗਿਆ ਜਿੱਥੇ ਇੰਦਰਾ ਗਾਂਧੀ ਦੀ ਲਾਸ਼ ਰੱਖੀ ਹੋਈ ਸੀ। ਜਦੋਂ ਮੈਂ ਘਰ ਪਰਤਿਆ ਤਾਂ ਮੇਰੀ ਪਤਨੀ ਨੇ ਮੈਨੂੰ ਦੱਸਿਆ ਕਿ ਉਸ ਨੇ ਮੈਨੂੰ ਟੀ.ਵੀ. ਉੱਪਰ ਲਾਸ਼ ਦੁਆਲੇ ਚੱਕਰ ਲਗਾਉਂਦੇ ਹੋਏ ਦੇਖਿਆ ਸੀ।"

ਹਿੰਸਾ ਵਿਚ ਅਰੁਣ ਨਹਿਰੂ ਦੀ ਭੂਮਿਕਾ ਬਾਰੇ ਲੰਮੇ ਸਮੇਂ ਤੋਂ ਵਿਆਪਕ ਤੌਰ 'ਤੇ ਅਫ਼ਵਾਹਾਂ ਚੱਲਦੀਆਂ ਰਹੀਆਂ ਹਨ ਪਰ ਗਿੱਲ ਦਾ ਬਿਆਨ ਪਹਿਲੀ ਵਾਰ ਹੈ ਜਦੋਂ ਕਿਸੇ ਸੀਨੀਅਰ ਸਰਕਾਰੀ ਅਧਿਕਾਰੀ ਨੇ ਇਸ ਇਲਜ਼ਾਮ ਨੂੰ ਰਿਕਾਰਡ 'ਤੇ ਲਿਆਂਦਾ ਹੈ। ਉਸ ਦੀ ਕਹਾਣੀ ਦਿੱਲੀ ਵਿਚ ਹਿੰਸਾ ਦੇ ਸੁਭਾਅ ਦੀ ਪਹਿਲੀ ਇਕਸਾਰ ਵਿਆਖਿਆ ਪੇਸ਼ ਕਰਦੀ ਹੈ। ਸ਼ਾਇਦ ਇਸ ਨਾਲ ਸਭ ਤੋਂ ਵੱਧ ਮਿਲਦਾ-ਜੁਲਦਾ ਇਲਜ਼ਾਮ ਗੁਜਰਾਤ ਦੇ ਗ੍ਰਹਿ ਮੰਤਰੀ ਹਰੇਨ ਪਾਂਡਿਆ ਦੁਆਰਾ ਲਗਾਇਆ ਗਿਆ ਹੈ ਜਿਸ ਨੂੰ ਕਤਲ ਕਰ ਦਿੱਤਾ ਗਿਆ ਸੀ। ਪਾਂਡਿਆ ਨੇ ਦਾਅਵਾ ਕੀਤਾ ਕਿ 27 ਫਰਵਰੀ 2002 ਨੂੰ ਜਿਸ ਦਿਨ ਗੁਜਰਾਤ ਦੇ ਗੋਧਰਾ ਵਿਚ ਹਿੰਦੂ ਸ਼ਰਧਾਲੂਆਂ ਨਾਲ ਭਰੀ ਰੇਲ ਗੱਡੀ ਸਾੜ ਦਿੱਤੀ ਗਈ ਸੀ, ਉਸ ਸਮੇਂ ਦੇ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਸਰਕਾਰੀ ਬੰਗਲੇ ਉੱਪਰ ਮੀਟਿੰਗ ਕੀਤੀ ਸੀ ਜਿਸ ਵਿਚ ਉਸ ਨੇ ਖ਼ਾਸ ਤੌਰ 'ਤੇ ਸੀਨੀਅਰ ਨੌਕਰਸ਼ਾਹਾਂ ਅਤੇ ਪੁਲਿਸ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਸਨ ਕਿ ਲੋਕਾਂ ਨੂੰ "ਆਪਣਾ ਗੁੱਸਾ ਕੱਢ ਲੈਣ ਦਿਓ।" ਪਿਛਲੇ ਦਹਾਕੇ ਤੋਂ ਲੈ ਕੇ ਪਾਂਡਿਆ ਦੀ ਗਵਾਹੀ ਨੂੰ ਖਾਰਜ ਕਰਨ ਲਈ ਬਹੁਤ ਕੋਸ਼ਿਸ਼ਾਂ ਕੀਤੀਆਂ ਗਈਆਂ, ਫਿਰ ਵੀ ਅਹਿਮਦਾਬਾਦ ਵਿਚ ਫੈਲੀ ਹਿੰਸਾ ਦੌਰਾਨ ਗੁਜਰਾਤ ਪੁਲਿਸ ਦੇ ਹੱਥ 'ਤੇ ਹੱਥ ਧਰ ਕੇ ਬੈਠੇ ਰਹਿਣ ਦਾ ਕੋਈ ਹੋਰ ਸਪੱਸ਼ਟੀਕਰਨ ਸਾਹਮਣੇ ਨਹੀਂ ਆਇਆ ਹੈ। ਇਸੇ ਤਰ੍ਹਾਂ ਨਵੰਬਰ 1984 ਦੇ ਸ਼ੁਰੂ 'ਚ ਵਾਪਰੀਆਂ ਘਟਨਾਵਾਂ ਲਈ ਕੋਈ ਹੋਰ ਠੋਸ, ਭਰੋਸੇਯੋਗ ਵਿਆਖਿਆ ਸਾਹਮਣੇ ਨਹੀਂ ਆਈ ਹੈ।

ਅਵਤਾਰ ਸਿੰਘ ਗਿੱਲ ਦੀ ਕਹਾਣੀ ਦਾ ਵੇਰਵਾ ਲੰਮੇ ਸਮੇਂ ਤੋਂ ਚੱਲੀ ਆ ਰਹੀ ਬੁਝਾਰਤ ਦੇ ਇਕ ਟੁਕੜੇ ਨੂੰ ਸੁਲਝਾਉਣ ਵਿਚ ਵੀ ਮਦਦ ਕਰਦਾ ਹੈ। ***(ਚੱਲਦਾ)***

# ਭਾਰਤ ਵਿਚ ਲੋਕਤੰਤਰ ਖ਼ਤਮ ਹੋਣ ਦਾ ਅਸਰ ਦੁਨੀਆ 'ਤੇ ਪਵੇਗਾ-2

***ਪ੍ਰਸਿੱਧ ਲੇਖਕਾ ਅਰੁੰਧਤੀ ਰਾਏ ਨੂੰ ਉਨ੍ਹਾਂ ਦੇ ਲੇਖ 'ਆਜ਼ਾਦੀ' ਦੇ ਫਰਾਂਸੀਸੀ ਅਨੁਵਾਦ (ਲਿਬਰਟੇ, ਫਾਸ਼ਿਜ਼ਮ, ਫਿਕਸ਼ਨ) ਦੇ ਮੌਕੇ 'ਤੇ 12 ਸਤੰਬਰ ਨੂੰ ਉਨ੍ਹਾਂ ਦੀ ਜੀਵਨ ਭਰ ਦੀ ਪ੍ਰਾਪਤੀ ਲਈ 45ਵੇਂ ਯੂਰਪੀ ਲੇਖ ਇਨਾਮ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਉਨ੍ਹਾਂ ਵੱਲੋਂ ਦਿੱਤੇ ਅਹਿਮ ਭਾਸ਼ਣ ਦੇ ਪਾਠ ਦੀ ਦੂਜੀ ਅਤੇ ਆਖਰੀ ਕਿਸ਼ਤ ਪੇਸ਼ ਹੈ। ਇਸ ਦਾ ਤਰਜਮਾ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ।***



**ਅਰੁੰਧਤੀ ਰਾਏ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਜੁਲਾਈ 'ਚ ਨਰਿੰਦਰ ਮੋਦੀ ਸਰਕਾਰੀ ਦੌਰੇ 'ਤੇ ਅਮਰੀਕਾ ਅਤੇ ਬੈਸਟੀਲ ਡੇ 'ਤੇ ਮੁੱਖ ਮਹਿਮਾਨ ਵਜੋਂ ਫਰਾਂਸ ਗਿਆ। ਕੀ ਤੁਸੀਂ ਵਿਸ਼ਵਾਸ ਕਰੋਗੇ ਕਿ ਮੈਕਰੋਨ ਅਤੇ ਬਾਇਡਨ ਨੇ ਜਿਸ ਤਰੀਕੇ ਨਾਲ ਉਸ ਦੀ ਤਾਰੀਫ਼ ਕੀਤੀ, ਉਹ ਸ਼ਰਮਨਾਕ ਹੈ। ਉਹ ਚੰਗੀ ਤਰ੍ਹਾਂ ਜਾਣਦੇ ਹਨ ਕਿ ਇਹ ਤਾਰੀਫ਼ 2024 ਦੀਆਂ ਆਮ ਚੋਣਾਂ ਵਿਚ ਮੋਦੀ ਲਈ ਸੋਨਾ ਸਾਬਤ ਹੋਵੇਗੀ ਜਿਸ ਵਿਚ ਉਹ ਤੀਜੀ ਵਾਰ ਚੋਣ ਲੜੇਗਾ। ਅਜਿਹਾ ਨਹੀਂ ਹੈ ਕਿ ਮੈਕਰੋਨ ਅਤੇ ਬਾਇਡਨ ਉਸ ਆਦਮੀ ਬਾਰੇ ਨਹੀਂ ਜਾਣਦੇ ਜਿਸ ਨੂੰ ਉਹ ਗਲੇ ਲਗਾ ਰਹੇ ਹਨ।

ਉਨ੍ਹਾਂ ਨੂੰ ਗੁਜਰਾਤ ਕਤਲੇਆਮ ਵਿਚ ਮੋਦੀ ਦੀ ਭੂਮਿਕਾ ਬਾਰੇ ਪਤਾ ਹੀ ਹੋਵੇਗਾ। ਉਨ੍ਹਾਂ ਨੂੰ ਲਗਾਤਾਰ ਵਾਪਰ ਰਹੀਆਂ ਉਨ੍ਹਾਂ ਘਿਨਾਉਣੀਆਂ ਘਟਨਾਵਾਂ ਬਾਰੇ ਵੀ ਪਤਾ ਹੋਵੇਗਾ ਜਿਨ੍ਹਾਂ ਵਿਚ ਮੁਸਲਮਾਨਾਂ ਨੂੰ ਜਨਤਕ ਤੌਰ 'ਤੇ ਕੁੱਟ-ਕੁੱਟ ਕੇ ਮਾਰਿਆ ਜਾ ਰਿਹਾ ਹੈ, ਕਿ ਕਿਵੇਂ ਮੋਦੀ ਦੀ ਵਜ਼ਾਰਤ ਦੇ ਇਕ ਮੈਂਬਰ ਨੇ ਹਜੂਮੀ ਕਤਲ ਦੇ ਕੁਝ ਕਾਤਲਾਂ ਨੂੰ ਹਾਰ ਪਹਿਨਾਏ ਅਤੇ ਉਹ ਇਹ ਵੀ ਜਾਣਦੇ ਹੋਣਗੇ ਕਿ ਮੁਸਲਮਾਨਾਂ ਨੂੰ ਕਿੰਨੀ ਤੇਜ਼ੀ ਨਾਲ ਅਲਹਿਦਗੀ ਅਤੇ ਅਲੱਗ-ਥਲੱਗ ਬਸਤੀਆਂ ਵੱਲ ਧੱਕਿਆ ਜਾ ਰਿਹਾ ਹੈ। ਉਨ੍ਹਾਂ ਨੂੰ ਇਹ ਵੀ ਵੀ ਪਤਾ ਹੋਵੇਗਾ ਕਿ ਹਿੰਦੂ ਨਿਗਰਾਨ ਦਸਤਿਆਂ ਵੱਲੋਂ ਸੈਂਕੜੇ ਚਰਚ ਸਾੜੇ ਗਏ ਹਨ।

ਉਨ੍ਹਾਂ ਨੂੰ ਵਿਰੋਧੀ ਧਿਰ ਦੇ ਸਿਆਸਤਦਾਨਾਂ, ਵਿਦਿਆਰਥੀਆਂ, ਮਨੁੱਖੀ ਅਧਿਕਾਰ ਕਾਰਕੁਨਾਂ, ਵਕੀਲਾਂ ਅਤੇ ਪੱਤਰਕਾਰਾਂ 'ਤੇ ਹੋ ਰਹੇ ਹਮਲਿਆਂ ਦਾ ਵੀ ਪਤਾ ਹੋਵੇਗਾ। ਇਨ੍ਹਾਂ ਵਿਚੋਂ ਕੁਝ ਨੂੰ ਲੰਮੀ ਜੇਲ੍ਹ ਦੀ ਸਜ਼ਾ ਹੋਈ ਹੈ। ਪੁਲਿਸ ਅਤੇ ਮਸ਼ਕੂਕ ਹਿੰਦੂ ਰਾਸ਼ਟਰਵਾਦੀਆਂ ਵੱਲੋਂ ਯੂਨੀਵਰਸਿਟੀਆਂ 'ਤੇ ਹਮਲੇ, ਇਤਿਹਾਸ ਦੀਆਂ ਪਾਠ ਪੁਸਤਕਾਂ ਨੂੰ ਦੁਬਾਰਾ ਲਿਖਣਾ, ਫਿਲਮਾਂ 'ਤੇ ਪਾਬੰਦੀ, 'ਐਮਨੈਸਟੀ ਇੰਟਰਨੈਸ਼ਨਲ ਇੰਡੀਆ' ਨੂੰ ਬੰਦ ਕਰ ਦੇਣਾ, ਬੀ.ਬੀ.ਸੀ. ਦੇ ਭਾਰਤੀ ਦਫ਼ਤਰਾਂ 'ਤੇ ਛਾਪੇ, ਕਾਰਕੁਨਾਂ, ਪੱਤਰਕਾਰਾਂ ਅਤੇ ਸਰਕਾਰ ਦੇ ਆਲੋਚਕਾਂ ਦੇ ਨਾਂ 'ਵਿਦੇਸ਼ ਜਾਣ 'ਤੇ ਪਾਬੰਦੀ' (ਨੋ-ਫਲਾਈ) ਦੀ ਰਹੱਸਮਈ ਸੂਚੀ 'ਚ ਪਾਉਣਾ, ਅਤੇ ਭਾਰਤੀ ਤੇ ਵਿਦੇਸ਼ੀ ਸਿੱਖਿਆ ਸ਼ਾਸਤਰੀਆਂ ਉੱਪਰ ਦਬਾਅ, ਇਹ ਸਭ ਉਨ੍ਹਾਂ ਨੂੰ ਪਤਾ ਹੋਵੇਗਾ।

ਉਨ੍ਹਾਂ ਨੂੰ ਪਤਾ ਹੋਵੇਗਾ ਕਿ ਭਾਰਤ ਹੁਣ ਆਲਮੀ ਪ੍ਰੈੱਸ ਸੁਤੰਤਰਤਾ ਸੂਚਕ ਅੰਕ ਵਿਚ 180 ਵਿਚੋਂ 161ਵੇਂ ਸਥਾਨ 'ਤੇ ਹੈ, ਕਿ ਕਈ ਬਿਹਤਰੀਨ ਭਾਰਤੀ ਪੱਤਰਕਾਰਾਂ ਨੂੰ ਮੁੱਖ ਧਾਰਾ ਮੀਡੀਆ ਤੋਂ ਬਾਹਰ ਕਰ ਦਿੱਤਾ ਗਿਆ ਹੈ ਅਤੇ ਛੇਤੀ ਹੀ ਪੱਤਰਕਾਰਾਂ ਨੂੰ ਸੈਂਸਰਸ਼ਿਪ ਰੈਗੂਲੇਟਰੀ ਵਿਵਸਥਾ ਅਧੀਨ ਲਿਆਂਦਾ ਜਾ ਸਕਦਾ ਹੈ। ਸਰਕਾਰ ਵੱਲੋਂ ਥਾਪੀ ਸੰਸਥਾ ਨੂੰ ਇਹ ਫ਼ੈਸਲਾ ਕਰਨ ਦੀ ਤਾਕਤ ਹੋਵੇਗੀ ਕਿ ਕੀ ਸਰਕਾਰ ਦੇ ਬਾਰੇ ਮੀਡੀਆ ਰਿਪੋਰਟਾਂ ਅਤੇ ਟਿੱਪਣੀਆਂ ਫੇਕ, ਯਾਨੀ ਫਰਜ਼ੀ ਹਨ ਜਾਂ ਗੁਮਰਾਹਕੁਨ ਹਨ; ਤੇ ਨਵਾਂ ਆਈ.ਟੀ. ਕਾਨੂੰਨ ਜੋ ਸੋਸ਼ਲ ਮੀਡੀਆ 'ਤੇ ਅਸਹਿਮਤੀ ਵਾਲੀਆਂ ਆਵਾਜ਼ਾਂ ਨੂੰ ਰੋਕਣ ਲਈ ਬਣਾਇਆ ਗਿਆ ਹੈ।

ਉਹ ਤਲਵਾਰਾਂ ਵਾਲੀਆਂ ਉਨ੍ਹਾਂ ਹਿੰਸਕ ਹਿੰਦੂ ਨਿਗਰਾਨ ਭੀੜਾਂ ਬਾਰੇ ਵੀ ਜਾਣਦੇ ਹੋਣਗੇ ਜੋ ਨਿਯਮਿਤ ਤੌਰ 'ਤੇ ਅਤੇ ਖੁੱਲ੍ਹੇਆਮ ਮੁਸਲਮਾਨਾਂ ਦੇ ਵਿਨਾਸ਼ ਅਤੇ ਮੁਸਲਿਮ ਔਰਤਾਂ ਦੇ ਬਲਾਤਕਾਰ ਕਰਨ ਦਾ ਸੱਦਾ ਦਿੰਦੀਆਂ ਹਨ।

ਉਨ੍ਹਾਂ ਨੂੰ ਕਸ਼ਮੀਰ ਦੇ ਹਾਲਾਤ ਵੀ ਪਤਾ ਹੋਣਗੇ ਜਿਸ ਨੂੰ 2019 ਦੇ ਸ਼ੁਰੂ 'ਚ ਮਹੀਨਿਆਂ ਤੱਕ ਚੱਲੇ ਸੰਚਾਰ ਬਲੈਕਆਊਟ 'ਚ ਰੱਖਿਆ ਗਿਆ। ਜੋ ਕਿਸੇ ਲੋਕਤੰਤਰ ਵਿਚ ਸਭ ਤੋਂ ਲੰਮੀ ਇੰਟਰਨੈੱਟ ਬੰਦੀ ਸੀ - ਤੇ ਉੱਥੇ ਪੱਤਰਕਾਰਾਂ ਨੂੰ ਪ੍ਰੇਸ਼ਾਨੀ, ਗ੍ਰਿਫ਼ਤਾਰੀਆਂ ਅਤੇ ਪੁੱਛਗਿੱਛ ਦਾ ਸਾਹਮਣਾ ਕਰਨਾ ਪਿਆ। 21ਵੀਂ ਸਦੀ ਵਿਚ ਕਿਸੇ ਨੂੰ ਵੀ ਇਵੇਂ ਨਹੀਂ ਰਹਿਣਾ ਚਾਹੀਦਾ ਜਿਵੇਂ ਉਹ ਬੂਟਾਂ ਹੇਠ ਦੱਬੀਆਂ ਗਰਦਨਾਂ ਨਾਲ ਜੀ ਰਹੇ ਹਨ।

ਉਨ੍ਹਾਂ ਨੂੰ 2019 ਵਿਚ ਪਾਸ ਕੀਤੇ ਗਏ ਨਾਗਰਿਕਤਾ ਸੋਧ ਕਾਨੂੰਨ ਦੇ ਬਾਰੇ ਵੀ ਪਤਾ ਹੋਵੇਗਾ ਜੋ ਮੁਸਲਮਾਨਾਂ ਨਾਲ ਖੁੱਲ੍ਹੇਆਮ ਵਿਤਕਰਾ ਕਰਦਾ ਹੈ। ਇਸ ਦੇ ਕਾਰਨ ਵੱਡੇ ਪੱਧਰ 'ਤੇ ਵਿਰੋਧ ਪ੍ਰਦਰਸ਼ਨ ਹੋਏ ਅਤੇ ਕਿਵੇਂ ਇਹ ਵਿਰੋਧ ਪ੍ਰਦਰਸ਼ਨ ਉਦੋਂ ਹੀ ਖ਼ਤਮ ਹੋਏ ਜਦੋਂ ਅਗਲੇ ਸਾਲ ਦਿੱਲੀ ਵਿਚ ਹਿੰਦੂ ਭੀੜ ਦੁਆਰਾ ਦਰਜਨਾਂ ਮੁਸਲਮਾਨਾਂ ਨੂੰ ਮਾਰ ਦਿੱਤਾ ਗਿਆ (ਜੋ ਸਬਬ ਨਾਲ ਉਦੋਂ ਵਾਪਰਿਆ ਜਦੋਂ ਰਾਸ਼ਟਰਪਤੀ ਡੋਨਾਲਡ ਟਰੰਪ ਸਰਕਾਰੀ ਦੌਰੇ 'ਤੇ ਉਸ ਸ਼ਹਿਰ ਵਿਚ ਸੀ ਅਤੇ ਜਿਸ ਬਾਰੇ ਉਸ ਨੇ ਇਕ ਸ਼ਬਦ ਤੱਕ ਨਹੀਂ ਕਿਹਾ)। ਉਨ੍ਹਾਂ ਨੂੰ ਪਤਾ ਹੋਵੇਗਾ ਕਿ ਕਿਵੇਂ ਦਿੱਲੀ ਪੁਲਿਸ ਨੇ ਸੜਕ 'ਤੇ ਪਏ ਗੰਭੀਰ ਰੂਪ 'ਚ ਜ਼ਖ਼ਮੀ ਮੁਸਲਮਾਨਾਂ ਨੂੰ ਭਾਰਤੀ ਰਾਸ਼ਟਰੀ ਗੀਤ ਗਾਉਣ ਲਈ ਮਜਬੂਰ ਕੀਤਾ ਅਤੇ ਉਨ੍ਹਾਂ ਨੂੰ ਜ਼ਲੀਲ ਕੀਤਾ ਅਤੇ ਠੁੱਡੇ ਮਾਰੇ। ਉਨ੍ਹਾਂ ਵਿਚੋਂ ਇਕ ਦੀ ਬਾਅਦ ਵਿਚ ਮੌਤ ਹੋ ਗਈ। ਉਨ੍ਹਾਂ ਨੂੰ ਪਤਾ ਹੋਵੇਗਾ ਕਿ ਜਿਸ ਸਮੇਂ ਉਹ ਮੋਦੀ ਦਾ ਸਵਾਗਤ ਕਰ ਰਹੇ ਸਨ, ਉਸੇ ਸਮੇਂ ਮੁਸਲਮਾਨ ਉੱਤਰੀ ਭਾਰਤ ਦੇ ਉੱਤਰਾਖੰਡ ਦੇ ਛੋਟੇ ਜਿਹੇ ਕਸਬੇ ਤੋਂ ਘਰ-ਬਾਰ ਛੱਡ ਕੇ ਭੱਜ ਰਹੇ ਸਨ ਕਿਉਂਕਿ ਭਾਜਪਾ ਨਾਲ ਜੁੜੇ ਹਿੰਦੂ ਕੱਟੜਪੰਥੀਆਂ ਨੇ ਉਨ੍ਹਾਂ ਦੇ ਦਰਵਾਜ਼ਿਆਂ 'ਤੇ 'ਐਕਸ' ਦੀ ਨਿਸ਼ਾਨੀ ਲਗਾ ਦਿੱਤੀ ਸੀ ਅਤੇ ਉਨ੍ਹਾਂ ਨੂੰ ਉੱਥੋਂ ਚਲੇ ਜਾਣ ਲਈ ਕਿਹਾ ਸੀ। ਸ਼ਰੇਆਮ 'ਮੁਸਲਿਮ ਮੁਕਤ' ਉੱਤਰਾਖੰਡ ਦੀ ਗੱਲ ਹੋ ਰਹੀ ਹੈ। ਉਨ੍ਹਾਂ ਨੂੰ ਪਤਾ ਹੋਵੇਗਾ ਕਿ ਮੋਦੀ ਦੀ ਨਿਗਰਾਨੀ ਹੇਠ ਭਾਰਤ ਦੇ ਉੱਤਰ-ਪੂਰਬ ਵਿਚ ਮਨੀਪੁਰ ਰਾਜ ਨੂੰ ਵਹਿਸ਼ੀ ਗ੍ਰਹਿ-ਯੁੱਧ ਵਿਚ ਧੱਕ ਦਿੱਤਾ ਗਿਆ ਹੈ। ਇਕ ਤਰ੍ਹਾਂ ਦਾ ਨਸਲੀ ਸਫ਼ਾਇਆ ਸ਼ੁਰੂ ਹੋ ਚੁੱਕਾ ਹੈ। ਉੱਥੇ ਕੇਂਦਰ ਦੀ ਮਿਲੀਭੁਗਤ ਹੈ, ਰਾਜ ਸਰਕਾਰ ਪੱਖਪਾਤੀ ਹੈ, ਸੁਰੱਖਿਆ ਦਸਤੇ ਪੁਲਿਸ ਅਤੇ ਹੋਰਾਂ ਦਰਮਿਆਨ ਵੰਡੇ ਹੋਏ ਹਨ ਅਤੇ ਉਨ੍ਹਾਂ ਦਾ ਕੋਈ ਕਮਾਂਡ ਸਿਸਟਮ ਨਹੀਂ ਹੈ। ਇੰਟਰਨੈੱਟ ਬੰਦ ਕਰ ਦਿੱਤਾ ਗਿਆ ਹੈ, ਖ਼ਬਰਾਂ ਉੱਥੋਂ ਬਾਹਰ ਆਉਣ ਲਈ ਹਫ਼ਤੇ ਲੱਗ ਜਾਂਦੇ ਹਨ।

ਫਿਰ ਵੀ, ਆਲਮੀ ਤਾਕਤਾਂ ਮੋਦੀ ਨੂੰ ਸਮਾਜੀ ਤਾਣੇ-ਬਾਣੇ ਨੂੰ ਤਬਾਹ ਕਰਨ ਅਤੇ ਭਾਰਤ ਨੂੰ ਸਾੜਨ ਲਈ ਲੋੜੀਂਦੀ ਕੁਲ ਆਕਸੀਜਨ ਦੇਣ ਦੀ ਚੋਣ ਕਰ ਰਹੀਆਂ ਹਨ। ਮੇਰੇ ਲਈ ਇਹ ਨਸਲਵਾਦ ਦਾ ਹੀ ਰੂਪ ਹੈ। ਉਹ ਲੋਕਤੰਤਰੀ ਹੋਣ ਦਾ ਦਾਅਵਾ ਕਰਦੇ ਹਨ ਪਰ ਉਹ ਨਸਲਵਾਦੀ ਹਨ। ਉਹ ਇਹ ਨਹੀਂ ਮੰਨਦੇ ਕਿ ਉਨ੍ਹਾਂ ਦੇ ਦੱਸੇ 'ਮੁੱਲ' ਗੈਰ-ਗੋਰੇ ਮੁਲਕਾਂ ਉੱਪਰ ਵੀ ਲਾਗੂ ਹੋਣੇ ਚਾਹੀਦੇ ਹਨ। ਬੇਸ਼ੱਕ, ਇਹ ਹੁਣ ਬੀਤੇ ਦੀ ਗੱਲ ਬਣ ਚੁੱਕੀ ਹੈ।

ਕੋਈ ਫ਼ਰਕ ਨਹੀਂ ਪੈਂਦਾ। ਅਸੀਂ ਆਪਣੀ ਲੜਾਈ ਆਪ ਲੜਾਂਗੇ - ਤੇ ਆਖ਼ਿਰਕਾਰ ਅਸੀਂ ਆਪਣੇ ਮੁਲਕ ਨੂੰ ਵਾਪਸ ਲਵਾਂਗੇ; ਹਾਲਾਂਕਿ ਜੇ ਉਹ ਇਹ ਕਲਪਨਾ ਕਰਦੇ ਹਨ ਕਿ ਭਾਰਤ ਵਿਚ ਲੋਕਤੰਤਰ ਦੇ ਖ਼ਤਮ ਹੋਣ ਦਾ ਅਸਰ ਪੂਰੀ ਦੁਨੀਆ ਉੱਪਰ ਨਹੀਂ ਪਵੇਗਾ ਤਾਂ ਉਹ ਸੱਚਮੁੱਚ ਭਰਮ ਵਿਚ ਹਨ।

ਉਨ੍ਹਾਂ ਸਾਰਿਆਂ ਲਈ ਜੋ ਇਹ ਮੰਨਦੇ ਹਨ ਕਿ ਭਾਰਤ ਅਜੇ ਵੀ ਇਕ ਲੋਕਤੰਤਰ ਹੈ - ਇਹ ਕੁਝ ਘਟਨਾਵਾਂ ਹਨ ਜੋ ਪਿਛਲੇ ਕੁਝ ਮਹੀਨਿਆਂ 'ਚ ਵਾਪਰੀਆਂ ਹਨ। ਜਦੋਂ ਮੈਂ ਕਿਹਾ ਕਿ ਅਸੀਂ ਵੱਖਰੇ ਪੜਾਅ ਵਿਚ ਪਹੁੰਚ ਗਏ ਹਾਂ ਤਾਂ ਮੇਰਾ ਭਾਵ ਇਹੀ ਸੀ। ਚਿਤਾਵਨੀਆਂ ਦਾ ਸਮਾਂ ਖ਼ਤਮ ਹੋ ਗਿਆ ਹੈ, ਤੇ ਸਾਨੂੰ ਹੁਣ ਲੋਕਾਂ ਦੇ ਇਕ ਹਿੱਸੇ ਤੋਂ ਵੀ ਓਨਾ ਹੀ ਡਰਨਾ ਚਾਹੀਦਾ ਹੈ ਜਿੰਨਾ ਅਸੀਂ ਆਪਣੇ ਆਗੂਆਂ ਤੋਂ ਡਰਦੇ ਹਾਂ:

ਮਨੀਪੁਰ ਵਿਚ, ਜਿੱਥੇ ਘਰੇਲੂ ਯੁੱਧ ਛਿੜਿਆ ਹੋਇਆ ਹੈ, ਪੁਲਿਸ ਨੇ ਜੋ ਪੂਰੀ ਤਰ੍ਹਾਂ ਪੱਖਪਾਤੀ ਹੈ, ਦੋ ਔਰਤਾਂ ਨੂੰ ਭੀੜ ਦੇ ਹਵਾਲੇ ਕਰ ਦਿੱਤਾ ਤਾਂ ਜੋ ਉਨ੍ਹਾਂ ਨੂੰ ਪੂਰੇ ਪਿੰਡ ਵਿਚ ਨੰਗੀਆਂ ਕਰ ਕੇ ਘੁੰਮਾਇਆ ਜਾ ਸਕੇ ਅਤੇ ਫਿਰ ਉਨ੍ਹਾਂ ਦਾ ਸਮੂਹਿਕ ਬਲਾਤਕਾਰ ਕੀਤਾ ਜਾ ਸਕੇ। ਉਨ੍ਹਾਂ ਵਿਚੋਂ ਇਕ ਨੇ ਆਪਣੀਆਂ ਅੱਖਾਂ ਸਾਹਮਣੇ ਆਪਣੇ ਛੋਟੇ ਭਰਾ ਦਾ ਕਤਲ ਹੁੰਦਾ ਦੇਖਿਆ। ਜੋ ਔਰਤਾਂ ਬਲਾਤਕਾਰੀਆਂ ਦੇ ਭਾਈਚਾਰੇ 'ਚੋਂ ਹੀ ਹਨ, ਉਹ ਬਲਾਤਕਾਰੀਆਂ ਦੇ ਨਾਲ ਖੜ੍ਹੀਆਂ ਹੋਈਆਂ ਹਨ, ਇੱਥੋਂ ਤੱਕ ਕਿ ਉਨ੍ਹਾਂ ਨੇ ਆਪਣੇ ਮਰਦਾਂ ਨੂੰ ਉਨ੍ਹਾਂ ਨਾਲ ਬਲਾਤਕਾਰ ਕਰਨ ਲਈ ਉਕਸਾਇਆ।

ਮਹਾਰਾਸ਼ਟਰ ਵਿਚ ਇਕ ਹਥਿਆਰਬੰਦ ਰੇਲਵੇ ਸੁਰੱਖਿਆ ਤਾਕਤ ਦੇ ਅਧਿਕਾਰੀ ਨੇ ਰੇਲਗੱਡੀ ਦੇ ਡੱਬਿਆਂ ਵਿਚ ਘੁੰਮ-ਘੁੰਮ ਕੇ ਕਈ ਮੁਸਲਮਾਨ ਮੁਸਾਫ਼ਰਾਂ ਨੂੰ ਗੋਲੀ ਮਾਰ ਦਿੱਤੀ ਅਤੇ ਲੋਕਾਂ ਨੂੰ ਮੋਦੀ ਨੂੰ ਵੋਟ ਪਾਉਣ ਲਈ ਕਿਹਾ।

ਇਕ ਬਹੁਤ ਹੀ ਮਸ਼ਹੂਰ ਹਿੰਦੂ ਚੌਕਸੀ ਸਰਗਨੇ ਜੋ ਅਕਸਰ ਹੀ ਚੋਟੀ ਦੇ ਸਿਆਸਤਦਾਨਾਂ ਅਤੇ ਪੁਲਸੀਆਂ ਨਾਲ ਆਪਣੇ ਮੇਲ-ਜੋਲ ਦੀਆਂ ਫੋਟੋਆਂ ਖਿਚਵਾਉਂਦਾ ਰਹਿੰਦਾ ਹੈ, ਨੇ ਹਿੰਦੂਆਂ ਨੂੰ ਸੰਘਣੀ ਆਬਾਦੀ ਵਾਲੀ ਮੁਸਲਿਮ ਬਹੁਗਿਣਤੀ ਬਸਤੀ ਵਿਚੋਂ ਲੰਘਣ ਵਾਲੇ ਧਾਰਮਿਕ ਜਲੂਸ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ। ਉਹ ਫਰਵਰੀ ਵਿਚ ਉਨ੍ਹਾਂ ਦੋ ਮੁਸਲਮਾਨ ਨੌਜਵਾਨਾਂ ਦੇ ਕਤਲ ਦਾ ਮੁੱਖ ਦੋਸ਼ੀ ਹੈ ਜਿਨ੍ਹਾਂ ਨੂੰ ਵਾਹਨ ਨਾਲ ਬੰਨ੍ਹ ਕੇ ਜਿਊਂਦੇ ਸਾੜ ਦਿੱਤਾ ਗਿਆ ਸੀ।

ਨੂਹ ਸ਼ਹਿਰ ਗੁੜਗਾਓਂ ਦੇ ਨੇੜੇ ਹੈ ਜਿੱਥੇ ਵੱਡੀਆਂ ਕੌਮਾਂਤਰੀ ਕਾਰਪੋਰੇਸ਼ਨਾਂ ਦੇ ਦਫ਼ਤਰ ਹਨ। ਇਸ ਜਲੂਸ ਵਿਚ ਸ਼ਾਮਿਲ ਹਿੰਦੂਆਂ ਕੋਲ ਮਸ਼ੀਨਗੰਨਾਂ ਅਤੇ ਤਲਵਾਰਾਂ ਸਨ। ਮੁਸਲਮਾਨਾਂ ਨੇ ਆਪਣਾ ਬਚਾਅ ਕੀਤਾ। ਜਿਵੇਂ ਅੰਦਾਜ਼ਾ ਸੀ, ਜਲੂਸ ਦਾ ਅੰਤ ਹਿੰਸਾ ਵਿਚ ਹੋਇਆ। ਛੇ ਲੋਕ ਮਾਰੇ ਗਏ। 19 ਸਾਲ ਦੇ ਇਮਾਮ ਨੂੰ ਉਸ ਦੇ ਬਿਸਤਰੇ ਉੱਪਰ ਹੀ ਮਾਰ ਦਿੱਤਾ ਗਿਆ, ਮਸਜਿਦ ਵਿਚ ਭੰਨਤੋੜ ਕੀਤੀ ਗਈ ਅਤੇ ਉਸ ਨੂੰ ਸਾੜ ਦਿੱਤਾ ਗਿਆ। ਸਟੇਟ ਦਾ ਪ੍ਰਤੀਕਰਮ ਸਾਰੀਆਂ ਗਰੀਬ ਮੁਸਲਮਾਨ ਬਸਤੀਆਂ ਨੂੰ ਬੁਲਡੋਜ਼ਰ ਚਲਾ ਕੇ ਢਾਹ ਦੇਣ ਅਤੇ ਸੈਂਕੜੇ ਪਰਿਵਾਰਾਂ ਨੂੰ ਆਪਣੀਆਂ ਜਾਨਾਂ ਬਚਾਉਣ ਲਈ ਭੱਜਣ ਲਈ ਮਜਬੂਰ ਕਰਨ ਦਾ ਰਿਹਾ ਹੈ।




*ਅਮਰੀਕਾ ਫੇਰੀ ਮੌਕੇ ਨਰਿੰਦਰ ਮੋਦੀ ਦੇ ਵਿਰੋਧ ਦੀ ਇਕ ਝਲਕ।*

ਪ੍ਰਧਾਨ ਮੰਤਰੀ ਕੋਲ ਇਸ ਬਾਰੇ ਕੁਝ ਵੀ ਕਹਿਣ ਨੂੰ ਨਹੀਂ ਹੈ। ਚੋਣਾਂ ਦੀ ਰੁੱਤ ਹੈ। ਆਮ ਚੋਣਾਂ ਅਗਲੇ ਸਾਲ ਮਈ ਵਿਚ ਹੋਣਗੀਆਂ। ਇਹ ਸਭ ਚੋਣ ਮੁਹਿੰਮ ਦਾ ਹਿੱਸਾ ਹੈ। ਅਸੀਂ ਪਹਿਲਾਂ ਤੋਂ ਹੀ ਪਾਲਾਬੰਦ ਆਬਾਦੀ ਦੀ ਹੋਰ ਪਾਲਾਬੰਦੀ ਕਰਨ ਲਈ ਹੋਰ ਜ਼ਿਆਦਾ ਖ਼ੂਨ-ਖਰਾਬੇ, ਸਮੂਹਿਕ ਕਤਲੇਆਮ, ਝੂਠੇ ਹਮਲਿਆਂ, ਯੁੱਧ ਦੇ ਝੂਠੇ ਦੋਸ਼ਾਂ ਵਰਗਾ ਹੋਰ ਕੁਝ ਵੀ ਕਰਨ ਲਈ ਤਿਆਰ ਹਾਂ।

ਮੈਂ ਹੁਣੇ ਜਿਹੇ ਛੋਟੇ ਸਕੂਲ ਦੀ ਜਮਾਤ ਵਿਚ ਫਿਲਮਾਇਆ ਗਿਆ ਰੌਂਗਟੇ ਖੜ੍ਹੇ ਕਰਨ ਵਾਲਾ ਛੋਟਾ ਜਿਹਾ ਵੀਡੀਓ ਦੇਖਿਆ ਹੈ। ਅਧਿਆਪਕਾ ਮੁਸਲਮਾਨ ਬੱਚੇ ਨੂੰ ਆਪਣੀ ਮੇਜ਼ ਦੇ ਕੋਲ ਖੜ੍ਹਾ ਕਰਦੀ ਹੈ ਅਤੇ ਬਾਕੀ ਵਿਦਿਆਰਥੀਆਂ, ਹਿੰਦੂ ਮੁੰਡਿਆਂ ਨੂੰ ਇਕ-ਇਕ ਕਰ ਕੇ ਉਸ ਦੇ ਥੱਪੜ ਮਾਰਨ ਲਈ ਕਹਿੰਦੀ ਹੈ। ਉਹ ਉਨ੍ਹਾਂ ਨੂੰ ਡਾਂਟਦੀ ਹੈ ਜਿਨ੍ਹਾਂ ਨੇ ਉਸ ਨੂੰ ਕੱਸ ਕੇ ਥੱਪੜ ਨਹੀਂ ਮਾਰਿਆ। ਹੁਣ ਤੱਕ ਦੀ ਕਾਰਵਾਈ ਇਹ ਰਹੀ ਹੈ ਕਿ ਪਿੰਡ ਦੇ ਹਿੰਦੂਆਂ ਅਤੇ ਪੁਲਿਸ ਨੇ ਮੁਸਲਮਾਨ ਪਰਿਵਾਰ ਉੱਪਰ ਦੋਸ਼ ਨਾ ਲਗਾਉਣ ਲਈ ਦਬਾਅ ਪਾਇਆ ਹੈ। ਮੁਸਲਿਮ ਲੜਕੇ ਦੀ ਸਕੂਲ ਦੀ ਫ਼ੀਸ ਵਾਪਸ ਕਰ ਦਿੱਤੀ ਗਈ ਹੈ ਅਤੇ ਉਸ ਨੂੰ ਸਕੂਲ ਵਿਚੋਂ ਕੱਢ ਦਿੱਤਾ ਗਿਆ ਹੈ।

ਭਾਰਤ ਵਿਚ ਜੋ ਕੁਝ ਹੋ ਰਿਹਾ ਹੈ, ਉਹ ਇੰਟਰਨੈੱਟ ਫਾਸ਼ੀਵਾਦ ਦਾ ਢਿੱਲਾ-ਢਾਲਾ ਰੂਪ ਨਹੀਂ ਹੈ। ਇਹ ਅਸਲੀ ਚੀਜ਼ ਹੈ। ਅਸੀਂ ਨਾਜ਼ੀ ਬਣ ਚੁੱਕੇ ਹਾਂ। ਸਾਡੇ ਆਗੂ ਹੀ ਨਹੀਂ, ਸਾਡੇ ਟੀ.ਵੀ. ਚੈਨਲ ਅਤੇ ਅਖ਼ਬਾਰ ਹੀ ਨਹੀਂ ਸਗੋਂ ਸਾਡੀ ਆਬਾਦੀ ਦਾ ਵੱਡਾ ਹਿੱਸਾ ਵੀ। ਅਮਰੀਕਾ, ਯੂਰਪ ਅਤੇ ਦੱਖਣੀ ਅਫ਼ਰੀਕਾ ਵਿਚ ਰਹਿ ਰਹੀ ਭਾਰਤੀ ਹਿੰਦੂ ਆਬਾਦੀ ਦੀ ਵੱਡੀ ਗਿਣਤੀ ਇਨ੍ਹਾਂ ਫਾਸ਼ੀਵਾਦੀਆਂ ਦੀ ਰਾਜਨੀਤਕ ਅਤੇ ਪਦਾਰਥਕ ਹਮਾਇਤ ਕਰਦੀ ਹੈ। ਸਾਨੂੰ ਆਪਣੀਆਂ ਰੂਹਾਂ ਲਈ, ਆਪਣੇ ਬੱਚਿਆਂ ਲਈ ਅਤੇ ਆਪਣੇ ਬੱਚਿਆਂ ਦੇ ਬੱਚਿਆਂ ਲਈ ਖੜ੍ਹੇ ਹੋਣਾ ਪਵੇਗਾ। ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਅਸੀਂ ਅਸਫ਼ਲ ਹੁੰਦੇ ਹਾਂ ਜਾਂ ਸਫ਼ਲ ਹੁੰਦੇ ਹਾਂ। ਇਹ ਜ਼ਿੰਮੇਵਾਰੀ ਇਕੱਲੀ ਸਾਡੀ ਭਾਰਤੀਆਂ ਦੀ ਨਹੀਂ ਹੈ। ਛੇਤੀ ਹੀ ਜੇ 2024 ਵਿਚ ਮੋਦੀ ਜਿੱਤ ਗਿਆ ਤਾਂ ਅਸਹਿਮਤੀ ਦੇ ਸਾਰੇ ਰਾਹ ਬੰਦ ਹੋ ਜਾਣਗੇ। ਇਸ ਹਾਲ ਵਿਚ ਤੁਹਾਡੇ ਵਿਚੋਂ ਕਿਸੇ ਨੂੰ ਵੀ ਇਹ ਦਿਖਾਵਾ ਨਾ ਕਰਨਾ ਚਾਹੀਦਾ ਕਿ ਤੁਹਾਨੂੰ ਨਹੀਂ ਪਤਾ ਕਿ ਕੀ ਹੋ ਰਿਹਾ ਹੈ।

ਜੇਕਰ ਤੁਸੀਂ ਮੈਨੂੰ ਇਜਾਜ਼ਤ ਦਿਓ ਤਾਂ ਮੈਂ ਆਪਣੇ ਲੇਖ 'ਕਲਪਨਾ ਦਾ ਅੰਤ' ਦਾ ਇਕ ਭਾਗ ਪੜ੍ਹ ਕੇ ਆਪਣੀ ਗੱਲ ਮੁਕਾਵਾਂਗੀ। ਇਹ ਅਸਫ਼ਲਤਾ ਬਾਰੇ ਦੋਸਤ ਨਾਲ ਗੱਲਬਾਤ ਹੈ - ਤੇ ਵਿਅਕਤੀਗਤ ਤੌਰ 'ਤੇ ਮੇਰਾ, ਲੇਖਕ ਦਾ ਐਲਾਨਨਾਮਾ।

"ਮੈਂ ਕਿਹਾ ਕਿ ਕਿਸੇ ਵੀ ਮਾਮਲੇ 'ਚ ਉਸ ਦਾ ਚੀਜ਼ਾਂ ਬਾਰੇ ਬਾਹਰੀ ਨਜ਼ਰੀਆ ਸੀ, ਇਹ ਧਾਰਨਾ ਕਿ ਕਿਸੇ ਵਿਅਕਤੀ ਦੀ ਖ਼ੁਸ਼ੀ, ਜਾਂ ਕਹਿ ਲਓ ਸੰਤੁਸ਼ਟੀ ਦੀ ਉਠਾਣ ਆਪਣੇ ਸਿਖ਼ਰ 'ਤੇ ਸੀ (ਅਤੇ ਹੁਣ ਇਸ ਨੂੰ ਡਿੱਗਣਾ ਚਾਹੀਦਾ ਹੈ) ਕਿਉਂਕਿ ਗਲਤੀ ਨਾਲ ਉਸ ਕੋਲੋਂ 'ਸਫਲਤਾ' ਨੂੰ ਠੋਕਰ ਵੱਜ ਗਈ ਸੀ। ਇਹ ਇਸ ਕਲਪਨਾਹੀਣ ਵਿਸ਼ਵਾਸ 'ਤੇ ਅਧਾਰਤ ਸੀ ਕਿ ਦੌਲਤ ਅਤੇ ਸ਼ੁਹਰਤ ਹਰ ਕਿਸੇ ਦੇ ਸੁਪਨਿਆਂ ਦੀ ਜ਼ਰੂਰੀ ਚੀਜ਼ ਸੀ।

ਮੈਂ ਉਸ ਨੂੰ ਕਿਹਾ, ਤੁਸੀਂ ਬਹੁਤ ਲੰਮੇ ਸਮੇਂ ਤੋਂ ਨਿਊਯਾਰਕ ਵਿਚ ਰਹੇ ਹੋ। ਹੋਰ ਵੀ ਸੰਸਾਰ ਹਨ। ਹੋਰ ਕਿਸਮ ਦੇ ਸੁਪਨੇ। ਸੁਪਨੇ ਜਿਨ੍ਹਾਂ ਵਿਚ ਅਸਫ਼ਲਤਾ ਸੰਭਵ ਹੋਵੇ, ਸਨਮਾਨਯੋਗ ਹੋਵੇ, ਕਦੇ-ਕਦੇ ਇਹ ਸਫ਼ਲਤਾ ਹਾਸਲ ਕਰਨ ਲਈ ਕੋਸ਼ਿਸ਼ ਕਰਨ ਦੇ ਲਾਇਕ ਵੀ ਹੋਵੇ। ਅਜਿਹੀ ਦੁਨੀਆ ਜਿੱਥੇ ਪਛਾਣ ਹੀ ਪ੍ਰਤਿਭਾ ਜਾਂ ਮਨੁੱਖੀ ਮੁੱਲ ਦਾ ਇਕੋ-ਇਕ ਪੈਮਾਨਾ ਨਹੀਂ ਹੈ। ਇੱਥੇ ਬਹੁਤ ਸਾਰੇ ਯੋਧੇ ਹਨ ਜਿਨ੍ਹਾਂ ਨੂੰ ਮੈਂ ਜਾਣਦੀ ਹਾਂ ਅਤੇ ਪਿਆਰ ਕਰਦੀ ਹਾਂ, ਉਹ ਲੋਕ ਮੇਰੇ ਨਾਲੋਂ ਕਿਤੇ ਵਧੇਰੇ ਵੱਡਮੁੱਲੇ ਹਨ ਜੋ ਨਿੱਤ ਦਿਨ ਯੁੱਧ ਵਿਚ ਜਾਂਦੇ ਹਨ, ਇਹ ਪਹਿਲਾਂ ਹੀ ਜਾਣਦੇ ਹੋਏ ਕਿ ਉਹ ਅਸਫ਼ਲ ਹੋ ਜਾਣਗੇ। ਇਹ ਸੱਚ ਹੈ ਕਿ ਉਹ ਸ਼ਬਦ ਦੇ ਸਭ ਤੋਂ ਅਸ਼ਲੀਲ ਮਾਇਨਿਆਂ 'ਚ ਘੱਟ 'ਸਫ਼ਲ' ਹਨ ਪਰ ਕਿਸੇ ਵੀ ਤਰ੍ਹਾਂ ਘੱਟ ਸੰਪੂਰਨ ਨਹੀਂ ਹਨ।

ਮੈਂ ਉਸ ਨੂੰ ਕਿਹਾ, ਇੱਕੋ-ਇਕ ਸੁਪਨਾ ਜੋ ਦੇਖਣ ਲਾਇਕ ਹੈ, ਉਹ ਇਹ ਸੁਪਨਾ ਹੈ ਕਿ ਕਿ ਤੁਸੀਂ ਜਦੋਂ ਤੱਕ ਜ਼ਿੰਦਾ ਹੋ, ਉਦੋਂ ਤੱਕ ਜਿਊਂਦੇ ਵੀ ਰਹੋ, ਤੇ ਉਦੋਂ ਹੀ ਮਰੋ ਜਦੋਂ ਤੁਸੀਂ ਸੱਚਮੁੱਚ ਮਰ ਜਾਓ। ਜਿਊਂਦੇ ਜੀ ਨਾ ਮਰੋ। (ਕੀ ਇਹ ਪੂਰਵ-ਗਿਆਨ ਸੀ? ਸ਼ਾਇਦ ਇਹ ਸੀ।)

'ਤੁਸੀਂ ਕਹਿਣਾ ਕੀ ਚਾਹੁੰਦੇ ਹੋ?' (ਭਰਵੱਟੇ ਚੜ੍ਹਾ ਕੇ ਉਸ ਨੇ ਥੋੜ੍ਹਾ ਖਿਝ ਕੇ ਕਿਹਾ।)

ਮੈਂ ਸਮਝਾਉਣ ਦੀ ਵਾਹ ਲਾਈ ਪਰ ਇਸ ਦਾ ਉਸ ਉੱਪਰ ਕੋਈ ਬਹੁਤਾ ਅਸਰ ਨਹੀਂ ਹੋਇਆ। ਕਦੇ-ਕਦੇ ਮੈਨੂੰ ਸੋਚਣ ਲਈ ਲਿਖਣਾ ਪੈਂਦਾ ਹੈ। ਇਸ ਲਈ ਮੈਂ ਉਸ ਦੇ ਲਈ ਪੇਪਰ ਨੈਪਕਿਨ 'ਤੇ ਲਿਖਿਆ। ਮੈਂ ਇਹੀ ਲਿਖਿਆ ਹੈ: ਪਿਆਰ ਕਰਨਾ, ਪਿਆਰ ਲੈਣਾ, ਆਪਣਾ ਨਾਚੀਜ਼ ਹੋਣਾ ਕਦੇ ਨਾ ਭੁੱਲਣਾ, ਕਦੇ ਵੀ ਆਪਣੇ ਆਲੇ ਦੁਆਲੇ ਦੀ ਜ਼ਿੰਦਗੀ ਦੀ ਅਕਹਿ ਹਿੰਸਾ ਅਤੇ ਅਸ਼ਲੀਲ ਨਾ-ਬਰਾਬਰੀ ਦਾ ਆਦੀ ਕਦੇ ਨਾ ਹੋਣਾ, ਸਭ ਤੋਂ ਦੁਖਦਾਈ ਸਥਾਨਾਂ ਵਿਚ ਖ਼ੁਸ਼ੀ ਦੀ ਭਾਲ ਕਰਨਾ, ਸੁੰਦਰਤਾ ਦੀ ਭਾਲ ਵਿਚ ਉਸ ਦੇ ਮੂਲ ਤੱਕ ਜਾ ਪਹੁੰਚ ਜਾਣਾ ਜੋ ਪੇਚੀਦਾ ਹੈ, ਉਸ ਕਦੇ ਵੀ ਸਰਲ ਨਾ ਬਣਾਉਣਾ ਅਤੇ ਜੋ ਸਰਲ ਹੈ ਉਸਨੂੰ ਕਦੇ ਵੀ ਪੇਚੀਦਾ ਨਾ ਬਣਾਉਣਾ, ਸ਼ਕਤੀ ਦਾ ਸਤਿਕਾਰ ਕਰਨਾ, ਸੱਤਾ ਦਾ ਕਦੇ ਵੀ ਨਹੀਂ; ਤੇ ਸਭ ਤੋਂ ਵੱਧ ਕੇ, ਦੇਖਣਾ, ਸਮਝਣ ਦੀ ਕੋਸ਼ਿਸ਼ ਕਰਨਾ, ਕਦੇ ਵੀ ਨਜ਼ਰਾਂ ਨਾ ਚੁਰਾਉਣਾ ਅਤੇ ਕਦੇ ਵੀ ਨਾ ਭੁੱਲਣਾ, ਕਦੇ ਵੀ ਨਹੀਂ।"

ਮੈਂ ਇਸ ਪੁਰਸਕਾਰ ਦੇ ਸਨਮਾਨ ਲਈ ਤੁਹਾਡਾ ਦੁਬਾਰਾ ਧੰਨਵਾਦ ਕਰਦੀ ਹਾਂ। ਮੈਨੂੰ ਪੁਰਸਕਾਰ ਦੇ ਹਵਾਲੇ ਦਾ ਉਹ ਹਿੱਸਾ ਪਸੰਦ ਹੈ ਜਿਸ ਵਿਚ ਲਿਖਿਆ ਹੈ, "ਅਰੁੰਧਤੀ ਰਾਏ ਲੇਖ ਦੀ ਵਰਤੋਂ ਯੁੱਧ ਦੇ ਇਕ ਰੂਪ ਵਜੋਂ ਕਰਦੀ ਹੈ।"

ਕਿਸੇ ਲੇਖਕ ਲਈ ਇਹ ਵਿਸ਼ਵਾਸ ਕਰਨਾ ਕਿ ਉਹ ਆਪਣੀ ਲੇਖਣੀ ਨਾਲ ਦੁਨੀਆ ਨੂੰ ਬਦਲ ਸਕਦੀ ਹੈ, ਘਮੰਡ, ਹੰਕਾਰ ਅਤੇ ਜ਼ਰਾ ਕੁ ਮੂਰਖ਼ਤਾ ਵੀ ਹੋਵੇਗੀ ਪਰ ਜੇਕਰ ਉਸ ਨੇ ਕੋਸ਼ਿਸ਼ ਵੀ ਨਾ ਕੀਤੀ ਤਾਂ ਇਹ ਤਰਸਯੋਗ ਗੱਲ ਹੋਵੇਗੀ।

ਜਾਣ ਤੋਂ ਪਹਿਲਾਂ... ਮੈਂ ਬਸ ਇੰਨੀ ਗੱਲ ਕਹਿਣੀ ਚਾਹਾਂਗੀ: ਇਸ ਪੁਰਸਕਾਰ ਨਾਲ ਬਹੁਤ ਸਾਰਾ ਪੈਸਾ ਮਿਲਦਾ ਹੈ। ਇਹ ਮੈਂ ਆਪਣੇ ਕੋਲ ਨਹੀਂ ਰੱਖਾਂਗੀ। ਇਸ ਨੂੰ ਬਹੁਤ ਸਾਰੇ ਦਲੇਰ ਕਾਰਕੁਨਾਂ, ਪੱਤਰਕਾਰਾਂ, ਵਕੀਲਾਂ, ਫਿਲਮ ਨਿਰਮਾਤਾਵਾਂ ਨਾਲ ਸਾਂਝਾ ਕੀਤਾ ਜਾਵੇਗਾ ਜੋ ਲੱਗਭੱਗ ਬਿਨਾਂ ਕਿਸੇ ਵਸੀਲੇ ਦੇ ਇਸ ਹਕੂਮਤ ਦੇ ਖ਼ਿਲਾਫ਼ ਡਟ ਕੇ ਖੜ੍ਹੇ ਹਨ। ਹਾਲਾਤ ਭਾਵੇਂ ਕਿੰਨੇ ਵੀ ਗੰਭੀਰ ਕਿਉਂ ਨਾ ਹੋਣ, ਕਿਰਪਾ ਕਰ ਕੇ ਇਹ ਜਾਣ ਲਓ ਕਿ ਜ਼ਬਰਦਸਤ ਲੜਾਈ ਲੜਨੀ ਪਵੇਗੀ। ***(ਸਮਾਪਤ)***

# ਪੰਜਾਬ ਰਾਜ ਚੋਣ ਕਮਿਸ਼ਨ ਵੱਲੋਂ ਨਿਗਮ ਚੋਣਾਂ ਮੁਲਤਵੀ

**ਚੰਡੀਗੜ੍ਹ:** ਪੰਜਾਬ ਵਿਚ ਪੰਜ ਨਗਰ ਨਿਗਮਾਂ ਸਣੇ ਨਗਰ ਕੌਂਸਲਾਂ ਤੇ ਨਗਰ ਪੰਚਾਇਤਾਂ ਦੀਆਂ ਚੋਣਾਂ ਮੁਲਤਵੀ ਕਰ ਦਿੱਤੀਆਂ ਗਈਆਂ ਹਨ। ਇਹ ਫੈਸਲਾ ਪੰਜਾਬ ਰਾਜ ਚੋਣ ਕਮਿਸ਼ਨ ਵੱਲੋਂ ਲਿਆ ਗਿਆ ਹੈ। ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਨੇ 15 ਨਵੰਬਰ ਤੱਕ ਨਿਗਮ ਚੋਣਾਂ ਕਰਵਾਉਣ ਦਾ ਫੈਸਲਾ ਲਿਆ ਸੀ। ਚੋਣਾਂ ਮੁਲਤਵੀ ਕੀਤੇ ਜਾਣ ਬਾਰੇ ਚੋਣ ਕਮਿਸ਼ਨ ਨੇ ਲੁਧਿਆਣਾ, ਅੰਮ੍ਰਿਤਸਰ, ਜਲੰਧਰ ਤੇ ਪਟਿਆਲਾ ਦੇ ਡਿਪਟੀ ਕਮਿਸ਼ਨਰਾਂ ਨੂੰ ਸੂਚਿਤ ਕਰ ਦਿੱਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਚੋਣ ਕਮਿਸ਼ਨ ਨੇ ਪਹਿਲਾਂ 10 ਨਵੰਬਰ ਨੂੰ ਫਾਈਨਲ ਵੋਟਰ ਸੂਚੀ ਜਾਰੀ ਕਰਨੀ ਸੀ ਪਰ ਹਰ ਜ਼ਿਲ੍ਹੇ ਤੋਂ ਵੋਟਰ ਸੂਚੀਆਂ ਵਿਚ ਵਧੇਰੇ ਇਤਰਾਜ਼ ਮਿਲਣ ਕਰਕੇ ਫਾਈਨਲ ਸੂਚੀ ਤਿਆਰ ਨਹੀਂ ਹੋ ਸਕੀ। ਇਸੇ ਦੌਰਾਨ ਚੋਣ ਕਮਿਸ਼ਨ ਨੇ ਇਤਰਾਜ਼ ਦਰਜ ਕਰਵਾਉਣ ਲਈ ਤਰੀਕ ਵਧਾ ਦਿੱਤੀ ਹੈ। ਸੂਤਰਾਂ ਅਨੁਸਾਰ ਪੰਜਾਬ ਰਾਜ ਚੋਣ ਕਮਿਸ਼ਨ ਵੱਲੋਂ ਸੂਬੇ 'ਚ 5 ਨਗਰ ਨਿਗਮਾਂ ਤੇ 39 ਨਗਰ ਕੌਂਸਲਾਂ ਅਤੇ ਨਗਰ ਪੰਚਾਇਤਾਂ ਦੀਆਂ ਚੋਣਾਂ ਹੁਣ ਦਸੰਬਰ ਦੇ ਅਖੀਰ ਵਿਚ ਜਾਂ ਜਨਵਰੀ ਦੇ ਸ਼ੁਰੂ ਵਿਚ ਕਰਵਾਈਆਂ ਜਾ ਸਕਦੀਆਂ ਹਨ। ਉੱਧਰ ਨਿਗਮ ਚੋਣਾਂ ਲਈ ਸਿਆਸੀ ਪਾਰਟੀਆਂ ਵੱਲੋਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਵੇਰਵਿਆਂ ਅਨੁਸਾਰ 'ਆਪ' ਦੀ ਸੀਨੀਅਰ ਲੀਡਰਸ਼ਿਪ ਤੇ ਵਿਧਾਇਕਾਂ ਵੱਲੋਂ ਆਪੋ-ਆਪਣੇ ਹਲਕਿਆਂ 'ਚ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ ਅਤੇ ਵਿਰੋਧੀ ਧਿਰਾਂ ਵੱਲੋਂ ਵੀ ਟਿਕਟਾਂ ਦੇ ਚਾਹਵਾਨਾਂ ਤੋਂ ਅਰਜ਼ੀਆਂ ਮੰਗੀਆਂ ਜਾ ਰਹੀਆਂ ਹਨ।





Personal Injury and Wrongful Death Attorneys

Case Results*

$10 MILLION
Motorcycle vs. Truck Collision


$8 MILLION
Wrongful Death

$5.25 MILLION
Traumatic Brain Injury

$1.1 MILLION
Burn Injury

$1.1 MILLION
Pedestrian vs. Motor Vehicle Collision

*Past Performance Not a Guarantee of Future Results



WILLIAM E. WEISS
Of Counsel

Offices in San Francisco and Union City

No Fees Unless Recovery for Your Injuries is Made
CONTACT US AT:
Phone: (510) 474-0028 • E-mail: info@thebainsfirm.com
www.thebainsfirm.com

ਤੁਹਾਡੀ ਸੇਵਾ ਵਿਚ ਹਰ ਸਮੇਂ ਹਾਜ਼ਰ !

CALIFORNIA
IMMIGRATION SERVICES INC.
Registered & Bonded

* FAMILY IMMIGRATION
* GREEN CARD PETITION
* CITIZENSHIP
* BUSINESS/VISITOR VISA
* RELIGIOUS VISA
* VARIOUS IMMIGRATION SERVICES

* ਫੈਮਿਲੀ ਇੰਮੀਗਰੇਸ਼ਨ
* ਗਰੀਨ ਕਾਰਡ ਪਟੀਸ਼ਨ
* ਸਿਟੀਜ਼ਨਸ਼ਿਪ
* ਬਿਜ਼ਨਸ ਵੀਜ਼ਾ/ ਵਿਜ਼ਿਟਰ ਵੀਜ਼ਾ
* ਰਿਲੀਜੀਅਸ ਵੀਜ਼ਾ
* ਕਈ ਹੋਰ ਇੰਮੀਗਰੇਸ਼ਨ ਸੇਵਾਵਾਂ




ROSY (Kanwal) KAUR
Immigration Consultant
408-422-8585
510-573-3666

Address:
Fremont Office:
4127 Bay Street, Unit 5, Fremont CA, 94538
Tracy Office:
1660 W Linne Rd. Unit J24, Tracy CA, 95377

Website: www.caials.com e-mail: rosy@caials.com

ਤੁਸੀਂ ਸਾਡੇ ਨਾਲ ਪੰਜਾਬੀ ਵਿਚ ਵੀ ਗੱਲ ਕਰ ਸਕਦੇ ਹੋ।

Homeopathicvibes
Harminder Singh Gill
Homeopathic Consultant and Practitioner



*D.H.M.S; B.C.I.H*
(Ex Homeopathic Medical officer Punjab Govt.)
Now we have two locations:
940 E. El Camino Real, Sunnyvale, CA 94087
39039 Paseo Padre Pkwy, Suite# 209 (upstairs), Fremont, CA 94538
We also do Virtual appointments for long distance patients.
Ph: (408) 737-7100
www.homeopathicvibes.com
*We sell and ship homeopathic remedies through out North America.*

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY
ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ
DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Grand Opening
Special Price for Truck Wash

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.982.9996
FAX: 209.982.9997
www.globalmultiservices.com info@globalmultiservices.com

REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211

REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਦੁਰਲੱਭ ਖ਼ਜ਼ਾਨਾ 'ਸ਼ਹੀਦੀ ਸਾਕਾ ਸ੍ਰੀ ਪੰਜਾ ਸਾਹਿਬ'

***ਪੰਜਾ ਸਾਹਿਬ ਦੀ ਸੰਗਤ ਨੇ ਸਟੇਸ਼ਨ ਮਾਸਟਰ ਰਾਹੀਂ ਕਈ ਸੁਨੇਹੇ ਲੰਗਰ ਲਈ ਗੱਡੀ ਰੋਕਣ ਦੇ ਭੇਜੇ। ਜਦੋਂ ਨਾ ਮੰਨੇ ਤਾਂ ਸਿੰਘ ਕਈ ਮੀਲ ਤੱਕ ਰੇਲ ਪਟੜੀ 'ਤੇ ਜਾ ਬੈਠੇ। ਆਖ਼ਰ ਦੋ ਸਿਦਕੀ ਸਿੰਘਾਂ ਕਰਮ ਸਿੰਘ ਤੇ ਪ੍ਰਤਾਪ ਸਿੰਘ ਨੂੰ ਸ਼ਹੀਦ ਅਤੇ ਛੇ ਹੋਰ ਨੂੰ ਜ਼ਖ਼ਮੀ ਕਰ ਕੇ ਗੱਡੀ ਰੁਕ ਗਈ। ਸਿੰਘਾਂ ਨੇ ਕੈਦੀ ਜਥੇ ਨੂੰ ਸ਼ਰਧਾ ਤੇ ਪ੍ਰੇਮ ਨਾਲ ਲੰਗਰ ਛਕਾਉਣ ਉਪਰੰਤ ਹੀ ਗੱਡੀ ਤੁਰਨ ਦੀ ਆਗਿਆ ਦਿੱਤੀ।***


**ਤੇਜਾ ਸਿੰਘ ਤਿਲਕ**
**ਫੋਨ: +91-98766-36159**

## ਕਲਾ ਪਰਿਕਰਮਾ

ਪੰਜਾਬੀ ਦੇ ਖੋਜੀ ਵਿਦਵਾਨ ਡਾ. ਗੁਰਦੇਵ ਸਿੰਘ ਸਿੱਧੂ ਕਿਸੇ ਜਾਣ-ਪਛਾਣ ਦੇ ਮੁਥਾਜ ਨਹੀਂ ਹਨ। ਉਨ੍ਹਾਂ ਨੇ 43 ਪੁਸਤਕਾਂ ਪੰਜਾਬੀ, 6 ਅੰਗਰੇਜ਼ੀ, 3 ਹਿੰਦੀ ਅਤੇ ਇਕ ਮਰਾਠੀ ਵਿਚ ਪ੍ਰਕਾਸ਼ਿਤ ਕਰਵਾਈਆਂ ਹਨ। ਡਾ. ਸਿੱਧੂ ਦੀ ਖੋਜ ਦੇ ਤਿੰਨ ਖੇਤਰ ਮੁੱਖ ਹਨ: ਪਹਿਲਾ, ਅੰਗਰੇਜ਼ਾਂ ਤੋਂ ਆਜ਼ਾਦੀ ਲਈ ਲੜੇ ਗਏ ਘੋਲ ਬਾਰੇ ਰਚੀ ਗਈ ਪੰਜਾਬੀ ਕਵਿਤਾ। ਦੂਜਾ, ਪੰਜਾਬੀ ਕਿੱਸਾ ਸਾਹਿਤ ਅਤੇ ਤੀਜਾ, ਅੰਗਰੇਜ਼ੀ ਰਾਜ ਸਮੇਂ ਦੇ ਪੰਜਾਬ ਦਾ ਇਤਿਹਾਸ। ਹੱਥਲੀ ਪੁਸਤਕ 'ਸ਼ਹੀਦੀ ਸਾਕਾ ਸ੍ਰੀ ਪੰਜਾ ਸਾਹਿਬ' ਉਨ੍ਹਾਂ ਦੇ ਤੀਜੇ ਖੇਤਰ ਨਾਲ ਸਬੰਧਿਤ ਖੋਜ ਪੁਸਤਕ ਹੈ। ਇਹ ਉਨ੍ਹਾਂ ਦੀ ਇਸ ਲੜੀ ਦੀਆਂ ਹੋਰ ਪੁਸਤਕਾਂ ਦੇ ਸ਼ਹੀਦੀ ਸਾਕੇ (ਤਰਨਤਾਰਨ ਤੇ ਨਨਕਾਣਾ ਸਾਹਿਬ), ਰੋਜ਼ਨਾਮਚਾ ਗੁਰੂ ਕਾ ਬਾਗ, ਕਾਮਾਗਾਟਾਮਾਰੂ ਜਹਾਜ਼ ਤੇ ਬਾਬਾ ਗੁਰਦਿੱਤ ਸਿੰਘ ਅਤੇ ਕੂਕਾ ਲਹਿਰ ਬਾਰੇ ਲਿਖੀਆਂ ਪੁਸਤਕਾਂ ਨੂੰ ਅੱਗੇ ਤੋਰਦੀ ਹੈ। ਡਾ. ਸਿੱਧੂ ਨੇ ਭੁੱਲਦੇ ਜਾ ਰਹੇ, ਕਵਿਤਾ ਵਿਚ ਲਿਖਣ ਵਾਲੇ, ਘਟਨਾਵਾਂ ਵਾਪਰਨ ਸਮੇਂ ਹਾਜ਼ਰ ਕਵੀਆਂ ਦੀ ਰਚਨਾ ਸਾਂਭਣ ਦੀ ਸਲਾਹੁਣਯੋਗ ਕੋਸ਼ਿਸ਼ ਕੀਤੀ ਹੈ।

ਡਾ. ਗੁਰਦੇਵ ਸਿੰਘ ਸਿੱਧੂ ਨੇ ਪਹਿਲਾਂ 'ਸਾਕਾ' ਸ਼ਬਦ ਦੀ ਪਰਿਭਾਸ਼ਾ ਦਸਮੇਸ਼ ਪਾਤਿਸ਼ਾਹ ਦੇ 'ਬਚਿੱਤ੍ਰ ਨਾਟਕ' ਵਿਚ ਫਰਮਾਏ, ਨੌਂਵੇਂ ਪਾਤਿਸ਼ਾਹ ਗੁਰੂ ਤੇਗ਼ ਬਹਾਦਰ ਜੀ ਦੁਆਰਾ ਚਾਂਦਨੀ ਚੌਕ ਦਿੱਲੀ ਵਿਖੇ ਕੀਤੇ ਮਹਾਨ ਸੂਰਬੀਰਤਾ ਦੇ ਕਾਰਨਾਮੇ ਤੋਂ ਲੈਣ ਦੀ ਗੱਲ ਕੀਤੀ ਹੈ। 'ਸਾਕਾ' ਸੂਰਮੇ ਦਾ ਲੋਕ ਹਿੱਤਾਂ ਲਈ ਜਾਨ 'ਤੇ ਖੇਡ ਜਾਣ ਦੀ ਘਟਨਾ ਹੁੰਦੀ ਹੈ। ਪੰਜਾ ਸਾਹਿਬ ਵਿਖੇ ਵੀ ਇੰਝ ਹੋਇਆ। ਕਰਤਾਰ ਸਿੰਘ ਦੁੱਗਲ ਨੇ ਇਸ ਬਿਰਤਾਂਤ ਨੂੰ ਆਪਣੀ ਚਰਚਿਤ ਕਹਾਣੀ 'ਕਰਾਮਾਤ' ਵਿਚ ਬੜੇ ਪ੍ਰਭਾਵਸ਼ਾਲੀ ਰੂਪ ਵਿਚ ਵਰਣਤ ਕੀਤਾ ਹੈ। ਸੋ ਡਾ. ਸਿੱਧੂ ਨੇ ਪੰਜਾ ਸਾਹਿਬ ਵਿਖੇ ਗੁਰੂ ਕੇ ਬਾਗ਼ ਦੇ ਮੋਰਚੇ ਵਿਚ ਸ਼ਾਂਤਮਈ ਸਤਿਆਗ੍ਰਹਿ ਦੌਰਾਨ ਗ੍ਰਿਫ਼ਤਾਰੀ ਦੇਣ ਵਾਲੇ ਰਿਟਾਇਰਡ ਪੈਨਸ਼ਨੀਏ ਸਿੰਘਾਂ ਦੇ ਜਥੇ ਨੂੰ ਗ੍ਰਿਫ਼ਤਾਰ ਕਰ ਕੇ ਦੂਰ-ਦੁਰਾਡੇ ਰੇਲਗੱਡੀ ਰਾਹੀਂ ਭੇਜੇ ਜਾਣ ਸਮੇਂ ਵਾਪਰੀ ਘਟਨਾ ਦਾ ਖੋਜ ਵਿਸ਼ਾ ਲਿਆ। ਜਿਵੇਂ ਪਹਿਲੇ ਜਥਿਆਂ ਨੂੰ ਵੀ ਸਟੇਸ਼ਨਾਂ 'ਤੇ ਸਥਾਨਕ ਸੰਗਤਾਂ ਚਾਹ-ਪਾਣੀ ਤੇ ਲੰਗਰ ਛਕਾਉਂਦੀਆਂ ਸਨ, ਉਸੇ ਕੜੀ ਵਿਚ ਪੰਜਾ ਸਾਹਿਬ (ਹਸਨ ਅਬਦਾਲ) ਦੇ ਰੇਲਵੇ ਸਟੇਸ਼ਨ 'ਤੇ ਸੰਗਤ ਗੁਰੂ ਘਰ ਤੋਂ ਅਰਦਾਸ ਕਰ ਕੇ ਤੁਰ ਪਈ। ਅੰਗਰੇਜ਼ ਅਫ਼ਸਰਾਂ ਨੂੰ ਇਹ ਕੰਮ ਮੋਰਚੇ ਦੇ ਪੱਖ ਵਿਚ ਤੇ ਸਰਕਾਰ ਵਿਰੋਧੀ ਜਾਪਿਆ। ਉਨ੍ਹਾਂ ਨੇ ਵਿਸ਼ੇਸ਼ ਗੱਡੀ ਕੈਦੀਆਂ ਦੀ ਭਰ ਕੇ ਰਾਹ ਵਿਚ ਕੀਤੇ ਵੀ ਨਾ ਰੋਕਣ ਦੀ ਤਾਕੀਦ ਕਰ ਕੇ ਭੇਜ ਦਿੱਤੀ।


ਪੰਜਾ ਸਾਹਿਬ ਦੀ ਸੰਗਤ ਨੇ ਸਟੇਸ਼ਨ ਮਾਸਟਰ ਰਾਹੀਂ ਕਈ ਸੁਨੇਹੇ ਲੰਗਰ ਲਈ ਗੱਡੀ ਰੋਕਣ ਦੇ ਭੇਜੇ। ਜਦੋਂ ਨਾ ਮੰਨੇ ਤਾਂ ਸਿੰਘ ਕਈ ਮੀਲ ਤੱਕ ਰੇਲ ਪਟੜੀ 'ਤੇ ਜਾ ਬੈਠੇ। ਆਖ਼ਰ ਦੋ ਸਿਦਕੀ ਸਿੰਘਾਂ ਕਰਮ ਸਿੰਘ ਤੇ ਪ੍ਰਤਾਪ ਸਿੰਘ ਨੂੰ ਸ਼ਹੀਦ ਅਤੇ ਛੇ ਹੋਰ ਨੂੰ ਜ਼ਖ਼ਮੀ ਕਰ ਕੇ ਗੱਡੀ ਰੁਕ ਗਈ। ਸਿੰਘਾਂ ਨੇ ਕੈਦੀ ਜਥੇ ਨੂੰ ਸ਼ਰਧਾ ਤੇ ਪ੍ਰੇਮ ਨਾਲ ਲੰਗਰ ਛਕਾਉਣ ਉਪਰੰਤ ਹੀ ਗੱਡੀ ਤੁਰਨ ਦੀ ਆਗਿਆ ਦਿੱਤੀ।




*ਡਾ. ਗੁਰਦੇਵ ਸਿੰਘ ਸਿੱਧੂ ਦੀ ਖੋਜ ਪੁਸਤਕ 'ਸ਼ਹੀਦੀ ਸਾਕਾ ਸ੍ਰੀ ਪੰਜਾ ਸਾਹਿਬ' ਦਾ ਮੁਖੜਾ।*



*ਡਾ. ਗੁਰਦੇਵ ਸਿੰਘ ਸਿੱਧੂ*



*ਸਾਕਾ ਸ੍ਰੀ ਪੰਜਾ ਸਾਹਿਬ ਦਾ ਇਕ ਚਿੱਤਰ।*

ਦੂਜੇ ਕਾਰਨਾਮਿਆਂ ਬਾਰੇ ਪੰਜਾਬੀ ਕਵੀਆਂ ਵੱਲੋਂ ਲਿਖੀ ਜਾਂਦੀ ਕਵਿਤਾ ਦੀ ਤਰ੍ਹਾਂ ਇਸ ਸਾਕੇ ਬਾਰੇ ਵੀ ਬਹੁਤ ਸਾਰੇ ਕਵੀਆਂ ਨੇ ਛੰਦ ਲਿਖੇ। ਇਨ੍ਹਾਂ ਵਿਚੋਂ ਵਧੇਰੇ ਕਰ ਕੇ ਸਿੰਘਾਂ ਦੇ ਨਿੱਤ ਨਵੇਂ ਮੋਰਚਿਆਂ 'ਤੇ ਰਹਿਣ ਕਰਕੇ ਸਮੇਂ ਦੀ ਧੂੜ ਵਿਚ ਗੁਆਚ ਗਏ। ਡਾ. ਸਿੱਧੂ ਦਾ ਅੰਗਰੇਜ਼ ਵਿਰੋਧੀ ਲਹਿਰਾਂ ਦੇ ਬਿਰਤਾਂਤ ਇਕੱਤਰ ਕਰਦਿਆਂ ਇਧਰ ਧਿਆਨ ਆਇਆ ਤਾਂ ਉਨ੍ਹਾਂ ਨੇ ਬੜੀ ਮੁਸ਼ਕਿਲ ਨਾਲ ਕੁਝ ਕਾਵਿ ਇਕੱਠਾ ਕੀਤਾ। ਕੁੱਲ ਸੋਲ੍ਹਾਂ ਕਵੀਆਂ ਦੀ ਭਾਲ ਕਰਨ 'ਤੇ ਵੀ ਮਸਾਂ ਗਿਆਰਾਂ ਦੀਆਂ ਰਚਨਾਵਾਂ ਪ੍ਰਾਪਤ ਹੋਈਆਂ ਜਿਨ੍ਹਾਂ ਨੂੰ ਸੰਪਾਦਕ ਨੇ ਪੰਜਾਬੀ ਅੱਖਰਕ੍ਰਮ ਅਨੁਸਾਰ ਪੁਸਤਕ ਵਿਚ ਸ਼ਾਮਿਲ ਕੀਤਾ ਹੈ।

ਹਰ ਕਵੀ ਬਾਰੇ ਮੁੱਢਲੀ ਜਾਣਕਾਰੀ, ਤਸਵੀਰ ਅਤੇ ਸਾਕੇ ਬਾਰੇ ਪ੍ਰਾਪਤ ਪੂਰੀ ਕਾਵਿ-ਰਚਨਾ ਸ਼ਾਮਿਲ ਕੀਤੀ। ਕਈ ਕਿੱਸੇ ਅੰਮ੍ਰਿਤਸਰ ਦੇ ਮਾਈ ਸੇਵਾਂ ਬਜ਼ਾਰ ਦੇ ਪੁਸਤਕਾਂ ਵਾਲਿਆਂ ਦੇ ਛਾਪੇ ਲੱਭੇ। ਇਕ ਕਿੱਸਾ ਬਖ਼ਸ਼ੀਸ਼ ਸਿੰਘ ਦਾ ਉਰਦੂ ਵਿਚ ਲਿਖਿਆ ਲੱਭ ਕੇ ਪੰਜਾਬੀ ਲਿਪੀਅੰਤਰਨ ਕੀਤਾ ਹੈ। ਕਈ ਕਿੱਸਿਆਂ ਦੇ ਟਾਈਟਲ ਦੇ ਚਿੱਤਰ ਵੀ ਲਗਾਏ ਹਨ। ਵਿਧਾਤਾ ਸਿੰਘ ਤੀਰ ਦੀ ਜ਼ਬਤਸ਼ੁਦਾ ਪੁਸਤਕ 'ਤੀਰ ਤਰੰਗ' ਢੂੰਡ ਕੇ ਸਬੰਧਿਤ ਕਵਿਤਾ ਸ਼ਾਮਿਲ ਕੀਤੀ ਹੈ।

ਡਾ. ਸਿੱਧੂ ਨੇ ਵਿਸ਼ੇਸ਼ ਗੱਲ ਲੱਭੀ ਹੈ ਜੋ ਗੱਡੀ ਛੰਦ ਬਾਰੇ ਹੈ। ਇਸ ਦੇ ਰੇਲ ਗੱਡੀ, ਸਟੇਸ਼ਨ ਤੇ ਘਟਨਾ ਨਾਲ ਸਬੰਧਾਂ ਵਿਚੋਂ ਪੈਦਾ ਹੋਣ ਦੀ ਮੌਲਿਕ ਧਾਰਨਾ ਸਾਹਮਣੇ ਲਿਆਂਦੀ ਹੈ। ਇਸ ਦਾ ਮੋਢੀ ਗਿਆਨੀ ਸੋਹਣ ਸਿੰਘ ਸੀਤਲ ਨੂੰ ਮੰਨਦਿਆਂ, ਨਿਧਾਨ ਸਿੰਘ ਆਲਮ, ਬਖ਼ਸ਼ੀਸ਼ ਤੇ ਬੂਟਾ ਸਿੰਘ ਲਹਿਰੀ ਵੱਲੋਂ ਅੱਗੇ ਤੋਰਦਿਆਂ ਗੱਡੀ ਛੰਦ ਸੂਰਮਗਤੀ ਦੇ ਬਿਆਨ ਲਈ ਪ੍ਰਸਿੱਧ ਕਰ ਦਿੱਤਾ। ਦੇਵਾ ਸਿੰਘ ਕਿਰਤੀ, ਨਿਰੰਜਣ ਸਿੰਘ ਸਰਲ, ਕਰਨੈਲ ਸਿੰਘ ਪਾਰਸ ਰਾਮੂਵਾਲੀਆ ਅਤੇ ਮਹਾਂ ਸਿੰਘ ਦੀਆਂ ਪੂਰਨ ਰਚਨਾਵਾਂ ਇਸ ਸੰਗ੍ਰਹਿ ਵਿਚ ਸ਼ਾਮਿਲ ਹਨ।

ਇਕ ਜ਼ਰੂਰੀ ਗੱਲ ਪੁਸਤਕ ਦੇ ਟਾਈਟਲ ਬਾਰੇ ਕਰਨੀ ਬਣਦੀ ਹੈ। ਸੰਪਾਦਕ ਡਾ. ਸਿੱਧੂ ਨੇ 'ਬਾਬਾ ਬਕਾਲੇ ਵਾਲਾ' ਖੋਜ ਪੁਸਤਕ ਲਿਖਦਿਆਂ ਜਦੋਂ ਬਕਾਲਾ ਗੁਰੂ ਘਰ ਵਿਖੇ ਇਕ ਕੰਧ ਚਿੱਤਰ ਦੇਖਿਆ ਤਾਂ ਉਸ ਦੀ ਤੁਰੰਤ ਫੋਟੋ ਖਿੱਚ ਲਈ। ਇਹ ਚਿੱਤਰ ਇਸ ਉੱਪਰ ਉਸ ਵੇਲੇ ਦੇ ਅੱਖਰਾਂ ਵਿਚ ਲਿਖੀ ਇਬਾਰਤ ਸਮੇਤ ਸਾਕਾ ਪੰਜ ਸਾਹਿਬ ਦੀ ਇਸ 1922 ਦੀ ਘਟਨਾ ਬਾਰੇ ਹੈ ਜੋ ਹੂ-ਬ-ਹੂ ਇਸ ਪੁਸਤਕ ਦਾ ਅਮੁੱਖ ਆਵਰਣ ਹੈ।

ਇਉਂ ਸਮੁੱਚਾ ਸੰਗ੍ਰਹਿ ਦੇਖਦਿਆਂ ਡਾ. ਗੁਰਦੇਵ ਸਿੰਘ ਸਿੱਧੂ ਦੀ ਖੋਜੀ ਬਿਰਤੀ ਅਤੇ ਕਲਮ ਨੂੰ ਸਿਜਦਾ ਕਰਨ ਨੂੰ ਚਿੱਤ ਕਰਦਾ ਹੈ। ਭਾਵੇਂ ਨਾਲ ਹੀ ਚੰਡੀਗੜ੍ਹ ਯੂਨੀਵਰਸਿਟੀ ਦੇ ਚਾਂਸਲਰ ਸਤਨਾਮ ਸਿੰਘ ਸੰਧੂ ਦਾ ਧੰਨਵਾਦ ਕਰਨੋਂ ਵੀ ਨਹੀਂ ਰਹਿ ਸਕਦੇ ਜਿਨ੍ਹਾਂ ਨੇ ਡਾ. ਸਿੱਧੂ ਦੀਆਂ ਇਸ ਪੁਸਤਕ ਸਮੇਤ ਕਈ ਪੁਸਤਕਾਂ ਪ੍ਰਕਾਸ਼ਿਤ ਕਰਨ ਦੀ ਸੇਵਾ ਕੀਤੀ। ਸਮੁੱਚੇ ਰੂਪ ਵਿਚ ਜੋ ਕਾਰਜ ਡਾ. ਸਿੱਧੂ ਨੇ ਕੀਤਾ ਹੈ ਅਤੇ ਕਰ ਰਹੇ ਹਨ, ਉਹ ਇਕ ਸੰਸਥਾ ਦਾ ਕੰਮ ਹੈ। ਦੂਜੇ ਸ਼ਬਦਾਂ ਵਿਚ ਕਹੀਏ ਤਾਂ ਡਾ. ਗੁਰਦੇਵ ਸਿੰਘ ਸਿੱਧੂ ਸੰਸਥਾ ਨਿਆਈਂ ਮਾਂ-ਬੋਲੀ ਦਾ ਦੁਰਲੱਭ ਖ਼ਜ਼ਾਨਾ ਲੱਭ ਕੇ ਸਾਂਭ ਰਹੇ ਹਨ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 18 ਨਵੰਬਰ 2023 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-612



*ਵਿਉਂਤਬੰਦੀ ਕਰ ਨਸਲਕੁਸ਼ੀ, ਫ਼ਲਸਤੀਨ ਉੱਤੇ ਫੌਜ ਚੜ੍ਹਾਈ,*
*ਮਲੀਆਮੇਟ ਦੇਖ ਕੇ ਘਰਾਂ ਨੂੰ, ਤੌਬਾ ਤੌਬਾ ਹੈ ਕਰਦੀ ਲੋਕਾਈ।*
*ਵਿਚ ਮਲਬੇ ਗਏ ਕਿੰਨੇ ਦੱਬੇ, ਗਿਣਤੀ ਹੋ ਸਕਦੀ ਨਾ ਕਾਈ,*
*ਬਦਨਸੀਬ ਬਚੇ ਨੇ ਜੋ ਬਾਕੀ, ਕੱਢਣ 'ਤੇ ਜਿੰਦ ਦਾਅ ਲਾਈ।*

### ਕੈਪਸ਼ਨ ਮੁਕਾਬਲਾ-610



ਸ਼ੌਕ ਆਪੋ ਆਪਣਾ ਹੈ
ਅਕੀਦਾ ਆਪੋ ਆਪਣਾ,
ਕਰਨੀ ਇਬਾਦਤ ਕਿੰਝ ਹੈ
ਢੰਗ ਆਪੋ ਆਪਣਾ।
ਕੋਈ ਬੁੱਤ ਨੂੰ ਪੂਜਦਾ ਹੈ
ਕੋਈ ਨਿਰੰਕਾਰ ਪੂਜਦਾ,
ਅਜ਼ਾਦ ਹਰ ਸ਼ਖ਼ਸ ਹੈ
ਨਾ ਫਰਕ ਇੱਕ ਦੂਜੇ ਦਾ।
***-ਸੇਵਾ ਸਿੰਘ 'ਨੂਰਪੁਰੀ'***

ਦੌੜ-ਭੱਜ ਵਿਚ ਜੀਵਨ ਲੰਘੇ
ਰੋਟੀ ਦੇ ਫ਼ਿਕਰਾਂ ਵਿਚ ਰਹੀਏ।
ਸਮੇਂ ਦੇ ਵਿਚੋਂ ਸਮਾਂ ਕੱਢ ਕੇ
ਇਬਾਦਤ ਵੀ ਕਰ ਲਈਏ।
***-ਜਗਮੀਤ ਸਿੰਘ ਪੰਧੇਰ***
***ਕਲਾਹੜ (ਲੁਧਿਆਣਾ)***
***ਫੋਨ: 98783-37222***

ਇਹ ਵੀ ਹੈ ਇਕ ਵਿਸ਼ਵਾਸ
ਜੋ ਜ਼ਬਤ ਪੈਦਾ ਕਰਦਾ
ਖਿੱਚ ਸਵਾਰੀਆਂ ਉਚੇ ਨੀਵੇਂ
ਤਾਂਘ ਵਕਤ ਹੋ ਚੱਲਿਆ ਨਮਾਜ਼ ਦਾ
ਦਮੋਰੀਆ ਪੁਲ ਜਾਂ ਹੋਵੇ
ਚਹੇੜੂ ਦਾ ਪੁਲ ਚੜ੍ਹਾਈ ਦਾ
ਮਿੰਟਾਂ 'ਚ ਤੈਅ ਹੋ ਜਾਂਦਾ
ਕਿਸੇ ਦਾ ਕੀ ਜਾਂਦਾ
ਸਾਰਾ ਦਿਨ ਜੁੜ ਰਿਕਸ਼ੇ ਅੱਗੇ
ਜਿਵੇਂ ਖੋਪੇ ਲੱਗੀ ਝੋਟਾ
ਸਾਰਾ ਦਿਨ ਹਲ ਗੇੜੀ ਜਾਂਦਾ
ਨਹੀਂ ਕਿਸੇ ਦਾ ਢਿੱਡ ਕੱਟਦਾ
ਨਫ਼ਾ ਨੁਕਸਾਨ ਉਸ ਨੂੰ ਹੀ ਹੋਣਾ।
***-ਦਰਸ਼ਨ ਪਾਲ ਦੋਸਾਂਝ***

## ਇਜ਼ਹਾਰ ਜ਼ਰੂਰੀ ਨਹੀਂ

ਉਸ ਦਾ ਦੀਦਾਰ ਹੋ ਗਿਆ ਆਬ-ਏ-ਹਯਾਤ ਮੇਰੇ ਲਈ।
ਉਸਦਾ ਨਜ਼ਰ ਉਠਾ ਤੱਕਣਾ ਖ਼ੁਦਾ ਦੀ ਕਰਾਮਾਤ ਮੇਰੇ ਲਈ।
ਚਲਦਾ ਰਹਿੰਦਾ ਹੈ ਮੁਸੱਲਸਲ ਹੀ ਹੁਣ ਤਾਂ ਯਾਦਾਂ ਦਾ ਸਿਲਸਿਲਾ
ਜਦ ਤੋਂ ਵੇਖਿਆ ਮਾਸੂਮ ਚਿਹਰਾ ਹੋ ਗਿਆ ਕਾਇਨਾਤ ਮੇਰੇ ਲਈ।
ਇਕੋ-ਇੱਕ ਹਰਫ਼ ਯਾਦ ਹੈ ਮੈਨੂੰ ਖ਼ੁਦਾ ਦੇ ਪੈਗ਼ਾਮ ਵਾਂਗ
ਉਸ ਦਾ ਇਕ-ਇਕ ਬੋਲ ਹੋ ਗਿਆ ਆਇਤ ਮੇਰੇ ਲਈ।
ਉਲ਼ਫ਼ਤ ਕਾ ਇਜ਼ਹਾਰ ਜ਼ਰੂਰੀ ਨਹੀਂ,ਅਦਾਬ ਬਦਲੇ ਸਿਰ ਝੁਕਾ ਦੇ
ਬਸ ਯਾਰੋ ਉਸਦੀ ਇੰਨੀ ਹੀ ਕਾਫ਼ੀ ਹੈ ਹਮਾਇਤ ਮੇਰੇ ਲਈ।
ਉਹਦੇ ਸੰਗ ਨਿੱਤ ਖ਼ਿਆਲਾਂ ਦੇ ਖੇਤ ਵਾਹ ਸੋਹਣੇ ਸੁਪਨੇ ਬੀਜਾਂ
ਬੜੀ ਹੀ ਪਿਆਰੀ ਹੈ ਮੁਹੱਬਤ ਦੀ ਇਹ ਜ਼ਰਾਇਤ ਮੇਰੇ ਲਈ।
ਸਿਰਫ਼ ਜਾਨ ਦੇ ਬਦਲੇ ਵੀ ਮਿਲੇ ਇਕ ਮੁਸਕਾਨ ਉਸਦੀ
ਇਸ ਤੋਂ ਵੱਧ ਕੇ ਕੀ ਹੋ ਸਕਦੀ ਹੈ ਕਫਾਇਤ ਮੇਰੇ ਲਈ।
ਉਸ ਘੂਰੀ ਵੱਟੀ ਚੁਪ ਲਈ, ਬਸ ਫਿਰ ਮੈਂ ਮੌਨ ਹੋ ਗਿਆ
ਇਸ ਤੋਂ ਵੱਡੀ ਕੀ ਹੋ ਸਕਦੀ ਸੀ ਹਦਾਇਤ ਮੇਰੇ ਲਈ।
***-ਜਗਦੀਪ ਸਿੰਘ 'ਦੀਪ'***
***ਫੋਨ: 98760-04714***

ਪੁਸਤਕ ਸਮੀਖਿਆ


# ‘ਚਾਲ਼ੀ ਦਿਨ’ ਇਸ ਸਦੀ ਦਾ ‘ਸ਼ਾਹਕਾਰ’ ਨਾਵਲ



ਸ਼ਿਵਚਰਨ ਜੱਗੀ ਕੁੱਸਾ

ਮੇਰੇ ਸਮਕਾਲੀ, ਜਾਂ ਸਾਹਿਤਕ ਖੇਤਰ ਦੇ ਅਲੰਬੜਦਾਰ ਮੇਰੇ ਇਸ ਕਥਨ ਉੱਪਰ ਸ਼ਾਇਦ ਨੱਕ ਬੁੱਲ੍ਹ ਮਾਰਨ, ਗਾਲ਼ਾਂ ਕੱਢਣ, ਜਾਂ ਸ਼ਾਇਦ ਕੋਈ ਗੱਲ ਉਨ੍ਹਾਂ ਨੂੰ ਚੁਭੇ ਜਾਂ ਤੰਗ ਪ੍ਰੇਸ਼ਾਨ ਵੀ ਕਰੇ, ਪਰ ਇਹ ਸੱਚ ਹੈ ਕਿ ਨਾਵਲ "ਚਾਲ਼ੀ ਦਿਨ" ਇਸ ਸਦੀ ਦਾ ਇੱਕ ‘ਸ਼ਾਹਕਾਰ’ ਨਾਵਲ ਹੈ। ਕਈ ਇਹ ਦਾਅਵਾ ਵੀ ਕਰਨਗੇ, ਕਿ "ਚਾਲ਼ੀ ਦਿਨ" ਨਾਵਲ ਹੈ ਵੀ ਕਿ ਨਹੀਂ...? ਜਾਂ ਸ਼ਾਇਦ ਕਹਿਣਗੇ ਕਿ ਇਹ ਤਾਂ ਨਾਵਲ ਹੈ ਹੀ ਨਹੀਂ...! ਜਿੰਨੇ ਮੂੰਹ, ਉਤਨੀਆਂ ਗੱਲਾਂ ਹੋਣੀਆਂ ਸੁਭਾਵਿਕ ਹਨ। ਸ਼ਾਇਦ ਕਈ ‘ਖਾਂਦੇ ਦੀ ਦਾੜ੍ਹੀ ਹਿੱਲਣ’ ਦਾ ਉਲਾਂਭਾ ਵੀ ਦੇਣ...? ਪਰ ਦੁਨੀਆਂ ਕਿਸੇ ਨੇ ਜਿੱਤੀ ਹੈ...? ਪਰ ਇੱਕ ਗੱਲ ਜ਼ਰੂਰ ਵਿਚਾਰਨਯੋਗ ਹੈ, ਕਿ ਜਿੱਥੇ ਭਗਵਾਨ ਰਾਮ ਜੀ ਵਰਗੇ ਵਿਚਾਰਾਂ ਵਿਚ ਪਏ, ਸ਼ਾਂਤ ਹੁੰਦੇ ਨੇ, ਉਥੇ ਬਲੀ ਬਾਬਾ ਹਨੂੰਮਾਨ ਜੀ ਦੀ ਸੈਨਾ ਖਿਲਾਰੇ ਪਾ ਦਿੰਦੀ ਹੈ...। ਮੈਨੂੰ ਮਾਣ ਹੈ ਕਿ ਰਸੂਲ ਹਮਜ਼ਾਤੋਵ ਦੇ ਨਾਵਲ "ਮੇਰਾ ਦਾਗਿਸਤਾਨ" ਵਰਗਾ ਹੀ ਇੱਕ ਹੋਰ ਨਾਵਲ ਇਸ ਸਦੀ ਵਿਚ, ਪੰਜਾਬੀ ਵਿਚ ਲਿਖਿਆ ਗਿਆ ਹੈ, ਜਿਸ ਦੀਆਂ ਦੇਰ ਤੱਕ ਗੱਲਾਂ ਹੁੰਦੀਆਂ ਰਹਿਣਗੀਆਂ। ਪੰਜਾਬੀ ਨਾਵਲਕਾਰੀ ਦੇ ਖੇਤਰ ਵਿਚ ਇਹ ਪਹਿਲਾ ਅਤੇ ਵਿਲੱਖਣ ਨਾਵਲ ਹੈ, ਜਿਸ ਨੂੰ ਪੜ੍ਹ ਕੇ ਮਹਿਸੂਸ ਹੁੰਦਾ ਹੈ ਕਿ ਜਿਵੇਂ ਇੰਦਰ ਦੇਵਤਾ ਜਲ ਦੀ ਥਾਂ ਦੁੱਧ ਵਰਸਾਉਣ ਲੱਗ ਪਿਆ ਹੋਵੇ.... ਜਿਵੇਂ ਤਿਤਲੀਆਂ ਅਤੇ ਫੁੱਲ ਆਪਸ ਵਿਚ ਵੈਰਾਗੀ ਜੁਗਲਬੰਦੀ ਕਰਦੇ ਹੋਣ... ਜਾਂ ਤੋਤਾ ਅਤੇ ਮੈਨਾ ਅੰਮ੍ਰਿਤ ਵੇਲ਼ੇ ਕੋਈ ਅਲੌਕਿਕ ਬਾਤ ਛੇੜੀ ਬੈਠੇ ਹੋਣ...।

ਇਸ ਨਾਵਲ ਦੀ ਹਰ ਸਤਰ, ਪੜ੍ਹਨ ਵਾਲ਼ੇ ਦੀ ਹਿੱਕ ‘ਤੇ ਫੁੱਲਾਂ ਦੀ ਵਰਖਾ ਕਰਦੀ ਜਾਂਦੀ ਹੈ... ਪਾਠਕ ਨਾ ਤੇਰ, ਨਾ ਮੇਰ, ਨਾ ਮੈਂ, ਨਾ ਤੂੰ.... ਨਾ ‘ਹਮ-ਤੁਮ’ ਅਤੇ ਨਾ ਹਮਕੋ-ਤੁਮਕੋ... ਸਭ ਬੰਧਨਾਂ ਤੋਂ ਮੁਕਤ, ਕਿਸੇ ਗ਼ੈਬੀ ਆਨੰਦ ਨਾਲ਼ ਲਬਰੇਜ਼... ਕਿਸੇ ਬੈਕੁੰਠੀ ਝੀਲ ਵਿਚ ਤਾਰੀਆਂ ਲਾਉਂਦਾ ਹੈ...ਇਹ ਨਾਵਲ ਪੜ੍ਹਦਿਆਂ ਮੇਰੇ ਦਿਲ ਵਿਚ ਆਨੰਦ ਦੀ ਐਸੀ ਲਹਿਰ ਉਠੀ, ਕਿ ਜੋ ਅਜੇ ਤੱਕ ਸਿਮਟੀ ਨਹੀਂ... ਸੁਖ-ਦੁੱਖ ਦੀ ਕਾਮਨਾ, ਪ੍ਰੇਮ ਜਾਂ ਵਿਛੋੜੇ ਦੇ ਅਹਿਸਾਸ.... ਬੰਦਾ ਹਰ ਜੰਜਾਲ ਤੋਂ ਮੁਕਤ ਅਤੇ ਬੇਪ੍ਰਵਾਹ ਹੋ ਕੇ ਪੜ੍ਹਦਾ ਅਤੇ ਮੰਤਰ ਮੁਗਧ ਹੋਇਆ ਰਹਿੰਦਾ ਹੈ...! ਮੋਹ-ਮਾਇਆ ਦੇ ਲੋਭ ਤੋਂ ਪਰ੍ਹੇ, ਪਾਠਕ ਆਪਣੇ ਆਪ ਨੂੰ ਕਿਸੇ ਹੋਰ ਹੀ ਧਰਤੀ




ਉੱਪਰ ਵਿਚਰਦਾ ਮਹਿਸੂਸ ਕਰਦਾ ਹੈ...। ... "ਚਾਲ਼ੀ ਦਿਨ" ਕਿਤਾਬ ਨਾਲ਼ ਬੱਝਿਆ ਬੰਦਾ ਸੁਆਰਥ, ਵੈਰ, ਵਿਰੋਧ, ਮਮਤਾ, ਭੁੱਲ ਕੇ ਕਿਸੇ ਅਦਿੱਖ ‘ਪ੍ਰਮਾਰਥ’ ਦੇ ਮਾਰਗ ਉੱਪਰ ਚੱਲਦਾ ਰਹਿੰਦਾ ਹੈ...। ਹੋਰ ਤਾਂ ਹੋਰ, ਬੰਦਾ ‘ਚਾਰ ਆਦਮੀਆਂ’ ਦੇ ‘ਚੁੱਕਣ’ ਦੀ ਸੁੱਧ-ਬੁੱਧ ਵੀ ਭੁੱਲ ਜਾਂਦਾ ਹੈ। "ਚਾਲ਼ੀ ਦਿਨ" ਪੜ੍ਹਦਿਆਂ ਮੈਂ ਮੋਰ ਪੈਹਲ੍ਹਾਂ, ਬੁਲਬੁਲਾਂ ਦੇ ਰਾਗ, ਝਰਨੇ ਦੇ ਪਾਣੀਆਂ ਦੀ ‘ਕਲ-ਕਲ’, ਅੰਮ੍ਰਿਤ ਵੇਲ਼ੇ ਮਾਂ ਧਰਤੀ ਦੀ ਹਿੱਕ ‘ਤੇ ਹਲ਼ ਵਾਹੁੰਦੇ ਕਿਸਾਨਾਂ ਦੀ ਹੀਰ ਅਤੇ ਊਠਾਂ ਦੀਆਂ ਟੱਲੀਆਂ ਦੀ ਅਵਾਜ਼ ਸੁਣੀ ਅਤੇ ਸਤਰੰਗੀ ਪੀਂਘ ਦੇ ਹੁਲਾਰੇ ਨੂੰ ਮਾਣਿਆਂ...।

ਸ਼ੇਰਾਂ ਦੀ ਬਹਾਦਰੀ ਦੀ ਗਾਥਾ ਕਦੇ ਸ਼ਿਕਾਰੀ ਦੇ ਹਮਾਇਤੀਆਂ ਨੇ ਨਹੀਂ ਲਿਖੀ...। ...ਮੈਨੂੰ ਨਹੀਂ ਪਤਾ ਕਿ ਪਵਨ ਪੁੱਤਰ, ਮਹਾਂਬਲੀ ਯੋਧੇ ਹਨੂੰਮਾਨ ਜੀ ਦਾ ਚੁੱਕ ਕੇ ਲਿਆਂਦਾ ‘ਦਰੋਨਾਗਿਰੀ ਪਰਬਤ’ ਉਸ ਜਗ੍ਹਾ ਹੀ ਪਿਆ ਹੈ, ਜਾਂ ਹਨੂੰਮਾਨ ਜੀ ਉਸ ਨੂੰ ਵਾਪਸ ਰੱਖ ਆਏ ਸਨ...? ਪਰ ਡਾਕਟਰ ਧੁੱਗਾ ਦੇ ਵਰਤੇ ਸ਼ਬਦ ਅਤੇ ਸਿਰਜੀ ਇਹ ਕਥਾ ਵੀ ਪਾਠਕਾਂ ਵਿਚ ਸਨਸਨੀ ਬਣਾਈ ਰੱਖੇਗੀ...। ਜਾਂਦਾ-ਜਾਂਦਾ ਇਕ ਗੱਲ ਹੋਰ ਸਪੱਸ਼ਟ ਕਰ ਜਾਂਵਾਂ; ਮੈਂ ਨਾ ਤਾਂ ਕਦੇ ਡਾਕਟਰ ਧੁੱਗਾ ਨੂੰ ਮਿਲ਼ਿਆ ਹਾਂ, ਅਤੇ ਨਾ ਹੀ ਕਦੇ ਸਾਡੀ ਜ਼ੁਬਾਨ ਸਾਂਝੀ ਹੋਈ ਹੈ...। ਵਿਸ਼ਾਲ ਬਿਆਸ ਨਾਲ਼ ਮੇਰੀ ਪੁਰਾਣੀ ਯਾਰੀ ਹੈ। ਸਾਡੀ ਯਾਰੀ ਨੂੰ ਤਾਂ ਹੁਣ ਕੋਈ ਕਬਾੜੀਆ ਵੀ ਚੁੱਕਣ ਲਈ ਤਿਆਰ ਨਹੀਂ। ਵਿਸ਼ਾਲ ਦਾ ਭੇਜਿਆ ਇਹ ਨਾਵਲ ਮੈਂ ਪੜ੍ਹਿਆ, ਅਤੇ ਆਪਣੇ ਮਨ ਦੇ ਨਿੱਜੀ ਵਿਚਾਰ ਤੁਹਾਡੇ ਨਾਲ਼ ਸਾਂਝੇ ਕਰ ਲਏ...। ਅਖੀਰ ਵਿੱਚ ਮੈਂ ਇਸ ਨਾਵਲ ਨੂੰ ਇਸ ਸਦੀ ਦਾ ‘ਆਖਰੀ ਨਾਵਲ’ ਨਹੀਂ ਕਹਾਂਗਾ, ਕਿਉਂਕਿ ਡਾਕਟਰ ਧੁੱਗਾ ਵਰਗੇ ‘ਤੀਸਰੇ ਨੇਤਰ’ ਵਾਲ਼ੇ ਲੇਖਕ ਅਜੇ ਜਿਉਂਦੇ ਨੇ...। ਵੈਸੇ ਤਾਂ ਕਲਾ ਕਿਸੇ ਇਨਾਮ ਸਨਮਾਨ ਦੀ ਮੁਹਤਾਜ਼ ਨਹੀਂ ਹੁੰਦੀ, ਪਰ ਮੇਰੀ ਸੋਚ ਅਨੁਸਾਰ ਇਸ ਕਿਰਤ ਨੂੰ ਜਿੰਨੇ ਵੀ ਮਾਣ-ਸਨਮਾਨ ਮਿਲਣ, ਥੋੜ੍ਹੇ ਹੋਣਗੇ...। ਇਕ ਗੱਲ ਇਸ ਨਾਵਲ ਦੇ ਲੇਖਕ ਡਾਕਟਰ ਧੁੱਗਾ ਨੂੰ ਵੀ ਕਹੂੰਗਾ, ਕਿ ਨਾ ਤਾਂ ਕਪੜਛੱਲਾਂ ਵਿਚ ਤਾਰੀਆਂ ਲਾਉਣ ਦੀ ਲੋੜ ਹੈ, ਅਤੇ ਨਾ ਕੱਪੜਛਾਣ ਹੋਣ ਦੀ ਜ਼ਰੂਰਤ ਹੈ। ਬੱਸ, ਦੱਬੀ ਚੱਲ ਕਿੱਲੀ ਮਿੱਤਰਾ...! ਬਾਜ਼ੀ ਤੇਰੇ ਹੱਥ ਹੈ...। ਬਾਹਲ਼ੇ ਥਾਪੜਿਆਂ ਤੋਂ ਪਰ੍ਹੇ ਹੀ ਰਹੀਂ...। ਬਹੁਤੇ ਥਾਪੜੇ ਕਈ ਵਾਰ ‘ਧੱਫਿਆਂ’ ਦਾ ਰੂਪ ਧਾਰਨ ਕਰ ਜਾਂਦੇ ਨੇ, ਜੋ ਬੰਦੇ ਦਾ ਸਾਹ ਬੰਦ ਕਰ ਦਿੰਦੇ ਨੇ...। ਇਕ ਸੱਚਾਈ ਇਹ ਵੀ ਹੈ ਕਿ ਕਦੇ-ਕਦੇ ਅਸੀਂ ਆਪਣੀ ਨਜ਼ਰ ਨੂੰ ਖ਼ੁਰਦਬੀਨ ਬਣਾ ਲੈਂਦੇ ਹਾਂ, ਜਿਸ ਨਾਲ਼ ਸਾਨੂੰ ਪਾਣੀ ਵਿਚ ਵੀ ‘ਜ਼ਿਰਮ’ ਨਜ਼ਰ ਆਉਣ ਲੱਗਦੇ ਨੇ, ਅਤੇ ਕਈ ਵਾਰ ਅਸੀਂ ਐਨਾ ‘ਅੰਧਰਾਤਾ’ ਕਰ ਬੈਠਦੇ ਹਾਂ, ਕਿ ਕੋਹੜ ਕਿਰਲ਼ਾ ਚੁੱਕ ਕੇ ਮੂੰਹ ਵਿਚ ਸੁੱਟ ਲੈਂਦੇ ਹਾਂ...। ਬੱਸ, ਆਪਣਾ ਚਿਹਰਾ ਸੂਰਜ ਦੀ ਰੌਸ਼ਨੀ ਵੱਲ ਰੱਖੀਂ, ਪ੍ਰਛਾਂਵੇਂ ਆਪੇ ਪਿੱਛੇ-ਪਿੱਛੇ ਆਉਣਗੇ...।-

# ਸਟੀਅਰਿੰਗ ਵ੍ਹੀਲ ਸੰਭਾ.ਲੋ ਭਾਈ.. !



ਇੰਦਰਜੀਤ ਚੁਗਾਵਾਂ

ਬੰਦਾ ਕਿੰਨਾ ਵੀ ਵੱਡਾ ਸੂਰਮਾ ਹੋਵੇ, ਅੰਦਰੋਂ ਉਹ ਡਰਪੋਕ ਈ ਹੁੰਦੈ! ਉਸ ਅੰਦਰ ਕੋਈ ਨਾ ਕੋਈ ਡਰ ਜ਼ਰੂਰ ਵੱਸਿਆ ਹੁੰਦੈ। ਵੱਖੋ ਵੱਖਰੀ ਕਿਸਮ ਦੇ ਡਰ, ਵੱਖੋ ਵੱਖਰੇ ਸਮੇਂ ਸਿਰ ਚੁੱਕਦੇ ਰਹਿੰਦੇ ਹਨ। ਸਭ ਤੋਂ ਵੱਡਾ ਡਰ ਆਪਣੀ ਦੁਨੀਆ ਦਾ ਹੁੰਦੈ, ਆਪਣੇ ਭਾਈਚਾਰੇ ਦਾ ਹੁੰਦੈ, ਆਪਣੇ ਪਰਿਵਾਰ ਦਾ ਹੁੰਦੈ ਜੋ ਹਰ ਵੇਲੇ ਬੰਦੇ ਦੇ ਨਾਲ ਚੱਲਦੇ ਹਨ। ਡਰ ਇਹੋ ਕਿ ਇਨ੍ਹਾਂ ਦੇ ਅਕਸ ਨੂੰ ਕਿਤੇ ਢਾਅ ਨਾ ਲੱਗ ਜਾਵੇ। ਇਹ ਡਰ ਈ ਹਨ, ਜੋ ਬੰਦੇ ਨੂੰ ਬੰਦੇ ਦਾ ਪੁੱਤ ਬਣਾਈ ਰੱਖਦੇ ਹਨ। ਜੇ ਇਹ ਡਰ ਖਤਮ ਹੋ ਜਾਵੇ ਤਾਂ ਬੰਦਾ, ਬੰਦਾ ਨਾ ਰਹੇ।

ਬੰਦੇ ਅੰਦਰ ਕੁਦਰਤ ਨੇ ਇਹ ਪ੍ਰਵਿਰਤੀ ਵੀ ਜਗਾ ਰੱਖੀ ਹੈ ਕਿ ਉਹ ਸੁਹੱਪਣ ਵੱਲ ਖਿੱਚਿਆ ਜਾਂਦੈ। ਉਹ ਸੁਹੱਪਣ ਦੀ ਉਸਤਤ ਕਰਦੈ। ਉਹ ਚਾਹੁੰਦੈ ਕਿ ਇਹ ਸੁਹੱਪਣ ਹਮੇਸ਼ਾ ਉਸ ਦੇ ਅੰਗ-ਸੰਗ ਰਹੇ ਜੋ ਕਦੇ ਵੀ ਸੰਭਵ ਨਹੀਂ ਹੋ ਸਕਦਾ। ਸਮਾਜ ‘ਚ ਰਹਿੰਦਿਆਂ ਉਹ ਜ਼ਿੰਮੇਵਾਰ ਬਣ ਜਾਂਦੈ। ਉਹ ਇਸ ਸੁਹੱਪਣ ‘ਤੇ ਕਾਬਜ਼ ਨਹੀਂ ਹੁੰਦਾ ਪਰ ਉਸ ਸੁਹੱਪਣ ਦੀ ਸਿਫ਼ਤ ਕਰ ਕੇ ਉਸਦਾ ਅਹਿਸਾਸ ਆਪਣੇ ਨਾਲ ਜ਼ਰੂਰ ਰੱਖਦੈ ਤੇ ਪੂਰੀ ਕੋਸ਼ਿਸ਼ ਕਰਦੈ ਕਿ ਉਹ ਸੁਹੱਪਣ, ਜਿਸ ਨੇ ਉਸ ਨੂੰ ਸਕੂਨ ਦਿੱਤੈ, ਬਰਕਰਾਰ ਰਹੇ ਤਾਂ ਕਿ ਦੂਸਰੇ ਲੋਕ ਵੀ ਇਸ ਨੂੰ ਦੇਖ ਸਕਣ, ਮਾਣ ਸਕਣ ਤੇ ਜੋ ਸੁਹੱਪਣ ਨੂੰ ਹੜੱਪਣ ਦੀ ਕੋਸ਼ਿਸ਼ ਕਰਦੈ, ਉਹ ਬੰਦਾ ਬੰਦਾ ਨਹੀਂ ਹੋ ਸਕਦਾ।

...ਤੇ ਕਈ ਵਾਰ ਅਜਿਹਾ ਵਾਪਰ ਜਾਂਦੈ ਕਿ ਬੰਦਾ ਉਸੇ ਸੁਹੱਪਣ ਦਾ ਸਾਹਮਣਾ ਕਰਨੋਂ ਡਰਦੈ ਜਿਸ ਨੂੰ ਉਹ ਹਮੇਸ਼ਾ ਆਪਣੇ ਅੰਗ-ਸੰਗ ਚਾਹੁੰਦੈ, ਜਿਸ ਨੇ ਉਸਨੂੰ ਸਿਰੇ ਦਾ ਸਕੂਨ ਦਿੱਤਾ ਹੋਵੇ। ਕੁੱਝ ਅਜਿਹਾ ਈ ਵਾਪਰਿਐ ਮੇਰੇ ਨਾਲ ਵੀ।

ਗੱਲ ਸਤਾਰਾਂ ਅਕਤੂਬਰ ਦੀ ਐ। ਅਸੀਂ ਚੈਸ਼ਰ (ਕਨੈਟੀਕਟ) ‘ਚ ਲੋਡ ਡਲਿਵਰ ਕਰ ਕੇ ਵਾਪਸੀ ਲੋਡ ਲਈ ਨਿਊ ਯਾਰਕ ਸੂਬੇ ਦੇ ਇਕ ਪਿੰਡ ਦਿੱਲੀ (Delhi) ਨੂੰ ਤੁਰ ਪਏ। ਇਹ ਪਿੰਡ ਕਾਫੀ ਦੂਰ ਜਾ ਕੇ ਇੱਕ ਵਾਦੀ ਦੇ ਅੰਦਰ ਹੈ। ਸੌੜੀਆਂ ਸੜਕਾਂ ‘ਤੇ ਟਰੱਕ ਚਲਾਉਣਾ ਕਿਹੜਾ ਸੌਖਾ। ਫੇਰ ਉਤਾਰ-ਚੜ੍ਹਾਅ ਏਨਾ ਕਿ ਟਰੱਕ ਨੂੰ ਵੀ ਪਸੀਨਾ ਆ ਗਿਆ। ਔਖਿਆਈ ਤਾਂ ਆਈ ਪਰ ਅਸੀਂ ਸਮੇਂ ਸਿਰ ਪਹੁੰਚ ਗਏ। ਡਰਾਈਵ ਮੈਂ ਕਰ ਰਿਹਾ ਸੀ। ਮੇਰਾ ਜੋਟੀਦਾਰ ਅਵਤਾਰ ਸੁੱਤਾ ਪਿਆ ਸੀ। ਉਸਨੂੰ ਜਗਾ ਕੇ ਮੈਂ ਚੈੱਕ-ਇਨ ਕਰਨ ਲਈ ਚਲੇ ਗਿਆ। ਇਸ ਜਗ੍ਹਾ ਚੈੱਕ-ਇਨ ਗੇਟ ‘ਤੇ ਗਾਰਡ ਸ਼ੈਕ ‘ਚ ਈ ਹੋਣੀ ਸੀ। ਜਦ ਅੱਗੇ ਵਧਿਆ ਤਾਂ ਸਾਹਮਣੇ ਕੰਪਿਊਟਰ ‘ਤੇ ਫੁਰਤੀ ਨਾਲ ਕੰਮ ਕਰ ਰਹੀ ਕੁੜੀ ਵੱਲ ਦੇਖ ਕੇ ਸਾਰੀ ਥਕਾਨ ਲਹਿ ਗਈ। ਉਮਰ ਕੋਈ ਅਠਾਰਾਂ-ਵੀਹ ਸਾਲ। ਘੁੰਗਰਾਲੇ ਵਾਲਾਂ ਦੀਆਂ ਮੀਢੀਆਂ ਨਾਲ ਸਜਿਆ ਹੋਇਆ ਉਸ ਦਾ ਚਿਹਰਾ ਇਸ ਤਰ੍ਹਾਂ ਜਾਪ ਰਿਹਾ ਸੀ ਜਿਵੇਂ ਲਾਲ ਗੁਲਾਬ ਦੀ ਨਵੀਂ ਖਿੜੀ ਪੰਖੜੀ ‘ਤੇ ਤਰੇਲ ਦਾ ਪਹਿਲਾ ਤੁਪਕਾ ਪਿਆ ਹੋਵੇ। ਮੇਰਾ ਜੀ ਕਰੇ, ਮੈਂ ਉਸਦਾ ਮੱਥਾ ਚੁੰਮ ਲਵਾਂ। ਮੇਰੇ ਵੱਲ ਦੇਖ ਕੇ ਉਹ ਮੁਸਕਰਾਈ ਤੇ ਮੇਰੇ ਕੋਲ਼ੋਂ ਡਰਾਈਵਿੰਗ ਲਸੰਸ ਮੰਗਿਆ। ਜਦ ਉਹ ਆਪਣਾ ਕੰਮ ਕਰ ਰਹੀ ਸੀ ਤਾਂ ਮੇਰੀ ਨਜ਼ਰ ਉਸਦੇ ਖੱਬੇ ਹੱਥ ‘ਤੇ ਗਈ। ਬਹੁਤ ਈ ਸੋਹਣੇ ਢੰਗ ਨਾਲ ਟੈਟੂ ਬਣਾ ਕੇ ਵਿਚਕਾਰ ਜਿਹੇ ਫਝਅਚਣ (ਅਮਨ) ਲਿਖਿਆ ਹੋਇਆ ਸੀ। ਮੇਰਾ ਸਾਰਾ ਧਿਆਨ ਇਸ ਟੈਟੂ ਨੇ ਖਿੱਚ ਲਿਆ। "ਹਿਅਰ ਇਜ਼ ਯੂਅਰ ਲਾਈਸੈਂਸ ਮਿਸਟਰ ਸਿੰਘ...ਗੋ ਟੂ ਦਿ ਡੋਰ 6 ਐਂਡ ਫਾਲੋ ਦਿ ਇਨਸਟਰੱਕਸ਼ਨਜ਼" (ਮਿਸਟਰ ਸਿੰਘ ਇਹ ਐ ਤੁਹਾਡਾ ਲਾਈਸੈਂਸ...ਛੇ ਨੰਬਰ ਵਾਲੇ ਦਰਵਾਜ਼ੇ ‘ਤੇ ਜਾਓ ਤੇ ਹਦਾਇਤਾਂ ਦਾ ਖਿਆਲ ਰੱਖਿਓ) ਉਸਨੇ ਮੈਨੂੰ ਇਕ ਹਦਾਇਤਨਾਮਾ ਫੜਾਇਆ ਤੇ ਕਹਿਣ ਲੱਗੀ, ‘ਦੈਟਸ ਇੱਟ...!’ ਉਸ ਦੇ ਬੋਲਾਂ ‘ਚ ਖਾਸ ਕਿਸਮ ਦੀ ਚਹਿਕ, ਅਜਬ ਜਿਹੀ ਮਿਠਾਸ ਸੀ। ਸੱਚ ਕਹਾਂ ਕਿ ਮੇਰਾ ਤਾਂ ਓਥੋਂ ਹਿੱਲਣ ਨੂੰ ਜੀ ਨਾ ਕਰੇ। ਉਹ ਮੇਰੇ ਵੱਲ ਦੇਖ ਕੇ ਮੁਸਕਰਾ ਰਹੀ ਸੀ। ਉਸਦੇ ਅੱਗੇ ਪਈਆਂ ਕਿਤਾਬਾਂ ਦੱਸ ਰਹੀਆਂ ਸਨ ਕਿ ਉਹ ਵਿਦਿਆਰਥਣ ਹੈ।

"ਇੱਕ ਗੱਲ ਕਹਾਂ ਤੈਨੂੰ ਬੱਚੇ...," ਮੈਨੂੰ ਜਾਪਿਆ ਕਿ ਮੇਰੇ ਇਨ੍ਹਾਂ ਬੋਲਾਂ ਨੇ ਉਸਨੂੰ ਖੁਸ਼ੀ ਦਿੱਤੀ ਹੈ। ਉਸਦੀ ਸਹਿਮਤੀ ’ਤੇ ਮੈਂ ਕਿਹਾ, ‘ਤੇਰੇ ’ਚ ਇੱਕ ਗੱਲ ਜੋ ਮੈਨੂੰ ਬਹੁਤ ਪਿਆਰੀ ਲੱਗੀ ਐ, ਉਹ ਐ ਤੇਰਾ ਇਹ ਟੈਟੂ...ਪੀਸ!’ ਇਹ ਸੁਣ ਕੇ ਉਹ ਬਹੁਤ ਖੁਸ਼ ਹੋਈ ਤੇ ਆਪਣਾ ਟੈਟੂ ਵਾਲਾ ਹੱਥ ਛਾਤੀ ’ਤੇ ਰੱਖ ਮੇਰਾ ਸ਼ੁਕਰੀਆ ਅਦਾ ਕਰਨ ਲੱਗੀ।

‘...ਪਰ ਇਸ ਤੋਂ ਵੀ ਪਿਆਰੀ ਇੱਕ ਹੋਰ ਸ਼ੈਅ ਹੈ ਤੇਰੇ ਕੋਲ..!’ ਮੇਰੇ ਏਨਾ ਕਹਿਣ ’ਤੇ ਉਸਨੇ ਸਵਾਲੀਆ ਨਜ਼ਰਾਂ ਨਾਲ ਮੇਰੇ ਵੱਲ ਦੇਖਿਆ। ‘...ਤੇ ਉਹ ਹੈ ਤੇਰੀ ਮੁਸਕਾਨ...ਬਹੁਤ ਈ ਪਿਆਰੀ, ਏਨੀ ਪਿਆਰੀ ਕਿ ਏਸ ਤੋਂ ਦੁਨੀਆ ਕੁਰਬਾਨ ਕਰ ਸਕਦਾਂ ਮੈਂ,’ ਮੇਰੇ ਏਨਾ ਕਹਿਣ ‘ਤੇ ਉਸਨੇ ਸ਼ੁਕਰਾਨੇ ਵਜੋਂ ਆਪਣੇ ਦੋਵੇਂ ਹੱਥ ਛਾਤੀ ’ਤੇ ਰੱਖ ਲਏ। ਮੈਂ ਦੇਖਿਆ ਕਿ ਉਸ ਦੇ ਸੱਜੇ ਹੱਥ ’ਤੇ ਲੋਵਏ (ਪਿਆਰ) ਦਾ ਟੈਟੂ ਬਣਿਆ ਹੋਇਆ ਸੀ। ਉਹ ਮੇਰੇ ਅੱਗੇ ਅਮਨ ਤੇ ਪਿਆਰ ਦੀ ਹਰਕਾਰਾ ਬਣੀ ਖੜ੍ਹੀ ਸੀ। ਮੈਨੂੰ ਜਾਪਿਆ ਇਹ ਹੱਥ ਗ਼ਾਜ਼ਾ ਪੱਟੀ ਦੇ ਲੋਕਾਂ ਵਾਸਤੇ ਉੱਠੇ ਹਨ। ਮੇਰਾ ਜੀ ਕਰੇ ਕਿ ਉਸਦੇ ਦੋਵੇਂ ਹੱਥ ਚੁੰਮ ਲਵਾਂ! "ਥੈਂਕ ਯੂ ਮਿਸਟਰ ਸਿੰਘ ...ਥੈਂਕ ਯੂ...ਯੂ ਮੇਡ ਮਾਈ ਡੇਅ..," (ਸ਼ੁਕਰੀਆ ਮਿਸਟਰ ਸਿੰਘ..ਤੁਸੀਂ ਮੇਰਾ ਦਿਨ ਯਾਦਗਾਰੀ ਬਣਾ ਦਿੱਤੈ) ਉਹ ਵਾਰ-ਵਾਰ ਕਹਿ ਰਹੀ ਸੀ।

ਮੈਂ ਉਸਨੂੰ ਦੱਸਿਆ ਕਿ ਸਾਡੇ ਸੱਭਿਆਚਾਰ ‘ਚ ਜਦ ਵੱਡੀ ਉਮਰ ਵਾਲੇ ਬੰਦੇ ਨੂੰ ਛੋਟੀ ਉਮਰ ਦਾ ਕੋਈ ਮੁੰਡਾ-ਕੁੜੀ ਮਿਲਦੈ ਤਾਂ ਉਸਨੂੰ ਆਸ਼ੀਰਵਾਦ ਦੇਣ ਲਈ ਅਸੀਂ ਉਸਦੇ ਸਿਰ ‘ਤੇ ਹੱਥ ਰੱਖਦੇ ਹਾਂ। ਹੱਥ ਰੱਖਣ ਦਾ ਮਤਲਬ ਇਹ ਹੁੰਦੈ ਕਿ ਵੱਡੀ ਉਮਰ ਵਾਲਾ ਬੰਦਾ ਆਪਣੀ ਸਾਰੀ ਚੰਗੀ ਊਰਜਾ (Positive energy) ਉਸ ਮੁੰਡੇ-ਕੁੜੀ ਨੂੰ ਦੇ ਕੇ ਉਸਦੀ ਲੰਮੀ ਉਮਰ ਲਈ ਦੁਆ ਕਰਦੈ। ਮੇਰਾ ਵੀ ਜੀ ਕਰਦੈ ਕਿ ਤੇਰੇ ਸਿਰ ‘ਤੇ ਹੱਥ ਰੱਖਾਂ। "ਵ੍ਹਾਇ ਨਾਟ...,"(ਕਿਓਂ ਨਹੀਂ) ਉਸਨੇ ਕਿਹਾ ਪਰ ਮੈਂ ਅਜਿਹਾ ਕਰਨ ਤੋਂ ਝਿਜਕ ਗਿਆ। ਸੋਚਿਆ ਕਿ ਖਬਰੇ ਮੇਰੀ ਭਾਵਨਾ, ਮੇਰੇ ਅਹਿਸਾਸ ਇਸ ਭੋਲ਼ੀ-ਭਾਲ਼ੀ ਕੁੜੀ ਤੱਕ ਪਹੁੰਚਣ ਵੀ ਜਾਂ ਨਾ...ਕਿਤੇ ਮੇਰੀ ਭਾਵਨਾ ‘ਚ ਈ ਕੋਈ ਖੋਟ ਨਾ ਮਿਲ ਜਾਵੇ...ਕਿਤੇ ਨਿੱਕ-ਨੀਨਾ (ਮੇਰੀਆਂ ਧੀਆਂ) ਮੇਰੀ ਇਸ ਹਰਕਤ ਦਾ ਬੁਰਾ ਨਾ ਮਨਾਉਣ...ਉਨ੍ਹਾਂ ਕਹਿਣਾ ਤੁਹਾਨੂੰ ਏਥੋਂ ਦੇ ਕਲਚਰ ਦੀ ਅਜੇ ਪੂਰੀ ਸਮਝ ਨਹੀਂ, ਏਦਾਂ ਨਾ ਕਰਿਆ ਕਰੋ। ਅਜਿਹੇ ਕਈ ਡਰ ਮੇਰੇ ਅੰਦਰ ਉੱਠ ਖੜੋਏ। ਆਪਣੇ ਆਪ ਨੂੰ ਸੰਭਾਲਦਿਆਂ ਮੈਂ ਕਿਹਾ, ‘ਕਲੋਜ਼ ਯੂਅਰ ਆਈਜ਼ ਮਾਈ ਚਾਈਲਡ... ਜਸਟ ਇਮੈਜਿਨ ਅ ਟੱਚ ਆਫ ਯੂਅਰ ਡੈਡ’ਸ ਹੈਂਡ...ਇਟਸ ਨਾਟ ਯੂਅਰ ਡੈਡ, ਇਟਸ ਮੀ ਡੀਅਰ ..!" (ਆਪਣੀਆਂ ਅੱਖਾਂ ਬੰਦ ਕਰੋ ਮੇਰੇ ਬੱਚੇ...ਤੇ ਆਪਣੇ ਪਿਤਾ ਦੇ ਹੱਥਾਂ ਦੀ ਛੋਹ ਦੀ ਕਲਪਨਾ ਕਰੋ...ਇਹ ਤੁਹਾਡਾ ਪਿਤਾ ਦਾ ਹੱਥ ਨਹੀਂ.. ਇਹ ਮੈਂ ਹਾਂ ਸੋਹਣਿਆ!) ਏਨਾ ਕਹਿਣ ‘ਤੇ ਉਸ ਕੁੜੀ ਦੀਆਂ ਅੱਖਾਂ ਨਮ ਹੋ ਗਈਆਂ। ਸੋਚ ਰਿਹਾ ਸੀ ਕਿ ਇਹ ਕੁੜੀ ਨਹੀਂ, ਅਮਨ ਤੇ ਪਿਆਰ ਦੇ ਪੈਗ਼ਾਮ ਵਾਲਾ ਇੱਕ ਪਰਿੰਦਾ ਹੈ ... ਉਸਨੂੰ ਦੁਆਵਾਂ ਦਿੰਦਾ, ਉਸ ਲਈ ਉੱਚੀਆਂ ਉਡਾਰੀਆਂ ਦੀ ਕਾਮਨਾ ਕਰਦਾ ਮੈਂ ਟਰੱਕ ਵੱਲ ਵਧਿਆ।

ਇਹ ਸੋਚ ਕੇ ਖੁਸ਼ ਹੋ ਰਿਹਾ ਸੀ ਕਿ ਇਕ ਵਿਦਿਆਰਥਣ ਨੂੰ ਆਪਣੇ ਸੱਭਿਆਚਾਰ ਦੇ ਇਸ ਪਹਿਲੂ ਬਾਰੇ ਦਿੱਤੀ ਜਾਣਕਾਰੀ ਜ਼ਰੂਰ ਚੰਗੀ ਲੱਗੀ ਹੋਵੇਗੀ। ਉਹ ਹੋਰਨਾਂ ਕੋਲ ਵੀ ਇਸ ਬਾਰੇ ਗੱਲ ਕਰੇਗੀ। ਮੇਰਾ ਚਿਹਰਾ ਦੇਖ ਅਵਤਾਰ ਨੇ ਕਿਹਾ, ‘ਬੜਾ ਖੁਸ਼ ਨਜ਼ਰ ਆ ਰਿਹੈਂ ਬਾਈ ..!’ ਮੇਰਾ ਜਵਾਬ ਸੀ, ‘ਨਵੂ ਨੂੰ ਮਿਲ ਕੇ ਆਇਆਂ, ਖੁਸ਼ ਕਿਓਂ ਨਾ ਹੋਵਾਂ!’ ਜਦ ਉਸਨੇ ਸਾਰੀ ਗੱਲ ਸੁਣੀ ਤਾਂ ਕਹਿਣ ਲੱਗਾ, ‘ਮੈਨੂੰ ਵੀ ਬੁਲਾ ਲੈਂਦਾ ਬਾਈ..!’ ਨਵੂ ਅਵਤਾਰ ਦੀ ਧੀ ਦਾ ਨਾਂਅ ਹੈ। ਪੇਸ਼ੇ ਵਜੋਂ ਡੈਂਟਿਸਟ, ਇਸੇ ਕੁੜੀ ਵਰਗੀ ਮਾਸੂਮ ਮੁਸਕਾਨ ਵਾਲੀ ਨਵੂ!

ਖੁਸ਼ੀ ਭਰੇ, ਮਨ ਨੂੰ ਸਕੂਨ ਦੇਣ ਵਾਲੇ ਇਹ ਅਹਿਸਾਸ ਸਾਡੇ ਤੋਂ ਜਲਦੀ ਹੀ ਪੱਲਾ ਛੁਡਾ ਗਏ...ਚਾਹ ਕੇ ਵੀ ਇਨ੍ਹਾਂ ਦਾ ਪੱਲਾ ਘੁੱਟ ਕੇ ਫੜ ਨਹੀਂ ਸਕੇ।

ਦਿੱਤੇ ਗਏ ਡੋਰ ‘ਤੇ ਟ੍ਰੇਲਰ ਲਾ ਕੇ ਕੈਬਿਨ ‘ਚ ਬੈਠ ਕੇ ਚਾਹ ਬਣਾਈ। ਕੱਪ ਹੱਥ ‘ਚ ਲੈ ਕੇ ਫੋਨ ‘ਤੇ ਨਜ਼ਰ ਮਾਰੀ। ਕੋਈ ਜ਼ਰੂਰੀ ਮੈਸੇਜ ਤਾਂ ਨਹੀਂ ...ਪਰਿਵਾਰ, ਯਾਰਾਂ-ਬੇਲੀਆਂ ਦਾ ਕੋਈ ਸੰਦੇਸ਼ਾ ਤਾਂ ਨਹੀਂ! ਫੇਰ ਫੇਸਬੁੱਕ ‘ਤੇ ਚਲੇ ਗਿਆ। ਸਭ ਤੋਂ ਪਹਿਲਾਂ ਨਜ਼ਰ ਪਈ ਇਸ ਖ਼ਬਰ ਨੇ ਸਾਰਾ ਮਜ਼ਾ ਕਿਰਕਿਰਾ ਕਰ ਕੇ ਰੱਖ ਦਿੱਤਾ... ਨਿਠਾਰੀ ਕਾਂਡ ਵਾਲੇ ਹੈਵਾਨ ਪੰਧੇਰ-ਕੋਲੀ ਅਦਾਲਤ ਨੇ ਬਰੀ ਕਰ ਦਿੱਤੇ ਹਨ!

...ਓਸੇ ਵੇਲੇ ਇਸ ਡਰ ਨੇ ਆ ਘੇਰਿਆ ਕਿ ਜੇ ਉਸ ਕੁੜੀ ਨੂੰ ਪਤਾ ਲੱਗ ਗਿਆ ਤਾਂ ਉਹ ਓਸ ਸੱਭਿਆਚਾਰ ਬਾਰੇ ਕੀ ਸੋਚੇਗੀ ਜਿਸ ਦੀਆਂ ਸਿਫਤਾਂ ਦੇ ਪੁ.ਲ ਉਸ ਕੋਲ ਮੈਂ ਬੰਨ੍ਹੇ ਸਨ? ਉਹ ਉਸ ਹੱਥ ਬਾਰੇ ਕੀ ਸੋਚੇਗੀ ਜੋ ਉਸ ਨੂੰ ਆਪਣੇ ਸਿਰ ‘ਤੇ ਮਹਿਸੂਸ ਕਰਨ ਲਈ ਕਿਹਾ ਸੀ...ਉਸ ਕੁੜੀ ਦਾ ਸਾਹਮਣਾ ਕਿਸ ਤਰ੍ਹਾਂ ਕਰਾਂਗਾ ਜੋ ਮੈਨੂੰ ਆਪਣੀ ਧੀ ਜਾਪੀ ਸੀ...ਕੀ ਉਹ ਮੈਨੂੰ ਹੁਣ ਵੀ ਓਸੇ ਨਜ਼ਰ ਨਾਲ ਦੇਖੇਗੀ...ਕਈ ਤੌਖਲੇ ਉੱਠ ਖੜੇ ਸਨ!

ਦੋ ਘੰਟੇ ‘ਚ ਸਾਡਾ ਟ੍ਰੇਲਰ ਲੋਡ ਹੋ ਗਿਆ ਸੀ। ਮੈਨੂੰ ਭਾਵੁਕ ਹੋਇਆਂ ਦੇਖ ਅਵਤਾਰ ਨੇ ਮੈਨੂੰ ਸਟੀਅਰਿੰਗ ਵ੍ਹੀਲ ‘ਤੇ ਬੈਠਣ ਨਹੀਂ ਦਿੱਤਾ, ਭਾਵੇਂ ਕਿ ਸ਼ਿਫਟ ਮੇਰੀ ਚੱਲ ਰਹੀ ਸੀ। ਮੈਂ ਵੀ ਵਿਰੋਧ ਕਰਨਾ ਠੀਕ ਨਹੀਂ ਸਮਝਿਆ। ਇਸ ਮਨੋਦਸ਼ਾ ‘ਚ ਡ੍ਰਾਈਵਿੰਗ ਕਰਨਾ ਖੁਦ ਨੂੰ ਤੇ ਲੋਕਾਂ ਨੂੰ ਖਤਰੇ ‘ਚ ਪਾਉਣ ਦੇ ਤੁੱਲ ਹੁੰਦਾ ਹੈ। ਅੰਦਰਲਾ ਡਰ ਮੈਨੂੰ ਇਹ ਸਤਾ ਰਿਹਾ ਸੀ ਕਿ ਗਾਰਡ ਸ਼ੈਕ ‘ਤੇ ਉਸ ਕੁੜੀ ਦਾ ਸਾਹਮਣਾ ਕਿਵੇਂ ਕਰਾਂਗਾ...ਟ੍ਰੇਲਰ ਨੂੰ ਸੀਲ ਤਾਂ ਉਸੇ ਨੇ ਲਾਉਣੀ ਐਂ ਪਰ ਇਹ ਦੇਖ ਕੇ ਤਸੱਲੀ ਹੋਈ ਕਿ ਹੁਣ ਡਿਊਟੀ ਬਦਲ ਚੁੱਕੀ ਸੀ। ਉਸ ਕੁੜੀ ਦੀ ਥਾਂ ਇੱਕ ਅਧੇੜ ਉਮਰ ਦੀ ਔਰਤ ਨੇ ਲੈ ਲਈ ਸੀ। ਉਸ ਕੰਪਲੈਕਸ ‘ਚੋਂ ਬਾਹਰ ਆ ਕੇ ਥੋੜਾ ਸਾਹ ਆਇਆ...ਪਰ ਨਿਠਾਰੀ ਕਾਂਡ...ਪੰਧੇਰ...ਕੋਲੀ ਪਿੱਛਾ ਨਹੀਂ ਛੱਡ ਰਹੇ ..!

...ਭੁੱਲੇ ਤਾਂ ਤੁਸੀਂ ਵੀ ਨਹੀਂ ਹੋਵੋਗੇ ਨਿਠਾਰੀ ਕਾਂਡ!

ਫ਼ਰਵਰੀ 2005 -ਅਕਤੂਬਰ 2006 ਵਿਚਾਲੇ ਵਾਪਰੇ ਹੈਵਾਨੀਅਤ ਦੀਆਂ ਨੀਵਾਣਾਂ ਨੂੰ ਪਾਰ ਕਰਦੇ ਇਸ ਕਾਂਡ ‘ਚ 19 ਮਾਸੂਮ ਬਾਲੜੀਆਂ ਨੂੰ ਬਲਾਤਕਾਰ ਤੋਂ ਬਾਅਦ ਬੁਰੀ ਤਰ੍ਹਾਂ ਬੁੱਚੜਾਂ ਵਾਂਗ ਕਤਲ ਕਰ ਕੇ ਉਨ੍ਹਾਂ ਦੀਆਂ ਲਾਸ਼ਾਂ ਟੁਕੜੇ ਟੁਕੜੇ ਕਰ ਕੇ ਗੰਦੇ ਨਾ.ਲੇ ‘ਚ ਸੁੱਟ ਦਿੱਤੀਆਂ ਗਈਆਂ ਸਨ। ਦਿੱਲੀ ਦੇ ਨਾਲ ਲੱਗਦੇ ਨੋਇਡਾ ਖੇਤਰ ‘ਚ ਪੈਂਦੇ ਨਿਠਾਰੀ ਪਿੰਡ ‘ਚ ਵਾਪਰੇ ਇਸ ‘ਕਾਰਨਾਮੇ’ ਨੂੰ ਅੰਜਾਮ ਦੇਣ ਵਾਲਾ ਸੀ ਇੱਕ ਉੱਘਾ ਬਿਜ਼ਨਸਮੈਨ ਮਨਿੰਦਰ ਸਿੰਘ ਪੰਧੇਰ ਤੇ ਉਸ ਦਾ ਕਰਿੰਦਾ ਸੁਰਿੰਦਰ ਕੋਲੀ। ਉਹ ਮਾਸੂਮ ਬਾਲੜੀਆਂ ਨੂੰ ਬਹਿਲਾ-ਫੁਸਲਾ ਕੇ ਕੋਠੀ ‘ਚ ਲੈ ਆਉਂਦੇ ਤੇ ਆਪਣੀ ਭੁੱਖ ਮਿਟਾ ਕੇ ਉਨ੍ਹਾਂ ਦਾ ਖੁਰਾ-ਖੋਜ ਮਿਟਾ ਦਿੰਦੇ ਸਨ। ਮੈਨੂੰ ਉਹ ਦਿਨ ਮੁੜ ਯਾਦ ਆ ਗਏ ਹਨ ਜਦ ਇਹ ਖ਼ਬਰ ‘ਨਵਾਂ ਜ਼ਮਾਨਾ’ ‘ਚ ਛਾਪ ਕੇ ਅਖ਼ਬਾਰ ਮੈਂ ਘਰ ਨਹੀਂ ਸੀ ਲੈ ਕੇ ਗਿਆ। ਮੈਂ ਡਰ ਰਿਹਾ ਸੀ ਕਿ ਕਿਤੇ ਨਿੱਕ-ਨੀਨਾ ਡਰ ਨਾ ਜਾਣ। ਪਤਾ ਲੱਗਣ ‘ਤੇ ਉਹ ਬਹੁਤ ਭਾਵੁਕ ਹੋਈਆਂ ਸਨ। ਇੱਕ ਤੂਫਾਨ ਉੱਠ ਖੜਿਆ ਸੀ ਪੂਰੇ ਦੇਸ਼ ‘ਚ। ਏਨੀ ਦਰਿੰਦਗੀ...ਸੋਚ ਕੇ ਵੀ ਕੰਬਣੀ ਛਿੜਦੀ ਹੈ। ਅਦਾਲਤ ‘ਚ ਚੱਲੇ ਕੇਸ ‘ਚ ਦੋਵਾਂ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਸੀ ਜਿਸ ਵਿਰੁੱਧ ਉਹ ਅਲਾਹਾਬਾਦ ਹਾਈ ਕੋਰਟ ਗਏ ਸਨ। ਹੁਣ 16 ਅਕਤੂਬਰ ਨੂੰ ਖ਼ਬਰ ਆਈ ਹੈ ਕਿ ਸਬੂਤਾਂ ਦੀ ਘਾਟ ਕਾਰਨ ਦੋਵਾਂ ਨੂੰ ਬਰੀ ਕਰ ਦਿੱਤਾ ਗਿਆ ਹੈ। ਕਮਾਲ ਐ...!

ਮੈਂ ਇਨਸਾਫ਼ ਕਰਨ ਵਾਲੀ ਕੁਰਸੀ ‘ਤੇ ਬੈਠਣ ਵਾਲੇ ਉਨ੍ਹਾਂ ਜੱਜਾਂ ਬਾਰੇ ਸੋਚਦਾ ਹਾਂ ਕਿ ਅਜਿਹਾ ਨੰਗੀ-ਚਿੱਟੀ ਬੇਇਨਸਾਫ਼ੀ ਵਾਲਾ ਫੈਸਲਾ ਦੇਣ ਤੋਂ ਬਾਅਦ ਉਹ ਆਪਣੇ ਪਰਿਵਾਰ ਸਾਹਮਣੇ ਕਿਵੇਂ ਗਏ ਹੋਣਗੇ..!

ਮੈਂ ਮਾਨਵਤਾ ਦੇ ਪ੍ਰਤੱਖ ਦੁਸ਼ਮਣਾਂ ਖ਼ਿਲਾਫ ਸਬੂਤ ਪੇਸ਼ ਕਰਨ ‘ਚ ਅਣਗਹਿਲੀ ਵਰਤਣ ਵਾਲੇ ‘ਇਮਾਨਦਾਰ’ ਪੁਲਿਸ ਅਫਸਰਾਂ ਬਾਰੇ ਸੋਚਦਾ ਹਾਂ ਕਿ ਉਹ ਆਪਣੀਆਂ ਧੀਆਂ ਸਾਹਮਣੇ ਅੱਖ ਕਿਵੇਂ ਚੁੱਕਣਗੇ..!

ਮੈਂ ਪੰਧੇਰ-ਕੋਲੀ ਪਰਿਵਾਰਾਂ ਬਾਰੇ ਸੋਚਦਾ ਹਾਂ ਕਿ ਉਨ੍ਹਾਂ ਨੂੰ ਇਨ੍ਹਾਂ ਹੈਵਾਨਾਂ ਤੋਂ ਡਰ ਨਹੀਂ ਆਵੇਗਾ...।

ਉਨ੍ਹਾਂ ਦੇ ਧੀਆਂ-ਪੁੱਤ ਕਿਸ ਤਰ੍ਹਾਂ ਲੋਕਾਂ ਦਾ ਸਾਹਮਣਾ ਕਰਨਗੇ ...ਉਹ ਕੀ ਸੋਚਦੇ ਹੋਣਗੇ ਕਿ ਉਨ੍ਹਾਂ ਦੇ ਪਿਓ ਕਿਹੜੀ ਜੰਗ ਜਿੱਤ ਕੇ ਆਏ ਹਨ!

ਸਾਡੀਆਂ ਧੀਆਂ ਸਾਡੀਆਂ ਹੀ ਹਨ...ਉਨ੍ਹਾਂ ਲਈ ਸੁਰੱਖਿਅਤ ਫਿਜ਼ਾ ਕੌਣ ਯਕੀਨੀ ਬਣਾਏਗਾ...ਕੋਈ ਤੀਸਰਾ ਜਾਂ ਅਸੀਂ ਖ਼ੁਦ ..!

ਮੈਨੂੰ ਤਾਂ ਮੇਰੇ ਜੋਟੀਦਾਰ ਨੇ ਸਟੀਅਰਿੰਗ ਵ੍ਹੀਲ ਤੋਂ ਲਾਂਭੇ ਕਰ ਦਿੱਤਾ, ਇਸ ਸਿਸਟਮ ਨੂੰ ਚਲਾਉਣ ਵਾਲਿਆਂ ਨੂੰ ਲਾਂਭੇ ਕਰ ਕੇ ਸਟੀਅਰਿੰਗ ਵ੍ਹੀਲ ਕੌਣ ਸੰਭਾਲੇਗਾ ...!

ਸਿਸਟਮ ‘ਤੇ ਕਾਬਜ਼ ਬੇਹਯਾ ਤਾਂ ਜੇਲ੍ਹ ਤੋਂ ਬਾਹਰ ਆਉਣ ਵਾਲੇ ਬਲਾਤਕਾਰੀਆਂ ਨੂੰ ਸ਼ਰ੍ਹੇਆਮ ਸਨਮਾਨਤ ਕਰ ਰਹੇ ਹਨ...ਸਿਸਟਮ ਸਾਡੇ, ਲੋਕਾਂ ਸਿਰ ‘ਤੇ ਚੱਲ ਰਿਹੈ, ਫੇਰ ਸਟੀਅਰਿੰਗ ਵ੍ਹੀਲ ਲੋਕ ਕਿਓਂ ਨਾ ਸੰਭਾਲਣ!

ਮਾਨਵੀ ਜਾਮੇ ਵਾਲੇ ਸ਼ਿਕਰਿਆਂ ਨੂੰ ਪਛਾਣੋ!
ਪਰਦੇ ਪਿਛਲੇ ਉਨ੍ਹਾਂ ਦੇ ਪਾਲਕਾਂ ਨੂੰ ਪਛਾਣੋ!
ਸਟੀਅਰਿੰਗ ਵ੍ਹੀਲ ਸੰਭਾ.ਲੋ ਭਾਈ!
ਜੇ ਸੱਭਿਅਕ ਅਖਵਾਉਣਾ ਹੈ ਤਾਂ ਇਹ ਜ਼ਿੰਮੇਵਾਰੀ ਨਿਭਾਉਣੀ ਹੀ ਹੋਵੇਗੀ !!!

# ਉਮਰ ਖ਼ਯਾਮ ਦੀਆਂ ਰੁਬਾਈਆਂ ਵਰਗਾ ਸੁਰਜਨ ਜ਼ੀਰਵੀ

*25 ਅਕਤੂਬਰ 2023 ਨੂੰ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ ਉਘੇ ਪੱਤਰਕਾਰ ਸੁਰਜਨ ਜ਼ੀਰਵੀ ਨੂੰ ਉਸ ਦੇ ਸੰਗੀ-ਸਾਥੀਆਂ ਅਤੇ ਪ੍ਰਸ਼ੰਸਕਾਂ ਨੇ ਆਪੋ-ਆਪਣੇ ਢੰਗ ਨਾਲ ਯਾਦ ਕੀਤਾ ਹੈ। ਪੰਜਾਬੀ ਪੱਤਰਕਾਰੀ ਦੇ ਉਸ ਦੌਰ ਬਾਰੇ ਜਦੋਂ ਵੀ ਕਿਤੇ ਜ਼ਿਕਰ ਛਿੜਦਾ ਹੈ ਤਾਂ ਉਨ੍ਹਾਂ ਦਾ ਨਾਂ ਸਭ ਤੋਂ ਪਹਿਲਾਂ ਆਉਂਦਾ ਹੈ। ਕਈ ਸਾਲ ਪਹਿਲਾਂ ਲਿਖੇ ਆਪਣੇ ਇਸ ਲੇਖ ਵਿਚ ਉਘੇ ਲੇਖਕ ਗੁਲਜ਼ਾਰ ਸਿੰਘ ਸੰਧੂ ਨੇ ਉਨ੍ਹਾਂ ਦੇ ਜੀਵਨ ਦੀਆਂ ਕੁਝ ਖਾਸ ਗੱਲਾਂ ਅਤੇ ਸਾਂਝਾਂ ਦਾ ਜ਼ਿਕਰ ਕੀਤਾ ਹੈ ਜਿਨ੍ਹਾਂ ਤੋਂ ਉਨ੍ਹਾਂ ਦੇ ਖੁੱਲ੍ਹੇ-ਖੁਲਾਸੇ ਸੁਭਾਅ ਦੇ ਨਾਲ-ਨਾਲ ਆਪਣੇ ਕਸਬ ਪ੍ਰਤੀ ਉਨ੍ਹਾਂ ਦੀ ਪਹੁੰਚ ਦੀ ਸੋਅ ਵੀ ਮਿਲਦੀ ਹੈ।*



**ਗੁਲਜ਼ਾਰ ਸਿੰਘ ਸੰਧੂ**
**ਫੋਨ: 91-98157-78469**
Sandhugulzar@yahoo.com

ਮੇਰੇ ਲਈ ਸੁਰਜਨ ਜ਼ੀਰਵੀ ਨੂੰ ਚੇਤੇ ਕਰਨਾ ਉਮਰ ਖ਼ੱਯਾਮ ਨੂੰ ਚੇਤੇ ਕਰਨ ਵਾਂਗ ਹੈ। ਇਸ ਲਈ ਨਹੀਂ ਕਿ ਉਹ ਕਵੀ ਹੈ ਜਾਂ ਉਸ ਦਾ ਉਮਰ ਖ਼ੱਯਾਮ ਦੇ ਦੇਸ਼ ਈਰਾਨ ਨਾਲ ਕੋਈ ਰਿਸ਼ਤਾ ਨਾਤਾ ਹੈ, ਕੇਵਲ ਇਸ ਲਈ ਕਿ ਉਸ ਦੇ ਸੁਭਾਅ ਅਤੇ ਜੀਵਨ ਸ਼ੈਲੀ ਵਿਚ ਉਮਰ ਖ਼ਯਾਮ ਦੀਆਂ ਰੁਬਾਈਆਂ ਵਰਗਾ ਰਸ ਹੈ। ਮੇਰੇ ਕੋਲ ਇਸ ਰਸ ਦੀ ਖ਼ੁਸ਼ਬੋਈ ਉਹਦੇ ਬਾਰੇ ਸੁਣੀਆਂ-ਸੁਣਾਈਆਂ ਗੱਲਾਂ ਰਾਹੀਂ ਆਈ ਹੈ। ਨਿਸ਼ਚੇ ਹੀ ਮੇਰੀਆਂ ਗੱਲਾਂ ਵਿਚ ਕਿਸੇ ਫੁੱਲ ਵਰਗੀ ਚੀਜ਼ ਨੂੰ ਛੂਹ ਕੇ ਦੇਖਣ ਨਾਲੋਂ ਸੁੰਘ ਕੇ ਮਾਣਨ ਦਾ ਅਹਿਸਾਸ ਮਿਲੇਗਾ। ਉਹਦੇ ਬਾਰੇ ਲਿਖਣਾ ਖ਼ੁਸ਼ਬੋਈ ਨੂੰ ਫੜਨ ਵਾਂਗ ਹੈ। ਜਿਹੜਾ ਬੰਦਾ ਜ਼ਿੰਦਗੀ ਦੇ ਕਿਸੇ ਵੀ ਪੜਾਅ ਉਤੇ ਤੁਹਾਡਾ ਦੋਸਤ ਨਾ ਰਿਹਾ ਹੋਵੇ, ਦੁੱਖ-ਸੁੱਖ ਦਾ ਭਾਈਵਾਲ ਵੀ ਨਹੀਂ। ਬਹੁਤ ਵੱਡੀ ਭੀੜ ਵਿਚ ਅੰਗ-ਸੰਗ ਨਹੀਂ ਤੁਰਿਆ, ਉਸ ਦੇ ਵਜੂਦ ਨੂੰ ਫੜਨਾ ਤਾਂ ਇਕ ਪਾਸੇ ਰਿਹਾ, ਉਸ ਦਾ ਆਕਾਰ ਪਛਾਣਨਾ ਵੀ ਸੌਖਾ ਨਹੀਂ। ਮੇਰੀ ਹਾਲਤ ਈਸ਼ਵਰ ਚਿੱਤਰਕਾਰ ਦੇ ਇਸ ਸ਼ਿਅਰ ਵਰਗੀ ਹੈ:

ਤੇਰੇ ਪਿਆਰ ਸਾਹਮਣੇ ਮੇਰੀ ਨਿਗਾਹ ਕੀ ਟਿਕੇ
ਫੁੱਲਾਂ ਦੀ ਮਹਿਕ ਹੈ ਸਦਾ ਫੁੱਲਾਂ ਤੋਂ ਦੌੜਦੀ ਰਹੀ।

ਬੀਤੇ ਦੇ ਝਰੋਖੇ ਵਿਚੋਂ ਕੁਝ ਗੱਲਾਂ ਫੜਨ ਲਈ ਆਪਣੇ ਮਿੱਤਰ ਹਰਦਿਆਲ (ਨੇਤਾ ਜੀ) ਦੀ ਜਵਾਨੀ ਵੱਲ ਪਰਤਦਾ ਹਾਂ।

ਆਸਮਾਂ ਕੇ ਨੀਚੇ
ਹਮ ਆਜ ਅਪਨੇ ਪੀਛੇ
ਪਿਆਰ ਕਾ ਜਹਾਂ ਬਸਾ ਕੇ ਚਲੇ।

ਜੇ ਮੈਂ ਭੁੱਲਦਾ ਨਹੀਂ ਤਾਂ ਜ਼ੀਰਵੀ ਨਾਲ ਮੇਰੀ ਪਹਿਲੀ ਮੁਲਾਕਾਤ ਜਲੰਧਰ ਨੇੜੇ ਗੜ੍ਹੇ ਪਿੰਡ ਵਿਚ ਹੋਈ ਸੀ। ਚਾਰ ਦਹਾਕੇ ਪਹਿਲਾਂ ਹਰਦਿਆਲ ਦੇ ਘਰ। ਛੱਤ ਵਾਲੀ ਮਹਿਫ਼ਲ ਵਿਚ ਕਾਮਰੇਡ ਨੌਨਿਹਾਲ, ਪਰੇਮ ਸਿੰਘ, ਮਾਰਸ਼ਲ (ਊਧਮ ਸਿੰਘ), ਸਧੂ ਸਿੰਘ ਭਾਅ ਜੀ) ਤੇ ਸੁਰਿੰਦਰਪਾਲ ਦੀ ਸੰਗਤ ਵਿਚ। ਸ਼ਾਇਦ ਬਿਕਰਮ ਗਰਚਾ ਵੀ ਹਾਜ਼ਰ ਸੀ ਪਰ ਉਹ ਮਹਿਫ਼ਲ ਵਿਚ ਰੜਕਣ ਵਾਲਾ ਬੰਦਾ ਨਹੀਂ। ਉਂਜ ਵੀ ਉਹ ਮਹਿਫ਼ਲਾਂ ਮਾਣਨ ਦੇ ਦਿਨ ਸਨ। ਬੰਦੇ ਜਾਂ ਗੱਲਾਂ ਚੇਤੇ ਰੱਖਣ ਦੇ ਨਹੀਂ। ਮਹਿਫ਼ਲਾਂ ਲਾਉਣ ਲਈ ਬਹਾਨਾ ਲੱਭਣ ਦੀ ਲੋੜ ਨਹੀਂ ਸੀ ਹੁੰਦੀ। ਖ਼ੁਸ਼ੀ ਨਾਲੋਂ ਗ਼ਮੀ ਦਾ ਜਸ਼ਨ ਵਧੇਰੇ ਜੰਮਦਾ ਸੀ। ਯੋਗ ਬਹਾਨਾ ਨਾ ਮਿਲਣ ਦੀ ਸੂਰਤ ਵਿਚ ਬਹਾਨਾ ਲੱਭਣ ਵਿਚ ਆਈਆਂ ਔਕੜਾਂ ਹੀ ਮਾਣੀਆਂ ਜਾਂਦੀਆਂ। ਨਿੱਕੇ-ਮੋਟੇ ਪਾੜੇ ਗਾਇਕੀ ਨਾਲ ਭਰੇ ਜਾਂਦੇ ਸਨ। ਹਰਦਿਆਲ ਅਤੇ ਜ਼ੀਰਵੀ ਦੇ ਬੋਲ ਧੁਰ ਆਕਾਸ਼ ਤੱਕ ਚਲੇ ਜਾਂਦੇ। ਕਦੇ-ਕਦਾਈਂ ਕੰਵਲ (ਮਿਸਿਜ਼ ਹਰਦਿਆਲ) ਦੀਆਂ ਸੁਰਾਂ ਵੀ ਆ ਰਲਦੀਆਂ। ਰੰਗ ਬੰਨ੍ਹਿਆ ਜਾਂਦਾ ਸੀ। ਨੌਨਿਹਾਲ ਦਾ ਹਾਸਾ, ਮਾਰਸ਼ਲ ਦਾ ਰੋਸਾ, ਹਰਦਿਆਲ ਦੇ ਦਬਕੇ ਅਤੇ ਜ਼ੀਰਵੀ ਦਾ ਸਲੀਕਾ ਮਹਿਫ਼ਲ ਵਿਚ ਰਸ ਭਰਦੇ ਸਨ। ਲੁੱਚੇ ਤੇ ਸੁੱਚੇ ਲਤੀਫ਼ੇ। ਸਭ ਕੁਝ ਹੀ। ਇੰਨੇ ਵੱਡੇ ਜਮਘਟੇ ਅਤੇ ਧੁੰਦਲਕੇ ਵਿਚੋਂ ਜ਼ੀਰਵੀ ਦੇ ਸਲੀਕੇ ਤੇ ਅਦਬ-ਆਦਾਬ ਨੂੰ ਫੜਨਾ ਕਿੰਨਾ ਔਖਾ ਹੈ, ਤੁਸੀਂ ਜਾਣਦੇ ਹੀ ਹੋ। ਆਪਾਂ ਹਰਦਿਆਲ ਦੇ ਘਰ ਦੀ ਛੱਤ ਤੋਂ ਉਤਰ ਕੇ 'ਨਵਾਂ ਜ਼ਮਾਨਾ' ਦੇ ਦਫ਼ਤਰ ਚਲੀਏ, ਜਿਥੇ ਅੰਮ੍ਰਿਤ (ਜ਼ੀਰਵੀ ਦੀ ਬੀਵੀ) ਜ਼ੀਰਵੀ ਤੋਂ ਉਰਦੂ ਸਿੱਖਣ ਆਉਂਦੀ ਸੀ। ਅੰਮ੍ਰਿਤ ਨੂੰ ਉਰਦੂ ਪੜ੍ਹਨ ਦਾ ਸ਼ੌਕ ਕਿਵੇਂ ਜਾਗਿਆ, ਇਹ ਤਾਂ ਕਿਸੇ ਨੂੰ ਪਤਾ ਨਹੀਂ ਪਰ ਉਸ ਨੂੰ ਉਰਦੂ ਪੜ੍ਹਾਉਣ ਵਾਲੇ ਦਾ ਹਰ ਕੋਈ ਜਾਣੂੰ ਸੀ। ਇਹ ਸੀ 'ਨਵਾਂ ਜ਼ਮਾਨਾ' ਦੇ ਸੰਪਾਦਕੀ ਅਮਲੇ ਦੀ ਰੌਣਕ, ਬਣ-ਠਣ ਕੇ ਰਹਿਣ ਵਾਲਾ ਹਲਕਾ-ਫੁਲਕਾ ਬੰਦਾ ਸੁਰਜਨ ਜ਼ੀਰਵੀ। ਆਵਾਜ਼ ਦੀ ਬੁਲੰਦੀ ਵਿਚ ਹਰਦਿਆਲ ਤੋਂ ਮਾਰ ਖਾਣ ਵਾਲਾ ਪਰ ਲਿਸ਼ਕ-ਪੁਸ਼ਕ ਕੇ ਰਹਿਣ ਵਿਚ ਉਸ ਨੂੰ ਮਾਤ ਪਾਉਣ ਵਾਲਾ, ਸੁਹਣਾ ਸੁਬਕ ਤੇ ਪਤਲਾ ਪਤੰਗ ਇਨਸਾਨ। ਸਿਰ ਤੋਂ ਪੈਰਾਂ ਤਕ ਆਸ਼ਿਕ ਮਿਜ਼ਾਜ ਕਾਮਰੇਡ। ਉਸ ਦੀ ਗੁਰਗਾਬੀ ਸੱਜਰੀ ਪਾਲਿਸ਼ ਨਾਲ ਲਿਸ਼ਕਾਂ ਮਾਰਦੀ ਹੁੰਦੀ। ਉਸ ਦੀ ਸਜ-ਧਜ ਅਤੇ ਸਲੀਕੇ ਵਿਚ ਰਲੇ ਹੋਏ ਅਦਬ-ਆਦਾਬ ਨੇ ਹੀ ਸੇਠੀ ਖੱਤਰੀਆਂ ਦੀ ਧੀ ਅੰਮ੍ਰਿਤ ਦਾ ਦਿਲ ਮੋਹ ਲਿਆ ਸੀ। ਵਰਨਾ ਕੌਣ ਨਹੀਂ ਸੀ ਜਾਣਦਾ ਕਿ ਜ਼ੀਰਵੀ ਖ਼ੁਦ ਰਾਮਗੜ੍ਹੀਆ ਬਰਾਦਰੀ 'ਚੋਂ ਸੀ, ਜਿਸ ਨੂੰ ਖੱਤਰੀ ਲੋਕ ਆਪਣੇ ਤੋਂ ਨੀਵੀਂ ਜਾਤੀ ਸਮਝਦੇ ਹਨ, ਪੜ੍ਹੇ-ਲਿਖੇ ਅਤੇ ਖ਼ਾਨਦਾਨੀ ਖੱਤਰੀ ਖ਼ਾਸ ਕਰਕੇ।

ਜ਼ੀਰਵੀ ਦੇ ਭਰਾ ਜਗਜੀਤ ਦਾ ਗਾਇਕ ਬਣਨਾ ਜਾਂ ਉਸ ਦੇ ਚਾਚੇ-ਤਾਇਆਂ ਵਿਚੋਂ ਕਿਰਪਾਲ ਸਿੰਘ ਤੇ ਜਰਨੈਲ ਸਿੰਘ ਦਾ ਚਿੱਤਰਕਾਰੀ ਦੇ ਖੇਤਰ ਵਿਚ ਨਾਂ ਬਣਾਉਣ ਦਾ ਅੰਮ੍ਰਿਤ-ਜ਼ੀਰਵੀ ਦੋਸਤੀ ਨਾਲ ਕੋਈ ਸਬੰਧ ਨਹੀਂ। ਸੁਰਜਨ ਅਤੇ ਅੰਮ੍ਰਿਤ ਦੇ ਪ੍ਰੇਮ ਸਬੰਧਾਂ ਵਿਚ ਇਸ ਪਿਛੋਕੜ ਦਾ ਯੋਗਦਾਨ ਲੱਭਣਾ ਹਵਾ ਵਿਚ ਤਲਵਾਰਾਂ ਮਾਰਨ ਵਾਂਗ ਹੋਵੇਗਾ। ਸੁਰਜਨ ਅਤੇ ਅੰਮ੍ਰਿਤ ਵਿਚ ਪਾਇਦਾਰ ਪੁਲ ਬਣਨ ਵਾਲੀ ਤਾਂ ਉਰਦੂ ਜ਼ਬਾਨ ਹੀ ਸੀ। ਇਸ ਭਾਸ਼ਾ ਦੇ ਚੋਣਵੇਂ ਸ਼ਬਦ ਆਸ਼ਕੀ-ਮਾਸ਼ੂਕੀ ਨੂੰ ਉਭਾਰਨ ਲਈ ਤਾਂ ਬੜੇ ਢੁਕਵੇਂ ਹਨ ਪਰ ਹਰ ਕਿਸੇ ਦੇ ਸਮਝ ਆਉਣ ਵਾਲੇ ਨਹੀਂ। ਖੱਬੀ ਲਹਿਰ ਦੀ ਚੜ੍ਹਤ ਦੇ ਉਨ੍ਹਾਂ ਦਿਨਾਂ ਵਿਚ ਜਦੋਂ ਵੀ ਕਿਸੇ ਨੌਜਵਾਨ ਜੋੜੇ ਦੇ ਪ੍ਰੇਮ ਸਬੰਧਾਂ ਦੀ ਗੱਲ ਤੁਰਦੀ ਸੀ ਤਾਂ ਇਸ ਨੂੰ ਉਰਦੂ ਪੜ੍ਹਨਾ ਕਿਹਾ ਜਾਂਦਾ ਸੀ। ਆਸ਼ਕੀ ਦੀ ਸ਼ਬਦਾਵਲੀ ਵਿਚ ਅਜਿਹਾ ਵਾਧਾ ਕਰਨ ਵਾਲੀ ਅੰਮ੍ਰਿਤ-ਸੁਰਜਨ ਜੋੜੀ ਹੀ ਸੀ। ਇਹ ਗੱਲ ਮੈਨੂੰ ਰਘਬੀਰ ਸਿੰਘ (ਸਿਰਜਣਾ) ਨੇ ਦੱਸੀ, ਜਿਹੜਾ ਖ਼ੁਦ ਵੀ ਉਨ੍ਹਾਂ ਦਿਨਾਂ ਵਿਚ ਖੱਤਰੀ ਬਰਾਦਰੀ (ਚੱਢਾ) ਦੀ ਸੁਲੇਖਾ ਨਾਲ ਪੱਕੇ ਸਬੰਧ ਪੈਦਾ ਕਰਨ ਲਈ ਤਰਲੋ-ਮੱਛੀ ਹੋ ਰਿਹਾ ਸੀ। ਰਘਬੀਰ ਦੀ ਓਸ ਵੇਲੇ ਦੀ ਬਿਹਬਲਤਾ ਬਾਰੇ ਅੰਮ੍ਰਿਤ ਦੀ ਟਿੱਪਣੀ ਵੀ ਬਹੁਤ ਕੁਝ ਕਹਿੰਦੀ ਸੀ, "ਮੈਂ ਕੁੜੀਆਂ ਤਾਂ ਮੁੰਡਿਆਂ 'ਤੇ ਫ਼ਿਦਾ ਹੁੰਦੀਆਂ ਤੱਕੀਆਂ ਸਨ, ਮੁੰਡੇ ਵੀ ਕੁੜੀਆਂ ਲਈ ਤੜਫ਼ਦੇ ਹਨ, ਕਦੀ ਨਹੀਂ ਸੀ ਸੁਣਿਆ!"

ਅਸੀਂ ਉਨ੍ਹਾਂ ਸਮਿਆਂ ਨੂੰ ਉਰਦੂ ਪੜ੍ਹਨ-ਪੜ੍ਹਾਉਣ ਦੇ ਸੁਨਹਿਰੀ ਕਾਲ ਦਾ ਨਾਂ ਦੇ ਸਕਦੇ ਹਾਂ। ਉਰਦੂ ਦੀ ਚੜ੍ਹਤ ਦਾ ਬਾਅਦ ਤੇ ਬਾਸਲੀਕਾ ਸ਼ਬਦਾਵਲੀ ਦਾ। ਇਹ ਉਹ ਦਿਨ ਸਨ ਜਦ ਆਪਣੇ ਆਪ ਨੂੰ ਪੱਕਾ ਕਾਮਰੇਡ ਦਰਸਾਉਣ ਲਈ ਬਹੁਤੇ ਨੇਤਾ ਅਤੇ ਕਾਮੇ ਆਪਣੀ ਨਵੀਂ ਤੋਂ ਨਵੀਂ ਜੁੱਤੀ ਨੂੰ ਵੀ ਪਹਿਨਣ ਤੋਂ ਪਹਿਲਾਂ ਠਿੱਬੀ ਕਰ ਕੇ ਆਪਣਾ ਪ੍ਰਭਾਵ ਜਮਾਉਂਦੇ ਸਨ। ਇਸ ਇੰਨੀ ਵੱਡੀ ਭੀੜ ਵਿਚ ਕੇਵਲ ਹਰਦਿਆਲ ਅਤੇ ਜ਼ੀਰਵੀ ਹੀ ਸਨ, ਜਿਹੜੇ ਬਣ-ਠਣ ਕੇ ਰਹਿਣ ਵਿਚ ਉਚੇਚਾ ਧਿਆਨ ਦਿੰਦੇ ਸਨ। ਉਦੋਂ ਉਰਦੂ ਜਾਣਨ ਵਾਲੇ ਵੀ ਇੱਟ ਚੁੱਕਿਆਂ ਨਿਕਲ ਆਉਂਦੇ ਸਨ। ਇਸ ਲਈ ਪੜ੍ਹੇ-ਲਿਖੇ ਤੇ ਖਾਂਦੇ-ਪੀਂਦੇ ਪਰਿਵਾਰ ਦੀ ਜੰਮੀ ਜਾਈ ਅੰਮ੍ਰਿਤ ਦਾ ਜ਼ੀਰਵੀ ਨੂੰ ਆਪਣਾ ਉਸਤਾਦ ਚੁਣਨਾ ਨਿਰਾ ਸਬੱਬ ਨਹੀਂ ਸੀ। ਜ਼ੀਰਵੀ ਦੀ ਹਾਜ਼ਰ ਜਵਾਬੀ, ਜ਼ਿੰਦਗੀ ਪ੍ਰਤੀ ਪਹੁੰਚ ਅਤੇ ਸਜ-ਧਜ ਕੇ ਰਹਿਣ ਦੇ ਨੰਬਰ ਲੱਗਣ ਨਾਲ ਉਸ ਦਾ ਸਥਾਨ ਕਾਫ਼ੀ ਉਚਾ ਹੋ ਜਾਂਦਾ ਸੀ। ਮੇਰੇ ਮਿੱਤਰ ਹਰਦਿਆਲ ਵਰਗਾ। ਮੈਂ ਕਿਸੇ ਵੀ ਨੌਜਵਾਨ ਜਾਂ ਮੁਟਿਆਰ ਦੀ ਸ਼ਖ਼ਸੀਅਤ ਦਾ ਮੁੱਲ ਪਾਉਣ ਲੱਗਿਆਂ ਇਹ ਵੇਖਦਾ ਹਾਂ ਕਿ ਸਮਾਂ ਪਾ ਕੇ ਉਸ ਨੂੰ ਉਸ ਦੇ ਸਹੁਰਿਆਂ ਵੱਲੋਂ ਕਿੰਨਾ ਕੁ ਮਾਣ ਤੇ ਸਤਿਕਾਰ ਮਿਲਿਆ। ਜੇ ਪੰਜਾਬੀ ਕਵੀ ਜਸਵੰਤ ਸਿੰਘ ਨੇਕੀ ਅਤੇ ਉਸ ਦੇ ਭਰਾ ਐਸ ਐਸ ਜੋਗੀ, ਜਿਹੜੇ ਦੋਵੇਂ ਅੰਮ੍ਰਿਤ ਦੇ ਭਰਾ ਸਭ ਤੋਂ ਪਹਿਲਾਂ ਹਨ, ਨੂੰ 'ਖ਼ੱਯਾਮ ਉਡਾਰੀ' ਨੂੰ ਪੁਸਤਕ ਰੂਪ ਵਿਚ ਦੇਣ ਸਮੇਂ 'ਪਰਵੇਸ਼ਕਾ' ਲਿਖਣ ਲਈ ਸੁਰਜਨ ਜ਼ੀਰਵੀ ਹੀ ਚੁਣਨਾ ਪਿਆ ਤਾਂ ਇਕ ਸ਼ਖ਼ਸ ਵਜੋਂ ਸੁਰਜਨ ਜ਼ੀਰਵੀ ਅਤਿਅੰਤ ਪ੍ਰਵਾਣਤ ਜੀਉੜਾ ਹੈ। ਜੇ ਸੱਚ ਪੁੱਛੋਂ ਤਾਂ ਇਸ ਲੇਖ ਵਿਚ ਆਈਆਂ ਅਜਿਹੀਆਂ ਘਟਨਾਵਾਂ ਜਿਹੜੀਆਂ ਜ਼ੀਰਵੀ ਦੀ ਸ਼ਖ਼ਸੀਅਤ ਨੂੰ ਨਿਖਾਰਦੀਆਂ ਹਨ, ਉਨ੍ਹਾਂ ਦਾ ਮੂਲ ਲੇਖਕ ਮੈਂ ਨਹੀਂ, ਅੰਮ੍ਰਿਤ ਦਾ ਵੀਰ ਐਸ ਐਸ ਜੋਗੀ ਹੈ। ਮੇਰਾ ਯੋਗਦਾਨ ਤਾਂ ਕੇਵਲ ਇੰਨਾ ਹੀ ਹੈ ਕਿ ਮੈਂ ਉਹ ਸ਼ਬਦ ਆਪਣੇ ਕੋਲ ਰੱਖ ਲਏ ਹਨ ਜਿਹੜੇ ਗੱਲਾਂ ਲਿਖ ਕੇ ਭੇਜਣ ਸਮੇਂ ਜੋਗੀ ਨੇ ਜ਼ੀਰਵੀ ਦੀ ਉਸਤਤ ਵਿਚ ਲਿਖੇ ਸਨ। ਉਨ੍ਹਾਂ ਵਜ਼ਨਦਾਰ ਅਤੇ ਵਿਅੰਗਮਈ ਟਿੱਪਣੀਆਂ ਦੀ ਗੱਲ ਛੇੜਨ ਤੋਂ ਪਹਿਲਾਂ ਮੈਂ ਦੇਹਰਾਦੂਨ ਵਾਲੇ ਗੁਰਦੀਪ ਦੀ ਦੱਸੀ ਉਸ ਘਟਨਾ ਦਾ ਜ਼ਿਕਰ ਕਰ ਲਵਾਂ ਜਿਹੜੀ ਉਸ ਨੇ ਖ਼ੁਦ ਮੈਨੂੰ ਦੱਸੀ ਹੈ।



ਸੁਰਜਨ ਜ਼ੀਰਵੀ

ਗੁਰਦੀਪ ਕਪੂਰਥਲਾ ਗਿਆ ਸੀ। ਜ਼ੀਰਵੀ ਦੇ ਸੱਦੇ 'ਤੇ ਜਾਣ ਦਾ ਮਕਸਦ ਕੇਵਲ ਮਿਲ ਕੇ ਪਰਤ ਆਉਣਾ ਸੀ। ਉਸ ਨੇ ਦਿਨ ਦੇ ਦਿਨ ਨਹੀਂ, ਤਾਂ ਇਕ ਰਾਤ ਰਹਿ ਕੇ ਅਗਲੇ ਦਿਨ ਆ ਜਾਣਾ ਸੀ ਪਰ ਉਰਦੂ ਸ਼ਾਇਰੀ ਨੇ ਉਨ੍ਹਾਂ ਨੂੰ ਦੇਰ ਰਾਤ ਤਕ ਜਗਾਈ ਰੱਖਿਆ। ਸਵੇਰੇ ਉਠਣ ਵਿਚ ਦੇਰੀ ਹੋ ਗਈ। ਨਹਾ-ਧੋ ਕੇ ਅਤੇ ਈਮਾਨਦਾਰੀ ਨਾਲ ਤਿਆਰ ਹੋ ਕੇ ਬੱਸ ਅੱਡੇ ਉਤੇ ਪਹੁੰਚੇ ਤਾਂ ਉਥੇ ਜਾ ਕੇ ਜ਼ੀਰਵੀ ਦੀ ਨੀਅਤ ਬਦਲ ਗਈ। ਗੁਰਦੀਪ ਨੂੰ ਉਨ੍ਹੀਂ ਪੈਰੀਂ ਵਾਪਸ ਲੈ ਆਇਆ। ਦੂਜੇ ਦਿਨ ਵੀ ਇਸੇ ਤਰ੍ਹਾਂ ਹੋਇਆ। ਤੀਜੇ ਤੇ ਚੌਥੇ ਦਿਨ ਵੀ। ਜ਼ੀਰਵੀ ਨੇ ਗੁਰਦੀਪ ਨੂੰ ਪੂਰੇ ਚਾਰ ਦਿਨ ਆਪਣੇ ਕੋਲ ਰੱਖ ਕੇ ਪੰਜਵੇਂ ਦਿਨ ਬੱਸ ਚੜ੍ਹਾਇਆ।

ਉਰਦੂ ਸ਼ਾਇਰੀ ਨੂੰ ਪਿਆਰ ਕਰਨ ਵਾਲੇ ਇਨ੍ਹਾਂ ਮਿੱਤਰਾਂ ਦੀ ਪਹਿਲੀ ਮੁਲਾਕਾਤ ਵੀ 'ਨਵਾਂ ਜ਼ਮਾਨਾ' ਦੇ ਦਫ਼ਤਰ ਹੀ ਹੋਈ ਸੀ। ਜਿਹੜਾ ਉਦੋਂ ਤਕ 'ਉਰਦੂ ਪੜ੍ਹਨ' ਲਈ ਜਾਣਿਆ ਜਾਂਦਾ ਸੀ। ਗੁਰਦੀਪ ਨੂੰ ਦੇਖਦੇ ਸਾਰ ਜ਼ੀਰਵੀ ਦੀ ਆਪ ਮੁਹਾਰੀ ਟਿੱਪਣੀ ਇਹ ਸੀ ਕਿ ਉਸ ਨੂੰ ਨਵਾਂ ਪ੍ਰਾਹੁਣਾ ਦੇਖ ਕੇ ਅੰਤਾਂ ਦੀ ਖ਼ੁਸ਼ੀ ਹੋਈ ਹੈ। ਜਦੋਂ ਉਸ ਨੂੰ ਪੁੱਛਿਆ ਗਿਆ ਕਿ ਗੁਰਦੀਪ ਦੀ ਸ਼ਖ਼ਸੀਅਤ ਦੇ ਕਿਹੜੇ ਪੱਖ ਨੇ ਉਸ ਨੂੰ ਉਚੇਚੀ ਖ਼ੁਸ਼ੀ ਦਿੱਤੀ ਹੈ ਤਾਂ ਉਸ ਦਾ ਚਾਰ ਸ਼ਬਦਾਂ ਦਾ ਸੰਖੇਪ ਜਿਹਾ ਉਤਰ ਸੀ, "ਇਹੀਓ ਕਿ ਮੇਰੇ ਜਿੰਨੇ ਪਤਲੇ ਸਰੀਰ ਦਾ ਮਾਲਕ ਦੁਨੀਆਂ ਵਿਚ ਹੋਰ ਵੀ ਕੋਈ ਹੈ।" ਜ਼ੀਰਵੀ ਦੀ ਹਾਜ਼ਰ ਜਵਾਬੀ ਨੇ ਗੁਰਦੀਪ ਨੂੰ ਅਜਿਹਾ ਕੀਲਿਆ ਕਿ ਉਨ੍ਹਾਂ ਦੀ ਮਿੱਤਰਤਾ ਹਾਲੇ ਤਕ ਕਾਇਮ ਹੈ।

ਜਦੋਂ ਅਸੀਂ ਸੁਰਜਨ ਜ਼ੀਰਵੀ ਦੀ ਹਾਜ਼ਰ ਜਵਾਬੀ ਦੀ ਗੱਲ ਕਰਦੇ ਹਾਂ ਤਾਂ ਉਸ ਦੇ ਨਾਂ ਨਾਲ 'ਸਾਹਿਬ' ਲਾਉਣਾ ਜ਼ਰੂਰੀ ਹੋ ਜਾਂਦਾ ਹੈ। ਇਸ ਲਈ ਨਹੀਂ ਕਿ ਉਸ ਵਿਚ 'ਸਾਹਿਬ' ਲੋਕਾਂ ਵਾਲੀ ਬੂ ਹੈ, ਸਗੋਂ ਇਸ ਲਈ ਕਿ ਇਸ ਮੈਦਾਨ ਵਿਚ ਉਹ ਸ਼ਾਬਾਂ ਦਾ ਸ਼ਾਬ ਹੈ। ਹਰਦਿਆਲ ਦੇ ਨੇਤਾਵਾਂ ਦਾ ਨੇਤਾ ਹੋਣ ਯਾਨੀ ਨੇਤਾ ਜੀ ਹੋਣ ਵਾਂਗ।

ਇਕ ਵਾਰੀ ਪਾਰਟੀ ਦੀ ਮੀਟਿੰਗ ਵਿਚ ਜ਼ੀਰਵੀ ਸਾਹਬ ਚੌਕੜੀ ਮਾਰ ਕੇ ਬੈਠੇ ਹੋਏ ਸਨ। ਉਨ੍ਹਾਂ ਨੂੰ ਪੈਂਟ ਦੀ ਪੇਟੀ ਤੰਗ ਕਰ ਰਹੀ ਸੀ। ਕੁਝ ਬਹੁਤ ਹੀ ਟਾਈਟ ਸੀ। ਜਨਾਬ ਨੇ ਪੈਂਟ ਦੀ ਹੁੱਕ ਖੋਲ੍ਹ ਦਿੱਤੀ। ਪੈਂਟ ਦੇ ਦਬਾਓ ਨਾਲ ਜ਼ਿਪ ਵੀ ਖੁੱਲ੍ਹ ਗਈ। ਉਨ੍ਹਾਂ ਨੂੰ ਇਸ ਗੱਲ ਦਾ ਕੋਈ ਅਹਿਸਾਸ ਨਹੀਂ। ਜਦੋਂ ਸਟੇਜ ਸਕੱਤਰ ਦੇ ਸੱਦੇ ਲਈ ਬੋਲਣ ਲਈ ਉਠੇ ਤਾਂ ਪੈਰ ਪੁੱਟਦੇ ਸਾਰ ਪੂਰੀ ਦੀ ਪੂਰੀ ਪੈਂਟ ਪੈਰਾਂ ਵਿਚ ਢੇਰੀ ਹੋ ਗਈ। ਸਰੋਤੇ ਠਹਾਕਾ ਮਾਰ ਕੇ ਹੱਸਣ ਲੱਗੇ। ਜ਼ੀਰਵੀ ਸਾਹਿਬ ਨੇ ਬਿਨਾਂ ਕਿਸੇ ਪ੍ਰਕਾਰ ਦੀ ਝਿਜਕ ਦੇ ਪੈਂਟ ਖਿੱਚ ਕੇ ਥਾਂ ਸਿਰ ਕੀਤੀ ਅਤੇ ਸਹਿਜ ਸੁਭਾਅ ਹੀ ਬੋਲੇ, "ਕੋਈ ਨ੍ਹੀਂ ਕਾਮਰੇਡੋ, ਆਪਣੀ ਪਾਰਟੀ ਦਾ ਵੀ ਇਹੀਓ ਹਾਲ ਹੈ।" ਸਰੋਤਿਆਂ ਵਿਚ ਆਉਣ ਵਾਲਾ ਇਸ ਵਾਰੀ ਦਾ ਠਹਾਕਾ ਪਹਿਲਾਂ ਨਾਲੋਂ ਉਚਾ ਸੀ ਜਿਸ ਦੀ ਗੂੰਜ ਕਾਫ਼ੀ ਦੇਰ ਤਕ ਛਾਈ ਰਹੀ।

ਇਸੇ ਤਰ੍ਹਾਂ ਜ਼ੀਰਵੀ ਦੇ ਘਰ ਇਕ ਮਹਿਲਾ ਦਾ ਆਉਣਾ-ਜਾਣਾ ਆਮ ਸੀ। ਘਰ ਵਿਚ ਆਈ ਹਰ ਨਵੀਂ ਵਸਤ ਨੂੰ ਸਰ੍ਹਾਉਣਾ ਉਸ ਦਾ ਸੁਭਾਅ ਸੀ। ਵਰਤਣ ਵਾਲੀ ਵਸਤ ਹੁੰਦੀ ਜਾਂ ਕੇਵਲ ਸ਼ਿੰਗਾਰ ਵਾਲੀ, ਉਹ ਹੱਥ ਵਿਚ ਲੈਂਦੀ ਅਤੇ ਚੁੱਕ-ਚੁਕਾ ਕੇ ਜਾਂ ਹੱਥਾਂ ਵਿਚ ਪਲੋਸ ਕੇ ਸਦਾ ਇਹੀਓ ਕਹਿੰਦੀ, "ਕਦੋਂ ਲਿਆਂਦੀ ਏ, ਬੜੀ ਗ਼ਜ਼ਬ ਦੀ ਚੀਜ਼ ਏ!" ਇਕ ਵਾਰੀ ਜ਼ੀਰਵੀ ਸ਼ਾਬ ਨਵੀਂ ਲਿਆਂਦੀ ਬੈਡ ਸ਼ੀਟ ਉਤੇ ਆਰਾਮ ਫ਼ਰਮਾ ਰਹੇ ਸਨ ਤਾਂ ਗੁਆਂਢਣ ਨੇ ਚੱਦਰ ਦੀ ਨੁੱਕਰ ਕਾਫ਼ੀ ਉਪਰ ਤਕ ਚੁੱਕ ਕੇ ਕਿਹਾ, "ਭੈਣ ਜੀ, ਅਹਿ ਤੇ ਕਮਾਲ ਹੋ ਗਈ, ਕਿੰਨੇ ਦੀ ਆਈ ਏ?" ਉਸ ਦੇ ਖਲੋਤਿਆਂ ਜ਼ੀਰਵੀ ਜੀ ਚੁੱਪ ਰਹੇ ਪਰ ਜਦੋਂ ਉਹ ਤੁਰ ਗਈ ਤਾਂ ਅੰਮ੍ਰਿਤ ਨੂੰ ਕਹਿਣ ਲੱਗੇ ਕਿ ਮੈਂ ਅੱਜ ਤੋਂ ਲੁੰਗੀ ਪਹਿਨਣੀ ਛੱਡ ਦੇਣੀ ਏ। ਇਹਦਾ ਕੀ ਪਤਾ, ਨਵੀਂ ਲੁੰਗੀ ਨੂੰ ਚੁੱਕ ਕੇ ਬੋਲ ਪਵੇ, ਬੜੀ ਗ਼ਜ਼ਬ ਦੀ ਚੀਜ਼ ਏ।" ਵਾਕ ਪੂਰਾ ਹੋਣ ਦੀ ਦੇਰ ਸੀ ਕਿ ਜ਼ੀਰਵੀ ਅਤੇ ਅੰਮ੍ਰਿਤ ਕਹਿਕਹਾ ਮਾਰ ਕੇ ਹੱਸ ਪਏ। ਕਿਸੇ ਨੂੰ ਕੀ ਦੱਸਣ ਕਿ ਕਿਹੜੀ ਗੱਲ ਤੋਂ ਹੱਸੇ ਸਨ।

ਸੁਣਨ ਵਿਚ ਆਇਆ ਹੈ ਕਿ ਪਿਛਲੇ ਦਿਨੀਂ ਫ਼ਿਲਮੀ ਦੁਨੀਆਂ ਦਾ ਇਕ ਨਿਰਦੇਸ਼ਕ ਪੰਜਾਬੀ ਪਿਕਚਰ ਦੀ ਸ਼ੂਟਿੰਗ ਲਈ ਟੋਰਾਂਟੋ (ਕੈਨੇਡਾ) ਗਿਆ। ਉਹ ਹੀਰੋ ਦੇ ਪਿਤਾ ਦਾ ਰੋਲ ਕਰਨ ਲਈ ਕਿਸੇ ਸ਼ਖ਼ਸ ਦੀ ਭਾਲ ਵਿਚ ਸੀ। ਦੱਸਣ ਵਾਲਿਆਂ ਨੇ ਜ਼ੀਰਵੀ ਸ਼ਾਬ ਦੀ ਦੱਸ ਪਾ ਦਿੱਤੀ। ਜਦੋਂ ਨਿਰਦੇਸ਼ਕ ਜੀ ਨੇ ਇਹ ਗੱਲ ਜ਼ੀਰਵੀ ਨਾਲ ਤੋਰਨੀ ਚਾਹੀ ਤਾਂ ਜ਼ੀਰਵੀ ਸ਼ਾਬ ਦੀ ਸਹਿਜ ਸੁਭਾਅ ਟਿੱਪਣੀ ਸੀ, "ਪਹਿਲਾਂ ਮੈਨੂੰ ਹੀਰੋ ਦੀ ਮਾਂ ਤਾਂ ਦਿਖਾ ਦਿਓ।"

ਜ਼ੀਰਵੀ ਦੇ ਅੰਦਾਜ਼-ਇ-ਬਿਆਂ ਦੇ ਹੋਰ ਵੀ ਬੜੇ ਕਿੱਸੇ ਹਨ। ਜਦੋਂ ਉਸ ਦੇ ਗੂੜ੍ਹੇ ਮਿੱਤਰ ਨਰਿੰਦਰ ਜੋਸ਼ੀ ਦਾ ਬਲਵਿੰਦਰ ਨਾਲ ਵਿਆਹ ਹੋਇਆ ਤਾਂ ਉਨ੍ਹਾਂ ਦੇ ਹੁਸਨ ਅਤੇ ਜਵਾਨੀ ਦੀ ਦਾਦ ਦੇਣ ਲਈ ਵਰਤਿਆ ਵਾਕ ਚੇਤੇ ਰੱਖਣ ਵਾਲਾ ਹੈ, "ਭਾਰਤ ਮਾਤਾ ਦੀਆਂ ਅੱਖਾਂ ਤਾਂ ਕੇਵਲ ਦੋ ਹੀ ਹਨ। ਬਾਕੀ ਤਾਂ ਸਾਡੇ ਵਰਗੇ ਕੁੱਕਰੇ ਹੀ ਹਨ।"

ਇਹ ਟਿੱਪਣੀ ਸੱਜ-ਵਿਆਹੀ ਜੋੜੀ ਬਾਰੇ ਸੀ। ਇਕ ਵਾਰੀ ਇਕ ਬੀਬੀ ਆਪਣੇ ਪਤੀ ਦੀਆਂ ਆਦਤਾਂ ਦਾ ਕਿੱਸਾ ਛੇੜ ਕੇ ਬਹਿ ਗਈ: "ਕਦੇ ਉਸ ਔਰਤ ਪਿੱਛੇ ਤੁਰ ਜਾਂਦਾ ਹੈ ਤੇ ਕਦੇ ਉਸ ਪਿੱਛੇ।" ਜਦੋਂ ਉਹ ਸ਼ਿਕਾਇਤਾਂ ਲਾਉਂਦੀ ਰੋਣਹਾਕੀ ਹੋ ਗਈ ਤਾਂ ਜ਼ੀਰਵੀ ਨੇ ਉਸ ਨੂੰ ਦਿਲਾਸਾ ਦਿੱਤਾ ਕਿ ਫ਼ਿਕਰ ਨਾ ਕਰੇ, ਉਹ ਸਭ ਕੁਝ ਸਾਂਭ ਲਵੇਗਾ। ਉਸ ਦੀ ਗੱਲ ਹਾਲੇ ਖ਼ਤਮ ਨਹੀਂ ਸੀ ਹੋਈ ਕਿ ਪਤੀ ਵੀ ਆ ਟਪਕਿਆ। ਜ਼ੀਰਵੀ ਨੇ ਸਭ ਦੇ ਸਾਹਮਣੇ ਉਸ ਨੂੰ ਡਾਂਟਿਆ, "ਉਇ ਭਲਿਆਮਾਣਸਾ, ਇਕੱਲਾ ਹੀ ਜੰਗਲੀ ਫੁੱਲਾਂ ਦਾ ਰਸ ਚੂਸਦਾ ਰਹਿੰਦੈਂ, ਸਾਡੇ ਵਰਗਿਆਂ ਨੂੰ ਵੀ ਨਾਲ ਲੈ ਜਾਇਆ ਕਰ।" ਸ਼ਿਕਾਇਤਕਰਤਾ ਨੂੰ ਸਮਝ ਨਾ ਆਵੇ ਕਿ ਕਹੇ ਤਾਂ ਕੀ ਕਹੇ।

ਜ਼ੀਰਵੀ ਦੀਆਂ ਗੱਲਾਂ ਤੁਰ ਪੈਣ ਤਾਂ ਮੁੱਕਣ ਵਾਲੀਆਂ ਨਹੀਂ। ਆਪਾਂ ਜ਼ੀਰਵੀ ਦੀ ਉਹ ਗੱਲ ਵੀ ਕਰ ਲਈਏ ਜਿਹੜੀ ਸਾਡੇ ਵਰਗਿਆਂ ਨਾਲ ਸਦਾ ਹੀ ਜੁੜਦੀ ਆਈ ਹੈ, ਭਾਵੇਂ ਵਾਪਰੀ ਹੋਵੇ ਜਾਂ ਨਾ। ਇਹੋ ਜਿਹੀ ਗੱਲ ਵਿਚ ਅਤਿਕਥਨੀ ਦਾ ਅੰਸ਼ ਧਾਰਮਿਕ ਸਾਖੀਆਂ ਨਾਲੋਂ ਘੱਟ ਨਹੀਂ ਹੁੰਦਾ ਅਤੇ ਮਜ਼ਾ ਵੀ ਸਾਖੀਆਂ ਵਰਗਾ ਹੀ ਹੁੰਦਾ ਹੈ। ਸਵਾਦ ਲੈਣ ਲਈ ਮਾੜੀ ਨਹੀਂ।

ਰਾਤ ਦਾ ਵਕਤ ਸੀ। ਜ਼ੀਰਵੀ ਪ੍ਰੈਸ ਇਨਫ਼ਰਮੇਸ਼ਨ ਬਿਊਰੋ ਦੇ ਜਲੰਧਰ ਵਾਲੇ ਦਫ਼ਤਰ ਦੇ ਨੇੜੇ ਗਰੀਨ ਹੋਟਲ ਦੇ ਬਾਹਰ ਖੜ੍ਹਾ ਸੀ। ਦਾਰੂ ਦਾ ਅਸਰ ਪ੍ਰਤੱਖ ਸੀ। ਦੇਖਣ ਵਾਲੇ ਤਾਂ ਜਾਣਦੇ ਸਨ ਪਰ ਜ਼ੀਰਵੀ ਉਕਾ ਹੀ ਨਹੀਂ। ਹਰ ਕਿਸੇ ਨੂੰ ਹੱਥ ਦੇ ਕੇ ਕਹਿ ਰਿਹਾ ਸੀ ਕਿ ਉਸ ਨੇ ਬੱਸ ਅੱਡੇ ਤੱਕ ਜਾਣਾ ਹੈ। ਬੱਸਾਂ ਦੇ ਤੁਰਨ ਦਾ ਟਾਈਮ ਲੰਘ ਚੁੱਕਾ ਸੀ। ਲਿਫ਼ਟ ਦੇਣ ਦਾ ਸਵਾਲ ਹੀ ਨਹੀਂ ਸੀ। ਚੰਗੇ ਭਾਗਾਂ ਨੂੰ ਕਪੂਰਥਲਾ ਦੇ ਕਿਸੇ ਹੋਟਲ ਦੇ ਮਾਲਕ (ਸੁਰਿੰਦਰ) ਨੇ ਜ਼ੀਰਵੀ ਨੂੰ ਪਛਾਣ ਲਿਆ। ਕਾਰ ਰੋਕੀ ਅਤੇ ਬਿਠਾ ਲਿਆ।

ਕਪੂਰਥਲਾ ਪਹੁੰਚਣ ਤਕ ਜ਼ੀਰਵੀ ਨੂੰ ਆਪਣੇ ਘਰ ਦਾ ਰਾਹ ਵੀ ਭੁੱਲ ਚੁੱਕਿਆ ਸੀ। ਕੋਈ ਵੀ ਪੇਸ਼ ਨਾ ਜਾਂਦੀ ਵੇਖ ਉਸ ਭਲੇਮਾਣਸ ਨੇ ਜ਼ੀਰਵੀ ਨੂੰ ਕਪੂਰਥਲਾ ਦੇ ਵੱਡੇ ਚੌਕ 'ਤੇ ਲਾਹ ਦਿੱਤਾ ਅਤੇ ਆਪਣੇ ਘਰ ਨੂੰ ਤੁਰ ਪਿਆ।

ਜ਼ੀਰਵੀ ਨੂੰ ਜਲੰਧਰ ਵਾਲੀ ਕਵਾਇਦ ਫੇਰ ਦੁਹਰਾਉਣੀ ਪਈ। ਹਰ ਕਿਸੇ ਨੂੰ ਆਖੇ ਕਿ ਉਸ ਨੇ ਆਪਣੇ ਘਰ ਜਾਣਾ ਹੈ ਪਰ ਘਰ ਦਾ ਰਾਹ ਕਿਸੇ ਨੂੰ ਨਾ ਦੱਸੇ। ਉਹ ਕੀ ਜਾਣਨ ਕਿ ਦੱਸਣਾ ਨਹੀਂ ਸੀ ਚਾਹੁੰਦਾ, ਕਿ ਦੱਸਣ ਦੇ ਯੋਗ ਹੀ ਨਹੀਂ ਸੀ। ਕਪੂਰਥਲਾ ਉਸ ਦਾ ਆਪਣਾ ਸ਼ਹਿਰ ਸੀ। ਇਥੇ ਜਾਣਨ ਵਾਲੇ ਜਲੰਧਰ ਤੋਂ ਵੱਧ ਸਨ। ਕਿਸੇ ਭਲੇਮਾਣਸ ਨੇ ਜ਼ੀਰਵੀ ਨੂੰ ਚੁੱਕਿਆ ਅਤੇ ਉਸ ਦੇ ਘਰ ਬਾਹਰ ਲਾਹ ਆਇਆ। ਜ਼ੀਰਵੀ ਸਾਹਿਬ ਨੂੰ ਵਰਾਂਡੇ ਵਿਚ ਪਿਆ ਮੂੜ੍ਹਾ ਦਿਖਾਈ ਦੇ ਗਿਆ ਅਤੇ ਇਕ-ਅੱਧ ਦਸਤਕ ਦੇਣ ਪਿਛੋਂ ਵਰਾਂਡੇ ਵਾਲੇ ਮੂੜ੍ਹੇ ਉਤੇ ਹੀ ਬਿਰਾਜਮਾਨ ਹੋ ਗਿਆ। ਅੰਮ੍ਰਿਤ ਪਤਾ ਨਹੀਂ, ਕਿੰਨੀ ਵਾਰ ਬਾਹਰ ਦੇ ਚੱਕਰ ਲਾ ਕੇ ਅੰਦਰੋਂ ਕੁੰਡੀ ਲਾ ਕੇ ਸੌਂ ਚੁੱਕੀ ਸੀ। ਨੀਂਦ ਤਾਂ ਕਹਿੰਦੇ ਹਨ, ਸੂਲੀ ਉਤੇ ਵੀ ਆ ਜਾਂਦੀ ਹੈ। ਹੁਣ ਤਕ ਅੰਮ੍ਰਿਤ ਨੂੰ ਸੂਲੀ ਉਤੇ ਸੌਣ ਦੀ ਪੂਰੀ ਮੁਹਾਰਤ ਹੋ ਚੁੱਕੀ ਸੀ ਪਰ ਮਨ ਨੂੰ ਚੈਨ ਕਿੱਥੇ।

ਤਤਕਸਾਰ ਇਕ ਵਾਰੀ ਫੇਰ ਬਾਹਰ ਆਈ ਤਾਂ ਜ਼ੀਰਵੀ ਸਾਹਿਬ ਗੋਡਿਆਂ ਵਿਚ ਸਿਰ ਦੇ ਕੇ ਘੂਕ ਸੁੱਤੇ ਪਏ ਸਨ। ਉਸ ਨਸ਼ੇ ਦੀ ਲੋਰ ਵਿਚ ਜਿਸ ਨੂੰ ਗੱਡਿਆਂ ਦੇ ਗੱਡੇ ਕਿਹਾ ਜਾਂਦਾ ਹੈ। ਉਂਜ ਜ਼ੀਰਵੀ ਸਾਡੇ ਵਾਂਗ ਡੀਕ ਲਾ ਕੇ ਪੀਣ ਵਾਲਾ ਬੰਦਾ ਨਹੀਂ। ਉਹ ਪੀਣ-ਪਿਲਾਉਣ ਵਿਚ ਵੀ ਅਦਬ-ਆਦਾਬ ਦਾ ਪੱਲਾ ਨਹੀਂ ਛੱਡਦਾ। ਪੀਣ ਤੋਂ ਪਹਿਲਾਂ ਹਰ ਤਰ੍ਹਾਂ ਦੇ ਲਵਾਜ਼ਮਾਤ ਇਕੱਠੇ ਕਰ ਕੇ ਮਹਿਫ਼ਲ ਵਿਚ ਸ਼ਰੀਕ ਸਾਰੇ ਬੰਦਿਆਂ ਨੂੰ ਬਿਠਾਉਂਦੇ ਸਮੇਂ ਵੀ ਸਲੀਕੇ ਤੋਂ ਕੰਮ ਲੈਂਦਾ ਹੈ। ਮੁਰਗਾ, ਮੱਛੀ, ਖੱਟਾ-ਮਿੱਠਾ ਤੇ ਸੋਡਾ ਪਾਣੀ ਸਮੇਂ ਦੀ ਨਜ਼ਾਕਤ ਦੇ ਅਨੁਕੂਲ। ਮੈਂ ਉਸ ਦਾ ਇਹ ਸਲੀਕਾ ਜਲੰਧਰ ਦੇ ਗੰਨਾ ਫ਼ਾਰਮ ਵਿਖੇ ਹੀ ਨਹੀਂ, ਟੋਰਾਂਟੋ ਵਾਲੇ ਘਰ ਵੀ ਵੇਖ ਚੁੱਕਿਆ ਹਾਂ। ਇਕ-ਦੋ ਪ੍ਰਮਾਣ ਹਾਜ਼ਰ ਹਨ। ਇਕ ਵਾਰੀ ਅਸੀਂ ਟੋਰਾਂਟੋ ਵਿਚ ਹੀ ਸਾਂਝੇ ਮਿੱਤਰ ਬਲਰਾਜ ਚੀਮਾ ਦੇ 13ਵੀਂ ਮੰਜ਼ਿਲੇ ਘਰ ਇਕੱਠੇ ਹੋ ਗਏ। ਮੌਸਮ ਖ਼ੁਸ਼ਗਵਾਰ ਸੀ। ਹਰ ਪਾਸੇ ਤੋਂ ਠੰਢੀ ਹਵਾ ਦੇ ਬੁੱਲ੍ਹੇ ਆ ਰਹੇ ਸਨ। ਸ਼ਿਵਾਸ ਰੀਗਲ ਦੀ ਬੋਤਲ ਸੈਂਟਰ ਟੇਬਲ 'ਤੇ ਪਈ ਸੀ। ਮੂੰਗਫ਼ਲੀ, ਕਾਜੂ ਤੇ ਨਮਕੀਨ ਦਾਲਾਂ ਸਜਾਈਆਂ ਜਾ ਚੁੱਕੀਆਂ ਸਨ ਪਰ

(ਬਾਕੀ ਅਗਲੇ ਸਫ਼ੇ 'ਤੇ)

# ਦੀਵਾਲੀ ਦੇ ਸ਼ੁੱਭ ਅਵਸਰ 'ਤੇ ਵਿਸ਼ੇਸ਼

## ਦੀਵਾਲੀ ਤੇ ਬੰਦੀ ਛੋੜ ਦਿਵਸ

*********************

ਰਮਾਇਣ ਦੱਸੇ ਜਿੱਤ ਰਾਵਣ ਨੂੰ,
ਜਦੋਂ ਰਾਮ ਅਯੁੱਧਿਆ ਆਏ।
ਚੌਦਾਂ ਸਾਲ ਬਣਵਾਸ ਕੱਟ ਕੇ,
ਲੋਕਾਂ ਖੁਸ਼ੀ 'ਚ ਦੀਵੇ ਜਗਾਏ।
ਚਾਰ ਚੁਫ਼ੇਰੇ ਵੱਜੇ ਢੋਲ ਢਮੱਕੇ,
ਪਰਜਾ ਖੜ੍ਹ ਗਈ ਬੰਨ੍ਹ ਕਤਾਰਾਂ।
ਜੈ ਸੀਤਾ ਰਾਮ ਦੇ ਬੋਲ ਗੂੰਜਦੇ,
ਵੱਜੇ ਸ਼ਹਿਨਾਈ ਵਿਚ ਬਜ਼ਾਰਾਂ।

ਤਖਤੋਂ ਭਰਤ ਖੜਾਵਾਂ ਚੁੱਕੀਆਂ,
ਵੱਡੇ ਭਰਾਤਾ ਨੂੰ ਰਾਜ ਬਿਠਾਵੇ।
ਦਿਲੋਂ ਜਾਨ ਨਾਲ ਕਰਦਾ ਸੇਵਾ,
ਸਵਾਗਤ ਵਿਚ ਰੀਝ ਰਿਝਾਵੇ।
ਉੱਚੇ ਸਿੰਘਾਸਨ ਉੱਤੇ ਬਿਠਾਏ,
ਮਰਿਯਾਦਾ ਪਰਸ਼ੋਤਮ ਰਾਮ।
ਝੁਕ ਨਮਸਕਾਰ ਕਰਦੇ ਦੇਵਤੇ,
ਨਾਲੇ ਉੱਚਰਦੇ ਸਭ ਜੈ ਰਾਮ।

ਇਹ ਚਾਨਣ ਦਾ ਤਿਉਹਾਰ,
ਇਉਂ ਲਿਖਿਆ ਵਿਚ ਇਤਿਹਾਸ।
ਸਿੱਖਾਂ ਦੇ ਤੀਸਰੇ ਪਾਤਿਸ਼ਾਹ,
ਦੀਵਾਲੀ ਬੈਸਾਖੀ ਚੁਣ ਕੇ ਖਾਸ।
ਧਰਮ ਪ੍ਰਚਾਰ ਕੀਤਾ ਸ਼ੁਰੂ,
ਗੁਰੂ ਅਮਰ ਦਾਸ ਨੇ ਮੰਜੀ ਥਾਪ।
ਆਉ ਸਿੱਖੋ ਰਲ ਨਾਮ ਜਪੋ,
ਤਾਰੋ ਦੂਸਰੇ ਤਾਈਂ ਤੇ ਖੁਦ ਆਪ।

ਸ਼ਹੀਦ ਕਰ ਗੁਰੂ ਅਰਜਨ,
ਜਹਾਂਗੀਰ ਲਾਏ ਜੁਰਮਾਨੇ ਭਾਰੀ।
ਬਾਲ ਗੁਰੂ ਹਰਗੋਬਿੰਦ ਤੋਂ,
ਵੱਡੀ ਰਕਮ ਗਈ ਨਾ ਉਤਾਰੀ।
ਕਰ ਲਏ ਗ੍ਰਿਫਤਾਰ ਫਿਰ,
ਸੁੱਟੇ ਕਿਲ੍ਹੇ ਗਵਾਲੀਅਰ ਦੀ ਜੇਲ੍ਹ।
ਢਿੱਲਾ ਹੋਏ ਜਹਾਂਗੀਰ ਤਾਂ,
ਫ਼ਕੀਰ ਦੱਸਦਾ ਕੀ ਹੈ ਸਾਰਾ ਖੇਲ੍ਹ।

ਕਹੇ ਫ਼ਕੀਰ ਬਾਦਸ਼ਾਹ ਨੂੰ,
'ਸੱਚੇ ਪਾਤਸ਼ਾਹ ਨੂੰ ਕੀਤਾ ਤੂੰ ਕੈਦ।
ਬੇਕਸੂਰੇ ਨੂੰ ਤਸੀਹੇ ਦੇ ਕੇ,
ਜਾਪੇ ਭੁੱਲ ਗਿਐਂ ਖੁਦਾ ਤੂੰ ਸ਼ਾਇਦ?
ਜੇ ਅਜ਼ਾਦ ਕਰ ਦੇਂ ਉਸਨੂੰ,
ਤੇਰੇ ਮਾਫ਼ ਹੋ ਜਾਣ ਸਾਰੇ ਗੁਨਾਹ।
ਵਰਨਾਂ ਹੋ ਜਾਉ ਤਿਆਰ,
ਕੁਦਰਤ ਕਰ ਨਾ ਦੇਵੇ ਫ਼ਨਾਹ।'
ਸੁਣਿਆ ਜਦੋਂ ਬਾਦਸ਼ਾਹ,
ਦਰਬਾਰੀਆਂ ਨਾਲ ਕਰੇ ਸਲਾਹ।
ਛੱਡ ਦੇਈਏ ਦਰਵੇਸ਼ ਨੂੰ,
ਤਾਂਕਿ ਬੱਚ ਜਾਈਏ ਹੋਣੋਂ ਤਬਾਹ।
ਸੋਚ ਸਮਝ ਵਿਚਾਰ ਕੇ,
ਬਾਦਸ਼ਾਹ ਕਰ ਦਿੱਤਾ ਫੁਰਮਾਨ।

ਛੱਡ ਦਿੱਤੇ ਛੇਵੇਂ ਪਾਤਸ਼ਾਹ,
52 ਰਾਜੇ ਦੇ ਕੇ ਪੂਰਾ ਇੱਜ਼ਤ ਮਾਨ।

ਇੰਝ ਬੰਦੀ ਛੋੜ ਦੇ ਦਿਨ,
ਗੁਰੂ ਜੀ ਪਹੁੰਚ ਗਏ ਅੰਮ੍ਰਿਤਸਰ।
ਸਿੱਖਾਂ ਦੀਪਮਾਲਾ ਕਰ ਕੇ,
ਇੰਝ ਮਨਾਈ ਦੀਵਾਲੀ ਹਰ ਘਰ।
ਰਲ ਹਿੰਦੂ ਸਿੱਖ ਮਨਾਉਂਦੇ,
ਜਗਮਗ ਕਰੇ ਸਿਫਤੀ ਦਾ ਘਰ।
ਮਜ਼੍ਹਬਾਂ ਦਾ ਹਨ੍ਹੇਰਾ ਦੂਰ ਕਰੇ,
ਦਿਲਾਂ 'ਚ ਪਰਕਾਸ਼ ਦੇਵੇ ਕਰ।
*–'ਨੂਰਪੁਰੀ'*

---

## ਪੰਜਾਬ ਦੀ ਦੀਵਾਲੀ

ਮੋਮਬੱਤੀਆਂ ਦੀ ਡਾਰ ਅਤੇ ਦੀਵਿਆਂ ਦੀ ਥਾਲੀ
ਬੜਾ ਚੇਤੇ ਆਉਂਦੀ ਏ ਪੰਜਬ ਦੀ ਦੀਵਾਲੀ

ਕੋਠਿਆਂ ਨੂੰ ਕਲੀਆਂ ਕਰਾਉਂਦੇ ਹੁੰਦੇ ਸੀ
ਦੀਵੇ ਮੋਮਬੱਤੀਆਂ ਜਗਾਉਂਦੇ ਹੁੰਦੇ ਸੀ

ਘਰ ਵਾਲੀ ਮੁਰਗੀ ਬਣਾਉਂਦੇ ਹੁੰਦੇ ਸੀ
ਪੀਪੇ ਵਾਲੀ ਕੁਕੀ ਅਤੇ ਚਾਹ ਦੀ ਪਿਆਲੀ
ਬੜਾ ਚੇਤੇ ਆਉਂਦੀ ਅੱਜ ਪਿੰਡ ਦੀ ਦੀਵਾਲੀ।

ਡਰ ਡਰ ਭੈਣ ਫੁਲ ਝੜੀਆਂ ਚਲਾਉਂਦੀ ਸੀ
ਚੁੱਲ੍ਹੇ ਮੂਹਰੇ ਬੈਠ ਬੇਬੇ ਰੋਟੀਆਂ ਪਕਾਉਂਦੀ ਸੀ

ਚਲਾਉਂਦਾ ਸੀ ਪਟਾਕੇ ਬਾਪੂ ਹੱਥ ਵਿਚ ਫੜ ਕੇ
ਕੰਨਾਂ ਵਿਚ ਉਂਗਲਾਂ ਸੀ ਪਾਉਂਦੇ ਡਰ ਡਰ ਕੇ

ਪਟਾਕਿਆਂ ਦਾ ਰੌਲਾ ਅਤੇ ਰਾਤ ਕਾਲੀ ਕਾਲੀ
ਬੜਾ ਚੇਤੇ ਆਉਂਦੀ ਏ ਪੰਜਾਬ ਦੀ ਦੀਵਾਲੀ।

ਪੀ ਕੇ ਸ਼ਰਾਬੀਆਂ ਦਾ ਫੇਰ ਮੱਘੇ ਕੱਢਣਾ
ਧੂ ਕੇ ਉਨ੍ਹਾਂ ਨੂੰ ਫਿਰ ਘਰੋਂ ਘਰੀਂ ਛਡਣਾ

ਬੈਠੇ ਰਹਿਣਾ ਰਾਤ ਤੱਕ ਫੇਰ ਲਾ ਕੇ ਢਾਣੀਆਂ
ਧੂਣੀ ਲਾ ਕੇ ਬਹਿਣਾ ਨਾਲੇ ਗੱਲਾਂ ਕਰੀ ਜਾਣੀਆਂ

ਅੱਗ ਸੇਕੀ ਜਾਣੀ ਫੇਰ ਜਾਲ ਕੇ ਪਰਾਲੀ
ਬੜਾ ਚੇਤੇ ਆਉਂਦੀ ਏ ਪੰਜਾਬ ਦੀ ਦੀਵਾਲੀ।

ਸਾਹੋਤਿਆ ਕਨੇਡਾ ਵਿਚ ਕਾਹਦੀਆਂ ਦੀਵਾਲੀਆਂ
ਕੰਮਾਂ ਉਤੇ ਜਾਣ ਦੀਆਂ ਰਹਿੰਦੀਆਂ ਨੇ ਕਾਹਲੀਆਂ

ਟਾਈਮ ਇਥੇ ਘੱਟ ਮਜਬੂਰੀਆਂ ਨੇ ਵਾਹਲੀਆਂ
ਬਿੱਲਾਂ ਦੀਆਂ ਗਲਾਂ ਵਿਚ ਪਈਆਂ ਨੇ ਪੰਜਾਲੀਆਂ
ਅੱਖਾਂ ਵਿਚ ਰੜਕੇ ਉਨੀਂਦਰੇ ਤੇ ਲਾਲੀ
ਬੜਾ ਚੇਤੇ ਆਉਂਦੀ ਏ ਪੰਜਾਬ ਦੀ ਦੀਵਾਲੀ।
*–ਕੁਲਵੀਰ ਸਿੰਘ ਡਾਨਸੀਵਾਲ*

---

## ਦੀਪਾਵਲੀ

ਸਦੀਆਂ ਸਦੀਆਂ ਤੋਂ ਤੂੰ ਬੰਦਿਆ
ਖਰਬਾਂ ਪੂਜਾ ਦੀਵੇ ਬਾਲੇ।
ਫ਼ਿਰ ਵੀ ਤੇਰਾ ਜੱਗ ਹਨੇਰਾ
ਨ੍ਹੇਰੇ ਤੇਰੇ ਰਸਤੇ ਸਾਰੇ।

ਗਿਆਨ ਵਿਗਿਆਨ ਦੀ ਜੋਤ ਇੱਕ ਵੇਰਾਂ
ਧੁਰ ਅੰਦਰੇ ਮਨ ਬਾਲ ਲਵੇਂ ਜੇ,
ਮਨ ਚਾਨਣ ਤਾਂ ਜੱਗ ਵੀ ਚਾਨਣ
ਹਰ ਰਾਹ ਚਾਨਣ ਠਾਠਾਂ ਮਾਰੇ।

ਇਸ ਚਾਨਣ ਦੇ ਖੰਭ ਲਗਾ ਕੇ
ਗੇੜੇ ਧਰਤ ਦੁਆਲੇ ਲਾਵੇਂ,
ਐਸੀ ਦੀਪਾਵਲੀ ਨੂੰ ਫਿਰ ਕੁੱਲ
ਮਾਨਵਤਾ 'ਚੋਂ ਮਿਲਣ ਹੁੰਘਾਰੇ।

## ਹਨੇਰਾ ਚਾਣਨ

ਹਰ ਚਾਨਣ ਚੰਗਾ ਨਹੀਂ ਹੁੰਦਾ
ਨਾ ਹਰ ਬੁਰਾ ਹਨੇਰਾ।
ਉਹੀਓ ਚੰਗਾ ਹੱਕ ਸੱਚ ਦੇ
ਹੱਕ ਵਿੱਚ ਭੁਗਤੇ ਜਿਹੜਾ।

ਬੰਦ ਕਰੋ ਇਹ ਟੈਂਅ ਟੈਂਅ ਸ਼ਾਇਰੀ
ਜੋ ਸਦੀਆਂ ਤੋਂ ਗਾਉਂਦੇ,
ਹਰ ਬੁਰਾਈ ਨ੍ਹੇਰਾ ਜੰਮ ਦਾ
ਚਾਨਣ ਸਦਾ ਚੰਗੇਰਾ।

ਭੱਠ ਪਵੇ ਚਾਨਣ ਜੋ ਭਾਗੋ
ਦੇ ਮਹਿਲ ਰੁਸ਼ਨਾਏ,
ਪ੍ਰੇਮੀਆਂ ਤਾਈਂ ਮਿਲਾਵੇ ਨ੍ਹੇਰਾ
ਉਸ ਤੋਂ ਚੰਗਾ ਕਿਹੜਾ।

ਹਰ ਕਿਸਮ ਦੇ ਨ੍ਹੇਰੇ ਕੋਲੋਂ
ਇੱਕੋ ਜਿਹਾ ਨਹੀਂ ਖ਼ਤਰਾ,
ਸਭ ਤੋਂ ਖ਼ਤਰਨਾਕ ਹੈ ਹੁੰਦਾ
ਬੰਦ ਅੱਖਾਂ ਦਾ ਨ੍ਹੇਰਾ।

ਇਸ ਨ੍ਹੇਰੇ 'ਚ ਡੁੱਬ ਕੇ ਬ੍ਰਹਿਮੰਡ
ਬੰਦੇ ਦਾ ਮਰ ਜਾਂਦਾ,
ਜਿਸ ਦੀ ਲਾਸ਼ ਉਠਾਈ ਜ਼ਿੰਦਗੀ
ਗਾਹਵੇ ਪੰਧ ਲੰਮੇਰਾ।

ਬੰਦ ਅੱਖਾਂ ਦਾ ਨ੍ਹੇਰਾ ਬੰਦਾ
ਹਿੜ੍ਹ ਹਿੜ੍ਹ ਕਰ ਜਰ ਜਾਂਦਾ,
ਸਾਰਿਆਂ ਜੇਰਿਆਂ ਵਿੱਚੋਂ ਵਧ ਕੇ
ਖ਼ਤਰਨਾਕ ਇਹ ਜੇਰਾ।

ਗਿਆਨ ਕਦੀ ਵੀ ਕਿਧਰੇ ਨਾਹੀਂ
'ਠਾਹ ਸੋਟਾ' ਹੈ ਹੁੰਦਾ,
ਉਹੀ ਪਾਵੇ, ਹਰ ਭਾਣੇ ਦੀ
ਚੀਰ-ਫ਼ਾੜ ਕਰੇ ਜਿਹੜਾ।

ਨ੍ਹੇਰੇ ਦੀ ਅੱਖ ਸੱਭ ਕੁਛ ਵੇਖੇ
ਜੋ ਚਾਨਣ ਵਿੱਚ ਹੁੰਦਾ,
ਚਾਨਣ ਦੀ ਅੱਖ ਹੋ ਜਏ ਅੰਨ੍ਹੀ
ਛਾਣਨ ਲੱਗੀ ਨ੍ਹੇਰਾ।

ਐ ਦੁਨੀਆ ਦੇ ਸ਼ਾਇਰੋ ਗਾਇਕੋ
ਏਸ ਸੱਚ ਦੀ ਲੋਏ,
ਦੱਸੋ ਕਿਹੜਾ ਵੱਧ ਗਿਆਨੀ
ਚਾਨਣ ਜਾਂ ਅੰਧੇਰਾ।

ਸ਼ੁੱਧ ਚੰਗੇ ਤੇ ਸ਼ੁੱਧ ਬੁਰੇ ਦਾ
ਕੂੜ੍ਹਾ ਸੱਭ ਫ਼ਲਸਫ਼ਾ,
ਅਸ਼ੁੱਧੀ ਕੁੱਖੋਂ ਬ੍ਰਹਿਮੰਡ ਜੰਮਿਆ
ਜ਼ਿੰਦਗੀ ਪੰਧ ਲੰਬੇਰਾ।
*–ਡਾ. ਸੁਖਪਾਲ ਸੰਘੇੜਾ ਉਰਫ ਪਰਖ਼ਾ*

— — — — — — — — —

## ਮੇਰਾ ਸਲਾਮ !

ਭੂਆ ਜੀ
ਸਤਾਨ੍ਹਵੇਂ ਵਰ੍ਹਿਆਂ ਦੇ
ਤੁਹਾਡੇ ਇਸ ਸਫ਼ਰ ਦੇ ਸਿਰੜ ਨੂੰ
ਮੇਰਾ ਸਲਾਮ!

ਪੁੱਤਰਾਂ ਨੂੰ ਪਰਦੇਸ
ਧੀਆਂ ਨੂੰ ਸਹੁਰੇ ਤੋਰ
ਇਸ ਦਿਓ ਜਿੱਡੇ ਘਰ 'ਚ
'ਕੱਲਿਆਂ ਰਹਿਣਾ
ਗੁਰਬਾਣੀ ਗੁਣਗੁਣਾਉਂਦੇ ਫਿਰਨਾ
ਹੱਸ ਹੱਸ ਗੱਲਾਂ ਕਰਨਾ
ਕਿਸੇ ਤੋਂ ਨਾ ਡਰਨਾ
ਡੰਗੋਰੀ ਫੜੀ ਵਿਹੜੇ 'ਚ
ਘਰ ਦੀ ਪਹਿਰੇਦਾਰ ਜਿਉਂ
ਤੁਰੀ ਫਿਰਦੀ
ਤੁਹਾਡੀ ਇਸ ਜੁਰਅਤ ਨੂੰ
ਮੇਰਾ ਸਲਾਮ !

ਵਾਹ !
ਇਸ ਪਤਝੜ ਦੇ ਮੌਸਮ 'ਚ
ਤੁਹਾਡੇ 'ਤੇ ਬੰਦਗੀ ਦੀ ਇਹ ਰੰਗਤ
ਸੁੱਕੇ ਪੱਤਿਆਂ ਤੇ ਖਿੜੇ ਰੰਗਾਂ ਦਾ ਇਹ ਜਲੌ
ਕੁਦਰਤ ਦੇ ਨਾਲ ਇਕ ਹੋ ਜਾਣ ਦੀ ਇਹ ਰੁਤ
ਇਕਲਾਪੇ ਦੇ ਮੌਸਮ ਦਾ ਇਹ ਜਸ਼ਨ
ਬੁਢਾਪੇ ਨੂੰ ਮਾਣਨ ਦਾ ਇਹ ਆਲਮ
ਜਾਂਦੀ ਬਹਾਰ ਦੇ
ਇਸ ਮੌਸਮ ਨੂੰ ਮੇਰਾ ਸਲਾਮ!
*–ਸੁਰਜੀਤ (ਟੋਰਾਂਟੋ)*

## ਉਮਰ ਖ਼ਯਾਮ ਦੀਆਂ ਰੁਬਾਈਆਂ ਵਰਗਾ ਸੁਰਜਨ ਜ਼ੀਰਵੀ

(ਪਿਛਲੇ ਸਫੇ ਦਾ ਬਾਕੀ)

ਸੋਢਾ ਨਹੀਂ ਸੀ ਲੱਭ ਰਿਹਾ। ਬਲਰਾਜ ਚੀਮਾ ਆਪਣੇ ਨੌਜਵਾਨ ਸਹਾਇਕ ਨੂੰ ਕੋਸ ਰਿਹਾ ਸੀ। ਪੀਣ ਲਈ ਤਿਆਰ ਬੈਠਾ ਇਕ ਸੱਜਣ ਪੀਣ ਦੀ ਕਾਹਲ ਜਤਾ ਰਿਹਾ ਸੀ, "ਸੋਢਾ ਕਿੱਥੇ ਗੁੰਮ ਗਿਆ!" ਉਸ ਦੇ ਮੇਰਾ ਉਮਰ ਖ਼ੱਯਾਮ ਸੁਰਜਨ ਜ਼ੀਰਵੀ ਸੁਰਜਨ ਜ਼ੀਰਵੀ ਸਫਰ ਜ਼ਿੰਦਗੀ ਦਾ ਮੂੰਹ ਵਿਚੋਂ ਨਿਕਲੇ ਵਾਕ ਤੋਂ ਪ੍ਰਤੱਖ ਸੀ ਕਿ ਮਹਿਮਾਨ ਤੋਂ ਹੋਰ ਦੇਰ ਸਹਿਣ ਨਹੀਂ ਸੀ ਹੋ ਰਹੀ। ਉਤਰ ਤਾਂ ਚੀਮਾ ਨੂੰ ਦੇਣਾ ਚਾਹੀਦਾ ਸੀ ਪਰ ਬੋਲਿਆ ਸੁਰਜਨ ਜ਼ੀਰਵੀ।

ਉਸ ਦੇ ਵਾਕ ਵਿਚ ਮਸ਼ਕਰੀ ਵੀ ਸੀ, ਗੁੱਝੀ ਚੋਟ ਵੀ ਅਤੇ ਮਾਹੌਲ ਵਿਚ ਪੈਦਾ ਹੋਏ ਤਣਾਓ ਨੂੰ ਤੋੜਨ ਦਾ ਸਲੀਕਾ ਵੀ।

"ਚੀਮਾ ਨੇ ਸੋਚਿਆ ਹੋਵੇਗਾ ਕਿ ਇਹੋ ਜਿਹੇ ਵਿਚ ਵ੍ਹਿਸਕੀ ਲੁਕੋਣੀ ਤਾਂ ਮੁਸ਼ਕਲ ਹੈ, ਚੁਆਨੀ ਦਾ ਸੋਢਾ ਹੀ ਬਚਾ ਲਵਾਂ।"

ਸੋਢੇ ਦੀ ਬੋਤਲ ਦਾ ਮੁੱਲ ਇੰਡੀਅਨ ਸਿੱਕਿਆਂ ਵਿਚ ਦਰਸਾ ਕੇ ਜ਼ੀਰਵੀ ਨੇ ਪੂਰੇ ਦੇ ਪੂਰੇ ਮਾਹੌਲ ਨੂੰ ਹਲਕਾ-ਫੁਲਕਾ ਹੀ ਨਹੀਂ, ਪਿੱਛੋਂ ਪੂਰਨ ਤੌਰ 'ਤੇ ਪੰਜਾਬੀ ਬਣਾ ਦਿੱਤਾ ਸੀ। ਇਸ ਤੋਂ ਪਿੱਛੋਂ ਬਾਹਰੋਂ ਆਏ ਤਾਜ਼ਾ ਹਵਾ ਦੇ ਬੁੱਲ੍ਹੇ ਦੀ ਹਵਾ ਏਦਾਂ ਸੀ ਜਿਵੇਂ ਸਿੱਧੀ ਅੰਮ੍ਰਿਤਸਰ ਤੇ ਲਾਹੌਰ ਦੇ ਤੂਤਾਂ ਵਿਚੋਂ ਹੋ ਕੇ ਆਈ ਹੋਵੇ।

ਜ਼ੀਰਵੀ ਦੀ ਟਿੱਪਣੀ ਨੇ ਇਸ ਤਰ੍ਹਾਂ ਦਾ ਮਾਹੌਲ ਟੋਰਾਂਟੋ ਦੇ ਉਸ ਸਮਾਗਮ ਵਿਚ ਵੀ ਪੈਦਾ ਕੀਤਾ ਜਿਹੜਾ ਉਥੋਂ ਦੇ ਪੰਜਾਬੀ ਪਿਆਰਿਆਂ ਨੇ ਮੇਰੇ ਅਤੇ ਦਿੱਲੀ ਦੀ ਸਾਹਿਤ ਅਕਾਦਮੀ ਦੇ ਪ੍ਰਧਾਨ ਗੋਪੀ ਚੰਦ ਨਾਰੰਗ ਦੇ ਸਵਾਗਤ ਵਿਚ ਰਚਾਇਆ ਸੀ। ਇਹ ਗੱਲ ਵੀ 2000 ਦੀਆਂ ਗਰਮੀਆਂ ਦੀ ਹੈ। ਇਕ-ਦੋ ਦਿਨ ਪਿੱਛੋਂ ਦੀ।

ਸਮਾਗਮ ਵਿਚ ਮੈਂ ਕੈਨੇਡਾ ਦੇ ਪੰਜਾਬੀਆਂ ਨੂੰ ਆਪਣੀ ਜ਼ਬਾਨ ਰੋਮਨ ਲਿਪੀ ਵਿਚ ਲਿਖਣ ਅਤੇ ਪ੍ਰਚਾਰਨ ਦੀ ਗੱਲ ਕੀਤੀ ਸੀ। ਇਸ ਲਈ ਕਿ ਗੁਰਮੁਖੀ ਲਿਪੀ ਨੂੰ ਜੱਫ਼ਾ ਮਾਰਨ ਨੇ ਭਾਸ਼ਾ ਦਾ ਸਾਹ ਘੁੱਟ ਛੱਡਿਆ ਹੈ। ਗੋਪੀ ਚੰਦ ਨਾਰੰਗ ਸਰੋਤਿਆਂ ਵਿਚਲੇ ਕੱਟੜਪੰਥੀਆਂ ਦੀ ਵਾਹਵਾ ਖੱਟਣ ਲਈ ਮੇਰੀ ਦਲੀਲ ਨੂੰ ਕੱਟ ਕੇ ਪੰਜਾਬੀ ਲਈ ਕੇਵਲ ਤੇ ਕੇਵਲ ਗੁਰਮੁਖੀ ਲਿਪੀ ਢੁੱਕਵੀਂ ਹੋਣ ਦੀਆਂ ਦਲੀਲਾਂ ਦੇ ਰਿਹਾ ਸੀ। ਮੈਂ ਲਿਪੀ ਦੀ ਲਚਕ ਦੇ ਹੱਕ ਵਿਚ ਸ਼ਾਹ ਮੁਹੰਮਦ, ਪੀਲੂ, ਵਾਰਿਸ ਅਤੇ ਸੂਫ਼ੀ ਕਵੀਆਂ ਦੀ ਫ਼ਾਰਸੀ ਅੱਖਰਾਂ ਵਿਚ ਲਿਖੀ ਵਧੀਆ ਪੰਜਾਬੀ ਅਤੇ ਸੁਤੰਤਰ ਭਾਰਤ ਵਿਚ ਗ਼ਾਲਿਬ, ਜ਼ੌਕ, ਮੀਰ ਦਾ ਅਤੇ ਫ਼ੈਜ਼ ਦੇ ਦੇਵਨਾਗਰੀ ਜਾਂ ਗੁਰਮੁਖੀ ਵਿਚ ਛਪੇ ਕਲਾਮ ਦੀ ਮਿਸਾਲ ਵੀ ਦਿੱਤੀ ਪਰ ਨਾਰੰਗ ਪਰਾਂ ਉਤੇ ਪਾਣੀ ਨਹੀਂ ਸੀ ਪੈਣ ਦੇ ਰਿਹਾ। ਜ਼ੀਰਵੀ ਨੇ ਮੇਰੇ ਹੱਕ ਵਿਚ ਇਕ ਹੀ ਵਾਕ ਬੋਲ ਕੇ ਉਸ ਨੂੰ ਸ਼ਾਂਤ ਕਰ ਦਿੱਤਾ:

"ਤੁਸੀਂ ਤਾਂ ਤੈਰਨ ਦਾ ਸਬਕ ਲੈਣ ਆਏ ਨੂੰ ਇਹ ਕਹਿ ਕੇ ਵਾਪਸ ਭੇਜੀ ਜਾ ਰਹੇ ਹੋਂ ਕਿ ਤੈਰਨ ਦੀ ਜਾਚ ਨਹੀਂ, ਤਾਂ ਪਾਣੀ ਵਿਚ ਪੈਰ ਹੀ ਨਹੀਂ ਧਰ ਸਕਦੇ।"

ਪਲਾਂ-ਛਿਣਾਂ ਵਿਚ ਵੱਡੇ ਹਾਲ ਕਮਰੇ ਦੇ ਹੁੰਮਸ ਵਿਚ ਉਹੀਓ ਹਵਾ ਦਾ ਬੁੱਲ੍ਹਾ ਆ ਵੜਿਆ ਜਿਸ ਵਿਚ ਅੰਮ੍ਰਿਤਸਰ ਅਤੇ ਲਾਹੌਰ ਦੇ ਤੂਤਾਂ ਦੀ ਸੁਗੰਧ ਰਲੀ ਹੋਈ ਸੀ। ਮੈਂ ਆਪਣੀ ਗੱਲ ਦਾ ਭੋਗ ਪਾਉਣ ਤੋਂ ਪਹਿਲਾਂ ਇਕ ਹੋਰ ਗੱਲ ਵੀ ਦੱਸ ਦਿਆਂ। ਜਦੋਂ 1995 ਵਿਚ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਨੇ ਮੈਨੂੰ 'ਦੇਸ ਸੇਵਕ' ਦੀ ਕਮਾਂਡ ਸੰਭਾਲੀ ਤਾਂ ਮੈਂ ਪਰਚੇ ਨੂੰ ਵਧੀਆ ਬਣਾਉਣ ਲਈ ਕਿਸੇ ਯੋਗ ਸਮਾਚਾਰ ਸੰਪਾਦਕ ਦੀ ਭਾਲ ਵਿਚ ਸਾਂ। ਮੈਨੂੰ ਸੱਜੇ-ਖੱਬੇ ਅਤੇ ਅੱਗੇ-ਪਿੱਛੇ ਤੋਂ ਜਿਹੜੀਆਂ ਸਲਾਹਾਂ ਮਿਲੀਆਂ, ਉਨ੍ਹਾਂ ਦਾ ਤੋੜਾ ਤਾਂ ਇਕ ਹੀ ਵਾਕ 'ਤੇ ਟੁੱਟਦਾ ਸੀ, "ਕੈਨੇਡਾ ਤੋਂ ਸੁਰਜਨ ਜ਼ੀਰਵੀ ਨੂੰ ਸੱਦ ਲਓ, ਜੇ ਪਰਚੇ ਵਿਚ ਜਾਨ ਪਾਉਣੀ ਹੈ ਤਾਂ।" ਉਨ੍ਹਾਂ ਦਾ ਖ਼ਿਆਲ ਸੀ ਕਿ ਕਾਮਰੇਡ ਸੁਰਜੀਤ ਅਖ਼ਬਾਰ ਕੱਢਣ ਵਾਸਤੇ ਵਿਦੇਸ਼ੀ ਸਿੱਕਿਆਂ ਦੇ ਜਹਾਜ਼ ਭਰ ਕੇ ਲਿਆਇਆ ਹੈ ਜਿਹੜੇ ਸਮੁੰਦਰ ਪਾਰ ਦੀਆਂ ਅਕਲਾਂ ਨੂੰ ਵਾਪਸ ਲਿਆ ਸਕਦੇ ਸਨ। ਸਾਡੇ ਸਾਰਿਆਂ ਦੇ ਸੁਪਨਿਆਂ ਵਿਚ ਛੇਤੀ ਹੀ ਤ੍ਰੇੜਾਂ ਆ ਗਈਆਂ, ਜਦੋਂ ਉਪ ਸੰਪਾਦਕ ਭਰਤੀ ਕਰਨ ਸਮੇਂ ਕਿਸੇ ਵੀ ਵਿਅਕਤੀ ਨੂੰ ਦੋ ਹਜ਼ਾਰ ਰੁਪਏ ਮਹੀਨਾ ਤੋਂ ਵੱਧ ਪੈਸੇ ਦੇਣ ਦੀ ਮਨਾਹੀ ਦੇ ਹੁਕਮ ਆ ਗਏ। ਮੈਨੂੰ ਉਹ ਪਰਚਾ ਪੱਤਰਕਾਰੀ ਅਤੇ ਜਨਸੰਚਾਰ ਵਿਭਾਗ ਦੇ ਵਿਦਿਆਰਥੀਆਂ ਨੂੰ ਸੱਦ ਕੇ ਕੱਢਣਾ ਪਿਆ। ਉਹ ਮੇਰੇ ਵਿਦਿਆਰਥੀ ਰਹੇ ਹੋਣ ਸਦਕਾ ਮੇਰੇ ਵਿਹੜੇ ਆ ਵੜੇ ਸਨ। ਉਨ੍ਹਾਂ ਵਿਚੋਂ ਕੁਝ ਇਕ ਨੇ ਮੇਰੇ ਘਰ ਰਹਿ ਕੇ ਅਤੇ ਰੁੱਖੀ-ਮਿੱਸੀ ਖਾ ਕੇ ਮੇਰਾ ਹੱਥ ਵਟਾਇਆ। ਸ਼ਿਵਾਸ ਰੀਗਲ 'ਤੇ ਟਿਕ ਚੁੱਕੇ ਜ਼ੀਰਵੀ ਲਈ ਤਾਂ ਸਾਡੇ ਕੋਲ ਠੱਰ੍ਹਾ ਵੀ ਨਹੀਂ ਸੀ। 'ਦੇਸ ਸੇਵਕ' ਵਾਲੀ ਘਟਨਾ ਨੂੰ ਪੰਦਰਾਂ ਸਾਲ ਤੋਂ ਉਤੇ ਹੋ ਗਏ ਹਨ। ਜ਼ੀਰਵੀ ਅਤੇ ਅੰਮ੍ਰਿਤ ਦੇ ਵਾਪਸ ਪਰਤਣ ਦੀ ਕੋਈ ਸੰਭਾਵਨਾ ਨਹੀਂ।

ਕਹਿੰਦੇ ਹਨ ਕਿ ਬਹੁਤੀ ਵਾਰੀ ਚੰਗੇ ਬੰਦਿਆਂ ਨੂੰ ਉਪਰ ਵਾਲਾ ਚੁੱਕ ਲੈਂਦਾ ਹੈ। ਸਾਡੇ ਲਈ ਤਾਂ ਬਾਹਰ ਦੀ ਦੁਨੀਆਂ ਹੀ ਉਪਰ ਵਾਲੇ ਦਾ ਰੂਪ ਧਾਰੀ ਬੈਠੀ ਹੈ। ਜ਼ੀਰਵੀ ਜੋੜੀ ਦਾ ਸਾਡੇ ਹੱਥੋਂ ਗੁਆਚਣਾ ਇਸ ਦੀ ਪੁਸ਼ਟੀ ਕਰਦਾ ਹੈ। ਸਾਡੇ ਫੁੱਲ ਆਪਣੀ ਮਹਿਕ ਕਿਸੇ ਦੂਜੀ ਧਰਤੀ ਨੂੰ ਵੰਡੀ ਜਾਣ, ਚੰਗੀ ਗੱਲ ਤਾਂ ਨਹੀਂ ਪਰ ਮਾਨਵਤਾ ਦੇ ਵਿਕਾਸ ਹਿਤ ਸਭ ਕੁਝ ਪ੍ਰਵਾਨ ਕਰਨਾ ਪੈਂਦਾ ਹੈ। ਵਿਕਾਸ, ਵਗਦੀ ਨਦੀ ਦੀ ਨਿਆਈਂ ਹੁੰਦਾ ਹੈ। ਇਸ ਨੇ ਆਪਣਾ ਰਾਹ ਆਪ ਹੀ ਲੱਭਣਾ ਹੁੰਦਾ ਹੈ। ਸਾਨੂੰ ਆਪਣੇ ਸਵਾਰਥ ਨੂੰ ਛੱਡ ਕੇ ਇਸ ਦਾ ਸਵਾਗਤ ਕਰਨਾ ਚਾਹੀਦਾ ਹੈ।

ਜਾਂਦੇ-ਜਾਂਦੇ ਬਹੁਤ ਹੀ ਕੰਮ ਦੀ ਗੱਲ ਚੇਤੇ ਆ ਗਈ ਹੈ। ਮੈਂ ਜ਼ੀਰਵੀ ਨੂੰ ਨੇਤਾ ਜੀ ਹਰਦਿਆਲ ਚੱਢਾ ਦੀ ਸੰਗਤ ਵਿਚ ਗਾਉਂਦੇ ਸੁਣਿਆ ਹੈ। ਦੋਵਾਂ ਦੀ ਆਵਾਜ਼ ਬੱਦਲਾਂ ਨੂੰ ਚੀਰਨ ਵਾਲੀ ਸੀ। ਅੰਦਾਜ਼ ਕਹਿਰਾਂ ਦਾ। ਉਹ 'ਪਿਆਰ ਕਾ ਜਹਾਂ ਬਸਾ ਕੇ ਚਲੇ' ਦੀ ਗੱਲ ਕਰਦਾ ਸੀ ਤਾਂ ਜ਼ੀਰਵੀ ਮੰਜ਼ਿਲ 'ਤੇ ਪਹੁੰਚਣ ਵਾਲੇ ਕਾਫ਼ਲਿਆਂ ਦੀ। ਜ਼ੀਰਵੀ ਦੇ ਬੋਲ ਸਨ:

ਕਾਫ਼ਿਲੇ ਮੰਜ਼ਿਲ 'ਤੇ ਪਹੁੰਚੇ ਕਿ ਪਹੁੰਚੇ, ਵਕਤ ਨੂੰ ਕਹੀਏ ਕਿ ਜ਼ੁਲਫ਼ਾਂ ਸ਼ਿੰਗਾਰੇ।

ਇਹ ਸ਼ਿਅਰ ਉਸ ਦੀ ਆਪਣੀ ਲਿਖੀ ਗ਼ਜ਼ਲ ਵਿਚੋਂ ਸੀ। ਉਸ ਦੀ ਅੰਮ੍ਰਿਤ ਨਾਲ ਪਿਆਰ ਕਹਾਣੀ ਦਾ ਸਾਰ। ਨੇਤਾ ਜੀ ਪਿਆਰ ਦਾ ਜਹਾਨ ਵਸਾ ਕੇ ਤੁਰ ਗਿਆ ਹੈ। ਜ਼ੀਰਵੀ ਦਾ ਕਾਫ਼ਿਲਾ ਵੀ ਮੰਜ਼ਿਲ ਤੋਂ ਪਿੱਛੇ ਨਹੀਂ ਰਿਹਾ। ਅੰਮ੍ਰਿਤ ਨੂੰ ਪਾ ਲੈਣਾ ਵੀ ਮੰਜ਼ਿਲ 'ਤੇ ਪਹੁੰਚਣ ਤੋਂ ਘੱਟ ਨਹੀਂ। ਅਗਲੀ ਵਾਰੀ ਮਿਲੇ ਤਾਂ ਅਸੀਂ ਚਾਰ ਆਨੇ ਦਾ ਸੋਢਾ ਪੈਦਾ ਕਰਨ ਵਿਚ ਦੇਰੀ ਨਹੀਂ ਕਰਾਂਗੇ, ਤੁਸੀਂ ਵੀ ਵਕਤ ਦੀਆਂ ਜ਼ੁਲਫ਼ਾਂ ਵਿਚ ਉਲਝੇ ਬਿਨਾਂ ਬੇਬਾਕ ਹੋ ਕੇ ਗਾਉਣਾ। ਜੇ ਇਹ ਮਿਲਣੀ ਟੋਰਾਂਟੋ ਵਿਖੇ ਹੋਈ ਤਾਂ ਅਸੀਂ ਆਪਣੀ ਅੰਮ੍ਰਿਤ ਦੀ ਹਾਜ਼ਰੀ ਦੀ ਮੰਗ ਕਰਾਂਗੇ, ਜੇ ਚੰਡੀਗੜ੍ਹ ਜਾਂ ਮੁਹਾਲੀ ਮਿਲੇ ਤਾਂ ਅਸੀਂ ਕੰਵਲ (ਸ੍ਰੀਮਤੀ ਹਰਦਿਆਲ) ਪੈਦਾ ਕਰ ਦਿਆਂਗੇ। ਹੋ ਸਕਿਆ ਤਾਂ ਰਘਬੀਰ ਅਤੇ ਸੁਲੇਖਾ ਵੀ। ਹੁਣ ਤਾਂ ਗੁਰਦੀਪ ਹੁਰੀਂ ਅਤੇ ਉਮਰ ਖ਼ੱਯਾਮੀਏ ਵੀ ਇੰਨੇ ਅਪਹੁੰਚ ਨਹੀਂ ਰਹਿ ਗਏ। ਸਾਰੇ ਰਲ ਕੇ ਗਾ ਸਕਦੇ ਹਾਂ:

ਕਬ ਹਾਥ ਮੇਂ ਤੇਰਾ ਹਾਥ ਨਹੀਂ,
ਕਬ ਸਾਥ ਮੇਂ ਤੇਰਾ ਸਾਥ ਨਹੀਂ।
ਸਦ ਸ਼ੁਕਰ ਕਿ ਅਪਨੀ ਰਾਤੋਂ ਮੇਂ,
ਅਬ ਹਿਜ਼ਰ ਕੀ ਕੋਈ ਰਾਤ ਨਹੀਂ।

ਜੇ ਚਾਹੀਏ, ਹੁਣ ਤਕ ਪਾਈਆਂ ਮੰਜ਼ਿਲਾਂ ਨੂੰ ਰਲ ਕੇ ਅਲਵਿਦਾ ਵੀ ਕਹਿ ਸਕਦੇ ਹਾਂ। ਮਨ ਤਾਂ ਬਣਾ" ਕਾਮਰੇਡੋ!

# ਜੀਵਨੀ ਰਾਹਾਂ ਦੀ ਨਿਸ਼ਾਨਦੇਹੀ –'ਕੱਚੇ-ਪੱਕੇ ਰਾਹ'

ਦੋ ਦਰਜਨ ਦੇ ਕਰੀਬ ਕਿਤਾਬਾਂ ਅਤੇ ਸੈਂਕੜੇ ਹੀ ਸਾਹਿਤਕ ਆਰਟੀਕਲਾਂ ਦੇ ਰਚੇਤਾ, ਸ਼੍ਰੋਮਣੀ ਪੰਜਾਬੀ ਪਰਵਾਸੀ ਸਾਹਿਤਕਾਰ, ਪੰਜਾਬੀ ਸਾਹਿਤ ਨੂੰ ਸਮਰਪਿਤ, ਅਧਿਆਪਕ, ਵਿਗਿਆਨੀ, ਅਤੇ ਜੀਵਨ ਦੇ ਬਹੁਪੱਖੀ ਅਨੁਭਵਾਂ ਦੇ ਧਾਰਨੀ, ਡਾ. ਗੁਰਬਖ਼ਸ਼ ਸਿੰਘ ਭੰਡਾਲ, ਕਿਸੇ ਰਸਮੀ ਜਾਣ-ਪਹਿਚਾਣ ਦੇ ਮੁਹਤਾਜ ਨਹੀਂ ਹਨ। ਇਨ੍ਹਾਂ ਕੋਲ ਸ਼ਬਦਾਂ ਦਾ ਭੰਡਾਰ ਤਾਂ ਹੈ ਹੀ, ਪਰ ਨਾਲ ਹੀ ਸ਼ਬਦਾਂ ਨਾਲ ਖੇਡਣ ਤੇ ਸ਼ਬਦਾਂ ਨੂੰ ਜ਼ੁਬਾਨ ਤੇ ਅਹਿਸਾਸ ਦੇ ਕਾਬਲ ਬਣਾਉਣ ਦੀ 'ਜਾਦੂਗਰੀ ਬਖ਼ਸ਼ਿਸ਼' ਵੀ ਹੈ। ਅਨੁਸ਼ਾਸਨਕ ਲਗਾਤਾਰਤਾ ਨਾਲ ਦਹਾਕਿਆਂ ਤੋਂ ਲਿਖਦੇ ਆ ਰਹੇ ਹਨ। ਵਾਰਤਕ ਦੇ ਨਾਲ ਹੀ ਕਵਿਤਾ ਵੀ ਬੜੀ ਸੋਹਣੀ ਲਿਖਦੇ ਹਨ। ਇਨ੍ਹਾਂ ਨੂੰ ਜਾਣਨ ਵਾਲੇ ਜਾਣਦੇ ਹਨ ਕਿ ਸਭ ਬੁਲੰਦੀਆਂ ਦੇ ਬਾਵਜੂਦ ਵੀ ਕੋਈ 'ਉਘਾ, ਪ੍ਰਸਿੱਧ, ਜਾਂ ਵਿਦਵਾਨ'

**ਡਾ. ਕੁਲਵਿੰਦਰ ਬਾਠ**
**ਫੋਨ: 209-600-2897**
**209-371-7234**

ਬਣਨ ਦੀ ਚਾਹਤ ਲਈ ਦੌੜਨਾ, ਲੜਨਾ, ਤੜਫਣਾ, ਕਲਪਣਾ, ਜਾਂ ਉਲਝਣਾ ਡਾ. ਭੰਡਾਲ ਦੀ ਜ਼ਿੰਦਗੀ ਦੀ ਕਿਤਾਬ 'ਚ ਦਰਜ ਹੀ ਨਹੀਂ ਹੈ। ਅਕਸਰ ਕਹਿ ਦਿੰਦੇ ਹਨ, ... "ਮੈਂ ਕੋਈ ਲੇਖਕ ਨਹੀਂ। ਸਿਰਫ ਸ਼ਬਦਾਂ ਦੀ ਸੰਗਤ ਵਿਚੋਂ ਵਰਕਿਆਂ 'ਤੇ ਕੁਝ ਉਕਰਨ ਦੀ ਕੋਸ਼ਿਸ਼ ਵਿਚ ਲਿਖਣਾ ਹੀ ਸਿੱਖ ਰਿਹਾ ਹਾਂ।" ਇੱਕ ਮਿੱਤਰ ਅਤੇ ਨਿਮਰ ਇਨਸਾਨ ਦੀ ਤਰ੍ਹਾਂ ਵਿਚਰਨਾ ਇਨ੍ਹਾਂ ਦੀ ਅੰਦਰੂਨੀ ਤੇ ਮਾਨਸਿਕ ਸੁੰਦਰਤਾ, ਸਬਰ-ਸੰਤੋਖ, ਅਤੇ ਖ਼ਾਸੀਅਤ ਦਾ ਪ੍ਰਤੀਕ ਹੈ।

ਕੱਚੇ-ਪੱਕੇ ਰਾਹ...

ਡਾ. ਗੁਰਬਖ਼ਸ਼ ਸਿੰਘ ਭੰਡਾਲ ਦੀ ਰੂਹ ਨਾਲ ਲਿਖੀ ਹੋਈ ਨਵੀਂ ਕਿਤਾਬ, 'ਕੱਚੇ-ਪੱਕੇ ਰਾਹ' ਪੰਜ-ਆਬ ਪ੍ਰਕਾਸ਼ਨ, ਜਲੰਧਰ ਦੁਆਰਾ ਮਹੀਨਾ ਕੁ ਪਹਿਲਾਂ ਛਪ ਕੇ ਪਾਠਕਾਂ ਤੱਕ ਪਹੁੰਚ ਗਈ ਹੈ। ਅਤੀਤ, ਅੱਜ, ਅਤੇ ਭਵਿੱਖ ਦੀਆਂ ਗੱਲਾਂ-ਬਾਤਾਂ ਨਾਲ ਭਰਪੂਰ ਇਕ ਵਿਲੱਖਣ ਵਾਰਤਕ ਅਤੇ ਕਵਿਤਾ ਦੇ ਸੁਮੇਲ ਨਾਲ ਸਿੰਗਾਰੀ ਖ਼ੂਬਸੂਰਤ ਤੇ ਦਿਲਚਸਪ ਸਵੈ-ਜੀਵਨੀ ਹੈ। ਇਸ ਕਿਤਾਬ ਬਾਰੇ, ਕਿਤਾਬ ਅੰਦਰ ਹੀ, ਨਾਮੀ ਸਾਹਿਤਕਾਰਾਂ, ਪ੍ਰੋ. ਦਰਸ਼ਨ ਸਿੰਘ ਬੁੱਟਰ, ਰਵਿੰਦਰ ਸਿੰਘ ਸਹਿਰਾਅ, ਅਤੇ ਪ੍ਰੋ. ਕੁਲਵੰਤ ਸਿੰਘ ਔਜਲਾ ਨੇ ਬਹੁਤ ਸੁੰਦਰ ਸ਼ਬਦਾਂ ਦੁਆਰਾ ਆਪਣੀ ਰਾਏ ਦਰਜ ਕੀਤੀ ਹੈ। ਕਿਤਾਬ ਵਿਚਲੀ ਵਾਰਤਾਲਾਪ 'ਚ ਭੰਡਾਲ ਜੀ ਨੇ ਆਪਣਾ-ਆਪ, ਆਪਣਾ ਅੰਦਰ-ਬਾਹਰ, ਰਿਸ਼ਤਿਆਂ ਦੇ ਮੋਹ ਦੀਆਂ ਤੰਦਾਂ ਦਾ ਅਹਿਸਾਸ, ਜ਼ਿੰਦਗੀ ਦੇ ਸੰਘਰਸ਼ ਭਰੇ ਦਿਨ, ਸੁਪਨਿਆਂ ਮਗਰਲੀ ਦੌੜ, ਫੇਲ੍ਹ ਹੋਣ ਦੀ ਠੋਕਰ, ਪੜ੍ਹਾਈ ਦਾ ਸਿਖਰ, ਮਿਹਨਤ ਤੇ ਲਗਨ, ਅਤੇ ਦੇਸੀ-ਪਰਦੇਸੀ ਜੀਵਨ ਦੀਆਂ ਯਾਦਾਂ ਦੀ ਪਟਾਰੀ ਨੂੰ ਖੋਲ੍ਹਿਆ ਹੈ। 168 ਸਫ਼ੇ ਅਤੇ ਵੀਹ ਕੁ ਕੱਚੇ ਅਤੇ ਪੱਕੇ ਰਾਹਾਂ ਦੇ ਇਸ ਤਾਣੇ-ਬਾਣੇ ਦੇ 'ਐਨ-ਵਿਚਕਾਰ' ਮੈਨੂੰ ਭੰਡਾਲ ਸਾਹਿਬ ਆਪ ਖੜ੍ਹੇ ਮਹਿਸੂਸ ਹੁੰਦੇ ਹਨ,... ਉਹ ਵੀ ਕਿਸੇ ਅਗਲੇ ਤੇ ਅਗਲੇਰੇ ਕੱਚੇ-ਪੱਕੇ ਰਾਹ ਦੇ ਸਫ਼ਰ ਵੱਲ ਤੱਕਦੇ, ਤੇ ਇਹ ਕਹਿੰਦੇ ਹੋਏ ਕਿ...ਹਾਲੇ ਤਾਂ...

ਹਾਲੇ ਤਾਂ ਮੈਂ ਸਫ਼ਰ 'ਤੇ ਤੁਰਨਾ ਹੈ।
ਹਾਲੇ ਤਾਂ ਮੈਂ ਬਹੁਤ ਕੁਝ ਕਰਨਾ ਹੈ।
ਹਾਲੇ ਤਾਂ ਮੈਂ ਖ਼ੁਦ ਨੂੰ ਮਿਲਣਾ ਹੈ।
ਹਾਲੇ ਤਾਂ... ਕੱਚੇ ਪੱਕੇ ਰਾਹਾਂ ਦਾ ਸਫ਼ਰ ਅਧੂਰਾ ਏ।
ਹਾਲੇ ਤਾਂ... ਕੱਚੇ ਪੱਕੇ ਰਾਹਾਂ ਦਾ ਸਫ਼ਰ ਜਾਰੀ ਏ।

ਜ਼ਿੰਦਗੀ ਦੀ ਬਾਜ਼ੀ ਵੀ ਤਾਸ਼ ਦੀ ਬਾਜ਼ੀ ਵਾਂਗ ਬਾਦਸ਼ਾਹ-ਬੇਗਮਾਂ ਦੇ ਨਾ ਹੁੰਦਿਆਂ ਵੀ ਨਹਿਲੇ 'ਤੇ ਦਹਿਲੇ ਮਾਰ ਕੇ ਜਿੱਤ ਰਹੇ ਹਨ। ਵਿਰਾਸਤੀ ਚਾਂਦੀ ਦੇ 'ਚਮਚੇ-ਚੂਮਚੇ' ਦੀ ਤਾਂ ਗੱਲ ਹੀ ਛੱਡੋ, ਬਚਪਨ 'ਚ ਮੱਝਾਂ-ਡੰਗਰ ਚਾਰਨ ਵਾਲਾ... ਮੰਡ ਦੇ ਇਲਾਕੇ ਦਾ ਇਹ ਸ਼ਖ਼ਸ ਅੱਜ ਅਮਰੀਕਾ ਦੀ ਨਾਮਵਰ ਯੂਨੀਵਰਸਿਟੀ 'ਚ ਵਿਦਿਆਰਥੀਆਂ ਨੂੰ 'ਨਿਊਕਲੀਅਰ ਫਿਜ਼ਿਕਸ' ਦੇ ਗੁਰ ਸਿਖਾ ਰਿਹਾ ਹੈ। ਇਹ ਕੋਈ ਛੋਟੀ ਉਪਲੱਬਧੀ ਨਹੀਂ ਹੈ। ਅਸਫ਼ਲਤਾਵਾਂ ਜਾਂ ਫੇਲ੍ਹ-ਪਾਸ ਤਾਂ ਹਰੇਕ ਇਨਸਾਨ ਦੀ ਜ਼ਿੰਦਗੀ ਦਾ ਹਿੱਸਾ ਹੀ ਹੁੰਦੀਆਂ ਹਨ, ਪਰ ਫੇਲ੍ਹ 'ਚੋਂ ਪਾਸ ਹੋਣ ਅਤੇ ਫਿਰ ਕਦੇ ਨਾ ਫੇਲ੍ਹ ਹੋਣ ਦੇ ਸੁਪਨਿਆਂ ਨੂੰ ਸਾਕਾਰ ਕਰਨ ਦਾ ਦ੍ਰਿੜ ਇਰਾਦਾ ਅਸੰਭਵ ਨੂੰ ਸੰਭਵ ਅਤੇ ਜੀਵਨ ਬਦਲ ਦਿੰਦਾ ਹੈ!! ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਉਹ ਕਰ ਅਰਾਮ ਨਹੀਂ ਬਹਿੰਦੇ...। ਡਾ. ਭੰਡਾਲ ਦੀ ਸਵੈ-ਜੀਵਨੀ ਇਸ ਦੀ ਤਸਦੀਕ ਕਰਦੀ ਹੈ। ਸੁਪਨਿਆਂ ਅਤੇ ਸੰਭਾਵਨਾਵਾਂ ਦੇ ਕੱਚੇ-ਪੱਕੇ ਰਾਹਾਂ ਦੇ ਸਫ਼ਰ ਦੀ ਸ਼ੁਰੂਆਤ ਡਾ. ਭੰਡਾਲ ਆਪਣੇ ਚੇਤਿਆਂ 'ਚ ਵਸਦੇ ਮਾਂ-ਬਾਪ ਨੂੰ ਕੁਝ ਦੱਸਣ ਅਤੇ ਫਿਰ 'ਬਹੁਤ-ਕੁਝ ਦੱਸਣ ਦੀ ਕੋਸ਼ਿਸ਼ ਤੇ ਨਾਲ ਕਰਦੇ ਹਨ... ਆਪਣੇ ਮਾਂ ਬਾਪ ਦੇ ਲਾਡ-ਪਿਆਰ, ਦੁੱਖ-ਸੁੱਖ, ਤੰਗੀਆਂ-ਤੁਰਸ਼ੀਆਂ, ਮੇਲ-ਵਿਛੋੜੇ ਦਾ ਭੰਡਾਲ ਜੀ ਦੇ ਜੀਵਨ 'ਤੇ ਗਹਿਰਾ ਅਸਰ ਹੈ।

ਮਾਂ! ਤੈਨੂੰ ਦੱਸਣਾ ਸੀ...

ਛੇ ਕੁ ਸਾਲ ਪਹਿਲਾਂ ਤੁਰ ਗਈ ਮਾਂ ਨਾਲ... ਭੰਡਾਲ ਸਾਹਿਬ ਇੰਜ 'ਗੱਲ ਕਰ ਰਹੇ ਹਨ, ...

"ਅੱਜ ਮੈਨੂੰ ਸ਼੍ਰੋਮਣੀ ਪੰਜਾਬੀ ਪਰਵਾਸੀ ਸਾਹਿਤਕਾਰ ਲਈ ਚੁਣਿਆ ਗਿਆ, ... ਮਾਂ...! ਅੱਖਰਾਂ / ਲੇਖਣੀਆਂ ਦੀ ਸਮਝ ਨਾ ਹੀ ਸਹੀ ਪਰ... ਫਿਰ ਵੀ ਤੂੰ ਕਿੰਨਾ ਖ਼ੁਸ਼ ਹੋਣਾ ਸੀ,.. ਅੱਜ... ਮਾਂ!!"

ਫਿਰ ਚੇਤੇ ਆਇਆ, ਕਦੇ
ਫੋਨ ਮੰਜੇ ਨਾਲ ਮੰਜਾ ਹੋਈ ਮਾਂ ਕੋਲ ਹੁੰਦਾ
ਮਾਂ ਫ਼ੋਨ ਚੁੱਕਦੀ
ਤੇ ਅਵਾਜ਼ ਪਛਾਣ ਕੇ ਪੁੱਛਦੀ
ਵੇ ਪੁੱਤ ਕਦੋਂ ਆਵੇਂਗਾ? .........
ਤੇ ਮੇਰੇ ਹੱਥੋਂ ਫ਼ੋਨ ਡਿਗ ਪੈਂਦਾ ਹੈ।

ਮਾਂ
ਬੜੇ ਚਿਰ ਬਾਅਦ
ਮੈਂ ਘਰ ਪਰਤ ਰਿਹਾ ਹਾਂ
ਬੜਾ ਚਿਰ ਉਡੀਕਦਾ ਰਿਹਾ ਤੇਰੇ ਬੋਲਾਂ ਨੂੰ
ਕਿ ਤੂੰ ਕਹੇਂਗੀ, "....ਪੁੱਤ ਕਦੋਂ ਆਵੇਂਗਾ"

ਮਾਂ
ਮੈਂ ਕਿੰਨਾ ਨਾਦਾਨ ਸਾਂ?
ਸਦਾ ਲਈ ਤੁਰ ਗਈਆਂ ਮਾਂਵਾਂ ਵੀ
ਕਦੇ ਪੁੱਤਾਂ ਨੂੰ ਕਹਿੰਦੀਆਂ ਨੇ
ਕੇ ਵੇ ਪੁੱਤ ਕਦੋਂ ਆਵੇਂਗਾ?

ਕਿੱਧਰ ਖਿਸਕ ਗਿਆ ਮੇਰੀ ਉਂਗਲੀ ਨੂੰ ਪੋਲੇ ਜਿਹੇ ਛੱਡ ਕੇ ਉਹ ਫ਼ਕੀਰ...?

ਫ਼ਕੀਰ ਵਰਗੇ ਬਾਪ ਨੂੰ 'ਦਵਾ ਤੇ ਦੁਆ' ਦੀ ਹਰ ਕੋਸ਼ਿਸ਼ ਦੇ ਬਾਵਜੂਦ ਵੀ ਆਪਣੀਆਂ ਅੱਖਾਂ ਸਾਹਵੇਂ ਹੱਥੋਂ ਖਿਸਕਦਾ ਦੇਖ, ਉਦਾਸ ਤੇ ਬੇਵੱਸ ਹੋਏ ਡਾ. ਭੰਡਾਲ ਮਨ ਹੀ ਮਨ ਤੜਫਦੇ ਹਨ,...

'ਬਾਪ ਕੋਲ ਬੈਠਾ ਹਰ ਦਮ ਬਾਪ ਵੰਨੀਂ ਦੇਖਦਾ ਰਹਿੰਦਾ ਹਾਂ। ਉਸਦੀ ਲਾਚਾਰਗੀ ਦੇਖ ਕੇ ਕਈ ਵਾਰ ਸੋਚਦਾ, ਪਤਾ ਨਹੀਂ ਬਾਪ ਕਿਹੜੀ ਸਮਾਧੀ ਵਿਚ ਹੈ?' ਪਰ

ਮੈਂ ਬੇਵੱਸ
ਬੇਸੁੱਧ ਪਏ ਬਾਪ ਦੇ ਸਾਹਾਂ ਦੀ ਗਿਣਤੀ ਕਰਦਾ
ਆਪਣੇ ਸਾਹ ਵੀ ਭੁੱਲਣ ਲੱਗ ਪਿਆ ਹਾਂ।
ਸੱਚੀਂ!
ਕਿੰਨਾ ਨਿਕੰਮਾ ਤੇ ਅਰਥਹੀਣ ਹਾਂ
ਬਾਪ ਕੋਲ ਬੈਠਾ ਮੈਂ।

ਯਾਦ ਆਉਂਦਾ ਹੈ ਬਾਪ ਦਾ ਕਦੇ ਕਦਾਈਂ ਸ਼ਹਿਰ ਮਿਲਣ ਆਉਣਾ...

ਮੇਰਾ ਬਾਪ
ਬਹੁਤ ਘੱਟ
ਮੈਨੂੰ ਸ਼ਹਿਰ ਮਿਲਣ ਆਉਂਦਾ ਹੈ।
ਕਦੇ ਕਦੇ ਆਉਣ ਵਾਲਾ ਮੇਰਾ ਬਾਪ
ਬੂਹਾ ਖੋਲ੍ਹਣ ਤੋਂ ਡਰਦਾ
ਬੈੱਲ ਮਾਰ ਕੇ ਉਡੀਕ ਕਰਦਾ ਹੈ ਕਿ
ਹਾਊਸ ਨੰਬਰ ਬਣੇ ਘਰ ਦਾ ਗੇਟ ਕਦੋਂ ਖੁੱਲ੍ਹੇਗਾ।

ਪਿੰਡ ਤੋਂ ਸ਼ਹਿਰ-ਦੇਸ ਵਿਚ ਹੀ ਪਰਦੇਸ ਹੰਢਾਇਆ...

ਪੰਜਾਹ ਕੁ ਸਾਲ ਤੋਂ ਛੱਡਿਆ ਪਿੰਡ ਅੱਜ ਵੀ ਯਾਦਾਂ 'ਚ ਪੂਰਾ ਕਾਇਮ ਹੈ, ਪਛਤਾਵਾ ਤੇ ਤਾਂਘ ਵੀ ਹੈ ਮਿਲਣ ਦੀ।

ਜੀਅ ਕਰਦੈ! ਸਭ ਛੱਡ ਛੁਡਾ ਕੇ
ਪਿੰਡ ਨੂੰ ਮੈਂ ਉਡ ਜਾਵਾਂ
ਬਹੁਤ ਮਨ ਕਰਦਾ ਨੰਗੇ ਪੈਰੀਂ
ਖੇਤੀਂ ਗੇੜਾ ਲਾਵਾਂ।

ਹੁਣ ਬਚਪਨ ਦੀ ਬੀਹੀ ਵਿਚ
ਜਦ ਵੀ ਲਾਵਾਂ ਗੇੜਾ
ਨਾ ਮਿਲਦੇ ਬਚਪਨ ਦੇ ਬੇਲੀ
ਨਾ ਉਹ ਘਰ ਤੇ ਵਿਹੜਾ।

ਪਰਦੇਸ 'ਚ ਪਰਦੇਸ.... ਦੂਹਰੀ ਜ਼ਿੰਦਗੀ ਦਾ ਸਰਾਪ


ਵਿਦੇਸ਼ੀ ਧਰਤੀ 'ਤੇ ਸਾਰੀਆਂ ਸੁੱਖ-ਸਹੂਲਤਾਂ ਮਾਣਦਿਆਂ ਵੀ ਲੇਖਕ ਨੂੰ ਬਚਪਨ ਦਾ ਬਿਨ ਪਲੱਸਤਰੋਂ, ਬਿਨ-ਬਨੇਰਿਓਂ, ਬਿਨ-ਪੌੜੀਓਂ, ਬਿਨ-ਦਰਵਾਜਿਓਂ, ਬਿਨ-ਬਾਰੀਓਂ, ਹਵਾਦਾਰ, ਬੋਰੀਆਂ ਦੇ ਪਰਦੇ ਟੰਗੀ ਚੁਬਾਰਾ ਟਿਕਣ ਹੀ ਨਹੀਂ ਦੇ ਰਿਹਾ। ਅਕਸਰ ਸੁਪਨਿਆਂ 'ਚ ਆ ਬੇਤਾਬ ਕਰਦਾ ਹੈ, ਆਪ ਮੁਹਾਰੇ ਬੋਲ ਛੋਟੇ ਪੈਂਦੇ ਹਨ।


ਚੁਬਾਰੇ ਨੂੰ ਲੱਗਦਾ ਹੈ
ਕੰਧਾਂ ਤੇ ਮਾਰੀਆਂ ਲੀਕਾਂ ਦੀ ਖ਼ਾਮੋਸ਼ੀ 'ਚੋਂ
ਬੀਤੇ ਦੇ ਨਕਸ਼ ਨਿਹਾਰਨ ਵਾਲੇ
ਬਹੁਤ ਦੂਰ ਤੁਰ ਗਏ ਨੇ।

ਘਰ ਤੋਂ ਨਿਕਲ, ਪਿੰਡ ਦੀਆਂ ਬੀਹੀਆਂ, ਸਕੂਲਾਂ, ਅਤੇ ਰਣਧੀਰ ਕਾਲਜ ਵਿਚ ਦੀ ਹੁੰਦਿਆਂ ਹੋਇਆਂ ਯੂਨੀਵਰਸਿਟੀ ਜਾ ਦਸਤਕ ਦਿੱਤੀ। ਇਸ ਸਮੇਂ ਦੌਰਾਨ ਅਨੇਕਾਂ ਯਾਰ ਦੋਸਤ ਬਣੇ ਤੇ ਬਦਲੇ ਵੀ, ਕਈ ਸੁਭਵਾਨ ਅਧਿਆਪਕ ਜੀਵਨ ਦੇ ਰਾਹ ਦਸੇਰੇ ਵੀ ਬਣ ਗਏ।

ਹੱਸਣ, ਖੇਡਣ ਤੇ ਮਿਲਣ ਦੀ ਰੁੱਤ
ਤੇ ਸੱਧਰਾਂ ਦਾ ਰਾਗ
ਮਸਤਕ ਵਿਚ ਲੱਗ ਜਾਂਦਾ ਹੈ
ਅੱਖਰ ਗਿਆਨ ਦਾ ਜਾਗ।

ਆੜੀਆਂ ਦੇ ਸੰਗ ਰੁੱਸਣਾ ਮੰਨਣਾ
ਨਿੱਤ ਦਾ ਸੀ ਅਭਿਆਸ
ਸਾਰਾ ਦਿਨ ਹੀ ਖੇਡਦੇ ਰਹਿਣਾ




ਯਾਦ ਨਾ ਭੁੱਖ ਪਿਆਸ।

ਫੇਲ੍ਹ ਦੇ ਨਾਲ ਪਾਸ ਵੀ... ਗ਼ਮੀ ਦੇ ਨਾਲ ਖੁਸ਼ੀ ਵੀ...

ਅਸੀਂ ਨਿੱਤ ਦੀ ਜ਼ਿੰਦਗੀ 'ਚ ਅਸਫਲ-ਸਫ਼ਲ ਤੇ ਫੇਲ੍ਹ-ਪਾਸ ਤਾਂ ਹੁੰਦੇ ਰਹਿੰਦੇ ਹਾਂ। ਫਿਰ ਵੀ ਬਹੁਤੇ ਇਨਸਾਨ 'ਫੇਲ੍ਹ ਹੋਣ' ਨੂੰ ਮਾੜਾ ਜਾਂ ਨਾ-ਕਾਬਲੀਅਤ ਦੀ ਨਿਸ਼ਾਨੀ, ਜਾਂ ਫਿਰ ਸ਼ਰਮ ਮਹਿਸੂਸ ਕਰ ਸਾਰੀ ਉਮਰ ਇਸ ਨੂੰ ਛੁਪਾਉਣ ਦਾ ਭਾਰ ਚੁੱਕੀ ਫਿਰਦੇ ਰਹਿੰਦੇ ਹਨ। ਇਸ ਦੇ ਉਲਟ, ਦੂਰ ਦ੍ਰਿਸ਼ਟੀ ਦੀ ਸੋਚ ਵਾਲੇ, ਫੇਲ੍ਹ ਨੂੰ ਪਾਸ ਵਿਚ ਬਦਲਣ ਵਿਚ ਜੁਟ ਕੇ ਟੀਸੀਆਂ ਸਰ ਕਰ ਜਾਂਦੇ ਹਨ!! ਫੇਲ੍ਹ ਨੂੰ ਇੱਕ ਵਰਦਾਨ ਸਮਝਦੇ ਹਨ... ਬਿਲਕੁਲ ਡਾ. ਭੰਡਾਲ ਦੇ ਗਿਆਰਵੀਂ 'ਚੋਂ ਫੇਲ੍ਹ ਹੋ ਕੇ ਪੜ੍ਹਨ ਦੇ ਜਨੂੰਨ 'ਚ ਫਿਜ਼ਿਕਸ ਦੀ ਪੀ ਐਚ ਡੀ ਕਰਨ ਵਾਂਗ।

ਪਾਠਕਾਂ ਨੂੰ ਇਹ ਕਿਤਾਬ ਪੜ੍ਹਦਿਆਂ ਕੁਝ ਅਚੰਭਾ ਤਾਂ ਹੋਵੇਗਾ ਹੀ ਜਦ ਡਾ. ਭੰਡਾਲ ਆਪਣੇ ਪ੍ਰੈਪ ਵਿਚੋਂ ਫੇਲ੍ਹ ਹੋਣ ਨੂੰ 'ਵਰਦਾਨ, ਅਤੇ ਕਾਲਜ ਦੀ ਨੌਕਰੀ ਦੀ ਟਰਮੀਨੇਸ਼ਨ ਨੂੰ 'ਸ਼ਗਨ ਦੀ ਅਸੀਸ ਕਹਿੰਦੇ ਹਨ...। ਇੱਕ ਜਵਾਨ ਜੋੜੇ ਦੇ ਤਾਜ਼ੇ ਵਿਆਹ ਦੀਆਂ ਖ਼ੁਸ਼ੀਆਂ ਤੋਂ ਤੁਰੰਤ ਬਾਅਦ ਹੀ ਨੌਕਰੀ ਤੋਂ 'ਬੇਰੁਜ਼ਗਾਰੀ ਦੇ ਸ਼ਗਨ' ਦੇ ਝਟਕੇ ਨਾਲ ਧੜੰਮ ਕਰ ਕੇ ਡਿੱਗੇ ਗੁਰਬਖ਼ਸ਼ ਭੰਡਾਲ ਫਿਰ ਉਠ ਕੇ ਖੜ੍ਹੇ ਹੋ ਗਏ... ਆਪਣੇ ਅਗਲੇ ਤੇ ਅਗਲੇਰੇ ਕੱਚੇ-ਪੱਕੇ ਰਾਹਾਂ ਦੇ ਸਫ਼ਰ ਵੱਲ! ਇਸ ਸਫ਼ਰ ਵਿਚ ਸਰਕਾਰੀ ਕਾਲਜ ਦੀ ਨੌਕਰੀ ਤੇ ਐਮ. ਐਸ. ਸੀ. ਤੋਂ ਕੋਈ ਡੇਢ ਦਹਾਕੇ ਬਾਅਦ ਜਨੂੰਨ, ਜਜ਼ਬੇ, ਤੇ ਜਜ਼ਬਾਤ ਵਿਚੋਂ ਉੱਗੀ ਪੀ ਐਚ ਡੀ ਵੀ ਸ਼ਾਮਲ ਸੀ।

ਸੁਪਨੇ ਮਰਨੇ ਨਹੀਂ ਚਾਹੀਦੇ...ਘਰ ਘਰ ਤੇ ਫਿਰ ਘਰ

ਡਾ. ਭੰਡਾਲ ਨੇ ਜੀਵਨ ਵਿਚ ਲਾਈਆਂ ਉਡਾਰੀਆਂ ਦਾ ਜ਼ਿਕਰ ਵੀ ਇਸ ਕਿਤਾਬ ਵਿਚ ਕੀਤਾ ਹੈ। ਜਨਮ ਦੇ ਪਿੰਡ ਤੋਂ ਚੱਲ ਕੇ ਹੁਣ ਤੱਕ ਅਮਰੀਕਾ ਦੇ ਸ਼ਹਿਰ ਕਲੀਵਲੈਂਡ ਦੇ ਘਰ ਤੱਕ ਦੇ ਮੋੜ-ਘੋੜਾਂ ਦੀ ਦਾਸਤਾਨ ਵੀ ਬਿਆਨ ਕੀਤੀ ਹੈ - ਘਰ ਤੋਂ ਘਰ ਤੇ ਫਿਰ ਘਰ ਤੀਕ ਦਾ ਸਫ਼ਰ।

ਆਪਣੇ ਹੱਥੀਂ ਬਣਾਏ ਤੇ ਆਪ ਹੀ ਉਜਾੜੇ ਘਰਾਂ ਦੇ ਦਰਦ ਪਿੱਛਾ ਹੀ ਨਹੀਂ ਛੱਡਦੇ। ਬਾਹਰੀ/ ਦੁਨਿਆਵੀ ਘਰ ਅਤੇ ਮਨੁੱਖ ਦੇ ਅੰਤਰੀਵ ਦੇ ਘਰ ਬਾਰੇ ਵੀ ਬਹੁਤ ਸੁੰਦਰ ਲਿਖਿਆ ਹੈ....

ਖ਼ਾਲੀ ਘਰ ਦੇ ਖੁਰੇ ਹਰਫ਼ਾਂ 'ਚ,
ਕਿਹੜਾ ਅਰਥ ਟਿਕਾਵਾਂ
ਜਿਸ ਦੀ ਜੂਹ 'ਚੋਂ ਵਾਸ਼ਪ ਹੋਇਆ
ਇਸਦਾ ਹੀ ਸਿਰਨਾਂਵਾਂ।

ਇੱਕ ਘਰ ਮੇਰੇ ਅੰਦਰ ਵੱਸਦਾ
ਲਈ ਕਦੇ ਨਾ ਸਾਰ
ਬਾਹਰੀ ਘਰ ਦਾ ਕਰਦਾ ਰਹਿੰਨਾ
ਹਰ ਦਮ ਹਾਰ ਸ਼ਿੰਗਾਰ।

ਇੱਕ ਘਰ ਮੇਰੇ ਮਸਤਕ ਵੱਸਦਾ
ਚਾਨਣਾ ਦਿੱਤਾ ਵਿਸਾਰ
ਨਾ ਆਲ਼ਾ ਤੇ ਨਾ ਬਨੇਰਾ
ਨਾ ਦੀਵਿਆਂ ਦੀ ਡਾਰ।
ਇੱਕ ਘਰ ਮੇਰੇ ਘਰ ਵਰਗਾ ਹੀ
ਮੇਰਾ ਸੁਪਨ-ਸੰਸਾਰ
ਜਿਸਦੇ ਮੱਥੇ ਧਰਨੇ ਇਕ ਦਿਨ
ਸੂਰਜ ਚੰਦ ਹਜ਼ਾਰ।

ਡਾ. ਭੰਡਾਲ ਸੁਪਨੇ ਲੈਣ ਅਤੇ ਸੁਪਨਿਆਂ ਦੇ ਮਗਰ ਪੈ ਕੇ ਉਨ੍ਹਾਂ ਨੂੰ ਸਾਕਾਰ ਕਰਨ 'ਚ ਕੋਈ ਕਸਰ ਨਹੀਂ ਛੱਡਦੇ। ਇਸਦੀ ਉਦਾਹਰਨ ਉਨ੍ਹਾਂ ਦੇ 1977 ਵਿਚ ਲਏ ਸੁਪਨੇ ਦਾ ਚਾਲੀ ਸਾਲਾਂ ਬਾਅਦ, 2016 ਵਿਚ ਕਲੀਵਲੈਂਡ ਸਟੇਟ ਯੂਨੀਵਰਸਿਟੀ 'ਚ ਫਿਜ਼ਿਕਸ ਦਾ ਪ੍ਰੋਫ਼ੈਸਰ ਬਣਨਾ ਵੀ ਸ਼ਾਮਲ ਹੈ। ਜ਼ਿੰਦਗੀ ਕਦੇ ਵੀ ਸਿੱਧੀ ਪੱਧਰੀ ਨਹੀਂ ਹੁੰਦੀ। ਇਨ੍ਹਾਂ ਦੀ ਜ਼ਿੰਦਗੀ 'ਚ ਵੀ ਕਈ ਦਰਵਾਜ਼ੇ ਬੰਦ ਹੋਏ ਅਤੇ ਕਈ ਹੋਰ ਫ਼ਰਿਸ਼ਤਿਆਂ ਵਰਗੇ ਇਨਸਾਨਾਂ ਨੇ ਖੁੱਲ੍ਹੇ-ਦਿਲ ਨਾਲ ਖੋਲ੍ਹ ਦਿੱਤੇ। ਡਾ. ਭੰਡਾਲ ਜੀ ਅਨੁਸ਼ਾਸਨਕ ਅਤੇ ਟਾਈਮ ਦੇ ਪੂਰੇ ਪਾਬੰਦ ਹਨ। ਅਕਸਰ ਕਹਿ ਦਿੰਦੇ ਹਨ, ... "60 ਵਿਦਿਆਰਥੀਆਂ ਦੀ ਕਲਾਸ 'ਚ ਮੇਰਾ 5 ਮਿੰਟ ਲੇਟ ਜਾਣ ਦਾ ਸਿੱਧਾ-ਜਿਹਾ ਹਿਸਾਬ ਹੈ ਕਿ ਵਿਦਿਆਰਥੀਆਂ ਦੇ 5 ਘੰਟੇ ਖ਼ਰਾਬ!... ਕਿਉਂ ਕਰਾਂ ਮੈਂ?"

ਡਾ. ਭੰਡਾਲ ਅੰਦਰ ਸ਼ਬਦਾਂ ਦਾ ਡੂੰਘਾ ਤਹਿਖ਼ਾਨਾ ਹੈ। ਸ਼ਬਦਾਂ/ ਅੱਖਰਾਂ ਬਾਰੇ ਆਪ ਹੀ ਕਹਿ ਦਿੰਦੇ ਹਨ, ... ਸ਼ਬਦਾਂ ਰਾਹੀਂ ਆਰ-ਪਾਰ ਦੇਖਣਾ ਅਤੇ ਰੂਹ ਦੀਆਂ ਪਰਤਾਂ ਫਰੋਲਣਾ ਬਹੁਤ ਚੰਗਾ ਲੱਗਦਾ ਹੈ ਕਿਉਂਕਿ;

ਮੇਰੇ ਲਈ ਸ਼ਬਦ ਫੱਕਰ ਦੀ ਰੂਹ ਵਰਗਾ
ਮੇਰੇ ਪਿੰਡ ਦੀ ਸੁੱਚੀ ਜੂਹ ਵਰਗਾ
ਸਾਝਰੇ ਵਗਦੇ ਖੂਹ ਵਰਗਾ
ਤੇ ਸੱਜਣਾਂ ਦੀ ਆਉਂਦੀ ਸੂਹ ਵਰਗਾ।

ਚੁੱਪ ਜਾਂ ਉਦਾਸੀ ਹਾਵੀ ਹੋਣ ਲੱਗੇ ਤਾਂ ਅਕਸਰ ਸ਼ਬਦਾਂ ਨੂੰ ਹਾਕਾਂ ਵੀ ਮਾਰਨ ਲੱਗ ਜਾਂਦੇ ਹਨ...

ਸ਼ਬਦੋ ਵੇ! ਮੇਰੇ ਵਿਹੜੇ ਆਵੋ
ਅੰਦਰ ਦੀ ਚੁੱਪ ਨੂੰ ਵਰਾਵੋ
ਮੇਰੇ ਭਾਵਾਂ ਨੂੰ ਉਲਥਾਵੋ
ਹਿੱਕ 'ਚ ਸੂਰਜ ਉਗਾਓ।

ਇਕੱਲੇ ਸ਼ਬਦ ਜਾਣਦੇ ਹੀ ਨਹੀਂ, ਬਲਕਿ ਸ਼ਬਦਾਂ ਦੀ ਜਾਦੂਗਰੀ ਦਾ ਨਮੂਨਾ ਵੀ ਦੇਖੋ...

ਕਈ ਵਾਰ ਤਾਂ ਇੰਜ ਵੀ ਹੁੰਦਾ;
ਸ਼ਬਦਾਂ ਨੇ ਦਸਤਕ ਦਿੱਤੀ
ਮੈਂ ਬੂਹਾ ਖੋਲ੍ਹਿਆ
ਸਾਹਮਣੇ ਪੁਸਤਕ ਮੁਸਕਰਾ ਰਹੀ ਸੀ।

ਸ਼ਬਦਾਂ ਵਿਚ
ਅਰਥਾਂ ਦੀ ਆਸ ਜਾਗੀ
ਜਗਦੇ ਦੀਵੇ
ਵਰਕਿਆਂ ਨੂੰ ਚਾਨਣ-ਰੱਤਾ ਕਰ ਗਏ।

ਇੱਕ ਸੁਹਿਰਦ ਪਾਠਕ ਵਾਂਗ ਮਹਿਸੂਸ ਕਰਦਿਆਂ ਮੈਂ ਇਹ ਕੁਝ ਕੁ ਅਨੁਭਵ ਤੁਹਾਡੇ ਨਾਲ ਸਾਂਝੇ ਕੀਤੇ ਹਨ। ਮੈਨੂੰ ਇਹ ਕਿਤਾਬ ਅੰਦਰੋਂ-ਬਾਹਰੋਂ ਬਹੁਤ ਖ਼ੂਬਸੂਰਤ ਲੱਗੀ ਅਤੇ ਬਹੁਤ ਕੁਝ ਸਿੱਖਣ ਨੂੰ ਵੀ ਮਿਲਿਆ। ਆਸ ਕਰਦਾ ਹਾਂ ਕਿ ਆਪ ਸਭ ਵੀ ਡਾ. ਭੰਡਾਲ ਦੀ ਜ਼ਿੰਦਗੀ ਦੇ ਕੱਚੇ-ਪੱਕੇ ਰਾਹਾਂ ਦਾ ਸਫ਼ਰ ਪਸੰਦ ਕਰੋਗੇ ਅਤੇ ਲੇਖਕ ਨੂੰ ਸ਼ਾਬਾਸ਼ ਵੀ ਦੇਵੋਗੇ ਇਹੋ ਜਿਹੀ ਮਿਆਰੀ ਲਿਖਤ ਪਾਠਕਾਂ ਦੇ ਰੂਬਰੂ ਕਰਨ ਲਈ। ਮੇਰੇ ਵੱਲੋਂ ਡਾ. ਗੁਰਬਖ਼ਸ਼ ਸਿੰਘ ਭੰਡਾਲ ਨੂੰ ਬਹੁਤ ਬਹੁਤ ਮੁਬਾਰਕਾਂ, ਸ਼ੁਭ-ਇੱਛਾਵਾਂ ਅਤੇ ਇਸ ਆਸ ਨਾਲ ਕਿ ਡਾ. ਭੰਡਾਲ ਦੀ ਜ਼ਿੰਦਗੀ ਦਾ ਇਹ 'ਅਧੂਰਾ-ਸਫ਼ਰ' ਜਾਰੀ ਰਹੇਗਾ...ਜ਼ਿੰਦਗੀ ਜ਼ਿੰਦਾਬਾਦ!!

## ਨਿਰਵਿਘਨ ਪ੍ਰਕਾਸ਼ਨ ਦੇ 24ਵੇਂ ਸਾਲ 'ਚ (ਪਹਿਲੀ ਜਨਵਰੀ 2000-2023)

## ਅਦਾਰਾ ਪੰਜਾਬ ਟਾਈਮਜ਼ ਅਤੇ ਇਸ ਦੀ ਸਾਰੀ ਟੀਮ ਵਲੋਂ ਪਾਠਕਾਂ ਅਤੇ ਸ਼ੁਭਚਿੰਤਕਾਂ ਨੂੰ ਦੀਵਾਲੀ ਅਤੇ ਬੰਦੀ ਛੋੜ ਦਿਹਾੜੇ ਦੀਆਂ

# ਲੱਖ ਲੱਖ ਮੁਬਾਰਕਾਂ!

**ਅੱਜ ਦੇ ਦਿਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਗਵਾਲੀਅਰ ਦੇ ਕਿਲੇ 'ਚੋਂ 52 ਰਾਜਿਆਂ ਨੂੰ ਜਹਾਂਗੀਰ ਦੀ ਕੈਦ 'ਚੋਂ ਰਿਹਾ ਕਰਵਾ ਕੇ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਪਹੁੰਚੇ ਸਨ।**

**ਰੋਸ਼ਨੀ ਦਾ ਤਿਓਹਾਰ ਦੀਵਾਲੀ ਤੁਹਾਡੇ ਲਈ ਢੇਰ ਸਾਰੀਆਂ ਖੁਸ਼ੀਆਂ ਲੈ ਕੇ ਆਵੇ ਅਤੇ ਤੁਹਾਡੀ ਜ਼ਿੰਦਗੀ ਵਿਚ ਖੁਸ਼ੀਆਂ ਦਾ ਦੀਵਾ ਬਲਦਾ ਰਹੇ।**

### ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ


ਦਰਸ਼ਨ ਸਿੰਘ ਗਰੇਵਾਲ


ਡਾ. ਹਰਗੁਰਮੁਖਪਾਲ ਸਿੰਘ


ਹਰਦਿਆਲ ਸਿੰਘ ਦਿਓਲ


ਡਾ. ਗੁਰਦਿਆਲ ਸਿੰਘ ਬਸਰਾਨ


ਜਗਦੀਸ਼ਰ ਸਿੰਘ ਕਲੇਰ


ਗੁਰਚਰਨ ਸਿੰਘ ਗਰੇਵਾਲ


ਹਰਜੀਤ ਸਿੰਘ ਸਾਹੀ


ਦਰਸ਼ਨ ਸਿੰਘ ਦਰੜ


ਮਨਦੀਪ ਸਿੰਘ ਭੂਰਾ


ਜੈਦੇਵ ਸਿੰਘ ਭੱਠਲ


ਪਰਮਿੰਦਰ ਸਿੰਘ ਵਾਲੀਆ


ਅਮਰੀਕ ਸਿੰਘ


ਜਸਕਰਨ ਸਿੰਘ ਧਾਲੀਵਾਲ


ਡਾ. ਤੇਜਿੰਦਰ ਸਿੰਘ ਮੰਡੇਰ



ਅਵਤਾਰ ਸਿੰਘ ਸਪਰਿੰਗਫੀਲਡ


ਗੁਲਜ਼ਾਰ ਸਿੰਘ ਮੁਲਤਾਨੀ



ਰਾਜਿੰਦਰ ਸਿੰਘ ਬੈਂਸ


ਗੁਰਵੀਰ ਸਿੰਘ ਗਿੱਲ


ਜਸਵੀਰ ਕੌਰ ਢਿਲੋਂ


ਡਾ. ਇਨਕਲਾਬੀ ਬਾਂਦੀ


ਡਾ. ਨਵਦੀਪ ਕੌਰ ਸੰਧੂ



ਬਲਵਿੰਦਰ ਕੌਰ (ਨਿੱਕੀ) ਸੇਖੋਂ


ਅੰਮ੍ਰਿਤਪਾਲ ਸਿੰਘ ਸੰਘਾ


ਭੁਪਿੰਦਰ ਸਿੰਘ ਧਾਲੀਵਾਲ


ਰਘਬੀਰ ਸਿੰਘ ਘੁੰਨ


ਸਰਵਣ ਸਿੰਘ ਟਿਵਾਣਾ


ਅਮੋਲਕ ਸਿੰਘ ਗਾਖਲ


ਜੱਸੀ ਗਿੱਲ

**ਪੰਜਾਬ ਟਾਈਮਜ਼**

**ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ**


Published simultaneously from Chicago, California & New York.

Ph: 847-359-0746

*e-mail: punjabtimes1@gmail.com, website: www.punjabtimesusa.com*

# ਹਨੇਰੇ ਰਾਹ

***ਕੈਨੇਡਾ ਵੱਸਦੇ ਲਿਖਾਰੀ ਹਰਪ੍ਰੀਤ ਸੇਖਾ (ਕੈਨੇਡਾ) ਦਾ ਨਾਵਲ ‘ਹਨੇਰੇ ਰਾਹ’ ਟਰੱਕਿੰਗ ਸਨਅਤ ਨਾਲ ਜੁੜੀਆਂ ਹਕੀਕਤਾਂ ਦੇ ਰੂ-ਬ-ਰੂ ਕਰਵਾਉਂਦਾ ਹੈ। ਬਤੌਰ ਲਿਖਾਰੀ ਉਹਦੀ ਅੱਖ ਉਹ ਹਨੇਰੇ ਖੂੰਜੇ ਵੀ ਫਰੋਲ ਲੈਂਦੀ ਹੈ ਜਿਹੜੇ ਆਮ ਕਰ ਕੇ ਅੱਖਾਂ ਤੋਂ ਓਹਲੇ ਰਹਿ ਜਾਂਦੇ ਹਨ। ਉਸ ਦੀ ਮਾਨਵਤਾਵਾਦੀ ਅਤੇ ਯਥਾਰਥਵਾਦੀ ਪਹੁੰਚ ਉਸ ਦੀਆਂ ਰਚਨਾਵਾਂ ਲਈ ਸੋਨੇ ‘ਤੇ ਸੁਹਾਗੇ ਵਾਲਾ ਕੰਮ ਕਰਦੀ ਹੈ। ‘ਹਨੇਰੇ ਰਾਹ’ ਅਸਲ ਵਿਚ ਮੁਸੀਬਤਾਂ ਝਾਗਦੇ ਮਨੁੱਖ ਦੇ ਰਾਹ ਰੁਸ਼ਨਾਉਣ ਵੱਲ ਵਧਾਏ ਕਦਮ ਹਨ। ਇਸ ਤੋਂ ਪਹਿਲਾਂ ਉਹ ਕੈਨੇਡਾ ਦੀ ਟੈਕਸੀ ਸਨਅਤ ਬਾਰੇ ਅਹਿਮ ਕਿਤਾਬ ‘ਟੈਕਸੀਨਾਮਾ’ (2012) ਰਚ ਚੁੱਕਾ ਹੈ ਜੋ ‘ਪੰਜਾਬ ਟਾਈਮਜ਼’ ਦੇ ਪਾਠਕ ਲੜੀਵਾਰ ਪੜ੍ਹ ਚੁੱਕੇ ਹਨ। ਉਸ ਦੇ ਚਾਰ ਕਹਾਣੀ ਸੰਗ੍ਰਹਿ ‘ਬੀ ਜੀ ਮੁਸਕਰਾ ਪਏ’ (2006), ‘ਬਾਰਾਂ ਬੂਹੇ’ (2013), ‘ਪ੍ਰਿਜ਼ਮ’ (2017) ਅਤੇ ‘ਲੂਣਦਾਨੀ’ (2023) ਛਪ ਚੁੱਕੇ ਹਨ। ‘ਡੱਗੀ’ (2020) ਉਸ ਦੀਆਂ 2017 ਤੱਕ ਛਪੀਆਂ ਸਾਰੀਆਂ ਕਹਾਣੀਆਂ ਦਾ ਸੰਗ੍ਰਹਿ ਹੈ। ਉਹਦੀਆਂ ਰਚਨਾਵਾਂ ਹਿੰਦੀ ਤੇ ਅੰਗਰੇਜ਼ੀ ਵਿਚ ਅਨੁਵਾਦ ਹੋ ਚੁੱਕੀਆਂ ਹਨ।***




## ਆਖਰੀ ਕਿਸ਼ਤ

## ਤੁਸੀਂ ਪੜ੍ਹ ਚੁੱਕੇ ਹੋ...

***ਕੈਨੇਡਾ ਵਿਚ ਇੱਕ ਹਾਦਸੇ ਦੌਰਾਨ ਗੁਰਸੀਰ ਸਿੰਘ ਦੇ ਭਣੋਈਏ ਦੀ ਮੌਤ ਹੋ ਜਾਂਦੀ ਹੈ। ਆਪਣੇ ਟੱਬਰ ਦੀ ਸਲਾਹ ਅਤੇ ਹੋਰ ਗਿਣਤੀਆਂ-ਮਿਣਤੀਆਂ ਤੋਂ ਬਾਅਦ ਉਹ ਭਣੋਈਏ ਦੇ ਸਸਕਾਰ ਮੌਕੇ ਕੈਨੇਡਾ ਪੁੱਜ ਜਾਂਦਾ ਹੈ। ਇਸੇ ਤਰ੍ਹਾਂ ਇਕ ਹੋਰ ਨੌਜਵਾਨ ਕਰਨਵੀਰ ਦੀ ਕਹਾਣੀ ਹੈ ਜੋ ਸਪੇਨ ਤੋਂ ਕੈਨੇਡਾ ਪੁੱਜਿਆ ਹੈ। ਕੈਨੇਡਾ ਵਿਚ ਆਪਣੇ ਪੈਰ ਲਾਉਣ ਲਈ ਜਗਸੀਰ ਅਤੇ ਕਰਨਵੀਰ ਦੀ ਜੱਦੋ-ਜਹਿਦ ਸ਼ੁਰੂ ਹੋ ਜਾਂਦੀ ਹੈ। ਕਰਨਵੀਰ ਨੂੰ ਟਰੱਕ ਦਾ ਲਾਇਸੈਂਸ ਲੈਣ ਲਈ ਜੋ ਜਫਰ ਪਾਲਣੇ ਪੈ ਰਹੇ ਹਨ, ਉਹ ਆਪਣੀ ਕਹਾਣੀ ਆਪ ਹੈ। ਟਰੱਕ ਸਨਅਤ ਵਿਚ ਪੈਰ-ਪੈਰ ‘ਤੇ ਧੱਕਾ ਅਤੇ ਸ਼ੋਸ਼ਣ। ਇਸੇ ਦੌਰਾਨ ਉਸ ਦੀ ਨੇੜਤਾ ਜੀਤੀ ਨਾਂ ਦੀ ਇਕ ਸਟੂਡੈਂਟ ਨਾਲ ਵਧ ਜਾਂਦੀ ਹੈ। ਸਮਾਂ ਪਾ ਕੇ ਗੁਰਸੀਰ ਦਾ ਭਰਾ ਬਲਵੀਰ ਅਤੇ ਪਤਨੀ ਅਮ੍ਰਿਤ ਵੀ ਕੈਨੇਡਾ ਪੁੱਜ ਜਾਂਦੇ ਹਨ। ਕੈਨੇਡਾ ਵਿਚ ਪੱਕੇ ਹੋਣ ਖਾਤਰ ਗੁਰਸੀਰ ਅਤੇ ਕਰਨਵੀਰ ਅੰਤਾਂ ਦਾ ਸ਼ੋਸ਼ਣ ਸਹਾਰਦੇ ਹਨ। ਹੁਣ ਪੜ੍ਹੋ ਇਸ ਨਾਵਲ ਦੀ ਆਖਰੀ ਕਿਸ਼ਤ...***

ਕੋਕਾਹਾਲਾ ਪਹਾੜੀ ‘ਤੇ ਟਰੱਕ ਚੜ੍ਹਾਉਂਦਿਆਂ ਗੁਰਸੀਰ ਦੇ ਦਿਮਾਗ਼ ਵਿਚ ਟਰੱਕ ਚਲਾਉਣ ਦੇ ਪਹਿਲੇ ਦਿਨ ਆ ਗਏ। ਜਦੋਂ ਉਸਤਾਦ ਦੀ ਉਡੀਕ ‘ਚ ਲੰਘਾਈ ਸਾਰੀ ਦਿਹਾੜੀ ਤੋਂ ਬਾਅਦ ਉਸ ਨੂੰ ਇੱਥੇ ਪਹੁੰਚਦਿਆਂ ਤਕ ਨੀਂਦ ਆਉਣ ਲੱਗ ਜਾਂਦੀ ਸੀ ਤੇ ਗੁਰਸੀਰ ਨੂੰ ਲਗਦਾ ਕਿ ਟਰੱਕ ਹੁਣ ਡੋਲਿਆ ਤੇ ਹੁਣ ਕਿਸੇ ਡੂੰਘੀ ਖਾਈ ਵਿਚ ਡਿੱਗਿਆ। ਆਪਣੇ ਉਨ੍ਹਾਂ ਦਿਨਾਂ ਨੂੰ ਯਾਦ ਕਰ ਕੇ ਗੁਰਸੀਰ ਨੇ ਕਨੱਖੀ ਅੱਖ ਨਾਲ਼ ਕਰਨਵੀਰ ਵੱਲ ਦੇਖਿਆ। ਗੁਰਸੀਰ ਦੇ ਅੰਦਰੋਂ ਕੁਝ ਪਿਘਲ਼ਣ ਲੱਗਾ। ਫਿਰ ਉਸ ਨੇ ਸੋਚਿਆ, ‘ਪਤਾ ਨਹੀਂ ਰਾਤ ਨੂੰ ਸੌਣ ਦੇਵੇਗਾ ਵੀ ਕਿ ਨਹੀਂ, ਕਹਿੰਦਾ ਕਿ ਗੇਅਰਾਂ ਵਾਲ਼ਾ ਟਰੱਕ



ਚਲਾਇਆ ਨੀ ਕਦੇ। ਨਾਲ਼ੇ ਟਰੇਨਿੰਗ ਦਿਉ ਨਾਲ਼ੇ ਕਮਾਈ ਅੱਧੋ-ਅੱਧ।’

‘ਅੱਧੋ-ਅੱਧ ਕਿੱਥੇ ਹੋਣੀ ਐ। ਇਹਦੀ ਪਹਿਲੇ ਗੇੜੇ ਦੀ ਤਾਂ ਸ਼ਮਿੰਦਰ ਨੇ ਵਿਚੇ ਹੀ ਖਾ ਜਾਣੀ ਐ’,

**ਹਰਪ੍ਰੀਤ ਸੇਖਾ**
**ਫੋਨ: +1-778-231-1189**

ਇਸ ਸੋਚ ਨਾਲ਼ ਗੁਰਸੀਰ ਦੇ ਮਨ ਵਿਚ ਇਕ ਵਾਰ ਆਇਆ ਕਿ ਉਹ ਕਰਨਵੀਰ ਨੂੰ ਬੁਲਾ ਲਵੇ। ਉਸ ਨੇ ਕਰਨਵੀਰ ਵੱਲ ਦੇਖਿਆ ਵੀ, ਉਹ ਆਪਣੀਆਂ ਸੋਚਾਂ ਵਿਚ ਗੁੰਮ ਸੀ, ਤੇ ਗੁਰਸੀਰ ਦੇ ਮਨ ਦੀ ਪਿਘਲਾਹਟ ਵੀ ਬਹੁਤੀ ਦੇਰ ਨਾ ਟਿਕੀ। ਉਸ ਨੂੰ ਆਪਣੇ ਅਗਲੇ ਦਿਨ ਦਿਸਣ ਲੱਗੇ। ਉਸ ਨੂੰ ਲਗਦਾ ਨਹੀਂ ਸੀ ਕਿ ਇਸ ਗੇੜੇ ਤੋਂ ਬਾਅਦ ਵੀ ਸ਼ਮਿੰਦਰ ਉਸ ਨੂੰ ਸਪੌਂਸਰਸ਼ਿਪ ਵਾਲੀ ਚਿੱਠੀ ਦੇਵੇਗਾ।

ਜਦੋਂ ਗੁਰਸੀਰ ਦੇ ਦਿਮਾਗ਼ ਵਿਚ ਮੁੜ ਇਹ ਆ ਗਿਆ ਕਿ ਜਿਸ ਡਰਾਈਵਰ ਨੂੰ ਉਸ ਨੇ ਟਰੇਂਡ ਕਰਨਾ ਹੈ, ਉਸੇ ਨੇ ਉਸ ਵਾਲੀ ਥਾਂ ਲੈ ਲੈਣੀ ਹੈ ਤਾਂ ਗੁਰਸੀਰ ਅੰਦਰ ਕਰਨਵੀਰ ਪ੍ਰਤੀ ਕਠੋਰਤਾ ਫੇਰ ਵਧ ਗਈ।

ਰੈਵਲਸਟੋਕ ਜਾ ਕੇ ਗੁਰਸੀਰ ਨੇ ਟਰੱਕ ਰੋਕਿਆ। ਟਿਮ ਹੌਰਟਨ ‘ਤੇ ਜਾ ਕੇ ਵਾਸ਼ਰੂਮ ਵਿਚ ਵੜ ਗਿਆ। ਕਰਨਵੀਰ ਮਗਰ ਹੀ ਤੁਰ ਪਿਆ। ਗੁਰਸੀਰ ਨੇ ਆਪਣੇ ਲਈ ਕੌਫ਼ੀ ਲੈ ਲਈ। ਮਗਰ ਹੀ ਕਰਨਵੀਰ ਨੇ ਖਰੀਦ ਲਈ। ਟਰੱਕ ‘ਚ ਮੁੜ ਬੈਠਦਾ ਗੁਰਸੀਰ ਬੋਲਿਆ, “ਕੈਲਗਰੀ ਲੰਘ ਕੇ ਤੂੰ ਟਰੱਕ ਚਲਾਉਣੈ। ਪਿੱਛੇ ਜਾ ਕੇ ਸੌਂ ਜਾ।”

ਕਰਨਵੀਰ ਕੈਬਿਨ ਵਿਚ ਜਾ ਕੇ ਲੇਟ ਗਿਆ। ਕੌਫ਼ੀ ਦੀ ਉਸ ਨੇ ਘੁੱਟ ਵੀ ਨਹੀਂ ਸੀ ਭਰੀ। ਉਸ ਨੂੰ ਲੱਗਿਆ ਕਿ ਕੌਫ਼ੀ ਪੀਣ ਬਾਅਦ ਤਾਂ ਨੀਂਦ ਬਿਲਕੁਲ ਹੀ ਨਹੀਂ ਆਵੇਗੀ ਪਰ ਨੀਂਦ ਉਸ ਨੂੰ ਬਿਨ ਕੌਫ਼ੀ ਪੀਤਿਆਂ ਵੀ ਨਾ ਆਈ।

ਕੈਲਗਰੀ ਪਹੁੰਚ ਕੇ ਗੁਰਸੀਰ ਨੇ ਸੋਚਿਆ ਕਿ ਉਹ ਆਪ ਹੀ ਟਰੱਕ ਚਲਾਈ ਜਾਵੇ। ਜਦੋਂ ਨੀਂਦ ਆਉਣ ਲੱਗੀ ਟਰੱਕ ਸਟਾਪ ‘ਤੇ ਰੋਕ ਕੇ ਸੌਂ ਜਾਵੇ। ਤੜਕੇ ਉੱਠ ਕੇ ਉੱਥੋਂ ਆਪ ਹੀ ਫਿਰ ਟਰੱਕ ਚਲਾਉਣ ਲੱਗ ਪਵੇ। ਬਰਫ਼ਬਾਰੀ ਦਾ ਬਹਾਨਾ ਉਸ ਨੂੰ ਮਿਲ ਗਿਆ ਸੀ। ਇਹ ਭਾਵੇਂ ਬਹੁਤ ਹੀ ਥੋੜ੍ਹੀ ਸੀ। ਸੜਕ ਉੱਪਰ ਟਿਕਦੀ ਵੀ ਨਹੀਂ ਸੀ ਪਰ ਨਵੇਂ ਡਰਾਈਵਰ ਨੂੰ ਟਰੱਕ ਨਾ ਫੜਾਉਣ ਲਈ ਇਹ ਪੱਜ ਗੁਰਸੀਰ ਨੂੰ ਕਾਫੀ ਲਗਦਾ ਸੀ। ਪਿੱਛੋਂ ਬੈਂਫ ਸ਼ਹਿਰ ਦੇ ਰੌਕੀ ਪਰਬਤਾਂ ਕੋਲੋਂ ਨਿੱਕੇ ਨਿੱਕੇ ਵਿਰਲੇ-ਟਾਵੇਂ ਬਰਫ਼ ਦੇ ਫੰਭੇ ਡਿੱਗਣੇ ਸ਼ੁਰੂ ਹੋ ਗਏ ਸਨ। ਫਿਰ ਗੁਰਸੀਰ ਦੇ ਚਿੱਤ ‘ਚ ਆਈ ਕਿ ਹੋ ਸਕਦਾ ਹੈ ਕਿ ਸ਼ਮਿੰਦਰ ਵਾਪਸ ਮੁੜਦੇ ਨੂੰ ਸਪੌਂਸਰਸ਼ਿਪ ਲੈਟਰ ਦੇ ਹੀ ਦੇਵੇ। ਇਹ ਸੋਚ ਕੇ ਗੁਰਸੀਰ ਦੇ ਮਨ ਵਿਚ ਆਈ ਕਿ ਉਹ ਕਰਨਵੀਰ ਨੂੰ ਗੇਅਰ ਪਾਉਣੇ ਦੱਸ ਕੇ ਟਰੱਕ ਫੜਾ ਹੀ ਦੇਵੇ। ਉਸ ਨੂੰ ਨੀਂਦ ਵੀ ਆਉਣ ਲੱਗੀ ਸੀ। ਕੈਲਗਰੀ ਲੰਘ ਕੇ ਟਰੱਕ ਸਟਾਪ ‘ਚ ਵਾਸ਼ਰੂਮ ਜਾ ਕੇ ਮੁੜਦਾ ਗੁਰਸੀਰ ਬੋਲਿਆ, “ਆ ਜਾ, ਤੇਰੀ ਵਾਰੀ ਆ।”



“ਵੀਰੇ, ਗੇਅਰਾਂ ਵਾਲ਼ਾ...।” ਕਰਨਵੀਰ ਨੇ ਗੱਲ ਪੂਰੀ ਵੀ ਨਹੀਂ ਸੀ ਕੀਤੀ ਕਿ ਗੁਰਸੀਰ ਬੋਲਿਆ, “ਕਰਾਂਗੇ ਨਾ ਕੁਛ।”

ਇਹ ਸੁਣ ਕੇ ਕਰਨਵੀਰ ਕੁਝ ਹੌਸਲੇ ‘ਚ ਹੋ ਗਿਆ। ਉਹ ਗੁਰਸੀਰ ਨੂੰ ਗੇਅਰ ਬਦਲਦੇ ਦੇਖਦਾ ਆਇਆ ਸੀ। ਉਸ ਨੂੰ ਕੁਝ ਤੱਕ ਆ ਗਈ ਸੀ।

“ਟਰੈਕਟਰ ਚਲਾਇਐ ਇੰਡੀਆ?” ਗੁਰਸੀਰ ਨੇ ਪੁੱਛਿਆ।

“ਨਹੀਂ ਜੀ ਪਰ ਗੇਅਰਾਂ ਵਾਲੀ ਕਾਰ ਚਲਾਈ ਏ।”

“ਚੱਲ ਨੱਪ ਕਲੱਚ।”

ਕਰਨਵੀਰ ਨੇ ਕਲੱਚ ਨੱਪ ਦਿੱਤਾ। ਗੁਰਸੀਰ ਨੇ ਪਹਿਲਾ ਗੇਅਰ ਪਾ ਦਿੱਤਾ। ਫਿਰ ਬੋਲਿਆ, “ਪਹਿਲੇ ਗੇਅਰ ਸਾਰੇ ਏਧਰੋਂ ਪੈਂਦੇ ਆ। ਆਹ ਲੀਵਰ ਨੱਪ ਕੇ ਉੱਤਲੇ ਗੇਅਰ ਫੇਰ ਏਥੋਂ ਹੀ ਪੈਂਦੇ ਆ। ਅਠਾਰਵੇਂ ਗੇਅਰ ਤਾਈਂ ਚਲੇ ਜਾਂਦੇ ਆ ਪਰ ਤੂੰ ਉੱਪਰਲੇ ਨਹੀਂ ਪਾਉਣੇ, ਸਨੋਅ ਪੈਂਦੀ ਐ। ਘੇਅਰ ’ਤੇ ਹੱਥ ਰੱਖੀਂ। ਸਪੀਡ ਨਾਲ਼ ਮੈਚ ਕਰ ਕੇ ਅਗਲਾ ਪਾਈ ਜਾਈਂ।”

ਪਹਿਲੇ ਕੁਝ ਗੇਅਰ ਗੁਰਸੀਰ ਨੇ ਆਪ ਹੀ ਪਾ ਦਿੱਤੇ, ਫਿਰ ਕਰਨਵੀਰ ਨੂੰ ਪਾਉਣ ਦਿੱਤੇ। ਕਰਨਵੀਰ ਤੋਂ ਗੇਅਰ ਘਸੜਦੇ ਸਨ। ਉਸ ਨੂੰ ਗੁਰਸੀਰ ਤੋਂ ਡਰ ਵੀ ਲੱਗ ਰਿਹਾ ਸੀ ਕਿ ਮੁੜ ਗੁੱਸੇ ਨਾ ਹੋ ਜਾਵੇ। ਫਿਰ ਉਸ ਨੂੰ ਹੌਲ਼ੀ ਹੌਲ਼ੀ ਕੁਝ ਹਿਸਾਬ ਜਿਹਾ ਆ ਗਿਆ। ਸਪੇਨ ਵਿਚ ਉਹ ਹੱਥੀਂ ਗੇਅਰਾਂ ਵਾਲੀ ਕਾਰ ਚਲਾਉਂਦਾ ਆਇਆ ਸੀ। ਟਰੱਕ ਜਦੋਂ ਨੌਵੇਂ ਗੇਅਰ ਵਿਚ ਪੈ ਗਿਆ ਤਾਂ ਗੁਰਸੀਰ ਬੋਲਿਆ, “ਹੁਣ ਰਾਹ ਸਿੱਧਾ ਐ। ਸੱਤਰ-ਅੱਸੀ ਦੀ ਸਪੀਡ ਰੱਖੀਂ। ਮੈਡੀਸਨ ਸ਼ਹਿਰ ਤਕ ਤਾਂ ਕੋਈ ਲਾਈਟ ਵੀ ਨਹੀਂ ਆਉਣੀ। ਉਸ ਤੋਂ ਬਾਅਦ ਇਕੜ -ਦੁੱਕੜ ਜੇ ਕੋਈ ਆਈ ਤਾਂ ਰਾਤ ਨੂੰ ਉਹ ਗਰੀਨ ਈ ਹੁੰਦੀ ਐ। ਜੇ ਰੈੱਡ ਹੋ ਵੀ ਗਈ ਤਾਂ ਪਹਿਲਾਂ ਹੀ ਟਰੱਕ ਥੋੜ੍ਹਾ ਜਾ ਹੌਲ਼ੀ ਕਰ ਲਵੀਂ। ਗੇਅਰ ਨੀ ਬਦਲਣਾ ਪੈਂਦਾ।”

“ਠੀਕ ਐ।”

ਗੁਰਸੀਰ ਕੁਝ ਦੇਰ ਹੋਰ ਉਸ ਨੂੰ ਟਰੱਕ ਚਲਾਉਂਦੇ ਨੂੰ ਦੇਖਦਾ ਰਿਹਾ। ਫਿਰ ਬੋਲਿਆ, “ਲਈ ਚੱਲ। ਮੈਨੂੰ ਤਾਂ ਆਉਂਦੀ ਐ ਨੀਂਦ ਹੁਣ।”

ਇਹ ਆਖ ਕੇ ਗੁਰਸੀਰ ਕੈਬਿਨ ‘ਚ ਜਾ ਕੇ ਲੇਟ ਗਿਆ।

ਬਰੁਕਸ ਸ਼ਹਿਰ ਨੇੜੇ ਆਇਆ ਤਾਂ ਕਰਨਵੀਰ ਨੇ ਟਰੱਕ ਦੀ ਸਪੀਡ ਸੱਤਰ ਤੋਂ ਸੱਠ ਕਰ ਲਈ। ਬਰਫ਼ ਦੇ ਫੰਭੇ ਵੱਡੇ ਹੋ ਗਏ ਸਨ। ਸ਼ਹਿਰ ਲੰਘਣ ਤੋਂ ਬਾਅਦ ਵੀ ਉਸ ਨੇ ਉਹੀ ਸਪੀਡ ਰੱਖੀ। ਬਰਫ਼ਬਾਰੀ ਕੁਝ ਤੇਜ਼ ਹੋ ਹਈ। ਟਰੱਕ ਦੇ ਵਾਈਪਰ ਮੂਹਰਲੇ ਸ਼ੀਸ਼ੇ ਨੂੰ ਚੰਗੀ ਤਰ੍ਹਾਂ ਸਾਫ਼ ਨਹੀਂ ਸੀ ਕਰ ਰਹੇ। ਸ਼ੀਸ਼ੇ ‘ਤੇ ਧਾਰੀਆਂ ਪਾਉਂਦੇ ਸਨ। ਆਵਾਜ਼ ਵੀ ਕਰਦੇ ਸਨ। ਕਰਨਵੀਰ ਨੇ ਸੋਚਿਆ ਕਿ ਇਹ ਸ਼ਾਇਦ ਅਚਾਨਕ ਬਦਲੇ ਹੋਏ ਮੌਸਮ ਕਰ ਕੇ ਕਰ ਰਹੇ ਸਨ। ਜਦੋਂ ਉਹ ਸਰੀ ਤੋਂ ਤੁਰੇ ਸਨ, ਉੱਥੇ ਅਪਰੈਲ ਮਹੀਨੇ ਦੀ ਨਿੱਘੀ ਧੁੱਪ ਦੀ ਗਰਮਾਇਸ਼ ਕਾਰਨ ਜੈਕਟ ਵੀ ਨਹੀਂ ਸੀ ਪੈਂਦੀ। ਰੈਵਲਸਟੋਕ ਜਿੱਥੋਂ ਉਹ ਟਰੱਕ ਦੇ ਕੈਬਿਨ ਵਿਚ ਚਲਿਆ ਗਿਆ ਸੀ, ਵੀ ਬਰਫ਼ਬਾਰੀ ਦੀ ਕੋਈ ਸੰਭਾਵਨਾ ਨਹੀਂ ਸੀ ਲਗਦੀ। ਕਰਨਵੀਰ ਨੇ ਸੋਚਿਆ ਕਿ ਵਿੰਡਸ਼ੀਲਡ ਵਾਸ਼ਰ ਚਲਾਉਣ ਨਾਲ਼ ਸ਼ੀਸ਼ਾ ਚੰਗੀ ਤਰ੍ਹਾਂ ਸਾਫ਼ ਹੋ ਜਾਵੇਗਾ। ਉਹ ਕਾਹਲੀ ਨਾਲ਼ ਵਿੰਡਸ਼ੀਲਡ ਵਾਸ਼ਰ ਵਾਲ਼ਾ ਬਟਨ ਲੱਭਣ ਲੱਗਾ। ਟਰੱਕ ਵਿਚ ਚੜ੍ਹਨ ਸਮੇਂ ਅਤੇ ਬਾਕੀ ਸਾਰੇ ਰਾਹ ਟਰੱਕ ਦੇ ਇਕੱਲੇ ਇਕੱਲੇ ਬਟਨ ਬਾਰੇ ਜਾਣਕਾਰੀ ਲੈਣ ਦਾ ਮੌਕਾ ਹੀ ਨਹੀਂ ਸੀ ਬਣਿਆ। ਕਰਨਵੀਰ ਦੇ ਚਿੱਤ ‘ਚ ਆਈ ਕਿ ਆਵਾਜ਼ ਮਾਰ ਕੇ ਗੁਰਸੀਰ ਨੂੰ ਪੁੱਛ ਲਵੇ ਪਰ ਫਿਰ ਉਸ ਨੇ ਆਪਣੇ ਆਪ ਨੂੰ ਰੋਕ ਲਿਆ। ਘਬਰਾਹਟ ਉਸ ਅੰਦਰ ਭਾਰੀ ਹੋ ਰਹੀ ਸੀ। ਹੱਥ ਮਾਰਦਿਆਂ ਉਸ ਨੂੰ ਬਟਨ ਲੱਭਿਆ ਤਾਂ ਉਸ ਨੂੰ ਨੱਪੇ ਤੋਂ ਵਾਸ਼ਰ ਨਾ ਨਿਕਲਿਆ। ਬਟਨ ਲੱਭਦਿਆਂ ਨੱਪਦਿਆਂ ਕਰਨਵੀਰ ਤੋਂ ਟਰੱਕ ਡੋਲ ਗਿਆ ਪਰ ਉਸ ਨੇ ਸੰਭਾਲ਼ ਲਿਆ। ਨਾਲ਼ ਦੀ ਲੇਨ ਵਿਚੋਂ ਲੰਘਦੇ ਟਰੱਕ ਨੇ ਪੋਲਾ ਜਿਹਾ ਹਾਰਨ ਮਾਰਿਆ। ਕਰਨਵੀਰ ਨੇ ਉੱਧਰ ਦੇਖਿਆ। ਡਰਾਈਵਰ ਉਸ ਨੂੰ ਸ਼ੀਸ਼ਾ ਥੱਲੇ ਕਰਨ ਦਾ ਇਸ਼ਾਰਾ ਕਰ ਰਿਹਾ ਸੀ। ਬਟਨ ਲੱਭ ਕੇ ਉਸ ਨੇ ਸ਼ੀਸ਼ਾ ਥੱਲੇ ਕੀਤਾ ਤਾਂ ਡਰਾਈਵਰ ਨੇ ਪੁੱਛਿਆ, “ਤੂੰ ਠੀਕ ਐਂ?”

“ਹਾਂ ਹਾਂ, ਮੈਂ ਠੀਕ ਹਾਂ।” ਕਰਨਵੀਰ ਨੇ ਜਵਾਬ ਦਿੱਤਾ।

“ਜੇ ਨੀਂਦ ਆਉਂਦੀ ਐ ਤਾਂ ਪਾਸੇ ਲਾ ਕੇ ਸੌਂ ਜਾ।” ਡਰਾਈਵਰ ਨੇ ਕਿਹਾ।

“ਨਹੀਂ ਨਹੀਂ ਮੈਂ ਠੀਕ ਹਾਂ।”

“ਡਰਾਈਵ ਸੇਫ਼।” ਆਖ ਕੇ ਡਰਾਈਵਰ ਅੱਗੇ ਲੰਘ ਗਿਆ। ਕਰਨਵੀਰ ਹੋਰ ਵੀ ਸਾਵਧਾਨੀ ਨਾਲ਼ ਟਰੱਕ ਚਲਾਉਣ ਲੱਗਾ। ਉਸ ਨੇ ਸਾਰੇ ਦਾ ਸਾਰਾ ਅੱਖਾਂ ਬਣ ਕੇ ਸੜਕ ‘ਤੇ ਨਿਗ੍ਹਾ ਟਿਕਾ ਲਈ। ਧੁੰਦਲੇ ਸ਼ੀਸ਼ੇ ਵਿਚੋਂ ਅੱਖਾਂ ਪਾੜ-ਪਾੜ ਦੇਖਦੇ ਦੀਆਂ ਅੱਖਾਂ ਦੁਖਣ ਲੱਗੀਆਂ। ਮੂਹਰੇ ਮੈਡੀਸਨ ਸ਼ਹਿਰ ਆ ਗਿਆ। ਸੜਕ ‘ਤੇ ਬੱਤੀਆਂ ਦਾ ਚਾਨਣ ਹੋ ਗਿਆ। ਸੜਕ ਸੁੰਨ-ਮਸਾਣ ਸੀ। ਮੂਹਰੇ ਹਰੀ ਬੱਤੀ ਸੀ। ਕਰਨਵੀਰ ਦੇ ਚਿੱਤ ਵਿਚ ਆਈ ਕਿ ਉਹ ਇਨ੍ਹਾਂ ਬੱਤੀਆਂ ਤੋਂ ਮੁੜ ਕੇ ਕਿਸੇ ਗੈਸ ਸਟੇਸ਼ਨ ਤੋਂ ਵਿੰਡਸ਼ੀਲਡ ਵਾਸ਼ਰ ਲੈ ਕੇ ਟਰੱਕ ਵਿਚ ਪਾ ਲਵੇ। ਉਸ ਨੇ ਟਰੱਕ ਹੌਲ਼ੀ ਕਰ ਲਿਆ ਪਰ ਅਗਲੇ ਹੀ ਪਲ ਉਸ ਨੇ ਸੋਚਿਆ ਕਿ ਇਸ ਬਾਰੇ ਉਸ ਨੂੰ ਗੁਰਸੀਰ ਨੂੰ ਪੁੱਛਣਾ ਪਵੇਗਾ। ਗੁਰਸੀਰ ਦਾ ਸੁੱਜਿਆ ਚਿਹਰਾ ਯਾਦ ਕਰ ਕੇ ਉਸ ਨੇ ਬੱਤੀ ਤੋਂ ਮੁੜਨ ਵਾਲ਼ਾ ਵਿਚਾਰ ਛੱਡ ਦਿੱਤਾ ਪਰ ਇੰਨੇ ਚਿਰ ਵਿਚ ਬੱਤੀ ਲਾਲ ਹੋ ਗਈ। ਕਰਨਵੀਰ ਨੂੰ ਟਰੱਕ ਰੋਕਣਾ ਪਿਆ। ਉਸ ਨੇ ਸੋਚਿਆ ਕਿ ਟਰੱਕ ਹੁਣ ਰੁਕਿਆ ਤਾਂ ਹੈ ਹੀ, ਸ਼ਹਿਰ ਵੱਲ ਮੋੜ ਹੀ ਲਵੇ। ਉਸ ਨੇ ਮਨ ਕਰੜਾ ਕਰ ਕੇ ਗੁਰਸੀਰ ਨੂੰ ਪੁੱਛਣ ਲਈ ਮੂੰਹ ਪਿਛਾਂਹ ਵੱਲ ਭੁੰਵਾਇਆ ਵੀ ਪਰ ਆਵਾਜ਼ ਦੇਣ ਲਈ ਉਸ ਦਾ ਜੇਰਾ ਨਾ ਪਿਆ।

ਬੱਤੀ ਮੁੜ ਹਰੀ ਹੋ ਗਈ। ਕਰਨਵੀਰ ਨੇ ਤੋਰਨ ਲਈ ਟਰੱਕ ਪਹਿਲੇ ਗੇਅਰ ਵਿਚ ਪਾ ਲਿਆ। ਟਰੱਕ ਹੁਝਕੇ ਮਾਰਦਾ ਹੌਲ਼ੀ ਹੌਲ਼ੀ ਅੱਗੇ ਵਧਿਆ। ਕਰਨਵੀਰ ਨੂੰ ਲੱਗਾ ਕਿ ਇਸ ਤਰ੍ਹਾਂ ਟਰੱਕ ਤਿਲਕ ਸਕਦਾ ਸੀ। ਗੇਅਰ ਅਤੇ ਸਪੀਡ ਦਾ ਤਾਲਮੇਲ ਬਿਠਾਉਣ ਦੀ ਕੋਸ਼ਿਸ਼ ਕਰਦਾ ਉਹ ਰੋਣਹਾਕਾ ਹੋ ਗਿਆ ਪਰ ਉਸ ਤੋਂ ਇਹ ਬੈਠ ਨਹੀਂ ਸੀ ਰਿਹਾ। ਪਿੱਛੇ ਕੈਬਿਨ ਵਿਚ ਪਏ ਗੁਰਸੀਰ ਨੂੰ ਲੱਗਾ ਜਿਵੇਂ ਉਨ੍ਹਾਂ ਦਾ ਟਰੱਕ ਰੇਲਵੇ ਲਾਈਨ ਦੇ ਐਨ ਵਿਚਕਾਰ ਜਾ ਕੇ ਖੜ੍ਹ ਗਿਆ ਹੋਵੇ। ਗੱਡੀ ਚੀਕਾਂ ਮਾਰਦੀ ਉਨ੍ਹਾਂ ਵੱਲ ਵਧ ਰਹੀ ਸੀ ਪਰ ਕਰਨਵੀਰ ਤੋਂ ਟਰੱਕ ਅੱਗੇ-ਪਿੱਛੇ ਨਹੀਂ ਸੀ ਹੋ ਰਿਹਾ। ਜਿਉਂ ਜਿਉਂ ਗੱਡੀ ਉਨ੍ਹਾਂ ਵੱਲ ਵਧ ਰਹੀ ਸੀ, ਗੁਰਸੀਰ ਹੱਥ ਪੈਰ ਮਾਰਦਾ ਕਰਨਵੀਰ ਨੂੰ ਟਰੱਕ ਤੋਰਨ ਲਈ ਆਖ ਰਿਹਾ ਸੀ ਪਰ ਕਰਨਵੀਰ ਤੋਂ ਟਰੱਕ ਤੁਰ ਨਹੀਂ ਸੀ ਰਿਹਾ। ਗੱਡੀ ਹੋਰ ਨੇੜੇ ਆ ਗਈ, ਜਿਵੇਂ ਉਹ ਟਰੱਕ ਦੇ ਨਾਲ਼ ਟਕਰਾਉਣ ਵਾਲੀ ਹੀ ਹੋਵੇ। ਗੁਰਸੀਰ ਚੀਕਾਂ ਮਾਰਨ ਲੱਗਾ ਪਰ ਉਸ ਦੀ ਚੀਕ ਨਹੀਂ ਨਿਕਲ਼ਦੀ। ਹੜਬੜਾ ਕੇ ਉਸ ਨੇ ਅੱਖਾਂ ਖੋਲ੍ਹ ਦਿੱਤੀਆਂ। ਕੁਝ ਪਲ ਉਸ ਨੂੰ ਪਤਾ ਨਾ ਲੱਗਾ ਕਿ ਉਹ ਕਿੱਥੇ ਸੀ। ਟਰੱਕ ਦੇ ਹੁਝਕੇ ਵੱਜ ਰਹੇ ਸਨ। ਕੁਝ ਪਲ ਉਹ ਭਵੰਤਰਿਆ ਜਿਹਾ ਬੈਠਾ ਰਿਹਾ। ਉਸ ਨੂੰ ਗੇਅਰਾਂ ਦੇ ਘਸੜਣ ਦੀ ਆਵਾਜ਼ ਸੁਣੀ। ਉਹ ਕੁਝ ਸੁਰਤ ਫੜ ਗਿਆ। ਉਸ ਦੇ ਚਿੱਤ ‘ਚ ਆਈ, ‘ਟੁੱਟੇ ਕੋਈ ਗੇਅਰ ਤੇ ਪਤਾ ਲੱਗੇ ਨਾਲ਼ੇ ਸ਼ਮਿੰਦਰ ਨੂੰ ਤੇ ਨਾਲ਼ੇ ਇਹਨੂੰ ਬਈ ਕਿਵੇਂ ਕਿਸੇ ਤੋਂ ਨੌਕਰੀ ਖੋਹੀਦੀ ਆ’ ਪਰ ਉਸ ਨੂੰ ਝੱਟ ਖਿਆਲ ਆ ਗਿਆ ਕਿ ਡਰਾਈਵਰ ਦੀ ਗ਼ਲਤੀ ਨਾਲ਼ ਹੋਇਆ ਖਰਚਾ ਤਾਂ ਸ਼ਮਿੰਦਰ ਨੇ ਦੋਹਾਂ ਡਰਾਈਵਰਾਂ ਸਿਰ ਅੱਧੋ-ਅੱਧ ਪਾ ਦੇਣਾ ਸੀ। ਉਹ ਛੇਤੀ ਨਾਲ਼ ਉੱਠ ਕੇ ਕੈਬਿਨ ਵਿਚੋਂ ਬਾਹਰ ਆਇਆ ਤੇ ਬੋਲਿਆ, “ਭੰਨਣੈ ਟਰੱਕ। ਭੈਅ---। ਮੇਰਾ ਸੰਨੇ-ਸੰਨ ਕੂੰਢਾ ਕਰਵਾਏਂਗਾ।” ਗੁਰਸੀਰ ਦੀ ਅੱਗ ਵਰ੍ਹਾਉਂਦੀ ਆਵਾਜ਼ ਸੁਣ ਕੇ ਕਰਨਵੀਰ ਠਠੰਬਰ ਗਿਆ। ਉਸ ਦਾ ਪਹਿਲਾਂ ਹੀ ਭਰਿਆ-ਪੀਤਾ ਮਨ ਉੱਛਲ ਪਿਆ। ਉਸ ਨੇ ਟਰੱਕ ਨੂੰ ਰੋਕ ਕੇ ਪਾਰਕਿੰਗ ਗੇਅਰ ਵਿਚ ਪਾ ਲਿਆ ਤੇ ਗੁਰਸੀਰ ਵੱਲ ਦੇਖਦਿਆਂ ਕਿਹਾ, “ਵੀਰੇ, ਇਕ ਵਾਰ ਦੱਸ ਤਾਂ ਦਿਓ ਕਿ ਮੇਰਾ ਕਸੂਰ ਕੀ ਏ?” ਇਸ ਤਰ੍ਹਾਂ ਆਖਦੇ ਕਰਨਵੀਰ ਦੀ ਆਵਾਜ਼ ਭਰੜਾ ਗਈ। ਲੇਰ ਮਾਰਨ ਵਰਗੀ ਆਵਾਜ਼ ਨੇ ਗੁਰਸੀਰ ਦੇ ਅੰਦਰ ਨੂੰ ਛੋਹ ਲਿਆ। ਉਸ ਨੇ ਪਹਿਲਾਂ ਨਾਲੋਂ ਢੈਲ਼ੀ ਆਵਾਜ਼ ’ਚ ਕਿਹਾ, “ਕਸੂਰ ਤੇਰਾ ਨਹੀਂ, ਮੇਰਾ ਐ ਜਿਹੜਾ ਤੈਨੂੰ ਨਾਲ਼ ਲੈ ਆਇਆ।”

“ਮੇਰੇ ਨਾਲ਼ ਵੀਰੇ ਇਉਂ ਨਾ ਕਰੋ। ਬਹੁਤ ਮੁਸ਼ਕਲਾਂ ਨਾਲ ਲਿਆ---।” ਆਖਦਾ ਕਰਨਵੀਰ ਰੁਕ ਗਿਆ। ਉਸ ਤੋਂ ਅੱਗੇ ਨਾ ਬੋਲਿਆ ਗਿਆ। ਉਹ ਆਪਣਾ ਮਨ ਕਰੜਾ ਕਰਨ ਲਈ ਬੁੱਲ੍ਹਾਂ ਨੂੰ ਘੁੱਟਣ ਲੱਗਾ। ਗੁਰਸੀਰ ਨੇ ਉਸ ਨੂੰ ਇਸ ਤਰ੍ਹਾਂ ਕਰਦਾ ਦੇਖ ਲਿਆ। ਉਹ ਕੁਝ ਪਲ ਖੜ੍ਹਾ ਰਿਹਾ, ਫਿਰ ਸਵਾਰੀ ਵਾਲੀ ਸੀਟ ‘ਤੇ ਬੈਠ ਗਿਆ।

“ਮਸਾਂ ਲਾਈਸੰਸ ਲਿਆ ਏ। ਹੁਣ ਤੱਕ ਦੀ ਸਾਰੀ ਕਮਾਈ ਤੇ ਕਰਜ਼ਾ ਲੈ ਕੇ ਐੱਲ ਐੱਮ ਆਈ ਏ ਖਰੀਦੀ ਏ। ਛੇ ਮਹੀਨਿਆਂ ਤੋਂ ਕੋਈ ਕਮਾਈ ਨਹੀਂ ਕੀਤੀ। ਜੇ ਮੈਥੋਂ ਕੋਈ ਗ਼ਲਤੀ ਹੋ ਗਈ ਏ ਤਾਂ ਦੱਸੋ? ਪਰ ਇਉਂ ਨਾ ਕਰੋ। ਮਾਫੀ ਮੰਗ ਲੈਨਾ ਵਾਂ, ਜੇ ਕਹੋਂ?” ਆਖਦੇ ਕਰਨਵੀਰ ਦੇ ਬੁੱਲ੍ਹ ਫਰਕਣ ਲੱਗੇ ਤੇ ਉਸ ਨੇ ਆਪਣੇ ਹੱਥ ਗੁਰਸੀਰ ਮੂਹਰੇ ਜੋੜ ਦਿੱਤੇ। ਉਸ ਦੇ ਜੁੜੇ ਹੱਥ ਦੇਖ ਕੇ ਗੁਰਸੀਰ ਨੂੰ ਸੁਪਨਾ ਯਾਦ ਆ ਗਿਆ ਜਿਹੜਾ ਪਿਛਲੇ ਕਈ ਦਿਨਾਂ ਤੋਂ ਉਸ ਦੀ ਨੀਂਦ ਭੰਗ ਕਰ ਰਿਹਾ ਸੀ। ਸੁਪਨੇ ਵਿਚ ਉਹ ਸ਼ਮਿੰਦਰ ਮੂਹਰੇ ਹੱਥ ਜੋੜੀ ਖੜ੍ਹਾ ਹੁੰਦਾ ਤੇ ਸ਼ਮਿੰਦਰ ਪੇਪਰ ਲਹਿਰਾ ਰਿਹਾ ਹੁੰਦਾ। ਉਹ ਪੇਪਰ ਫੜ੍ਹਨ ਲਈ ਹੱਥ ਵਧਾਉਂਦਾ ਪਰ ਪੇਪਰ ਗਾਇਬ ਹੋ ਜਾਂਦਾ ਤੇ ਅਗੋਂ ਦੰਦ ਕੱਢਦਾ ਸ਼ਮਿੰਦਰ ਉਸ ਨੂੰ ਰਾਖ਼ਸ਼ ਲੱਗਣ ਲੱਗਦਾ। ਡਰ ਨਾਲ਼ ਉਸ ਦੀ ਨੀਂਦ ਖੁੱਲ੍ਹ ਜਾਂਦੀ।

ਗੁਰਸੀਰ ਨੇ ਕਰਨਵੀਰ ਦੇ ਜੁੜੇ ਹੱਥ ਆਪਣੇ ਹੱਥਾਂ ‘ਚ ਲੈ ਲਏ ਤੇ ਉਨ੍ਹਾਂ ਨੂੰ ਘੁੱਟ ਕੇ ਬੋਲਿਆ, “ਤੇਰਾ ਕੋਈ ਕਸੂਰ ਨਹੀਂ ਛੋਟੇ ਭਾਈ, ਮਾਲਕ ਨੇ ਲਹੂ ਪੀਤੈ ਮੇਰਾ। ਹਰੇਕ ਨਵਾਂ ਡਰਾਈਵਰ ਮੇਰੇ ਨਾਲ਼ ਭੇਜ ਦਿੰਦੈ। ਪਹਿਲਾਂ ਮੈਂ ਕਦੇ ‘ਤਰਾਜ਼ ਨਹੀਂ ਸੀ ਕੀਤਾ ਪਰ ਹੁਣ ਮਸਾਂ ਮੇਰੀ ਪੀ ਐੱਨ ਪੀ ਦੀ ਵਾਰੀ ਆਈ ਐ। ਨਾ ਸਪੌਂਸਰਸ਼ਿੱਪ ਲੈਟਰ ਦਿੰਦੈ ਨਾ ਨਵਾਂ ਵਰਕ ਪਰਮਿਟ। ਤੈਨੂੰ ਮੈਥੋਂ ਟਰੇਂਡ ਕਰਵਾ ਕੇ, ਮੇਰੀ ਥਾਂ ਹੀ ਬਹਾ ਦੇਣਾ ਉਹਨੇ।”

“ਇਹਦੇ ‘ਚ ਮੇਰਾ ਤਾਂ ਕੋਈ ਕਸੂਰ ਨਹੀਂ ਨਾ, ਵੀਰੇ। ਮੈਂ ਤਾਂ ਆਪਣੇ ਪਰਿਵਾਰ ਦੀ ਜ਼ਿੰਮੇਵਾਰੀ ਨਿਭਾਉਣ ਲਈ ਇਹ ਜੌਬ ਖਰੀਦੀ ਏ। ਮੇਰਾ ਕਾਲਜ ਪੜ੍ਹਦਾ ਛੋਟਾ ਭਰਾ ਏ। ਮਾਂ ਏ, ਵਿਆਹੀ ਭੈਣ ਦੋ ਬੱਚਿਆਂ ਨਾਲ਼ ਪੇਕੀਂ ਆਣ ਬੈਠੀ ਏ।”

ਗੁਰਸੀਰ ਨੇ ਫਿਰ ਉਸ ਦੇ ਹੱਥ ਘੁੱਟੇ ਤੇ ਕਿਹਾ, “ਫ਼ਿਕਰ ਨਾ ਕਰ। ਮੈਂ ਤੇਰੇ ਨਾਲ਼ ਆਂ। ਕਰ ਚਿੱਤ ਕਰੜਾ, ਤੈਨੂੰ ਗੇਅਰ ਪਾਉਣੇ ਸਿਖਾਵਾਂ।”

“ਇਕ ਵਾਰੀ ਟਰੱਕ ਤੁਰਦਾ ਕਰਦਿਓ, ਫੇਰ ਭਾਵੇਂ ਸੌਂ ਜਾਇਓ, ਤੁਹਾਡੀ ਨੀਂਦ ਖ਼ਰਾਬ ਹੁੰਦੀ ਏ।”

“ਨੀਂਦ ਨੂੰ ਮਾਰ ਗੋਲੀ। ਤੈਨੂੰ ਚੰਗੀ ਤਰ੍ਹਾਂ ਸਿਖਾ ਕੇ ਹੀ ਸੌਊਂ ਹੁਣ।” ਆਖਦਿਆਂ ਗੁਰਸੀਰ ਨੇ ਫਿਰ ਕਰਨਵੀਰ ਦੇ ਹੱਥ ਘੁੱਟੇ।

ਕਰਨਵੀਰ ਨੇ ਉਸ ਵੱਲ ਸ਼ੁਕਰਾਨੇ ਨਾਲ਼ ਦੇਖਿਆ ਤੇ ਟਰੱਕ ਗੇਅਰ ਵਿਚ ਪਾ ਲਿਆ। ਤਾਪਮਾਨ ਹੋਰ ਹੇਠ ਚਲਾ ਗਿਆ। ਬਰਫ਼ਬਾਰੀ ਤੇਜ਼ ਹੋ ਗਈ।

ਥੋੜ੍ਹਾ ਜਿਹਾ ਅੱਗੇ ਜਾ ਕੇ ਗੁਰਸੀਰ ਬੋਲਿਆ, “ਛੋਟੇ ਭਾਈ, ਧਿਆਨ ਨਾਲ਼ ਚਲਾਈਂ। ਇਹ ਸਨੋਅ ਉੱਤੋਂ ਈ ਰੂੰਅ ਵਰਗੀ ਨਰਮ ਲਗਦੀ ਐ, ਇਹਦੇ ਹੇਠਾਂ ਸੜਕ ਬਹੁਤ ਸਲਿੱਪਰੀ ਐ।” ਇਹ ਆਖ ਕੇ ਗੁਰਸੀਰ ਨੇ ਅੱਖਾਂ ਮੀਚ ਲਈਆਂ। ਫਿਰ ਅਚਾਨਕ ਬੋਲਿਆ, “ਆਪਣੇ ਵਰਗੇ ਐੱਲ ਐੱਮ ਆਈ ਏ ਵਾਲਿਆਂ ਦੀ ਹੋਣੀ ‘ਤੇ ਹਾਸਾ ਵੀ ਆਉਂਦੈ ਤੇ ਗੁੱਸਾ ਵੀ।” ਆਖਦੇ ਹੋਏ ਗੁਰਸੀਰ ਦੇ ਬੋਲ ਉਦਾਸ ਹੋ ਗਏ। ਉਹ ਮੁੜ ਬੋਲਿਆ, “ਸੜਕ ਦਾ ਹਾਲ ਵੀ ਓਹੀ ਐ ਜਿਹੜਾ ਆਪਣੇ ਵਰਗਿਆਂ ਦਾ ਪੀ ਆਰ ਹੋਣ ਲਈ ਹੋਵੇ। ਜਦੋਂ ਲੱਗਦੈ ਬਈ ਟਿਕਾਣਾ ਆ ਗਿਆ, ਸਾਲਾ ਪਹਿਲਾਂ ਨਾਲੋਂ ਵੀ ਕਸੂਤਾ ਮੋੜ ਆ ਜਾਂਦੈ। ਓਨੀ ਲੰਮੀ ਸੜਕ ਫੇਰ ਦਿਸਣ ਲੱਗ ਜਾਂਦੀ ਐ।”

ਕਰਨਵੀਰ ਨੇ ਮੂੰਹ ਘੁਮਾ ਕੇ ਗੁਰਸੀਰ ਵੱਲ ਦੇਖਿਆ। ਉਸ ਦੇ ਮੂੰਹ ‘ਤੇ ਮੁਰਦੇਹਾਣੀ ਛਾਈ ਹੋਈ ਸੀ। ਕਰਨਵੀਰ ਦਾ ਜੀਅ ਕੀਤਾ ਕਿ ਉਹ ਕੋਈ ਹੌਸਲੇ ਵਾਲੀ ਗੱਲ ਕਰੇ ਪਰ ਉਸ ਦਾ ਬੋਲ ਨਾ ਨਿਕਲਿਆ। ਉਹ ਗੁਰਸੀਰ ਤੋਂ ਨਿਗ੍ਹਾ ਹਟਾ ਕੇ ਸਾਹਮਣੇ ਦੇਖਣ ਲੱਗ ਪਿਆ। ਤਾਜ਼ੀ ਪਈ ਬਰਫ਼, ਟਰੱਕ ਦੀਆਂ ਲਾਈਟਾਂ ‘ਚ ਮੋਤੀਆਂ ਵਾਂਗ ਚਮਕਦੀ। ਥੋੜ੍ਹੀ ਦੂਰ ਜਾ ਕੇ ਰੋਸ਼ਨੀ ਕਿਸੇ ਹਨੇਰੀ ਗੁਫਾ ਵਿਚ ਉਤਰਦੀ ਨਜ਼ਰ ਆਉਂਦੀ... ***(ਸਮਾਪਤ)***

# ਪਾਕਿਸਤਾਨ 'ਚ ਅਫਰਾ-ਤਫਰੀ ਵਾਲਾ ਮਾਹੌਲ

ਹਾਲ ਹੀ ਵਿਚ ਇਕ ਰੋਜ਼ਾ ਕ੍ਰਿਕਟ ਵਿਸ਼ਵ ਕੱਪ ਦੇ ਇਕ ਮੈਚ ਵਿਚ ਪਾਕਿਸਤਾਨ ਨੂੰ ਅਫ਼ਗਾਨਿਸਤਾਨ ਹੱਥੋਂ ਕਰਾਰੀ ਹਾਰ ਹੋਈ ਸੀ ਜਿਸ ਨਾਲ ਪਾਕਿਸਤਾਨ ਦੇ ਕ੍ਰਿਕਟ ਪ੍ਰੇਮੀਆਂ ਦੇ ਦਿਲ ਟੁੱਟ ਗਏ ਸਨ। ਪਾਕਿਸਤਾਨੀਆਂ ਨੂੰ ਕੌਮਾਂਤਰੀ ਕ੍ਰਿਕਟ ਵਿਚ ਆਪਣੇ ਬਿਹਤਰੀਨ ਕ੍ਰਿਕਟਰਾਂ ਦੇ ਰਿਕਾਰਡ 'ਤੇ ਹਮੇਸ਼ਾ ਬਹੁਤ ਮਾਣ ਰਿਹਾ ਹੈ। ਅੱਜ ਕਲ੍ਹ ਕ੍ਰਿਕਟ ਹੀ ਨਹੀਂ ਸਗੋਂ ਆਰਥਿਕ ਮੁਹਾਜ਼ 'ਤੇ ਵੀ ਪਾਕਿਸਤਾਨ ਨੂੰ ਮਣਾਂ ਮੂੰਹੀਂ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਿੱਛੇ ਜਿਹੇ ਇਸ ਦੀ ਸਾਲਾਨਾ ਵਿਕਾਸ ਦਰ ਮਨਫ਼ੀ 0.5 ਫ਼ੀਸਦ ਦਰਜ ਕੀਤੀ ਗਈ ਸੀ; ਮਹਿੰਗਾਈ ਦਰ 29.6 ਫ਼ੀਸਦ ਚੱਲ ਰਹੀ ਹੈ।

**ਜੀ. ਪਾਰਥਾਸਾਰਥੀ**



ਚਲੰਤ ਵਿਆਜ ਦਰਾਂ 22 ਫ਼ੀਸਦ ਹੋਣ ਦਾ ਅਨੁਮਾਨ ਹੈ ਜਿਸ ਕਰ ਕੇ ਦੇਸ਼ ਅੰਦਰ ਕਾਰੋਬਾਰੀ ਸਰਗਰਮੀ ਲਗਭਗ ਠੱਪ ਹੋ ਗਈ ਹੈ। ਕੁਝ ਕੁ ਹਫ਼ਤੇ ਪਹਿਲਾਂ ਪਾਕਿਸਤਾਨ ਦੇ ਕੇਂਦਰੀ ਬੈਂਕ ਨੇ ਐਲਾਨ ਕੀਤਾ ਸੀ ਕਿ ਵਿਦੇਸ਼ੀ ਮੁਦਰਾ ਭੰਡਾਰ 4.19 ਅਰਬ ਡਾਲਰ ਰਹਿ ਗਏ ਸਨ ਜਿਨ੍ਹਾਂ ਨਾਲ ਮਸਾਂ ਇਕ ਮਹੀਨੇ ਦੀਆਂ ਦਰਾਮਦਾਂ ਦਾ ਬਿੱਲ ਤਾਰਿਆ ਜਾ ਸਕਦਾ ਹੈ। ਇਹ ਨਾ ਕੇਵਲ ਅਰਥ ਸ਼ਾਸਤਰੀਆਂ ਸਗੋਂ ਆਮ ਲੋਕਾਂ ਲਈ ਵੀ ਡਰਾਉਣਾ ਸੁਫਨਾ ਹੈ। ਪਿਛਲੇ ਸਾਲ ਭਾਰੀ ਮੀਂਹਾਂ ਅਤੇ ਜ਼ਬਰਦਸਤ ਹੜ੍ਹਾਂ ਕਾਰਨ ਕਰੀਬ 3.3 ਕਰੋੜ ਲੋਕ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਸਨ। ਇਕ ਅਨੁਮਾਨ ਮੁਤਾਬਕ ਹੜ੍ਹਾਂ ਵਿਚ ਦਸ ਹਜ਼ਾਰ ਮੌਤਾਂ ਅਤੇ ਕਰੀਬ 10 ਅਰਬ ਡਾਲਰ ਦਾ ਆਰਥਿਕ ਨੁਕਸਾਨ ਹੋਇਆ ਸੀ।

ਪਾਕਿਸਤਾਨ ਨੂੰ ਇਹ ਆਰਥਿਕ ਝਟਕੇ ਅਜਿਹੇ ਸਮੇਂ ਲੱਗੇ ਸਨ ਜਦੋਂ ਦੇਸ਼ ਅੰਦਰ ਇਮਰਾਨ ਖ਼ਾਨ ਸਰਕਾਰ ਨੂੰ ਸੱਤਾ ਤੋਂ ਹਟਾਉਣ ਲਈ ਸਿਆਸੀ ਸਰਗਰਮੀਆਂ ਜ਼ੋਰਾਂ 'ਤੇ ਚੱਲ ਰਹੀਆਂ ਸਨ ਅਤੇ ਉਨ੍ਹਾਂ ਦੀ ਥਾਂ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਸ਼ਾਹਬਾਜ਼ ਸ਼ਰੀਫ਼ ਦੀ ਅਗਵਾਈ ਹੇਠ ਨਵੀਂ ਸਰਕਾਰ ਕਾਇਮ ਹੋਈ ਸੀ। ਉਂਝ, ਉਨ੍ਹਾਂ ਨੂੰ ਵੀ ਆਰਥਿਕ ਅਫ਼ਰਾ-ਤਫ਼ਰੀ ਅਤੇ ਵਧ ਰਹੇ ਸਿਆਸੀ ਧਰੁਵੀਕਰਨ ਨਾਲ ਜੂਝਣਾ ਪਿਆ। ਸ਼ਾਹਬਾਜ਼ ਸ਼ਰੀਫ਼ ਨੂੰ ਵਿੱਤੀ ਸੰਕਟ ਨਾਲ ਸਿੱਝਣ ਲਈ ਆਈ.ਐੱਮ.ਐੱਫ. ਦੀਆਂ ਸਖ਼ਤ ਸ਼ਰਤਾਂ ਮੰਨਣੀਆਂ ਪਈਆਂ ਅਤੇ ਪਾਕਿਸਤਾਨ ਕੋਲ ਇਸ ਤੋਂ ਬਿਨਾਂ ਹੋਰ ਕੋਈ ਚਾਰਾ ਵੀ ਨਹੀਂ ਸੀ। ਉਂਝ, ਆਈ.ਐੱਮ.ਐੱਫ. ਤੋਂ ਹਰੀ ਝੰਡੀ ਮਿਲਣ ਮਗਰੋਂ ਕੌਮਾਂਤਰੀ ਇਮਦਾਦ ਦੇ ਰਾਹ ਖੁੱਲ੍ਹ ਗਏ। ਇਸ ਦੇ ਬਾਵਜੂਦ ਪਾਕਿਸਤਾਨ ਕੌਮਾਂਤਰੀ ਤੌਰ 'ਤੇ ਆਰਥਿਕ ਨਾਕਾਮੀ ਦੀ ਸੂਰਤ ਬਣਿਆ ਹੋਇਆ ਹੈ ਅਤੇ ਇਹ ਆਈ.ਐੱਮ.ਐੱਫ. ਦੇ ਰਾਹਤ ਪੈਕੇਜਾਂ ਅਤੇ ਸਾਊਦੀ ਅਰਬ ਅਤੇ ਸੰਯੁਕਤ ਅਰਬ ਅਮੀਰਾਤ ਜਿਹੇ ਕਈ ਮਿੱਤਰ ਦੇਸ਼ਾਂ ਤੋਂ ਸਮੇਂ ਸਮੇਂ 'ਤੇ ਮਿਲਦੀ ਵਿੱਤੀ ਇਮਦਾਦ ਦਾ ਮੁਥਾਜ ਹੋ ਕੇ ਰਹਿ ਗਿਆ ਹੈ।

ਇਸ ਦੌਰਾਨ ਜਨਰਲ ਆਸਿਮ ਮੁਨੀਰ ਨੇ ਪਾਕਿਸਤਾਨ ਦੇ ਨਵੇਂ ਸੈਨਾਪਤੀ ਵਜੋਂ ਅਹੁਦਾ ਸੰਭਾਲਿਆ ਸੀ ਜੋ ਆਪਣੇ ਪੂਰਬਵਰਤੀ ਜਨਰਲ ਕਮਰ ਜਾਵੇਦ ਬਾਜਵਾ ਦੇ ਚਹੇਤਾ ਰਹੇ ਹਨ। ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਜਨਰਲ ਮੁਨੀਰ ਨੂੰ ਆਈ.ਐੱਸ.ਆਈ. ਦਾ ਮੁਖੀ ਨਹੀਂ ਬਣਨ ਦਿੱਤਾ ਸੀ ਅਤੇ ਕਿਸੇ ਘੱਟ ਅਹਿਮ ਅਹੁਦੇ 'ਤੇ ਬਿਠਾ ਦਿੱਤਾ ਸੀ ਜਿਸ ਕਰ ਕੇ ਉਨ੍ਹਾਂ ਦੇ ਰਿਸ਼ਤੇ ਵਿਚ ਦਰਾੜ ਆ ਗਈ ਸੀ। ਬਾਅਦ ਵਿਚ ਇਮਰਾਨ ਖ਼ਾਨ ਨੂੰ ਅਹੁਦੇ ਤੋਂ ਹਟਾਉਣ ਮਗਰੋਂ ਉਨ੍ਹਾਂ ਖਿਲਾਫ਼ ਦਰਜ ਕੀਤੇ ਕੇਸਾਂ ਦਾ ਹੜ੍ਹ ਆ ਗਿਆ ਸੀ। ਬਹਰਹਾਲ, ਇਮਰਾਨ ਖ਼ਾਨ ਨੂੰ ਸੁਪਰੀਮ ਕੋਰਟ ਦੇ ਚੀਫ ਜਸਟਿਸ ਫੈਜ਼ ਇਸਾ ਦਾ ਥਾਪੜਾ ਹਾਸਲ ਹੈ। ਹਾਲਾਂਕਿ ਚੀਫ ਜਸਟਿਸ ਇਸਾ ਦਾ ਰਾਹ ਆਸਾਨ ਨਹੀਂ ਹੈ ਕਿਉਂਕਿ ਉਨ੍ਹਾਂ ਦੇ ਜੂਨੀਅਰ ਜੱਜਾਂ ਨੂੰ ਉਨ੍ਹਾਂ ਦੀ ਸੇਵਾਮੁਕਤੀ ਦੀ ਉਡੀਕ ਹੈ। ਉਹ ਇਮਰਾਨ ਖ਼ਾਨ ਨਾਲ ਚੀਫ ਜਸਟਿਸ ਵਾਲੀ ਹਮਦਰਦੀ ਨਹੀਂ ਰੱਖਦੇ ਅਤੇ ਇਸ ਕਰ ਕੇ ਉਹ ਫ਼ੌਜ ਦੀ ਨਾਰਾਜ਼ਗੀ ਨਹੀਂ ਸਹੇੜਨੀ ਚਾਹੁਣਗੇ। ਇਸ ਦੌਰਾਨ ਪਾਕਿਸਤਾਨ ਵਿਚ ਅਗਲੇ ਸਾਲ ਜਨਵਰੀ ਮਹੀਨੇ ਆਮ ਚੋਣਾਂ ਕਰਾਉਣ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ ਹਨ। ਬਹਰਹਾਲ, ਇਨ੍ਹਾਂ ਘਟਨਾਕ੍ਰਮਾਂ ਤੋਂ ਸੰਕੇਤ ਮਿਲਿਆ ਹੈ ਕਿ ਪਾਕਿਸਤਾਨ ਦੇ ਸੰਸਦੀ ਲੋਕਰਾਜ ਦਾ ਭਵਿੱਖ ਬਹੁਤ ਹੀ ਮਹੀਨ ਆਧਾਰ 'ਤੇ ਟਿਕਿਆ ਹੋਇਆ ਹੈ।

ਕਿਆਸ ਲਾਏ ਜਾ ਰਹੇ ਹਨ ਕਿ ਅਮਨ ਕਾਨੂੰਨ ਦੀ ਮਸ਼ੀਨਰੀ ਅਤੇ ਫ਼ੌਜ ਦੇ ਭਰਵੇਂ ਥਾਪੜੇ ਕਰ ਕੇ ਪਾਕਿਸਤਾਨ ਦੀ ਚੁਣਾਵੀ ਮਸ਼ੀਨਰੀ ਆਉਣ ਵਾਲੀਆਂ ਕੌਮੀ ਚੋਣਾਂ ਲਈ ਸੁਖਾਵੇਂ ਹਾਲਾਤ ਪੈਦਾ ਕਰ ਸਕਦੀ ਹੈ। ਇਸ ਵੇਲੇ ਜਨਰਲ ਆਸਿਮ ਮੁਨੀਰ ਦੀ ਅਗਵਾਈ ਹੇਠ ਕੰਮ ਕਰ ਰਹੀ ਪਾਕਿਸਤਾਨੀ ਫ਼ੌਜ ਨੂੰ ਆਉਣ ਵਾਲੇ ਸਮੇਂ ਵਿਚ ਮੁਸ਼ਕਿਲ ਹਾਲਾਤ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਸਾਬਕਾ ਜਨਰਲ ਬਾਜਵਾ ਨਾਲ ਕਰੀਬੀ ਸਬੰਧਾਂ ਕਰ ਕੇ ਜਨਰਲ ਮੁਨੀਰ ਦੀ ਕਿਆਦਤ ਨੂੰ ਲੈ ਕੇ ਫ਼ੌਜ ਅੰਦਰ ਅਸੰਤੋਖ ਦਾ ਮਾਹੌਲ ਹੈ ਅਤੇ ਦੂਜੇ ਪਾਸੇ ਸੱਤਾ ਤੋਂ ਲਾਹੇ ਜਾਣ ਦੇ ਬਾਵਜੂਦ ਇਮਰਾਨ ਖ਼ਾਨ ਦੀ ਲੋਕਪ੍ਰਿਅਤਾ ਹਾਲੇ ਬਰਕਰਾਰ ਹੈ। ਜਨਰਲ ਬਾਜਵਾ ਅਮਰੀਕਾ ਦੇ ਵੀ ਚਹੇਤੇ ਸਨ ਜਿਸ ਕਰ ਕੇ ਉਸ ਦੀ ਇਮਰਾਨ ਖ਼ਾਨ ਨਾਲ ਅਣਬਣ ਹੋ ਗਈ ਸੀ। ਜਨਰਲ ਬਾਜਵਾ ਨੇ ਯੂਕਰੇਨ ਨੂੰ ਹਥਿਆਰ ਅਤੇ ਅਸਲਾ ਸਪਲਾਈ ਕਰਾਉਣ ਦਾ ਵਾਅਦਾ ਵੀ ਕੀਤਾ ਸੀ। ਉਂਝ, ਇਸ ਗੱਲ ਨੂੰ ਲੈ ਕੇ ਥੋੜ੍ਹਾ ਸੰਦੇਹ ਹੈ ਕਿ ਜੇ ਸਾਫ਼ ਸੁਥਰੇ ਢੰਗ ਨਾਲ ਆਜ਼ਾਦਾਨਾ ਚੋਣਾਂ ਕਰਵਾਈਆਂ ਜਾਂਦੀਆਂ ਹਨ ਤਾਂ ਇਮਰਾਨ ਖ਼ਾਨ ਜੇਤੂ ਹੋ ਕੇ ਨਿਕਲਣਗੇ। ਇਮਰਾਨ ਖ਼ਾਨ ਦੇ ਘਮੰਡੀ ਅਤੇ ਬੇਸਬਰੇ ਵਤੀਰੇ ਕਰ ਕੇ ਉਨ੍ਹਾਂ ਦੇ ਬਹੁਤ ਸਾਰੇ ਮਿੱਤਰ ਉਨ੍ਹਾਂ ਦਾ ਸਾਥ ਛੱਡ ਗਏ ਹਨ ਅਤੇ ਇਸ ਤੋਂ ਵੀ ਅਹਿਮ ਗੱਲ ਇਹ ਹੈ ਕਿ ਇਸ ਵਾਰ ਫ਼ੌਜੀ ਲੀਡਰਸ਼ਿਪ ਉਨ੍ਹਾਂ ਦੀ ਹਾਰ ਯਕੀਨੀ ਬਣਾਉਣ ਲਈ ਪੂਰੀ ਵਾਹ ਲਾਵੇਗੀ।

ਜਨਰਲ ਆਸਿਮ ਮੁਨੀਰ ਸ਼ੀਆ ਭਾਈਚਾਰੇ ਨਾਲ ਸਬੰਧਿਤ ਹਨ ਅਤੇ ਅਜਿਹੇ ਸਮਿਆਂ ਵਿਚ ਪਾਕਿਸਤਾਨੀ ਫ਼ੌਜ ਦੀ ਕਮਾਨ ਸੰਭਾਲ ਰਹੇ ਹਨ ਜਦੋਂ ਸੁੰਨੀ ਭਾਈਚਾਰੇ ਦੇ ਦਬਦਬੇ ਵਾਲੇ ਇਸ ਮੁਲਕ ਅੰਦਰ ਧਾਰਮਿਕ ਕੱਟੜਪੁਣੇ ਦਾ ਦੌਰ ਹੈ। ਇਸ ਤੋਂ ਪਹਿਲਾਂ ਦੋ ਸ਼ੀਆ ਜਰਨੈਲ ਪਾਕਿਸਤਾਨੀ ਫ਼ੌਜ ਦੀ ਅਗਵਾਈ ਕਰ ਚੁੱਕੇ ਹਨ ਜਨਰਲ ਮੁਹੰਮਦ ਮੂਸਾ (1965) ਅਤੇ ਜਨਰਲ ਯਹੀਆ ਖ਼ਾਨ (1971) ਅਤੇ ਦੋਵੇਂ ਵਾਰ ਭਾਰਤ ਨਾਲ ਹੋਏ ਫ਼ੌਜੀ ਟਕਰਾਅ ਵਿਚ ਪਾਕਿਸਤਾਨ ਨੂੰ ਭਾਰੀ ਨੁਕਸਾਨ ਉਠਾਉਣਾ ਪਿਆ ਸੀ। ਅਜੇ ਇਹ ਦੇਖਣਾ ਬਾਕੀ ਹੈ ਕਿ ਕੀ ਜਨਰਲ ਮੁਨੀਰ ਆਪਣੇ ਪੂਰਬਵਰਤੀ ਜਨਰਲ ਬਾਜਵਾ ਦੀ ਤਰ੍ਹਾਂ ਹਕੀਕਤਪਸੰਦੀ ਤੋਂ ਕੰਮ ਲੈਂਦਿਆਂ ਭਾਰਤ ਨਾਲ ਦੋਸਤਾਨਾ ਸਬੰਧਾਂ ਨੂੰ ਤਰਜੀਹ ਦਿੰਦੇ ਹਨ ਜਾਂ ਜਨਰਲ ਯਹੀਆ ਖ਼ਾਨ ਵਾਲਾ ਰਾਹ ਅਖ਼ਤਿਆਰ ਕਰਦੇ ਹਨ। ਉਨ੍ਹਾਂ ਨੂੰ ਇਹ ਗੱਲ ਵੀ ਯਾਦ ਰੱਖਣੀ ਚਾਹੀਦੀ ਹੈ ਕਿ ਜਨਰਲ ਪਰਵੇਜ਼ ਮੁਸ਼ੱਰਫ਼ ਦੇ ਸ਼ਾਸਨ ਦੌਰਾਨ ਭਾਰਤ ਨਾਲ ਸਬੰਧਾਂ ਵਿਚ ਸ਼ਾਂਤੀ ਬਣੀ ਰਹੀ ਸੀ ਅਤੇ ਜੰਮੂ ਕਸ਼ਮੀਰ ਦੇ ਮੁੱਦੇ ਨੂੰ ਹੱਲ ਕਰਨ ਲਈ ਵੀ ਚੋਖੀ ਪੇਸ਼ਕਦਮੀ ਹੋਈ ਸੀ। ਸ਼ਾਇਦ ਉਨ੍ਹਾਂ ਕਾਰਗਿਲ ਯੁੱਧ ਦੌਰਾਨ ਸਬਕ ਲੈ ਲਿਆ ਸੀ ਕਿ ਭਾਰਤ ਨਾਲ ਯੁੱਧ ਲੜਨ ਦਾ ਕੋਈ ਖਾਸ ਫ਼ਾਇਦਾ ਨਹੀਂ ਹੋਵੇਗਾ। ਜਨਰਲ ਮੁਨੀਰ ਨੇ ਭਾਰਤ ਨੂੰ ਲੈ ਕੇ ਤਿੱਖੇ ਬਿਆਨ ਜਾਰੀ ਕਰਨ ਦੀ ਦਿੱਖ ਬਣਾ ਲਈ ਹੈ। ਇਸ ਦੇ ਨਾਲ ਹੀ ਜੰਮੂ ਵਿਚ ਕੌਮਾਂਤਰੀ ਸਰਹੱਦ ਉੱਪਰ ਹਾਲ ਹੀ ਵਿਚ ਗੋਲੀਬਾਰੀ ਅਤੇ ਘੁਸਪੈਠ ਦੀਆਂ ਘਟਨਾਵਾਂ ਵੀ ਵਾਪਰੀਆਂ ਹਨ।

ਇਮਰਾਨ ਖ਼ਾਨ ਤੋਂ ਉਲਟ ਜਨਰਲ ਬਾਜਵਾ ਭਾਰਤ ਵਿਰੋਧੀ ਰਵੱਈਆ ਨਹੀਂ ਰੱਖਦੇ ਸਨ। ਉਹ ਭਾਰਤ ਨਾਲ ਸਬੰਧਾਂ ਨੂੰ ਸੁਧਾਰਨਾ ਚਾਹੁੰਦੇ ਸਨ। ਉਹ ਅਮਰੀਕਾ ਦੇ ਕਾਫ਼ੀ ਕਰੀਬੀ ਸਨ ਅਤੇ ਅਮਰੀਕਾ ਦੇ ਇਸ਼ਾਰੇ 'ਤੇ ਹੀ ਉਨ੍ਹਾਂ ਯੂਕਰੇਨ ਨੂੰ ਹਥਿਆਰ ਸਪਲਾਈ ਕਰਨ ਦੀ ਪ੍ਰਵਾਨਗੀ ਵੀ ਦਿੱਤੀ ਸੀ। ਯਕੀਨਨ ਇਸ ਕਾਰਵਾਈ ਕਰ ਕੇ ਪਾਕਿਸਤਾਨ ਨੂੰ ਆਈ.ਐੱਮ.ਐੱਫ. ਤੋਂ ਇਮਦਾਦ ਹਾਸਲ ਕਰਨ ਅਤੇ ਪਾਕਿਸਤਾਨ ਨੂੰ ਦੀਵਾਲੀਆਪਣ ਤੋਂ ਬਚਣ ਵਿਚ ਮਦਦ ਮਿਲੀ ਸੀ। ਉਮੀਦ ਕੀਤੀ ਜਾਣੀ ਚਾਹੀਦੀ ਹੈ ਕਿ ਜਨਰਲ ਮੁਨੀਰ ਜਨਰਲ ਬਾਜਵਾ ਦੇ ਨਕਸ਼ੇ ਕਦਮਾਂ 'ਤੇ ਚੱਲਣਗੇ ਅਤੇ ਪਾਕਿਸਤਾਨ ਦੀਆਂ ਆਰਥਿਕ ਲੋੜਾਂ ਅਤੇ ਮਜਬੂਰੀਆਂ ਨੂੰ ਧਿਆਨ ਵਿਚ ਰੱਖਣਗੇ। ਅਗਲੇ ਸਾਲ ਹੀ ਭਾਰਤ ਵਿਚ ਆਮ ਚੋਣਾਂ ਹੋਣਗੀਆਂ ਪਰ ਭਾਰਤ ਵਿਚ ਜਿਵੇਂ ਵਿਦੇਸ਼ ਅਤੇ ਸੁਰੱਖਿਆ ਨੀਤੀਆਂ ਉੱਪਰ ਵਡੇਰੀ ਕੌਮੀ ਸਹਿਮਤੀ ਬਣੀ ਹੋਈ ਹੈ, ਉਸ ਤੋਂ ਉਲਟ ਪਾਕਿਸਤਾਨ ਵਿਚ ਫ਼ੌਜ ਦਾ ਦਬਦਬਾ ਬਣਿਆ ਰਹਿਣ ਕਰ ਕੇ ਇਹ ਨਤੀਜਾ ਅਕਸ ਕਰਨਾ ਔਖਾ ਹੈ ਕਿ ਨਵੀਂ ਹਕੂਮਤ ਦੇ ਵਾਗਡੋਰ ਸੰਭਾਲਣ ਮਗਰੋਂ ਪਾਕਿਸਤਾਨ ਕੀ ਦਿਸ਼ਾ ਅਖ਼ਤਿਆਰ ਕਰੇਗਾ। ਉਂਝ, ਪਾਕਿਸਤਾਨ ਵਿਚ ਇਕ ਵਾਰ ਫਿਰ ਕੁਲੀਸ਼ਨ ਸਰਕਾਰ ਬਣਨ ਦੇ ਆਸਾਰ ਦਿਖਾਈ ਦੇ ਰਹੇ ਹਨ। ਇਸ ਦੌਰਾਨ, ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਦੀ ਵਤਨ ਵਾਪਸੀ ਨਾਲ ਪਾਕਿਸਤਾਨ ਮੁਸਲਿਮ ਲੀਗ (ਨਵਾਜ਼) ਦੇ ਹਮਾਇਤੀਆਂ ਨੂੰ ਹੌਸਲਾ ਮਿਲਿਆ ਹੈ ਪਰ ਇਹ ਗੱਲ ਤੈਅ ਜਾਪਦੀ ਹੈ ਕਿ ਅਗਲੀ ਸਰਕਾਰ ਉੱਪਰ ਵੀ ਫ਼ੌਜ ਦਾ ਪ੍ਰਭਾਵ ਬਣਿਆ ਰਹੇਗਾ। ਫ਼ੌਜ ਅਤੇ ਸਿਆਸੀ ਵਿਰੋਧੀ ਭਾਵੇਂ ਇਮਰਾਨ ਖ਼ਾਨ ਨੂੰ ਚੋਣਾਂ ਲੜਨ ਤੋਂ ਅਯੋਗ ਕਰਾਰ ਦੇਣ ਵਿਚ ਸਫਲ ਹੋ ਸਕਦੇ ਹਨ, ਫਿਰ ਵੀ ਜਨਤਕ ਜੀਵਨ ਵਿਚ ਉਨ੍ਹਾਂ ਦੀ ਲੋਕਪ੍ਰਿਅਤਾ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕੇਗਾ।

# ਮਿਲੱਟਸ ਦੀ ਅਹਿਮੀਅਤ

ਇਕ ਪਾਸੇ ਦੁਨੀਆ ਸਿਹਤਮੰਦ ਖਾਣਿਆਂ ਦੀ ਭਾਲ ਵਿਚ ਜੱਦੋਜਹਿਦ ਕਰ ਰਹੀ ਹੈ; ਦੂਜੇ ਪਾਸੇ ਬੜੇ ਹੀ ਪੁਰਾਣੇ ਤੇ ਭੁੱਲੇ ਵਿਸਰੇ ਖਾਣੇ ਮੁੜ ਸਾਡੀ ਰਸੋਈ ਵਿਚ ਆਉਣਾ ਲੋਚਦੇ ਹਨ। ਇਨ੍ਹਾਂ ਨੂੰ ਅੰਗਰੇਜ਼ੀ ਵਿਚ ਸਾਂਝੇ ਤੌਰ 'ਤੇ ਮਿਲੱਟਸ ਕਿਹਾ ਜਾਂਦਾ ਹੈ ਪਰ ਪੰਜਾਬੀ ਵਿਚ ਇਨ੍ਹਾਂ ਦੇ ਕਈ ਨਾਂ ਹਨ ਜਿਨ੍ਹਾਂ ਵਿਚ ਬਾਜਰਾ ਬੜਾ ਹੀ ਪ੍ਰਸਿੱਧ ਹੈ। ਬਾਜਰੇ ਦੀ ਪ੍ਰਸਿੱਧੀ ਦਾ ਸਬੂਤ ਇਹ ਹੈ ਕਿ ਪੰਜਾਬੀ ਦੇ ਗੀਤਾਂ ਦਾ ਸਭ ਤੋਂ ਪੁਰਾਣਾ ਟੱਪਾ ਬਾਜਰੇ ਦੇ

**ਡਾ. ਪੀ.ਐਸ. ਤਿਆਗੀ**
**ਡਾ. ਸ਼ਾਲੂ ਵਿਆਸ**

ਸਿੱਟੇ ਨਾਲ ਹੀ ਸਬੰਧਤਿ ਹੈ: ਬਾਜਰੇ ਦਾ ਸਿੱਟਾ ਨੀ ਅਸਾਂ ਤਲੀ 'ਤੇ ਮਰੋੜਿਆ, ਰੁੱਠੜਾ ਜਾਂਦਾ ਮਾਹੀ ਨੀ ਅਸੀਂ ਗਲੀ ਵਿਚੋਂ ਮੋੜਿਆ। ਜਿਨ੍ਹਾਂ ਨੇ ਬਾਜਰੇ ਦਾ ਸਿੱਟਾ ਕਦੇ ਆਪਣੇ ਹੱਥ ਵਿਚ ਫੜ ਕੇ ਦੇਖਿਆ ਹੋਵੇ, ਉਹੀ ਇਸ ਟੱਪੇ ਦੇ ਸਾਹਿਤਕ ਸੁਹਜ ਅਤੇ ਰੋਮਾਂਸ ਨੂੰ ਸਮਝ ਸਕਦੇ ਹਨ। ਜਿਸ ਫ਼ਸਲ ਦਾ ਸਿੱਟਾ ਸਾਡੇ ਮੁਢਲੇ ਲੋਕ ਗੀਤਾਂ ਦਾ ਸ਼ਿੰਗਾਰ ਬਣਿਆ, ਉਹ ਬਾਜਰੇ ਦਾ ਸਿੱਟਾ ਹੈ, ਕਣਕ ਦਾ ਨਹੀਂ। ਕਣਕ ਸਾਡੀ ਰੂਹ ਵਿਚ ਖ਼ੁਦ-ਬਖ਼ੁਦ ਉੱਕਰੇ ਲੋਕ ਗੀਤਾਂ ਵਿਚ ਨਹੀਂ ਆਈ ਬਲਕਿ ਰੂਹ 'ਤੇ ਜ਼ੋਰ ਪਾ ਕੇ ਲਿਖੇ ਗੀਤਾਂ ਵਿਚ ਲਿਆਂਦੀ ਗਈ।

ਅਸੀਂ ਲੋਕ ਗੀਤਾਂ ਨੂੰ ਛੱਡ ਕੇ ਗੀਤਾਂ ਮਗਰ ਲੱਗ ਗਏ ਤੇ ਬਾਜਰੇ ਦੀ ਬਜਾਇ ਕਣਕ ਨੂੰ ਰਸੋਈ ਦੀ ਮਹਾਰਾਣੀ ਬਣਾ ਲਿਆ। ਇਹ ਹੁਣ ਸਾਨੂੰ ਜਲਵੇ ਦਿਖਾ ਰਹੀ ਹੈ ਜਿਸ ਦਾ ਪਤਾ ਉਦੋਂ ਲੱਗਦਾ ਹੈ ਜਦ ਡਾਕਟਰ ਸਾਡੇ ਖਾਣਿਆਂ ਵਿਚੋਂ ਕਣਕ 'ਤੇ ਗਲੂਟਨ ਕਹਿ ਕੇ ਕਾਂਟਾ ਮਾਰ ਦਿੰਦੇ ਹਨ। ਗਲੂਟਨ ਗੂੰਦ ਜਿਹਾ ਲੇਸਦਾਰ ਹੁੰਦਾ ਹੈ ਜੋ ਸਿਹਤ ਲਈ ਹਾਨੀਕਾਰਕ ਹੁੰਦਾ ਹੈ; ਰੇਸ਼ੇਦਾਰ ਪਦਾਰਥ ਸਿਹਤ ਲਈ ਬੜੇ ਲਾਭਕਾਰੀ ਹੁੰਦੇ ਹਨ।

ਪੁਰਾਣੇ ਵੇਲਿਆਂ ਵਿਚ ਅਸੀਂ ਆਪਣੇ ਘਰਾਂ ਵਿਚ ਕਦੇ ਕੋਧਰੇ ਤੇ ਕਦੇ ਬਾਜਰੇ ਦੀ ਰੋਟੀ ਖਾਂਦੇ ਸਾਂ। ਝੱਟੇ ਦੀ ਖੀਰ ਤਾਂ ਕਦੇ ਮੂੰਹੋਂ ਨਹੀਂ ਸੀ ਲੱਥਦੀ ਤੇ ਹੁਣ ਇਹੋ ਜਿਹੇ ਖਾਣੇ ਆ ਗਏ ਹਨ ਕਿ ਮੂੰਹ ਲਾਉਣ ਨੂੰ ਚਿੱਤ ਨਹੀਂ ਕਰਦਾ। ਮਿਲੱਟਸ ਸ਼ਬਦ ਮਿੱਲ ਤੋਂ ਬਣਿਆ ਹੈ ਤੇ ਮਿਲ ਦਾ ਅਰਥ ਹੈ ਦਾਣੇ ਪੀਹਣ ਵਾਲੀ ਚੱਕੀ। ਮਿੱਲ ਵਿਚ ਪੀਸੇ ਜਾਣ ਵਾਲੇ ਦਾਣਿਆਂ ਦਾ ਨਾਂ ਵੀ ਮਿੱਲਟਸ ਹੋ ਗਿਆ ਪਰ ਇਹ ਉਹ ਦਾਣੇ ਹੁੰਦੇ ਹਨ ਜਿਹੜੇ ਖੁਸ਼ਕ ਜ਼ਮੀਨ ਵਿਚ ਹੁੰਦੇ ਹਨ, ਜਿੱਥੇ ਮੀਂਹ ਵੀ ਥੋੜ੍ਹਾ ਪੈਂਦਾ ਹੈ। ਅੰਗਰੇਜ਼ੀ ਵਿਚ ਅਜਿਹੇ ਦਾਣਿਆਂ ਲਈ ਇਕ ਹੀ ਨਾਂ ਮਿਲੱਟਸ ਪ੍ਰਚੱਲਤਿ ਹੈ। ਪੰਜਾਬੀ 'ਚ ਇਨ੍ਹਾਂ ਲਈ ਕੋਈ ਇਕ ਨਾਂ ਨਹੀਂ। ਇਸ ਲਈ ਅਸੀਂ ਚਰ੍ਹੀ, ਜਵਾਰ, ਕੋਧਰੇ ਅਤੇ ਬਾਜਰੇ ਜਿਹੇ ਹਰ ਦਾਣੇ ਨੂੰ ਮਿਲੱਟਸ ਕਹਿਣ ਲਈ ਮਜਬੂਰ ਹਾਂ।

ਮਿਲੱਟਸ ਸਦੀਆਂ ਤੋਂ ਸਾਡੀ ਖ਼ੁਰਾਕ ਦਾ ਅੰਗ ਰਹੇ ਹਨ ਪਰ 1960 ਦੇ ਦਹਾਕੇ ਵਿਚ ਆਈ ਹਰੀ ਕ੍ਰਾਂਤੀ ਕਾਰਨ ਕਣਕ ਅਤੇ ਚੌਲਾਂ ਦੀਆਂ ਵਧੇਰੇ ਉਪਜ ਵਾਲੀਆਂ ਕਿਸਮਾਂ ਦੀ ਵਰਤੋਂ ਕਰ ਕੇ ਅਨਾਜ ਦੇ ਉਤਪਾਦਨ ਵਿਚ ਵਾਧਾ ਕਰਨ 'ਤੇ ਜ਼ੋਰ ਦਿੱਤਾ ਗਿਆ। ਹੁਣ ਮਿਲੱਟਸ ਦੀ ਖੇਤੀ ਦੇ ਫ਼ਾਇਦਿਆਂ ਨੂੰ ਦੇਖਦੇ ਹੋਏ ਭਾਰਤ ਸਰਕਾਰ ਨੇ ਅਪਰੈਲ 2018 ਵਿਚ ਇਨ੍ਹਾਂ ਨੂੰ ਸਿਹਤਮੰਦ ਅਨਾਜ ਵਜੋਂ ਤਸਲੀਮ ਕੀਤਾ ਜਿਸ ਵਿਚ ਮੁੱਖ ਮਿਲੱਟਸ ਜੁਆਰ, ਚਰ੍ਹੀ, ਬਾਜਰਾ, ਰਾਗੀ, ਕੰਗਣੀ, ਸਾਨਵਾ, ਕੁਟਕੀ ਅਤੇ ਕੱਟੂ ਨੂੰ ਸ਼ਾਮਿਲ ਕੀਤਾ ਗਿਆ। ਭਾਰਤ ਸਰਕਾਰ ਨੇ ਕਈ ਦੇਸ਼ਾਂ ਨਾਲ ਮਿਲ ਕੇ ਯੂ.ਐੱਨ.ਓ. ਵਲੋਂ ਸਾਲ 2023 ਨੂੰ ਮਿਲੱਟਸ ਦਾ ਕੌਮਾਂਤਰੀ ਸਾਲ ਐਲਾਨ ਕਰਵਾਇਆ ਜਿਸ ਦਾ ਮੁੱਖ ਸੰਕਲਪ ਹੈ: ਸਿਹਤਮੰਦ ਮਿਲੱਟਸ ਤੇ ਸਿਹਤਮੰਦ ਲੋਕ।

ਮਿਲੱਟਸ ਸਦੀਆਂ ਤੋਂ ਭਾਰਤ ਹੀ ਨਹੀਂ, ਅਫਰੀਕਾ ਅਤੇ ਮੱਧ ਪੂਰਬੀ ਖੇਤਰਾਂ ਦੀ ਮੁੱਖ ਖ਼ੁਰਾਕ ਰਹੇ ਹਨ। ਹਜ਼ਾਰਾਂ ਸਾਲ ਪੁਰਾਣੀ ਭਾਰਤੀ ਸੱਭਿਆਚਾਰਕ ਵਿਰਾਸਤ ਦੇ ਪ੍ਰਸੰਗ ਵਿਚ ਵੀ ਇਨ੍ਹਾਂ ਦੀ ਮਹੱਤਤਾ ਹੈ। ਇਹ ਭਾਰਤ ਵਿਚ ਸਭ ਤੋਂ ਪੁਰਾਣੀਆਂ ਉਗਾਈਆਂ ਜਾਣ ਵਾਲੀਆਂ ਫਸਲਾਂ ਵਿਚੋਂ ਹਨ। ਇਹ ਸਾਡੇ ਧਾਰਮਿਕ ਰੀਤੀ ਰਿਵਾਜਾਂ, ਸੱਭਿਆਚਾਰਕ ਰਸਮਾਂ ਤੇ ਤਿਉਹਾਰਾਂ ਦਾ ਅਨਿੱਖੜਵਾਂ ਅੰਗ ਰਹੇ ਹਨ। ਇਹ ਭਾਵੇਂ ਸਥਾਨਕ ਮਾਹੌਲ ਦੇ ਅਨੁਕੂਲ ਹਨ ਅਤੇ ਇਨ੍ਹਾਂ ਦੀ ਪੈਦਾਵਾਰ ਲਈ ਬਹੁਤ ਥੋੜ੍ਹੇ ਸਾਧਨਾਂ ਦੀ ਲੋੜ ਹੈ, ਫਿਰ ਵੀ ਇਨ੍ਹਾਂ ਨੂੰ ਕਣਕ-ਝੋਨੇ ਨਾਲੋਂ ਘੱਟ ਲਾਭਦਾਇਕ ਮੰਨਿਆ ਜਾਂਦਾ ਹੈ। ਮੁਨਸ਼ੀ ਪ੍ਰੇਮਚੰਦ ਦੀ ਕਹਾਣੀ 'ਸਵਾ ਸੇਰ ਗੇਹੂੰ' ਵਿਚ ਵੀ ਦੱਸਿਆ ਗਿਆ ਹੈ ਕਿ ਗਰੀਬ ਕਿਸਾਨ ਆਪਣੇ ਘਰ ਵਿਚ ਹਮੇਸ਼ਾ ਮਿਲੱਟਸ ਹੀ ਖਾਂਦੇ ਸਨ ਪਰ ਆਏ ਸਾਧੂ ਮਹਿਮਾਨ ਲਈ ਹੀ ਸਵਾ ਸੇਰ ਕਣਕ ਉਧਾਰ ਲਿਆਉਂਦੇ ਹਨ।

ਸਾਖੀ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਵੀ ਗਰੀਬ ਭਾਈ ਲਾਲੋ ਦੀ ਕੋਧਰੇ ਦੀ ਰੋਟੀ ਵਿਚੋਂ ਦੁੱਧ ਅਤੇ ਅਮੀਰ ਮਲਿਕ ਭਾਗੋ ਦੇ ਕਣਕ ਦੇ ਫੁਲਕੇ ਵਿਚੋਂ ਲਹੂ ਨਿਕਲਦਾ ਦਿਖਾ ਕੇ ਇਹ ਸਿੱਖਿਆ ਦਤਿੀ ਸੀ ਕਿ ਇਮਾਨਦਾਰੀ, ਪਿਆਰ, ਦਿਆਲਤਾ ਅਤੇ ਸ਼ਰਧਾ ਨਾਲ ਤਿਆਰ ਕੀਤੀ ਕੋਧਰੇ ਦੀ ਸਾਧਾਰਨ ਰੋਟੀ ਅਮੀਰ ਮਲਿਕ ਭਾਗੋ ਦੀ ਰੋਟੀ ਨਾਲੋਂ ਵਧੇਰੇ ਸੁਆਦ ਅਤੇ ਸਿਹਤਮੰਦ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦੱਸਿਆ: ਬਾਬਾ ਹੋਰੁ ਖਾਣਾ ਖੁਸੀ ਖੁਆਰੁ॥ ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥ ਅਰਥਾਤ, ਅਜਿਹੇ ਖਾਣੇ ਆਪਣੀ ਖ਼ੁਸ਼ੀ ਖਤਮ ਵਾਲੀ ਗੱਲ ਹੁੰਦੀ ਹੈ ਜਿਹੜੇ ਖਾਣੇ ਸਾਡੀ ਸਿਹਤ ਲਈ ਮਾੜੇ ਹੋਣ ਤੇ ਜਿਨ੍ਹਾਂ ਨਾਲ ਮਨ ਵਿਚ ਵੀ ਬੁਰੇ ਵਿਚਾਰ ਆਉਣ ਲੱਗ ਪੈਣ। ਕਿੰਨੀ ਪਤੇ ਦੀ ਗੱਲ ਹੈ ਕਿ ਖਾਣੇ ਸਾਡੀ ਦੇਹ 'ਤੇ ਅਸਰ ਤਾਂ ਕਰਦੇ ਹੀ ਹਨ, ਇਹ ਸਾਡੇ ਮਨ 'ਤੇ ਵੀ ਪ੍ਰਭਾਵ ਪਾਉਂਦੇ ਹਨ। ਮਿਲੱਟਸ ਦੀ ਥਾਂ ਕਣਕ, ਚੌਲ਼ ਆਦਿ ਖਾਣ ਨਾਲ ਇੱਕ ਤਾਂ ਸਾਡਾ ਸਰੀਰ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦਾ ਹੈ; ਦੂਜਾ ਮਨ 'ਤੇ ਵੀ ਬੁਰਾ ਅਸਰ ਪੈਂਦਾ ਹੈ। ਅੱਜ ਅਸੀਂ ਜਾਣਦੇ ਹਾਂ ਕਿ ਬਹੁਤ ਸਾਰੇ ਲੋਕ ਕਣਕ ਦੀ ਐਲਰਜੀ ਦੇ ਬੁਰੇ ਅਸਰ ਤੋਂ ਬੇਹੱਦ ਦੁਖੀ ਹਨ। ਹੈਰਾਨੀ ਹੁੰਦੀ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਸਾਨੂੰ ਇਸ ਦੇ ਬੁਰੇ ਅਸਰ ਤੋਂ ਸੈਂਕੜੇ ਸਾਲ ਪਹਿਲਾਂ ਹੀ ਸੰਕੇਤ ਕਰ ਦਿੱਤਾ ਹੋਇਆ ਹੈ।

ਮਿਲੱਟਸ ਤਕਰੀਬਨ 131 ਦੇਸ਼ਾਂ ਵਿਚ ਪੈਦਾ ਕੀਤੇ ਜਾਂਦੇ ਹਨ ਤੇ ਭਾਰਤ ਇਸ ਦਾ ਸੰਸਾਰ ਦਾ ਸਭ ਤੋਂ ਵੱਡਾ ਉਤਪਾਦਕ ਹੈ। ਭਾਰਤ ਵਿਚ ਪੈਦਾ ਕੀਤੇ ਜਾਣ ਵਾਲੇ ਮਿਲੱਟਸ ਇਹ ਹਨ: ਮੋਤੀ ਬਾਜਰਾ 60%, ਸੋਰਘਮ, ਜੁਆਰ ਜਾਂ ਚਰੀ 27%, ਰਾਗੀ 11% ਤੇ ਕੁਟੂਕੀ 2%। ਇਸ ਤੋਂ ਇਲਾਵਾ ਕੰਗਣੀ (ਫੌਕਸਟੇਲ), ਬਾਰੀ (ਪ੍ਰੋਸੋ), ਕੋਧਰਾ (ਕੋਡੋ) ਅਤੇ ਸਨਵਾ (ਬਾਰਨਯਾਰਡ) ਵੀ ਕੁਝ ਮਾਤਰਾ ਵਿਚ ਪੈਦਾ ਕੀਤੇ ਜਾਂਦੇ ਹਨ। ਮਿਲੱਟਸ ਦੇ ਕੌਮਾਂਤਰੀ ਸਾਲ ਵਜੋਂ 2023 ਢੁਕਵਾਂ ਸਮਾਂ ਹੈ ਜਦੋਂ ਜਲਵਾਯੂ ਪਰਿਵਰਤਨ, ਮਿੱਟੀ ਦੇ ਉਪਜਾਊਪਣ ਵਿਚ ਆ ਰਹੀ ਕਮਜ਼ੋਰੀ ਅਤੇ ਪਾਣੀ ਦੀ ਕਿੱਲਤ ਰਵਾਇਤੀ ਖੇਤੀਬਾੜੀ ਨੂੰ ਖ਼ਤਰੇ ਵਿਚ ਪਾ ਰਹੀ ਹੈ। ਇਸ ਲਈ ਮਿਲੱਟਸ ਆਪਣੀ ਘੱਟ ਤੋਂ ਘੱਟ ਪਾਣੀ ਦੀ ਲੋੜ ਅਤੇ ਖੁਸ਼ਕ ਜ਼ਮੀਨ ਵਿਚ ਵਧਣ-ਫੁੱਲਣ ਦੀ ਯੋਗਤਾ ਦੇ ਨਾਲ ਨਾਲ ਪ੍ਰੋਟੀਨ ਦੇ ਉੱਚ ਪੱਧਰ ਕਾਰਨ ਪੌਸ਼ਟਿਕਤਾ ਪੱਖੋਂ ਕਣਕ ਅਤੇ ਚੌਲਾਂ ਨਾਲੋਂ ਕੀਤੇ ਵੱਧ ਉੱਤਮ ਹਨ। ਇਹ ਗਲੂਟਨ ਮੁਕਤ ਹੁੰਦੇ ਹਨ ਅਤੇ ਇਨ੍ਹਾਂ ਦਾ ਗਲਾਈਸੈਮਿਕ ਪੱਧਰ ਘੱਟ ਹੁੰਦਾ ਹੈ ਜੋ ਇਨ੍ਹਾਂ ਨੂੰ ਖ਼ੁਰਾਕ ਸਬੰਧੀ ਪਾਬੰਦੀਆਂ ਵਾਲੇ ਲੋਕਾਂ ਅਤੇ ਸ਼ੂਗਰ ਕਾਬੂ ਰੱਖਣ ਲਈ ਤਰੱਦਦ ਕਰਦੇ ਲੋਕਾਂ ਲਈ ਲਾਹੇਵੰਦ ਬਣਾਉਂਦੇ ਹਨ। ਇਨ੍ਹਾਂ ਦਾ ਉਤਪਾਦਨ ਕਿਸਾਨਾਂ ਲਈ ਆਰਥਿਕ ਤੌਰ 'ਤੇ ਹੋਰ ਵਧੇਰੇ ਫ਼ਾਇਦੇਮੰਦ ਹੋ ਸਕਦਾ ਹੈ।

ਸਰਕਾਰ, ਵਿਦਿਅਕ ਸੰਸਥਾਵਾਂ ਅਤੇ ਗੈਰ-ਸਰਕਾਰੀ ਸੰਸਥਾਵਾਂ ਦੇ ਯਤਨਾਂ ਸਦਕਾ ਮਿਲੱਟਸ ਦੇ ਉਤਪਾਦਨ ਵਿਚ ਕਾਫ਼ੀ ਵਾਧਾ ਹੋਇਆ ਹੈ। ਭਾਰਤ ਦੇ ਪ੍ਰਧਾਨ ਮੰਤਰੀ ਦਾ ਮਿਲੱਟਸ ਨੂੰ ਭਵਿੱਖ ਲਈ ਭੋਜਨ ਬਦਲ ਬਣਾਉਣ 'ਤੇ ਜ਼ੋਰ ਦੇਣਾ, ਕਿਸਾਨ ਭਲਾਈ ਮੰਤਰਾਲੇ ਵੱਲੋਂ ਸੰਸਦ ਮੈਂਬਰਾਂ ਲਈ ਵਿਸ਼ੇਸ਼ ਤੌਰ 'ਤੇ ਮਿਲੱਟਸ ਦੇ ਖਾਣੇ ਦਾ ਪ੍ਰਬੰਧ ਕਰਨਾ, ਵਿਸਾਖੀ ਮੌਕੇ ਗੁਰਦੁਆਰਾ ਸਰਾਭਾ ਨਗਰ, ਲੁਧਿਆਣਾ ਵਿਚ ਸੰਗਤ ਲਈ ਮਿਲੱਟਸ ਦੇ ਫੂਡ ਸਟਾਲ ਲਗਾਉਣਾ, ਵਿਦਿਅਕ ਸੰਸਥਾਵਾਂ ਦੁਆਰਾ ਰੈਲੀਆਂ ਅਤੇ ਮਿਲੱਟਸ ਨਾਲ ਤਿਆਰ ਕੀਤੇ ਹੋਰ ਉਤਪਾਦਾਂ ਦੀ ਪ੍ਰਦਰਸ਼ਨੀ ਲਗਾਉਣਾ ਵੀ ਇਸ ਵਿਚਾਰ ਨੂੰ ਉਤਸ਼ਾਹਿਤ ਕਰਦੇ ਹਨ ਕਿ ਮਿਲੱਟਸ ਆਧੁਨਿਕ ਖ਼ੁਰਾਕਾਂ ਵਿਚ ਸੁਆਦੀ ਅਤੇ ਪੌਸ਼ਟਿਕ ਬਦਲ ਹੋ ਸਕਦਾ ਹੈ। ਆਪਣੀ ਖ਼ੁਰਾਕ ਵਿਚ ਮਿਲੱਟਸ ਸ਼ਾਮਿਲ ਕਰ ਕੇ ਅਸੀਂ ਸਿਹਤਮੰਦ ਸਮਾਜ ਦੇ ਨਿਰਮਾਣ ਵਿਚ ਯੋਗਦਾਨ ਪਾ ਸਕਦੇ ਹਾਂ ਅਤੇ ਅਗਲੀਆਂ ਪੀੜ੍ਹੀਆਂ ਲਈ ਭੋਜਨ ਸੁਰੱਖਿਆ ਨੂੰ ਵੀ ਯਕੀਨੀ ਬਣਾ ਸਕਦੇ ਹਾਂ।

# ਪਾਕਿਸਤਾਨੀ ਅਦਾਕਾਰਾ ਸਾਜਲ ਅਲੀ ਦਾ ਸਿਦਕ

ਜ਼ਪਾਕਿਸਤਾਨੀ ਅਦਾਕਾਰਾ ਸਾਜਲ ਅਲੀ ਦਾ ਇਸੇ ਸਾਲ ਨਸ਼ਰ ਹੋਇਆ ਡਰਾਮਾ 'ਕੁਛ ਅਨਕਹੀ' ਖ਼ੂਬ ਚਰਚਿਤ ਰਿਹਾ। ਇਹ ਡਰਾਮਾ ਔਰਤਾਂ ਦੇ ਸੰਘਰਸ਼ ਨਾਲ ਸਬੰਧਿਤ ਹੈ ਅਤੇ ਇਸ ਵਿਚ ਸਾਜਲ ਅਲੀ ਨੇ ਮੱਧਵਰਗੀ ਔਰਤ ਦਾ ਕਿਰਦਾਰ ਬਾਖ਼ੂਬੀ ਨਿਭਾਇਆ ਹੈ। ਇਸ ਕਿਰਦਾਰ ਬਾਰੇ ਸਾਜਲ ਅਲੀ ਦਾ ਕਹਿਣਾ ਹੈ ਕਿ ਅਸਲ ਵਿਚ ਉਹ ਅਜਿਹੇ ਕਿਰਦਾਰ ਨਿਭਾਉਣੇ ਜ਼ਿਆਦਾ ਪਸੰਦ ਕਰਦੀ ਹੈ ਜਿਨ੍ਹਾਂ ਵਿਚ ਨਵੀਂ ਪੀੜ੍ਹੀ ਲਈ ਕੋਈ ਸਬਕ ਜਾਂ ਸੁਨੇਹਾ ਹੋਵੇ। 17 ਜਨਵਰੀ 1994 ਨੂੰ ਜਨਮੀ ਸਾਜਲ ਅਲੀ ਫਿਲਮਾਂ ਵਿਚ ਵੀ ਕੰਮ ਕਰ ਚੁੱਕੀ ਹੈ ਅਤੇ ਆਪਣੀ ਉਮਦਾ ਅਦਾਕਾਰੀ ਦੇ ਸਿਰ 'ਤੇ ਉਸ ਨੇ ਕਈ ਇਨਾਮ ਵੀ ਹਾਸਲ ਕੀਤੇ ਹਨ। ਉਸ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਸਾਲ 2009 ਵਿਚ ਜੀਓ ਟੀ.ਵੀ.

**ਗੁਰਜੰਟ ਸਿੰਘ**

ਦੇ ਪ੍ਰੋਗਰਾਮ 'ਨਾਦਾਨੀਆਂ' ਨਾਲ ਕੀਤੀ ਸੀ। ਫਿਰ 'ਮਹਿਮੂਦਾਬਾਦ ਕੀ ਮਾਲਕਿਨ' ਵਿਚ ਉਸ ਨੂੰ ਮੁੱਖ ਕਿਰਦਾਰ ਵਾਲਾ ਕੰਮ ਮਿਲ ਗਿਆ ਅਤੇ ਫਿਰ ਉਸ ਨੇ ਕਦੇ ਪਿੱਛੇ ਮੁੜ ਕੇ ਨਹੀਂ ਦੇਖਿਆ ਤੇ ਉਹ ਪੂਰੇ ਸਿਦਕ ਨਾਲ ਆਪਣਾ ਕਰੀਆ ਬਣਾ-ਸੰਵਾਰ ਰਹੀ ਹੈ। ਸਾਜਲ ਅਲੀ ਦਾ ਕਹਿਣਾ ਹੈ ਕਿ ਉਹ ਫਿਲਮ ਵਿਚ ਕੰਮ ਉਦੋਂ ਹੀ ਕਰਦੀ ਹੈ ਜਦੋਂ ਉਸ ਨੂੰ ਤਸੱਲੀ ਹੋਵੇ ਕਿ ਉਹ ਕਿਰਦਾਰ ਨਾਲ ਨਿਭ ਸਕੇਗੀ। ਉਸ ਦਾ ਸਾਰਾ ਧਿਆਨ ਆਪਣੇ ਕੰਮ 'ਤੇ ਹੀ ਰਹਿੰਦਾ ਹੈ।





ਅਦਾਕਾਰਾ ਸਾਜਲ ਅਲੀ ਅਤੇ (ਸੱਜੇ) ਸਾਜਲ ਅਲੀ 'ਨੂਰ ਉਲ ਐਨ' ਡਰਾਮੇ ਵਿਚ ਇਮਰਾਨ ਅੱਬਾਸ ਨਾਲ।



# ਅਦਾਕਾਰਾ ਕੰਗਨਾ ਰਣੌਤ ਦੀ ਸਿਆਸਤ

ਆਸ ਦੇ ਐਨ ਉਲਟ ਅਦਾਕਾਰਾ ਕੰਗਨਾ ਰਣੌਤ ਦੀ ਫਿਲਮ 'ਤੇਜਸ' ਬਹੁਤ ਬੁਰੀ ਤਰ੍ਹਾਂ ਫੇਲ੍ਹ ਹੋ ਗਈ ਹੈ। ਇਸ ਫਿਲਮ ਨੂੰ ਲੋਕ ਦੇਖਣ ਲਈ ਸਿਨੇਮਾ ਘਰਾਂ ਵਿਚ ਪਹੁੰਚੇ ਹੀ ਨਹੀਂ

**ਆਮਨਾ ਕੌਰ**

ਅਤੇ ਬਹੁਤ ਸਾਰੇ ਸਿਨੇਮਿਆਂ ਤੋਂ ਤੀਜੇ ਦਿਨ ਹੀ ਇਹ ਫਿਲਮ ਉਤਾਰਨੀ ਪੈ ਗਈ। ਇਸ ਫਿਲਮ ਦਾ ਬਜਟ 60 ਕਰੋੜ ਰੁਪਏ ਦਾ ਸੀ ਅਤੇ ਫਿਲਮ 6 ਕਰੋੜ ਰੁਪਏ ਵੀ ਨਹੀਂ ਕਮਾ ਸਕੀ। ਇਸ ਤੋਂ ਪਹਿਲਾਂ 2022 ਵਿਚ ਆਈ ਉਸ ਦੀ 'ਧਾਕੜ' ਦਾ ਵੀ ਤਕਰੀਬਨ ਇਹੀ ਹਾਲ ਹੋਇਆ ਸੀ। 'ਧਾਕੜ' ਦਾ ਬਜਟ 85 ਕਰੋੜ ਰੁਪਏ ਸੀ ਅਤੇ ਇਹ ਫਿਲਮ ਬਾਕਸ ਆਫਿਸ ਉਤੇ ਸਿਰਫ ਪੌਣੇ ਚਾਰ ਕਰੋੜ ਰੁਪਏ ਹੀ ਕਮਾ ਸਕੀ। ਹੁਣ ਕੰਗਨਾ ਰਣੌਤ ਦੀਆਂ ਸਾਰੀਆਂ ਆਸਾਂ ਫਿਲਮ 'ਐਮਰਜੈਂਸੀ' ਉਤੇ ਹਨ ਜਿਸ ਵਿਚ ਉਸ ਨੇ ਮਰਹੂਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਕਿਰਦਾਰ ਨਿਭਾਇਆ ਹੈ। ਪਹਿਲਾਂ ਇਹ ਫਿਲਮ ਇਸੇ ਸਾਲ 23 ਨਵੰਬਰ ਨੂੰ ਰਿਲੀਜ਼ ਕੀਤੀ ਜਾਣੀ ਸੀ ਪਰ ਇਸ ਦੀ ਰਿਲੀਜ਼ ਮੁਲਤਵੀ ਕਰ ਦਿੱਤੀ ਗਈ।

ਇਸੇ ਦੌਰਾਨ ਹੁਣ ਕੰਗਨਾ ਰਣੌਤ ਨੇ ਸਿਆਸਤ ਵਿੱਚ ਆਉਣ ਦਾ ਸੰਕੇਤ ਦਿੱਤਾ ਹੈ ਅਤੇ ਕਿਹਾ ਹੈ ਕਿ ਜੇ ਉਸ ਨੂੰ ਭਗਵਾਨ ਕ੍ਰਿਸ਼ਨ ਦਾ ਆਸ਼ੀਰਵਾਦ ਮਿਲਿਆ ਤਾਂ ਉਹ ਲੋਕ ਸਭਾ ਚੋਣਾਂ ਲੜੇਗੀ। ਪੱਤਰਕਾਰਾਂ ਨੇ ਉਸ ਨੂੰ ਲੋਕ ਸਭਾ ਚੋਣਾਂ ਲੜਨ ਬਾਰੇ ਪੁੱਛਿਆ ਸੀ। ਚੇਤੇ ਰਹੇ ਕਿ ਮੋਦੀ ਸਰਕਾਰ ਦੀ ਅੰਨ੍ਹੀ ਭਗਤ ਕੰਗਨਾ ਰਣੌਤ ਕਿਸਾਨ ਅੰਦੋਲਨ ਦੌਰਾਨ ਕਿਸਾਨਾਂ ਖਿਲਾਫ ਆਪਣੇ ਊਟ-ਪਟਾਂਗ ਬਿਆਨਾਂ ਕਰ ਕੇ ਚਰਚਾ ਵਿਚ ਆਈ ਸੀ।

# ਫਿਲਮਸਾਜ਼ ਸ਼ੇਖਰ ਕਪੂਰ ਦੀ ਚੜ੍ਹਤ ਦਾ ਰਾਜ਼

ਸ਼ੇਖਰ ਕਪੂਰ ਪ੍ਰਤਿਭਾਸ਼ਾਲੀ ਸ਼ਖਸ ਹੈ। ਉਸ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਟੈਲੀਵਿਜ਼ਨ ਤੋਂ ਕੀਤੀ। 1980ਵਿਆਂ ਵਿਚ ਟੈਲੀਵਿਜ਼ਨ ਲੜੀਵਾਰ 'ਖਾਨਦਾਨ' ਸ਼ੁਰੂ ਹੋਇਆ ਸੀ ਅਤੇ ਇਸ ਲੜੀਵਾਰ ਵਿਚ ਡਾਕਟਰ ਸ਼੍ਰੀਰਾਮ ਲਾਗੂ, ਗਿਰੀਸ਼ ਕਰਨਾਡ, ਟੀਨੂ ਆਨੰਦ, ਮੋਹਨ ਭੰਡਾਰੀ ਵਰਗੇ ਅਦਾਕਾਰ ਸਨ। ਇਸ ਲੜੀਵਾਰ ਵਿਚ ਸ਼ੇਖਰ ਕਪੂਰ ਦਾ ਯੋਗਦਾਨ ਭਾਵੇਂ ਘੱਟ ਸੀ ਪਰ ਉਸ ਨੇ ਸਭ ਦਾ ਧਿਆਨ ਖਿੱਚਿਆ। ਫਿਰ 1983 ਵਿਚ ਉਸ ਦੀ ਫਿਲਮ 'ਮਾਸੂਮ' ਆਈ ਜਿਸ ਨੇ

**ਕੁਦਰਤ ਕੌਰ**

ਫਿਲਮੀ ਦੁਨੀਆ ਵਿਚ ਇਕ ਤਰ੍ਹਾਂ ਨਾਲ ਤਰਥੱਲੀ ਮਚਾ ਦਿੱਤੀ। ਹਰ ਪਾਸੇ ਸ਼ੇਖਰ ਕਪੂਰ ਦੀ ਚਰਚਾ ਹੋਣ ਲੱਗ ਪਈ। ਇਹ ਫਿਲਮ ਬਤੌਰ ਡਾਇਰੈਕਟਰ ਸ਼ੇਖਰ ਕਪੂਰ ਦੀ ਪਹਿਲੀ ਫਿਲਮ ਸੀ ਅਤੇ ਪਹਿਲੀ ਹੀ ਫਿਲਮ ਨਾਲ ਉਹ ਸਟਾਰ ਡਾਇਰੈਕਟਰਾਂ ਦੀ ਕਤਾਰ ਵਿਚ ਆਣ ਖੜ੍ਹਾ ਹੋਇਆ ਸੀ। ਇਹ ਫਿਲਮ ਐਰਿਕ ਸੀਜਲ ਦੇ ਨਾਲ 'ਮੈਨ, ਵਿਮੈਨ ਐਂਡ ਚਾਈਲਡ' 'ਤੇ ਆਧਾਰਿਤ ਸੀ। ਇਹ ਨਾਵਲ 1980 ਵਿਚ ਛਪਿਆ ਸੀ। ਫਿਲਮ 'ਮਾਸੂਮ' ਵਿਚ ਨਸੀਰੂਦੀਨ ਸ਼ਾਹ, ਸ਼ਬਾਨਾ ਆਜ਼ਮੀ ਦੇ ਮੁਖ ਰੋਲ ਸਨ ਅਤੇ ਇਨ੍ਹਾਂ ਤੋਂ ਇਲਾਵਾ ਫਿਲਮ ਵਿਚ ਤਨੂਜਾ, ਸੁਪਰੀਆ ਪਾਠਕ, ਸਈਦ ਜਾਫਰੀ ਦੀਆਂ ਅਹਿਮ ਭੂਮਿਕਾਵਾਂ ਸਨ। ਜੁਗਲ ਹੰਸਰਾਜ, ਆਰਾਧਨਾ ਅਤੇ ਉਰਮਿਲਾ ਮਤੋਂਡਕਰ ਨੇ ਇਸ ਫਿਲਮ ਵਿਚ ਬਾਲ ਕਲਾਕਾਰਾਂ ਦੇ ਰਿਕਦਾਰ ਨਿਭਾਏ ਸਨ। ਇਸ ਫਿਲਮ ਦੇ ਗੀਤ ਵੀ ਬੜੇ ਮਸ਼ਹੂਰ ਹੋਏ ਜੋ ਉਘੇ ਗੀਤਕਾਰ ਗੁਲਜ਼ਾਰ ਨੇ ਲਿਖੇ ਸਨ।

ਫਿਰ 1987 ਵਿਚ ਰਿਲੀਜ਼ ਹੋਈ ਫਿਲਮ 'ਮਿਸਟਰ ਇੰਡੀਆ' ਨੇ ਉਸ ਦੀ ਕਲਗੀ ਵਿਚ ਇਕ ਹੋਰ ਸਿਤਾਰਾ ਜੜ ਦਿੱਤਾ। ਇਹ ਵੀ 'ਮਾਸੂਮ' ਵਾਂਗ ਉਸ ਦੌਰ ਦੀ ਵੱਖਰੀ ਤਰ੍ਹਾਂ ਦੀ ਫਿਲਮ ਸੀ। ਫਿਰ ਰਹਿੰਦੀ ਕਸਰ 1994 ਵਿਚ ਬਣਾਈ ਫਿਲਮ 'ਬੈਂਡਿਟ ਕਵੀਨ' ਨੇ ਕਰ ਦਿੱਤੀ। ਇਹ ਫਿਲਮ ਚਰਚਿਤ ਡਾਕੂ ਫੂਲਾਂ ਦੇਵੀ ਦੇ ਜੀਵਨ 'ਤੇ ਆਧਾਰਿਤ ਸੀ। ਸ਼ੇਖਰ ਕਪੂਰ ਨੇ ਇਸ ਫਿਲਮ ਵਿਚ ਸਮਾਜਿਕ ਸਰੋਕਾਰ ਜਿਸ ਸ਼ਿੱਦਤ ਨਾਲ ਪੇਸ਼ ਕੀਤੇ, ਉਸ ਲਈ ਉਸ ਨੂੰ ਹਰ ਪਾਸਿਓਂ ਸ਼ਾਬਾਸ਼ ਮਿਲੀ। ਇਹ ਵੀ ਇਕ ਕਿਤਾਬ 'ਤੇ ਹੀ ਆਧਾਰਿਤ ਸੀ ਜੋ ਮਾਲਾ ਸੇਨ ਨੇ ਲਿਖੀ ਸੀ। ਇਸ ਫਿਲਮ ਵਿਚ ਸੀਮਾ ਬਿਸਵਾਸ ਨੇ ਫੂਲਾਂ ਦੇਵੀ ਦਾ ਕਿਰਦਾਰ ਨਿਭਾਇਆ ਅਤੇ ਉਸ ਸਮੇਂ ਦਾ ਸੱਚ ਪਰਦੇ ਉਤੇ ਸਾਕਾਰ ਕਰ ਦਿਖਾਇਆ। ਸ਼ੇਖਰ ਕਪੂਰ ਨੇ ਇਸ ਫਿਲਮ ਦਾ ਸੰਗੀਤ ਉਸਤਾਦ ਨੁਸਰਤ ਫਹਿਤ ਅਲੀ ਖਾਨ ਤੋਂ ਤਿਆਰ ਕਰਵਾਇਆ ਸੀ। ਇਸ ਫਿਲਮ ਨੂੰ ਸਰਵੋਤਮ ਫਿਲਮ ਦਾ ਕੌਮੀ ਇਨਾਮ ਵੀ ਹਾਸਲ ਹੋਇਆ। ਇਹ ਫਿਲਮ ਵਿਦੇਸ਼ੀ ਫਿਲਮ ਮੇਲਿਆਂ ਵਿਚ ਵੀ ਦਿਖਾਈ ਅਤੇ ਉਥੇ ਇਸ ਨੇ ਖ਼ੂਬ ਪ੍ਰਸੰਸਾ ਖੱਟੀ।



ਫਿਲਮ 'ਬੈਂਡਿਟ ਕੁਈਨ' ਦੀ ਬੱਲੇ-ਬੱਲੇ ਤੋਂ ਬਾਅਦ ਸ਼ੇਖਰ ਕਪੂਰ ਨੇ ਹੌਲੀਵੁੱਡ ਵੱਲ ਉਡਾਰੀ ਮਾਰੀ ਅਤੇ 1998 ਵਿਚ 'ਐਲਿਜ਼ਬਥ' ਫਿਲਮ ਬਣਾਈ। ਇਹ ਫਿਲਮ ਇੰਗਲੈਂਡ ਦੀ ਮਹਾਰਾਣੀ ਐਲਿਜ਼ਬਥ ਦੇ ਜੀਵਨ 'ਤੇ ਆਧਾਰਿਤ ਸੀ। ਇਸ ਫਿਲਮ ਲਈ ਵੀ ਸ਼ੇਖਰ ਨੂੰ ਵਾਹ-ਵਾਹ ਮਿਲੀ। ਫਿਲਮ ਦਾ ਐਲਿਜ਼ਬਥ ਵਾਲਾ ਕਿਰਦਾਰ ਉਘੀ ਅਦਾਕਾਰਾ ਕੇਟ ਬਲੈਂਸ਼ਟ ਨੇ ਨਿਭਾਇਆ। 2002 ਵਿਚ ਸ਼ੇਖਰ ਕਪੂਰ ਨੇ ਇਕ ਹੋਰ ਫਿਲਮ 'ਦਿ ਫੋਰ ਫੀਦਰਜ਼' ਬਣਾਈ। ਇਹ ਪਹਿਲੀਆਂ ਫਿਲਮਾਂ ਨਾਲੋਂ ਉਕਾ ਹੀ ਵੱਖਰੀ ਸੀ। ਇਸ ਫਿਲਮ ਦਾ ਮੁੱਖ ਵਿਸ਼ਾ ਜੰਗ ਹੈ ਅਤੇ ਇਸ ਵਿਚ ਮੁੱਖ ਕਿਰਦਾਰ ਹੀਥ ਲੈਜ਼ਰ, ਵੇਜ਼ ਬੈਂਟਲੇਅ, ਕੇਟ ਹਡਸਨ, ਮਿਸ਼ੇਲ ਸੀਨ ਨੇ ਨਿਭਾਏ। ਫਿਲਮ ਵਿਚ ਮਾਨਵੀ ਸਰੋਕਾਰਾਂ ਨੇ ਸਿਖਰਾਂ ਛੋਹੀਆਂ। 2007 ਵਿਚ ਉਹ ਫਿਲਮ 'ਐਲਿਜ਼ਬਥ: ਦਿ ਗੋਲਡਨ ਏਜ' ਲੈ ਕੇ ਆਇਆ। 2022 ਵਿਚ ਉਸ ਨੇ ਫਿਲਮ 'ਵ੍ਹੱਟਸ ਲਵ ਗੌਟ ਟੂ ਡੂ ਵਿੱਦ ਇਟ?' ਬਣਾਈ। ਇਸ ਫਿਲਮ ਵਿਚ ਹੋਰਨਾਂ ਤੋਂ ਇਲਾਵਾ ਸ਼ਬਾਨਾ ਆਜ਼ਮੀ ਅਤੇ ਪਾਕਿਸਤਾਨੀ ਅਦਾਕਾਰ ਸਾਜਲ ਅਲੀ ਨੇ ਭੂਮਿਕਾਵਾਂ ਨਿਭਾਈਆਂ। ਫਿਲਮ ਨੇ ਕੌਮਾਂਤਰੀ ਪੱਧਰ ਦੇ ਚਾਰ ਇਨਾਮ ਹਾਸਲ ਕੀਤੇ ਅਤੇ ਇਹ ਕੁੱਲ 9 ਇਨਾਮਾਂ ਲਈ ਨਾਮਜ਼ਦ ਹੋਈ ਸੀ। ਫਿਲਮ ਦੀ ਕਹਾਣੀ ਲਾਹੌਰ ਵਿਚ ਵਾਪਰਦੀ ਹੈ। ਆਪਣੇ ਮਿਹਨਤੀ ਸੁਭਾਅ ਕਰ ਕੇ ਉਸ ਦੀ ਚੜ੍ਹਤ ਅੱਜ ਵੀ ਬਰਕਰਾਰ ਹੈ।

# ਸਿੱਖ ਤੇ ਪਠਾਨ



ਡਾ. ਗੁਲਾਮ ਮੁਸਤਫਾ ਡੋਗਰ
ਫੋਨ: 00447878132209
ਅਨੁਵਾਦਕ : ਜੁਗਿੰਦਰ ਸਿੰਘ ਭੱਟੀ
ਫੋਨ: 079860-37268

ਸਿੱਖ ਤੇ ਪਠਾਨ ਦੋ ਐਸੀਆਂ ਕੌਮਾਂ ਨੇ ਜੋ ਰਹਿੰਦੀਆਂ ਤਾਂ ਇਕ ਦੂਜੇ ਕੋਲੋਂ ਬਹੁਤ ਦੂਰ ਨੇ ਪਰ ਇਨ੍ਹਾਂ ਦੀਆਂ ਸ਼ਕਲਾਂ, ਆਦਤਾਂ, ਰਹਿਣ-ਸਹਿਣ ਸਾਰਾ ਆਪਸ ਵਿਚ ਮਿਲਦਾ ਏ। ਸ਼ਕਲ ਦੀ ਗੱਲ ਕਰ ਲਈਏ ਤਾਂ ਸਿੱਖ ਭਰਾ ਕੇਸ ਰੱਖਦੇ ਹਨ। ਪਹਿਲਾਂ ਪਠਾਨ ਵੀ ਕੇਸ ਰੱਖਿਆ ਕਰਦੇ ਸਨ। ਪਰ ਉਹ ਕੇਸਾਂ ਨੂੰ ਬੰਨ੍ਹ ਕੇ ਨਹੀਂ, ਖੋਲ੍ਹ ਕੇ ਰੱਖਦੇ ਸੀ। ਹੁਣ ਵੀ ਪਠਾਨ ਕੇਸ ਤਾਂ ਲੰਬੇ ਰੱਖਦੇ ਨੇ ਪਰ ਕੇਸਾਂ ਨੂੰ ਬੰਨ੍ਹਦੇ ਨਹੀਂ। ਸਿੱਖ ਦਾੜ੍ਹੀ ਰੱਖਦੇ ਨੇ ਤੇ ਪਠਾਨ ਵੀ। ਸਿੱਖ ਮੁੱਛਾਂ ਰੱਖਦੇ ਨੇ ਤੇ ਪਠਾਨ ਵੀ। ਸਿੱਖ ਪਗੜੀ ਬੰਨ੍ਹਦੇ ਨੇ ਤੇ ਪਠਾਨ ਵੀ ਪੱਗੜੀ ਬੰਨ੍ਹਦੇ ਨੇ। ਫ਼ਰਕ ਸਿਰਫ਼ ਏਨਾ ਹੈ ਕਿ ਪਹਿਲਾਂ ਸਿੱਖਾਂ ਦੀ ਪੱਗੜੀ ਸਾਦੀ ਹੁੰਦੀ ਸੀ। ਪਰ ਹੁਣ ਪਟਿਆਲੇ ਦੀ ਚੁੰਝ ਵਾਲੀ ਪੱਗੜੀ ਦੀ ਕਾਢ ਸਿੱਖਾਂ ਨੇ ਆਪ ਹੀ ਕੱਢ ਲਈ। ਬਾਬਾ ਨਾਨਕ ਜਿਵੇਂ ਪੱਗੜੀ ਬੰਨ੍ਹਦੇ ਸਨ ਪਠਾਨ ਵੀ ਉਸੇ ਤਰ੍ਹਾਂ ਹੀ ਪੱਗੜੀ ਬੰਨ੍ਹਦੇ ਸੀ। ਕਾਫੀ ਪਠਾਨ ਕਾਲੀ ਪੱਗੜੀ ਬੰਨ੍ਹਦੇ ਹਨ ਤੇ ਸਿੱਖ ਵੀ। ਸਿੱਖ ਸੱਜੇ ਪਾਸੇ ਤੋਂ ਖੱਬੇ ਪਾਸੇ ਨੂੰ ਕਿਰਪਾਨ ਪਾਉਂਦੇ ਹਨ ਤਾਂ ਜੋ ਲੋੜ ਪੈਣ 'ਤੇ ਆਪਣੇ ਸੱਜੇ ਹੱਥ ਨਾਲ ਕਿਰਪਾਨ ਨੂੰ ਆਸਾਨੀ ਨਾਲ ਕੱਢ ਸਕਣ। ਪਠਾਨ ਵੀ ਸੱਜੇ ਪਾਸੇ ਤੋਂ ਖੱਬੇ ਪਾਸੇ ਨੂੰ ਪਿਸਤੌਲ ਲਗਾਈ ਰੱਖਦੇ ਹਨ ਤੇ ਪਿਸਤੌਲ ਗੌਲੀਆਂ ਨਾਲ ਭਰੀ ਹੁੰਦੀ ਹੈ। ਪਠਾਨ ਪਿਸਤੌਲ ਨੂੰ ਖੱਬੇ ਪਾਸੇ ਤਾਂ ਲਾ ਕੇ ਰੱਖਦੇ ਹਨ ਤਾਂ ਜੋ ਲੋੜ ਪੈਣ 'ਤੇ ਆਪਣੇ ਸੱਜੇ ਹੱਥ ਨਾਲ ਪਿਸਤੌਲ ਨੂੰ ਕੱਢ ਕੇ ਇਸਤੇਮਾਲ ਕਰ ਸਕਣ। ਦੋਹਾਂ ਦਾ ਸਾਦਾ ਜਿਹਾ ਲਿਬਾਸ ਹੈ। ਸਿੱਖ ਵੀ ਚਾਦਰ ਲੈਂਦੇ ਹਨ ਤੇ ਪਠਾਨ ਵੀ। ਸਿੱਖ ਤਹਿਮਦ ਤੇ ਪਜਾਮਾ ਤੇ ਪਠਾਨ ਸਲਵਾਰ ਪਾਉਂਦੇ ਹਨ। ਦੋਵੇਂ ਕਮੀਜ਼ਾਂ ਅਤੇ ਵਾਸਕਟ ਵੀ ਪਾਉਂਦੇ ਹਨ।

ਜਦੋਂ ਪਠਾਨ ਦੇ ਘਰ ਬੱਚਾ ਜਨਮ ਲੈਂਦਾ ਹੈ, ਉਸਦੇ ਕੰਨਾਂ ਵਿਚ ਪਹਿਲੀ ਆਵਾਜ਼ ਗੰਨ ਦੇ ਫਾਇਰ ਦੀ ਪੈਂਦੀ ਹੈ। ਬੇਟਾ ਹੋਵੇ ਤਾਂ ਪੰਜ ਅਤੇ ਬੇਟੀ ਹੋਵੇ ਤਾਂ ਤਿੰਨ ਫਾਇਰ ਕੱਢੇ ਜਾਂਦੇ ਨੇ। ਯਾਨੀ ਬੇਟੀ ਦੇ ਜਨਮ ਨੂੰ ਉਨ੍ਹਾਂ ਵਿਚ ਵੀ ਘੱਟ ਚੰਗਾ ਸਮਝਿਆ ਜਾਂਦਾ ਅਤੇ ਸਿੱਖਾਂ ਵਿਚ ਵੀ। ਇਤਿਹਾਸ ਵਿਚ ਇਨ੍ਹਾਂ ਦੋਵਾਂ ਕੌਮਾਂ 'ਤੇ ਬਹੁਤ ਕਠਿਨ ਵਕਤ ਆਉਂਦੇ ਰਹੇ ਨੇ। ਦੋਵੇਂ ਕੌਮਾਂ ਲੜਾਕੂ ਤੇ ਬਹਾਦਰ ਨੇ। ਸਾਦੇ ਤੇ ਦਲੇਰ ਨੇ। ਸਾਦਾ ਬੰਦਾ ਹੀ ਦਲੇਰ ਹੋ ਸਕਦਾ ਏ। ਕਦੀ ਵੀ ਚਲਾਕ ਬੰਦਾ ਦਲੇਰ ਨਹੀਂ ਹੋ ਸਕਦਾ। ਉਹ ਗਿਣ-ਮਿੱਥ ਕੇ ਚੱਲਦਾ ਹੈ। ਪਠਾਨਾਂ ਦੀ ਕੌਮੀ ਖੇਡ ਨਿਸ਼ਾਨੇਬਾਜ਼ੀ ਹੈ। ਸਿੱਖਾਂ ਦੀ ਵੀ ਕੌਮੀ ਖੇਡ ਤਲਵਾਰਬਾਜ਼ੀ ਹੈ। ਹੋਲੇ ਮਹੱਲੇ 'ਤੇ ਵੀ ਇਸ ਦਾ ਪ੍ਰਦਰਸ਼ਨ ਕੀਤਾ ਜਾਂਦਾ ਹੈ। ਦੋਵਾਂ ਕੌਮਾਂ ਨੂੰ ਘੋੜਿਆਂ ਦਾ ਬਹੁਤ ਸ਼ੌਕ ਹੈ। ਕਈ ਗੁਰੂ ਤਾਂ ਘੋੜਿਆਂ ਦਾ ਕਾਰੋਬਾਰ ਵੀ ਕਰਦੇ ਸਨ। ਇਨ੍ਹਾਂ ਨੂੰ ਘੋੜੇ ਪਠਾਨ ਹੀ ਦਿੰਦੇ ਸਨ। ਪਠਾਨ ਹਥਿਆਰਾਂ ਦੇ ਬਹੁਤ ਸ਼ੌਕੀਨ ਨੇ ਤੇ ਸਿੱਖ ਵੀ ਹਥਿਆਰਾਂ ਦਾ ਸ਼ੌਕ ਰੱਖਦੇ ਹਨ। ਜਿਸ ਤਰ੍ਹਾਂ ਲੋਕਾਂ ਨੂੰ ਨਵੀਆਂ-ਨਵੀਆਂ ਗੱਡੀਆਂ ਦਿਖਾਉਣ ਦਾ ਸ਼ੌਕ ਹੈ ਉਸੇ ਤਰ੍ਹਾਂ ਇਨ੍ਹਾਂ ਲੋਕਾਂ ਨੂੰ ਨਵੇਂ-ਨਵੇਂ ਹਥਿਆਰ ਦਿਖਾਉਣ ਦਾ ਸ਼ੌਕ ਹੈ। ਕਾਬੁਲ ਤੋਂ ਲੈ ਕੇ ਕਰਾਚੀ ਤੱਕ ਟਰਾਂਸਪੋਰਟ ਦਾ ਸਾਰਾ ਕਾਰੋਬਾਰ ਪਠਾਨਾਂ ਕੋਲ ਹੈ। ਬੱਸਾਂ, ਟਰੱਕਾਂ ਤੇ ਰਿਕਸ਼ਿਆਂ ਦੇ ਬਹੁਤ ਡਰਾਈਵਰ ਪਠਾਨ ਨੇ। ਪਾਕਿਸਤਾਨ ਦੀ ਬੱਸਾਂ ਦੀ ਟਰਾਂਸਪੋਰਟ ਦੀ ਬਹੁਤ ਵੱਡੀ ਕੰਪਨੀ ਜਿਸਦਾ ਨਾਮ ਹੀ 'ਨਿਊ ਖਾਨ' ਹੈ। ਅੰਮ੍ਰਿਤਸਰ ਤੋਂ ਲੈ ਕੇ ਕਲਕੱਤੇ ਤੱਕ ਇੰਡੀਆ 'ਚ ਟਰਾਂਸਪੋਰਟ ਦੇ ਕੰਮ 'ਚ ਜ਼ਿਆਦਾ ਸਿੱਖ ਨੇ। ਸਿੱਖਾਂ ਦੇ ਢਾਬੇ ਵੀ ਬਹੁਤ ਨੇ। ਪਠਾਨ ਵੀ ਹੋਟਲਾਂ ਦਾ ਬਹੁਤ ਕੰਮ ਕਰਦੇ ਨੇ। ਇਨ੍ਹਾਂ ਦੇ ਅਫ਼ਗਾਨਿਸਤਾਨ ਅਤੇ ਪਾਕਿਸਤਾਨ ਵਿਚ ਬਹੁਤ ਹੋਟਲ ਨੇ। ਕਈ ਖਾਣਿਆਂ ਦਾ ਨਾਮ ਹੀ ਪਠਾਨਾਂ 'ਤੇ ਹੈ ਜਿਵੇਂ ਕਾਬੁਲੀ ਪੁਲਾਓ ਤੇ ਪਿਸ਼ਾਵਰੀ ਕਬਾਬ।

ਪਾਕਿਸਤਾਨ ਵਿਚ ਟਰੱਕ ਡਰਾਈਵਰਾਂ ਦੇ ਹੋਟਲਾਂ ਦੀ ਇਕ ਵੱਡੀ ਤਦਾਦ ਹੈ ਜਿਸ ਦਾ ਨਾਮ ਹੈ ਸ਼ਨਵਾਰੀ ਹੋਟਲ। ਸ਼ਨਵਾਰੀ ਪਠਾਨਾਂ ਦੀ ਹੀ ਇਕ ਕੌਮ ਹੈ। ਪਠਾਨ ਮਜ਼ਦੂਰੀ ਕਰਨ ਵਾਸਤੇ ਦੂਜੇ ਮੁਲਕਾਂ ਵਿਚ ਟੁਰ ਜਾਂਦੇ ਸੀ। ਪੁਰਾਣੇ ਜ਼ਮਾਨੇ ਵਿਚ ਪੰਜਾਬ ਦੇ ਪਿੰਡਾਂ ਦੀਆਂ ਕੱਚੀਆਂ ਕੰਧਾਂ ਵੀ ਪਠਾਨ ਆ ਕੇ ਬਣਾਉਂਦੇ ਸਨ। ਸਿੱਖ ਇਸ ਕੰਮ ਵਿਚ ਪਠਾਨਾਂ ਨਾਲੋਂ ਅੱਗੇ ਲੰਘ ਗਏ ਹਨ। ਸਿੱਖ ਕੰਮਾਂ-ਕਾਰਾਂ ਵਾਸਤੇ ਪੂਰੇ ਇੰਡੀਆ 'ਚ ਫੈਲੇ। ਦੁਬਈ ਮਜ਼ਦੂਰੀ ਕਰਨ ਵਾਸਤੇ ਗਏ। ਫਿਰ ਯੂਰਪ, ਕੈਨੇਡਾ ਤੇ ਅਮਰੀਕਾ ਨੂੰ ਜਾ ਆਬਾਦ ਕੀਤਾ। ਪਠਾਨ ਵੀ ਦੁਬਈ, ਸਾਊਦੀ ਅਰਬ ਤੋਂ ਬਾਅਦ ਇੰਡੋਨੇਸ਼ੀਆ, ਮਲੇਸ਼ੀਆ, ਅਮਰੀਕਾ ਤੇ ਕੈਨੇਡਾ ਤੱਕ ਪਹੁੰਚ ਗਏ ਨੇ।

ਸਿੱਖ ਤੇ ਪਠਾਨ ਦੋਵੇਂ ਹੀ ਦੁਸ਼ਮਨਦਾਰ ਨੇ। ਇਹ ਦੁਸ਼ਮਣੀਆਂ ਪਾਲਦੇ ਹਨ, ਜੋ ਨਸਲਾਂ ਤੱਕ ਜਾਂਦੀਆਂ ਹਨ। ਹਿੰਦੁਸਤਾਨ 'ਤੇ ਮੁਗ਼ਲਾਂ ਨੇ 1526 ਵਿਚ ਕਬਜ਼ਾ ਕੀਤਾ ਤੇ ਉਸ ਤੋਂ ਪਹਿਲਾਂ ਮੁਗ਼ਲਾਂ ਨੇ ਅਫ਼ਗਾਨਿਸਤਾਨ 'ਤੇ ਕਬਜ਼ਾ ਕੀਤਾ। ਮੁਗ਼ਲ ਪਠਾਨਾਂ ਉੱਤੇ ਹੁਕਮ ਚਲਾਉਂਦੇ ਰਹੇ। ਬਾਬਰ ਨੇ 1526 'ਚ ਪਠਾਨਾਂ ਦੇ ਬਾਦਸ਼ਾਹ ਇਬਰਾਹੀਮ ਲੋਧੀ ਨੂੰ ਹਰਾ ਕੇ ਹਿੰਦੁਸਤਾਨ 'ਤੇ ਕਬਜ਼ਾ ਕੀਤਾ। ਉਸ ਤੋਂ ਬਾਅਦ ਇਕ ਹੋਰ ਪਠਾਨ ਸ਼ੇਰ ਸ਼ਾਹ ਸੂਰੀ ਨੇ ਹਿਮਾਂਯੂੰ ਨੂੰ ਹਰਾ ਕੇ ਇਰਾਨ ਭਜਾ ਦਿੱਤਾ। ਬਾਅਦ ਵਿਚ ਸ਼ੇਰ ਸ਼ਾਹ ਸੂਰੀ ਨੇ ਪਠਾਨਾਂ ਨੂੰ ਹਰਾ ਕੇ ਦੁਬਾਰਾ ਕਬਜ਼ਾ ਕੀਤਾ। ਇੱਥੇ ਵੀ ਉਨ੍ਹਾਂ ਪਠਾਨਾਂ ਨੂੰ ਹੀ ਆਪਣਾ ਸ਼ਿਕਾਰ ਬਣਾਇਆ। ਸਿੱਖ ਤੇ ਪਠਾਨ ਦੋਵੇਂ ਹੀ ਮੁਗ਼ਲਾਂ ਦੇ ਵੱਡੇ ਦੁਸ਼ਮਣ ਸਨ। ਮੁਗ਼ਲਾਂ ਦੇ ਖ਼ਿਲਾਫ਼ ਹੋਈਆਂ ਜੰਗਾਂ ਵਿਚ ਪਠਾਨ ਮੁਕਾਮੀ ਹਿੰਦੂ ਰਾਜਪੂਤਾਂ ਨਾਲ ਮਿਲ ਕੇ ਮੁਗ਼ਲਾਂ ਦੇ ਖ਼ਿਲਾਫ਼ ਲੜਦੇ ਰਹੇ। 1526 ਦੀ ਲੜਾਈ ਵਿਚ ਵੀ ਪਠਾਨ ਅਤੇ ਹਿੰਦੂ ਰਾਜਪੂਤਾਂ ਨੇ ਮਿਲ ਕੇ ਮੁਗ਼ਲਾਂ ਦਾ ਸਾਹਮਣਾ ਕੀਤਾ। ਉਸ ਸਮੇਂ ਸਿੱਖ ਹੁੰਦੇ ਤਾਂ ਉਨ੍ਹਾਂ ਵੀ ਪਠਾਨਾਂ ਨਾਲ ਮਿਲ ਕੇ ਮੁਗ਼ਲਾਂ ਦਾ ਮੁਕਾਬਲਾ ਕਰਨਾ ਸੀ। ਇਹ ਮੁਗ਼ਲਾਂ ਦਾ ਡਟ ਕੇ ਮੁਕਾਬਲਾ ਕਰਦੇ ਰਹੇ।

ਪਾਕਿਸਤਾਨ ਦੇ ਕੇ.ਪੀ.ਕੇ. ਸੂਬੇ ਦੇ ਖੁਸ਼ਹਾਲ ਖਾਂ ਖਟਕ ਜੋ ਪਸ਼ਤੋ ਭਾਸ਼ਾ ਦਾ ਵੱਡਾ ਸ਼ਾਇਰ ਸੀ ਉਹ ਸਾਰੀ ਉਮਰ ਮੁਗ਼ਲਾਂ ਨਾਲ ਜੰਗ ਕਰਦਾ ਰਿਹਾ। ਉਸਦੀ ਸਾਰੀ ਸ਼ਾਇਰੀ ਮੁਗ਼ਲਾਂ ਦੇ ਖ਼ਿਲਾਫ਼ ਸੀ। ਸਿੱਖ ਵੀ ਸਾਰੀ ਉਮਰ ਮੁਗ਼ਲਾਂ ਦੇ ਖ਼ਿਲਾਫ਼ ਲੜਦੇ ਰਹੇ। ਸਿੱਖਾਂ ਅਤੇ ਪਠਾਨਾਂ ਦੀ ਇਕ ਖਾਸ ਗੱਲ ਇਹ ਹੈ ਕਿ ਜਦੋਂ ਕੋਈ ਬਾਹਰੋਂ ਦੁਸ਼ਮਣ ਆ ਜਾਂਦਾ ਏ ਤਾਂ ਇਹ ਸਾਰੇ ਇਕੱਠੇ ਹੋ ਕੇ ਉਸਦਾ ਸਾਹਮਣਾ ਕਰਦੇ ਸਨ। ਜਦੋਂ ਦੁਸ਼ਮਣ ਨੂੰ ਹਰਾ ਕੇ ਕੱਢ ਦਿੰਦੇ ਫਿਰ ਆਪਸ ਵਿਚ ਜੰਗ ਕਰਦੇ ਨੇ। ਇਨ੍ਹਾਂ ਵਿਚ ਇਕ ਹੋਰ ਗੱਲ ਸਾਂਝੀ ਹੈ ਕਿ ਇਹ ਦੁਸ਼ਮਣਾਂ ਹੱਥ ਵੀ ਵਿਕ ਜਾਂਦੇ ਨੇ। ਅਫ਼ਗਾਨਿਸਤਾਨ 'ਤੇ ਆਪਣੇ ਜ਼ਮਾਨੇ ਦੀਆਂ ਤਿੰਨ ਸੁਪਰ ਤਾਕਤਾਂ ਨੇ ਹਮਲਾ ਕੀਤਾ। ਬਰਤਾਨੀਆ, ਰੂਸ ਤੇ ਅਮਰੀਕਾ। ਅਮਰੀਕਾ ਦੇ ਨਾਲ 45 ਹੋਰ ਮੁਲਕਾਂ ਦੀਆਂ ਫ਼ੌਜਾਂ ਸਨ। ਅਮਰੀਕਾ ਤੇ ਰੂਸ ਦੋਵਾਂ ਦੇ ਹੱਥੀਂ ਕੁਝ ਲੋਕਲ ਪਠਾਨ ਵਿਕ ਗਏ। ਬਾਕੀ ਪਠਾਨ ਉਨ੍ਹਾਂ ਦੋਵਾਂ ਦੇ ਖ਼ਿਲਾਫ਼ ਲੜਦੇ ਰਹੇ। ਆਖਿਰ ਵਿਚ ਉਨ੍ਹਾਂ ਨੇ ਤਿੰਨਾਂ ਤਾਕਤਾਂ ਨੂੰ ਮੁਲਕ 'ਚੋਂ ਬਾਹਰ ਕੱਢ ਦਿੱਤਾ। ਸਿੱਖਾਂ ਦਾ ਇਤਿਹਾਸ ਵੀ ਇਹੋ ਹੀ ਹੈ। ਬਹੁਤ ਸਾਰੇ ਸਿੱਖ ਅਹਿਮਦ ਸ਼ਾਹ ਅਬਦਾਲੀ ਨਾਲ ਲੜਦੇ ਰਹੇ। ਕੁਝ ਸਿੱਖ ਰਾਜਿਆਂ ਨੇ ਮਾਈ ਫ਼ਤੋਂ ਦੇ ਰਾਹੀਂ



ਅਹਿਮਦ ਸ਼ਾਹ ਅਬਦਾਲੀ ਨੂੰ 7 ਲੱਖ ਰੁਪਏ ਦੇ ਕੇ ਰਾਜੇ ਦਾ ਖਿਤਾਬ ਲਿਆ। ਰਣਜੀਤ ਸਿੰਘ ਦੇ ਮਰਨ ਤੋਂ ਬਾਅਦ ਕੁਝ ਸਿੱਖ ਲੀਡਰ ਅੰਗਰੇਜ਼ਾਂ ਨਾਲ ਮਿਲ ਗਏ। ਉਨ੍ਹਾਂ ਸਿੱਖ ਹਕੂਮਤ ਦਾ ਖਾਤਮਾ ਕਰ ਦਿੱਤਾ।

ਪਠਾਨਾਂ ਨੂੰ ਜਦੋਂ-ਜਦੋਂ ਮੌਕਾ ਮਿਲਿਆ ਉਨ੍ਹਾਂ ਆਪਣੇ ਮੁਲਕ ਤੋਂ ਬਾਹਰ ਆ ਕੇ ਦੂਜੇ ਮੁਲਕਾਂ 'ਤੇ ਕਬਜ਼ਾ ਕਰ ਲਿਆ, ਜਿਵੇਂ ਹਿੰਦੁਸਤਾਨ, ਲਾਹੌਰ ਅਤੇ ਇਰਾਨ। ਜਦੋਂ ਸਿੱਖਾਂ ਨੂੰ ਮੌਕਾ ਮਿਲਿਆ ਤਾਂ ਉਨ੍ਹਾਂ ਵੀ ਦੂਜੇ ਮੁਲਕਾਂ 'ਤੇ ਕਬਜ਼ਾ ਕਰ ਲਿਆ। ਜਿਵੇਂ ਮੁਲਤਾਨ, ਕਸ਼ਮੀਰ, ਗੱਲਕੀਤ ਅਤੇ ਕਾਬੁਲ 'ਤੇ।

ਮੁਗ਼ਲਾਂ ਦੇ ਨਾਲ ਲੜਾਈ ਵੇਲੇ ਸਿੱਖ ਵੱਖਰੀਆਂ-ਵੱਖਰੀਆਂ ਮਿਸਲਾਂ ਵਿਚ ਹੁੰਦੇ ਸਨ। ਜਦੋਂ ਮੁਗ਼ਲਾਂ ਜਾਂ ਅਹਿਮਦ ਸ਼ਾਹ ਅਬਦਾਲੀ ਦੀਆਂ ਫ਼ੌਜਾਂ ਆਉਂਦੀਆਂ ਸਨ ਤਾਂ ਇਹ ਪਹਾੜਾਂ ਅਤੇ ਜੰਗਲਾਂ ਵੱਲ ਨਿਕਲ ਜਾਂਦੇ ਸਨ। ਅਫ਼ਗਾਨਿਸਤਾਨ ਵਿਚ ਜਦੋਂ ਕੋਈ ਬਾਹਰੋਂ ਹਮਲਾਵਰ ਆਉਂਦਾ ਜਿਵੇਂ ਰੂਸ ਜਾਂ ਅਮਰੀਕਾ ਉਦੋਂ ਅਫ਼ਗਾਨੀ ਵੀ ਪਹਾੜਾਂ ਅਤੇ ਜੰਗਲਾਂ ਵੱਲ ਨੱਸ ਜਾਂਦੇ ਸਨ। ਦੋਵੇਂ ਹੀ ਉੱਥੋਂ ਬਹਿ ਕੇ ਗੋਰਿਲਾ ਵਾਰ ਲੜਦੇ ਸਨ। ਦੋਵਾਂ ਮੁਲਕਾਂ ਵਿਚ ਜਦੋਂ ਬਾਹਰੋਂ ਹਮਲਾਵਰ ਆਉਂਦੇ ਸਨ ਤਾਂ ਦੋਵਾਂ ਕੌਮਾਂ ਦੇ ਪੜ੍ਹੇ-ਲਿਖੇ ਲੋਕ ਉਨ੍ਹਾਂ ਹਮਲਾਵਰਾਂ ਨਾਲ ਮਿਲ ਜਾਂਦੇ ਸਨ ਤੇ ਹਕੂਮਤ ਕਰਦੇ ਸਨ। ਉਥੋਂ ਦੇ ਅਨਪੜ੍ਹ ਲੋਕ ਦੁਸ਼ਮਣਾਂ ਦਾ ਮੁਕਾਬਲਾ ਕਰਦੇ ਸਨ ਤੇ ਅੰਤ ਜਿੱਤ ਵੀ ਜਾਂਦੇ ਸਨ। ਇਸ ਲਈ ਪੜ੍ਹੇ-ਲਿਖੇ ਲੋਕਾਂ ਨੂੰ ਫਿਰ ਇੱਥੋਂ ਭੱਜਣਾ ਪੈਂਦਾ।

ਪੰਜਾਬ ਵਿਚ ਚੜ੍ਹਦੇ ਪਾਸਿਓਂ ਕੋਈ ਹਮਲਾਵਰ ਨਹੀਂ ਆਇਆ ਸਿਵਾਏ ਅੰਗਰੇਜ਼ਾਂ ਦੇ। ਇਹ ਸਾਰੇ ਲਹਿੰਦੇ ਪਾਸਿਓਂ ਹੀ ਆਉਂਦੇ ਸਨ। ਅਫ਼ਗਾਨਿਸਤਾਨ ਵਿਚ ਵੀ ਜਦੋਂ ਕੋਈ ਹਮਲਾਵਰ ਬਾਹਰੋਂ ਆ ਕੇ ਹਮਲਾ ਕਰਦਾ ਸੀ। ਭਾਵੇਂ ਉਹ ਰੂਸ ਹੋਵੇ ਜਾਂ ਅਮਰੀਕਾ ਇਹ ਸਾਰੇ ਲਹਿੰਦੇ ਪਾਸਿਓਂ ਹੀ ਆਉਂਦੇ ਸਨ ਸਿਵਾਏ ਸਿੱਖਾਂ ਦੇ ਤੇ ਅੰਗਰੇਜ਼ਾਂ ਦੇ। ਰੂਸੀਆਂ ਤੇ ਅਮੈਰੀਕਨ ਨੇ ਤਾਲਿਬਾਨ ਦੇ ਲੀਡਰਾਂ ਦੀ ਹੈੱਡ ਮਨੀ ਰੱਖੀ ਸੀ। ਸਿੱਖਾਂ ਦੀ ਵੀ ਹੈੱਡ ਮਨੀ ਹੁੰਦੀ ਸੀ, ਉਹ ਮੁਗ਼ਲਾਂ ਪਾਸੋਂ ਰੱਖੀ ਜਾਂਦੀ ਸੀ। ਅਫ਼ਗਾਨਿਸਤਾਨ ਦਾ ਗੁਆਂਢੀ ਦੇਸ਼ ਪਾਕਿਸਤਾਨ ਹੈ ਅਤੇ ਸਿੱਖਾਂ ਦਾ ਵੀ ਪਾਕਿਸਤਾਨ ਹੀ ਹੈ। ਇਸ ਕਾਰਨ ਦੋਵਾਂ ਦੀ ਮਦਦ ਕਰਨ ਦਾ ਇਲਜ਼ਾਮ ਪਾਕਿਸਤਾਨ 'ਤੇ ਲੱਗਦਾ ਰਹਿੰਦਾ ਹੈ।

ਜਦੋਂ ਵੀ ਕਦੇ ਅਫ਼ਗਾਨਿਸਤਾਨ 'ਤੇ ਹਮਲਾ ਹੁੰਦਾ ਤਾਂ ਉੱਥੋਂ ਦੇ ਕੁਝ ਲੋਕ ਪਾਕਿਸਤਾਨ ਤੇ ਕੁਝ ਇਰਾਨ ਵੱਲ ਭੱਜ ਜਾਂਦੇ। ਪੰਜਾਬ 'ਤੇ ਵੀ ਜਦੋਂ ਹਮਲਾ ਹੁੰਦਾ ਤਾਂ ਇੱਥੋਂ ਦੇ ਸਿੱਖ ਕੁਝ ਪਾਕਿਸਤਾਨ ਤੇ ਕੁਝ ਬਾਹਰਲੇ ਮੁਲਕ ਵੱਲ ਚਲੇ ਜਾਂਦੇ। ਇਸ ਤਰ੍ਹਾਂ ਉਹ ਆਪਣੀ ਜਾਨ ਬਚਾਉਂਦੇ। ਜਦੋਂ ਰੂਸ ਅਤੇ ਅਮਰੀਕਾ ਅਫ਼ਗਾਨਿਸਤਾਨ ਛੱਡ ਕੇ ਗਏ ਤਾਂ ਉਹ ਆਪਣਾ ਅਸਲਾ ਇੱਥੇ ਹੀ ਛੱਡ ਗਏ। ਅਹਿਮਦ ਸ਼ਾਹ ਅਬਦਾਲੀ ਜਦੋਂ ਇਥੋਂ ਗਿਆ ਤਾਂ ਉਹ ਆਪਣੀਆਂ ਤੋਪਾਂ ਇੱਥੋਂ ਦੀ ਭੰਗੀ ਮਿਸਲ ਕੋਲ ਛੱਡ ਗਿਆ, ਜਿਸ ਨੂੰ ਭੰਗੀ ਤੋਪ ਕਿਹਾ ਜਾਂਦਾ ਹੈ। ਇਹ ਤੋਪ ਹਾਲੇ ਵੀ ਲਾਹੌਰ ਵਿਖੇ ਪਈ ਹੈ। ਯੁੱਧ ਸਮੇਂ ਅਫ਼ਗਾਨੀ ਲੋਕ ਪੈਦਲ ਪਹਾੜਾਂ ਵਿਚ ਰਹਿੰਦੇ ਤੇ ਸੁੱਕੀਆਂ ਰੋਟੀਆਂ ਖਾ ਕੇ ਗੁਜ਼ਾਰਾ ਕਰਦੇ। ਉਨ੍ਹਾਂ ਕੋਲ ਖਾਣ-ਪੀਣ ਨੂੰ ਕੁਝ ਨਹੀਂ ਹੁੰਦਾ ਸੀ। ਦੋਨੋਂ ਵਾਰ ਇਨ੍ਹਾਂ ਨਾਲ ਅਜਿਹਾ ਹੀ ਹੋਇਆ। ਜਦੋਂ ਮੁਗ਼ਲਾਂ ਸਿੱਖਾਂ 'ਤੇ ਹਮਲਾ ਕੀਤਾ ਜਾਂ ਉਨ੍ਹਾਂ ਉੱਤੇ ਹੋਰ ਕੋਈ ਔਖਾ ਵਕਤ ਆਇਆ ਤਾਂ ਉਹ ਜੰਗਲਾਂ ਵੱਲ ਚਲੇ ਜਾਂਦੇ ਤੇ ਸੁੱਕੀਆਂ ਰੋਟੀਆਂ ਖਾ ਕੇ, ਆਪਣੇ ਘੋੜੇ ਦੀ ਕਾਠੀ 'ਤੇ ਬਹਿ ਕੇ ਗੁਜ਼ਾਰਾ ਕਰਦੇ। ਉਸ ਸਮੇਂ ਦੌਰਾਨ ਸਿੱਖਾਂ ਨੂੰ ਵੀ ਜੇਲ੍ਹਾਂ 'ਚ ਰੱਖਿਆ ਗਿਆ, ਮਾਰਿਆ ਕੁੱਟਿਆ ਗਿਆ ਤੇ ਉਨ੍ਹਾਂ ਦੇ ਕਤਲ ਵੀ ਕੀਤੇ ਗਏ। ਸਿੱਖਾਂ 'ਤੇ ਹੋਰ ਵੀ ਕਈ ਤਸ਼ੱਦਦ ਢਾਹੇ ਗਏ। ਅਮਰੀਕਾ ਅਤੇ ਰੂਸ ਅਫ਼ਗਾਨੀਆਂ ਨਾਲ ਵੀ ਇੱਦਾਂ ਹੀ ਕਰਦੇ ਰਹੇ। ਪਰ ਅਮਰੀਕੀ ਉੱਥੋਂ ਦੇ ਹੋਰ ਲੋਕਾਂ ਨਾਲ ਮਿਲ ਕੇ ਕਿਲਾ ਜੰਗੀ ਵਿਖੇ ਅਫ਼ਗਾਨੀ ਕੈਦੀਆਂ ਅਤੇ ਹੋਰ ਦੂਜੇ ਕੈਦੀਆਂ ਨੂੰ ਕੈਦ ਕਰ ਰੱਖਦੇ। ਉਨ੍ਹਾਂ ਨਾਲ ਝੂਠਾ ਵਾਅਦਾ ਕਰਦੇ ਕਿ ਅਸੀਂ ਤੁਹਾਨੂੰ ਕਿਸੇ ਸੁਰੱਖਿਅਤ ਥਾਂ 'ਤੇ ਲੈ ਜਾਵਾਂਗੇ। ਪਰ ਉਹ ਉਨ੍ਹਾਂ ਨੂੰ ਕੰਟੇਨਰਾਂ ਵਿਚ ਬੰਦ ਕਰ ਕੇ ਉੱਥੋਂ ਦੇ ਇਲਾਕੇ ਦਸ਼ਤੇ ਲੈਲਾ ਜੋ ਇੱਥੋਂ ਦਾ ਰੇਗਿਸਤਾਨ ਹੈ, ਉੱਥੇ ਕੰਟੇਨਰਾਂ ਵਿਚ ਬੰਦ ਕਰ ਕੇ ਧੁੱਪਾਂ ਵਿਚ ਖੜ੍ਹਾ ਕਰ ਦਿੰਦੇ। ਗਰਮ ਰੇਤ ਦੇ ਸੇਕ ਤੋਂ ਉਹ ਉੱਥੇ ਹੀ ਭੁੱਜ ਜਾਂਦੇ। ਇੱਥੇ ਇਕ ਅਜੀਬ ਗੱਲ ਹੈ ਕਿ ਪਠਾਨ ਲੋਕ ਅਫ਼ਗਾਨਿਸਤਾਨ ਦੀ ਕੁਲ ਆਬਾਦੀ ਦਾ 50% ਹਨ। ਉਨ੍ਹਾਂ ਤੋਂ ਦੋ ਗੁਣਾਂ ਵੱਧ ਪਸ਼ਤੂਨ ਪਾਕਿਸਤਾਨ ਵਿਖੇ ਵੱਸਦੇ ਨੇ। ਬਿਲਕੁਲ ਇਸੇ ਤਰ੍ਹਾਂ ਪੰਜਾਬ ਵਿਚ ਸਿੱਖ ਵੀ 49 ਤੋਂ 51% ਹਨ ਤੇ ਇਨ੍ਹਾਂ ਦੇ ਭਾਈਬੰਦ ਦੋ ਗੁਣਾਂ ਤੋਂ ਵੀ ਵੱਧ ਪਾਕਿਸਤਾਨ ਵਿਖੇ ਵੱਸਦੇ ਨੇ। ਇੱਕੋ ਖ਼ੂਨ। ਉਨ੍ਹਾਂ ਦਾ ਖ਼ੂਨੀ ਰਿਸ਼ਤਾ ਇੱਧਰ ਬਣਦਾ ਹੈ।

ਅਫ਼ਗਾਨਿਸਤਾਨ ਵਿਚ ਬਾਕੀ ਪਸ਼ਤੂਨ, ਤਾਜ਼ਕ ਅਤੇ ਉਸਬਕ ਲੋਕ ਵੱਸਦੇ ਨੇ। ਇਨ੍ਹਾਂ ਦੀ ਜ਼ਬਾਨ ਵੀ ਆਪਸ ਵਿਚ ਨਹੀਂ ਮਿਲਦੀ। ਉਨ੍ਹਾਂ ਦੀ ਜ਼ਬਾਨ ਫ਼ਾਰਸੀ ਤੇ ਉਸਬਕ ਹੈ। ਇਹ ਪਸ਼ਤੂਨ ਉੱਥੋਂ ਦੇ ਜੱਟ ਨੇ। ਇਹ ਲੜਣ ਭਿੜਣ ਵਾਲੀ ਕੌਮ ਹੈ ਤੇ ਦੂਜੇ ਉੱਥੋਂ ਦੇ ਬਣੀਏ ਨੇ। ਫ਼ਾਰਸੀ ਉਨ੍ਹਾਂ ਦੀ ਸਰਕਾਰੀ ਜ਼ਬਾਨ ਹੈ। ਅਫ਼ਗਾਨਿਸਤਾਨ ਦੇ ਲੋਕ ਜ਼ਿਆਦਾ ਪੜ੍ਹੇ-ਲਿਖੇ ਨਹੀਂ ਹਨ। ਚੜ੍ਹਦੇ ਪੰਜਾਬ ਵਿਚ ਵੀ ਇਹੋ ਹਾਲ ਹੈ। ਇੱਥੋਂ ਦੇ ਜਿਹੜੇ ਜੱਟ ਲੋਕ ਹਨ ਜਾਂ ਰਾਜਪੂਤ ਨੇ ਇਹ ਲੜਨ ਮਰਨ ਵਾਲੀ ਕੌਮ ਹੈ। ਬਾਕੀ ਦੇ ਬਾਣੀਏ ਜਾਂ ਹਿੰਦੂ ਨੇ, ਜੋ ਪੜ੍ਹੇ ਲਿਖੇ ਨੇ ਤੇ ਸ਼ਹਿਰਾਂ ਵਿਚ ਵੱਸਦੇ ਨੇ। ਇੱਥੇ ਇਨ੍ਹਾਂ ਦੀ ਜ਼ਬਾਨ ਜ਼ਿਆਦਾ ਚੱਲਦੀ ਹੈ। ਪਸ਼ਤੋ ਜ਼ਬਾਨ ਉਥੋਂ ਦੀ ਅੱਧੀ ਆਬਾਦੀ ਬੋਲਦੀ ਹੈ। ਪਸ਼ਤੂਨੀ ਲੋਕ ਉਨ੍ਹਾਂ ਦੀ ਜ਼ਬਾਨ ਸਿੱਖ ਗਏ ਨੇ। ਪੰਜਾਬ ਦਾ ਸੂਰਤੇ ਹਾਲ ਇਹ ਸੀ ਕਿ ਦੋਵਾਂ ਦੀ ਜ਼ਬਾਨ 'ਚ ਪ ਪਸ਼ਤੋ ਤੇ ਪ ਪੰਜਾਬੀ। ਪਾਕਿਸਤਾਨ ਵਿਚ ਵੀ ਪੰਜਾਬੀ ਬੋਲੀ ਜਾਂਦੀ ਹੈ। ਪਸ਼ਤੋ ਜ਼ਬਾਨ ਵੀ ਪਾਕਿਸਤਾਨ ਵਿਚ ਬਹੁਤ ਬੋਲੀ ਜਾਂਦੀ ਹੈ ਕਿਉਂਕਿ ਇਹ ਦੋਵੇਂ ਪਾਕਿਸਤਾਨ ਦੀਆਂ ਸਰਹੱਦਾਂ ਨਾਲ ਲੱਗਦੇ ਨੇ। ਪਸ਼ਤੋ ਦੇ ਦੋ ਵੱਡੇ ਸ਼ਾਇਰ ਪਾਕਿਸਤਾਨ ਦੇ ਨੇ ਜਿਵੇਂ ਰਹਿਮਾਨ ਬਾਬਾ ਤੇ ਖੁਸ਼ਹਾਲ ਖਾਂ ਖਟਕ। ਪੰਜਾਬੀ ਦੇ ਵੱਡੇ ਸ਼ਾਇਰਾਂ ਨੇ ਵੀ ਲਹਿੰਦੇ ਪੰਜਾਬ ਵਿਚ ਜਨਮ ਲਿਆ ਜਿਵੇਂ ਬਾਬਾ ਫ਼ਰੀਦ, ਵਾਰਿਸ ਸ਼ਾਹ, ਬੁੱਲ੍ਹੇ ਸ਼ਾਹ ਅਤੇ ਸ਼ਾਹ ਹੁਸੈਨ। ਕਾਫ਼ੀ ਹੋਰ ਸ਼ਾਇਰ ਨੇ ਜੋ ਇੱਥੇ ਹੀ ਵੱਸਦੇ ਨੇ।

ਅਫ਼ਗਾਨਿਸਤਾਨ ਦੀ ਰਾਜਧਾਨੀ ਕਾਬੁਲ ਪਾਕਿਸਤਾਨ ਦੀ ਸਰਹੱਦ ਦੇ ਨੇੜੇ ਹੈ। ਇਹੀ ਕੋਈ 300-400 ਮੀਲ ਦੂਰ ਹੋਵੇਗਾ। ਇਹ ਮੁਲਕ ਛੋਟਾ ਹੈ, ਇੰਡੀਆ ਜਿੱਡਾ ਵੱਡਾ ਨਹੀਂ। ਇੰਡੀਆ ਦੀ ਰਾਜਧਾਨੀ ਦਿੱਲੀ ਉਹ ਵੀ ਪਾਕਿਸਤਾਨੀ ਸਰਹੱਦ ਤੋਂ ਤਕਰੀਬਨ 400-500 ਮੀਲ ਦੂਰ ਹੈ। ਕਲਕੱਤਾ ਪਾਕਿਸਤਾਨੀ ਸਰਹੱਦ ਤੋਂ ਤਕਰੀਬਨ 1500-1600 ਮੀਲ ਦੂਰ ਹੋਵੇਗਾ। ਦੋਵਾਂ ਦੀ ਰਾਜਧਾਨੀ ਪਾਕਿਸਤਾਨੀ ਸਰਹੱਦਾਂ ਦੇ ਨੇੜੇ ਹੈ। ਕਾਬੁਲ ਪਸ਼ਤੂਨਾਂ ਦੇ ਇਲਾਕੇ ਵਿਚ ਪੈਂਦਾ ਹੈ ਤੇ ਕਦੇ ਦਿੱਲੀ ਵੀ ਪੰਜਾਬ ਦਾ ਹਿੱਸਾ ਹੁੰਦਾ ਸੀ।

ਅਫ਼ਗਾਨਿਸਤਾਨ ਵਿਚ ਪੜ੍ਹੇ-ਲਿਖੇ ਲੋਕ ਕਮਿਊਨਿਸਟ ਸਨ। ਜਿਸ ਸਮੇਂ ਰੂਸ ਨੇ ਹਮਲਾ ਕੀਤਾ, ਉਸ ਵਕਤ ਕਮਿਊਨਿਸਟਾਂ ਦੀ ਹੀ ਹਕੂਮਤ ਸੀ। ਚੜ੍ਹਦੇ ਪੰਜਾਬ ਵਿਚ ਪੜ੍ਹੇ-ਲਿਖੇ ਲੋਕਾਂ ਦੀ ਬਹੁਤ ਤਦਾਦ ਕਮਿਊਨਿਸਟ ਸੀ। ਪਰ ਦੋਵਾਂ ਦੇ ਇਤਿਹਾਸ ਵਿਚ ਇਕ ਬਹੁਤ ਵੱਡਾ ਫ਼ਰਕ ਹੈ। ਪਠਾਨਾਂ ਨੇ ਬਹੁਤ ਸਾਰੀਆਂ ਜੰਗਾਂ ਲੜ ਕੇ ਆਪਣਾ ਮੁਲਕ ਮੁੜ ਵਾਪਸ ਲੈ ਲਿਆ ਪਰ ਸਿੱਖ ਰਣਜੀਤ ਸਿੰਘ ਦੇ ਰਾਜ ਤੋਂ ਬਾਅਦ ਕਦੇ ਵੀ ਆਪਣੀ ਹਕੂਮਤ ਨਾ ਬਣਾ ਸਕੇ। ਸਿੱਖ, ਪਠਾਨਾਂ ਨਾਲੋਂ ਘੱਟ ਦਲੇਰ ਨਹੀਂ। ਜੇ ਕਦੇ ਅਫ਼ਗਾਨਿਸਤਾਨ ਵਿਚ ਪਹਾੜੀ ਇਲਾਕਾ ਨਾ ਹੁੰਦਾ ਤਾਂ ਉਨ੍ਹਾਂ ਵਾਸਤੇ ਜੰਗ ਜਿੱਤਣਾ ਬਹੁਤ ਮੁਸ਼ਕਿਲ ਸੀ। ਮੈਦਾਨੀ ਇਲਾਕਿਆਂ ਵਿਚ ਲੜਣਾ ਬਹੁਤ ਮੁਸ਼ਕਿਲ ਹੈ।

---

# ਦਾਰੂਬਾਜ



ਹਰਜੀਤ ਦਿਓਲ

"ਓਏ ਦਾਰੂ ਪੀ ਹੈ ਕਭੀ" ਮੇਰੇ ਰੂਮ ਮੇਟ ਵਰਮਾ ਮੈਨੂੰ ਪੁੱਛਿਆ।

"ਹਾਂ ਹਾਂ ਕਈ ਬਾਰ" ਮੈਂ ਰੋਅਬ ਜਮਾਇਆ ਭਾਵੇਂ ਘਰਦਿਆਂ ਤੋਂ ਚੋਰੀ ਮੈਨੂੰ ਸਿਰਫ ਇੱਕ ਵਾਰ ਕਿਸੇ ਨੇ ਵਿਆਹ ਸਮਾਗਮ ਵਿਚ ਇੱਕ ਪੈਗ ਲੁਆ ਦਿੱਤਾ ਸੀ। ਵਰਮੇ ਜਾਨਣਾ ਚਾਹਿਆ ਕਿ ਇਹ ਕਿਹੋ ਜਿਹੀ ਹੁੰਦੀ ਹੈ। ਮੈਂ ਫੇਰ ਰੋੜ੍ਹ ਦਿੱਤੀ "ਬਸ ਪੂਛ ਮਤ ਨਜ਼ਾਰੇ ਲਿਆ ਦੇਤੀ ਹੈ"। ਉਸ ਕਿਹਾ ਕਿ ਕਲ ਦੀਵਲੀ ਹੈ ਚਲ ਥੋੜੀ ਪੀ ਕੇ ਦੇਖੇਂ। ਮੈਂ ਸਹਿਮਤ ਹੋ ਗਿਆ। ਇਹ ਘਟਨਾ ਨਵੰਬਰ 1966 ਦੀ ਹੈ ਜਦ ਮੈਂ ਅਤੇ ਵਰਮਾ ਨੈਨੀਤਾਲ ਵਿਖੇ ਇੰਜਨੀਅਰਿੰਗ ਦਾ ਡਿਪਲੋਮਾ ਕਰਦੇ ਇਕ ਕਮਰੇ ਵਿਚ ਰੂਮ ਮੇਟ ਸਾਂ। ਕੀਮਤ ਦਾ ਕੋਈ ਅੰਦਾਜ਼ਾ ਨਹੀਂ ਸੀ ਇਸ ਲਈ ਦੋਹਾਂ ਮਿਲ ਕੇ ਦਸ ਰੁਪਏ ਜੇਬ 'ਚ ਪਾ ਠੇਕੇ ਵੱਲ ਤੁਰ ਪਏ। ਉਨ੍ਹੀਂ ਦਿਨੀਂ ਠੇਕੇ ਅੱਜ ਵਾਂਗ ਰੁਸ਼ਨਾਏ ਨਹੀਂ ਹੁੰਦੇ ਸੀ ਬਲਕਿ ਕਿਸੇ ਭੀੜੀ ਗਲੀ ਵਿਚ ਇੱਕ ਕੋਠਰੀ ਜਿਹੀ ਵਿਚ ਦੁਕਾਨਦਾਰ ਜਾਲੀ ਵਾਲੀ ਖਿੜਕੀ ਰਾਹੀਂ ਬੋਤਲ ਫੜਾਇਆ ਕਰਦਾ ਸੀ। "ਸ਼ਰਾਬ ਕੀ ਛੋਟੀ ਬੋਤਲ ਚਾਹੀਏ" ਮੈਂ ਧੜਕਦੇ ਦਿਲ ਨਾਲ ਕਿਹਾ। ਉਸ ਫਿਰ ਪੁੱਛਿਆ "ਕੌਨ ਸੀ" ਮੈਂ ਫੇਰ ਫਸ ਗਿਆ ਕਿਉਂਕਿ ਵ੍ਹਿਸਕੀਆਂ ਬਾਰੇ ਤਾਂ ਮੈਂ ਬਿਲਕੁਲ ਕੋਰਾ ਸਾਂ ਤੇ ਦੋਸਤ ਸਾਹਮਣੇ ਇੱਜ਼ਤ ਖਤਰੇ ਵਿਚ ਸੀ। ਅਚਾਨਕ ਮੈਨੂੰ ਕਿਤੇ ਸੁਣਿਆ 'ਬੀਅਰ' ਲਫਜ਼ ਚੇਤੇ ਆਇਆ ਤਾਂ ਝੱਟ ਕਹਿ ਦਿੱਤਾ 'ਬੀਅਰ'। ਦੁਕਾਨਦਾਰ ਨੇ ਲਫ਼ਾਫੇ 'ਚ ਬੀਅਰ ਦੀ ਬੋਤਲ ਪਾ ਫੜਾ ਦਿੱਤੀ। ਸਿਰਫ ਦੋ ਰੁਪਏ ਵਿਚ ਸ਼ਰਾਬ ਹਾਸਲ ਕਰ ਅਸੀਂ ਅਸਮੰਜਸ ਵਿਚ ਸਾਂ ਅਤੇ ਖੁਸ਼ ਵੀ। ਖੈਰ ਕਮਰੇ ਵਿਚ ਆ ਅਸੀਂ ਦਰਵਾਜ਼ਾ ਬੰਦ ਕੀਤਾ ਅਤੇ ਖਿੜਕੀ ਵੀ। ਮੇਰੀ ਤਜਰਬੇਕਾਰ ਅਗਵਾਈ ਵਿਚ ਪੀਣ ਦਾ ਅਮਲ ਸ਼ੁਰੂ ਹੋਇਆ। ਦੋ ਗਿਲਾਸ ਰੱਖੇ ਗਏ ਅਤੇ ਇੱਕ ਪਾਣੀ ਦਾ ਜੱਗ। ਘੁੱਟ ਘੁੱਟ ਦਾਰੂ ਗਿਲਾਸਾਂ ਵਿਚ ਪਾ ਉੱਪਰੋਂ ਪਾਣੀ ਪਾ ਲਿਆ ਅਤੇ ਲੱਗੇ ਚੁਸਕੀਆਂ ਲੈਣ। ਜਦ ਅੱਧੇ ਘੰਟੇ ਵਿਚ ਕੋਈ ਕ੍ਰਿਸ਼ਮਾ ਨਾ ਹੋਇਆ ਤਾਂ ਵਰਮਾ ਮੇਰੇ ਵੱਲ ਕਸੂਤਾ ਜਿਹਾ ਝਾਕਣ ਲੱਗਾ। ਦੋ ਹੋਰ ਪੈਗ ਇਵੇਂ ਹੀ ਪੀਤੇ ਗਏ ਪਰ ਮੇਰੇ ਦੁਆਰਾ ਦੱਸਿਆ ਗਿਆ ਨਜ਼ਾਰਾ ਕਿਤੇ ਨਾ ਆਇਆ। ਦੋਸਤ ਸਾਹਮਣੇ ਸ਼ਰਮਿੰਦਾ ਤਾਂ ਹੋਣਾ ਹੀ ਪਿਆ ਇਸ ਅਸਫਲ ਅਗਵਾਈ ਦੇ ਇਵਜਾਨੇ ਵਜੋਂ ਅਗਲੇ ਦਿਨ ਉਸ ਨੂੰ ਪੱਲਿਉਂ ਫਿਲਮ ਦਿਖਾਉਣੀ ਪਈ ਨਾਲ ਹੀ ਅੱਗੇ ਤੋਂ ਝੂਠੀ ਫੜ੍ਹ ਮਾਰਨ ਤੋਂ ਤੌਬਾ ਵੀ ਕੀਤੀ।

## ਭਾਰਤ ਤੋਂ ਅਮਰੀਕਾ ਤੱਕ

# ਏਅਰ-ਫ਼ੋਰਸ ਦਾ ਫ਼ੁੱਟਬਾਲ ਖਿਡਾਰੀ-ਹਰੀ ਮਖ਼ਸੂਸਪੁਰ

ਨਿਊਯਾਰਕ ਰਹਿੰਦੇ ਹਰੀ ਦਾ ਅਮਰੀਕਾ ਆਉਣਾ ਵੀ ਸਬੱਬ ਹੀ ਬਣਿਆ। ਸੰਨ ਚੁਰਾਸੀ 'ਚ ਲਾਸ-ਐਂਜਲਸ ਓਲੰਪਿਕ ਗੇਮਾਂ ਵੇਖਣ ਲਈ ਹਰੀ ਨੇ ਸ਼ੁਗਲ-ਸ਼ੁਗਲ 'ਚ ਅਮਰੀਕਾ ਵਸਦੇ ਏਅਰ-ਫ਼ੋਰਸ ਸਮੇਂ ਦੇ ਸਾਥੀ ਖਿਡਾਰੀਆਂ ਤੋਂ

**ਇਕਬਾਲ ਸਿੰਘ ਜੱਬੋਵਾਲੀਆ**
**ਫੋਨ: 917-375-6395**

ਸਪਾਂਸਰ ਲੈਟਰ ਮੰਗਵਾ ਲਿਆ। ਉਹੀ ਸਪਾਂਸਰ-ਲੈਟਰ ਤੇ ਫ਼ੋਟੋਆਂ ਲੈ ਕੇ ਹਰੀ ਅਮਰੀਕਨ ਅੰਬੈਸੀ ਜਾ ਪਹੁੰਚਿਆ। ਫ਼ੋਟੋਆਂ ਤੇ ਸਪਾਂਸਰ-ਪੇਪਰ ਵੇਖਦੇ ਹੀ ਅੰਬੈਸੀ ਵਾਲਿਆਂ ਨੇ ਝੱਟ ਵੀਜ਼ਾ ਦੇ ਦਿੱਤਾ।


ਮਾਹਿਲਪੁਰ ਇਲਾਕੇ ਦੇ ਮਖ਼ਸੂਸਪੁਰ ਵਿਚ ਜਨਮੇ ਹਰੀ ਨੇ ਪਹਿਲੀ ਤੋਂ ਚੌਥੀ ਤੱਕ ਦੀ ਪੜ੍ਹਾਈ ਪਿੰਡੋਂ ਕੀਤੀ। ਪੰਜਵੀਂ ਦੀ ਪੜ੍ਹਾਈ ਲਈ ਨਡਾਲੋਂ ਦੇ ਹਾਈ ਸਕੂਲ ਦਾਖ਼ਲਾ ਲਿਆ। ਪੰਜਵੀਂ ਤੋਂ ਦਸਵੀਂ ਤੱਕ ਨਡਾਲੋਂ ਪੜ੍ਹਿਆ ਤੇ ਨਾਲ ਨਾਲ ਫ਼ੁੱਟਬਾਲ ਵੀ ਖੇਡਿਆ। ਨਡਾਲੋਂ ਪੜ੍ਹਦੇ ਨੇ ਭਾਮ,



ਬਿੰਜੋਂ, ਬੱਡੋਂ ਸਕੂਲਾਂ ਨਾਲ ਮੁਕਾਬਲੇ ਖੇਡੇ। ਮੁਕਾਬਲਿਆਂ 'ਚ ਇਕ ਵਾਰ ਤਿੰਨ ਦਿਨ ਮੈਚ ਫਸਿਆ ਰਿਹਾ ਤੇ ਤੀਜੇ ਦਿਨ ਜਾ ਕੇ ਬੜੇ ਜ਼ੋਰ ਨਾਲ ਬੱਡੋਂ ਨੂੰ ਜਿੱਤੇ। ਉਦੋਂ ਪਨੈਲਟੀਆਂ ਵਗੈਰਾ ਨਹੀਂ ਸਨ ਹੁੰਦੀਆਂ। ਨਵੇਂ ਨਿਯਮ ਜਾ ਕੇ ਬਾਅਦ ਵਿਚ ਬਣੇ।

ਦਸਵੀਂ ਦੀ ਪੜ੍ਹਾਈ ਤੋਂ ਬਾਅਦ ਉਹ ਪੁਣੇ ਚਾਚੇ ਕੋਲ ਚਲਾ ਗਿਆ। ਜਾ ਕੇ ਚਾਚੇ ਨੂੰ ਫ਼ੁੱਟਬਾਲ ਖੇਡਣ ਦੀ ਖਾਹਿਸ਼ ਦੱਸੀ ਤੇ ਉਹਦੇ ਸ਼ੌਕ ਦੀ ਕਦਰ ਕਰਦੇ ਚਾਚੇ ਨੇ ਪੁਣੇ ਏਅਰ-ਫੋਰਸ ਵਿਚ ਭਰਤੀ ਕਰਾ ਦਿੱਤਾ। ਆਰਮੀ ਦਾ ਕੋਚ ਵੀਰ ਬਹਾਦੁਰ ਉਹਦੀ ਗੇਮ ਤੋਂ ਬੜਾ ਖੁਸ਼ ਹੋਇਆ। ਉਹਦੀ ਛਤਰ-ਛਾਇਆ ਹੇਠ ਖੇਡਦਾ ਹਰੀ ਬੰਗਲੌਰ ਖੇਡਣ ਗਿਆ ਤੇ ਨਾਲ ਹੀ "67-68 'ਚ 'ਸਟੈਫ਼ਰਡ ਕੱਪ' ਖੇਡਿਆ। ਇਹ ਮੁਕਾਬਲਾ ਐਚ ਏ ਐਲ ਬੰਗਲੌਰ ਨਾਲ ਹੋਇਆ। ਮੁਕਾਬਲੇ 'ਚ ਹਰੀ ਹੁਣੀਂ ਦੂਜੇ ਸਥਾਨ 'ਤੇ ਰਹੇ ਜਦ ਕਿ ਪਹਿਲਾ ਸਥਾਨ ਹਿੰਦੋਸਤਾਨ ਲਿਮਟਿਡ (ਐਚ ਏ ਐਲ) ਦਾ ਸੀ। ਫਿਰ ਉਹ ਸਾਊਥ-ਟੂਰ ਟੀਮ ਨਾਲ ਜਾ ਕੇ ਕੇਰਲਾ ਦੇ ਕਾਲੀਕਟ ਨਾਲ ਖੇਡੇ। ਖੇਡਾਂ 'ਚ ਉਥੇ ਪੰਜਾਬ ਦੇ ਹਰ ਮਹਿਕਮੇ ਦੀਆਂ ਟੀਮਾਂ ਭਾਗ ਲੈਂਦੀਆਂ। ਪੰਜਾਬ ਪੁਲਿਸ ਦੀ ਟੀਮ ਹਮੇਸ਼ਾਂ ਹਿੱਸਾ ਲੈਂਦੀ ਕਿਉਂਕਿ ਹਿੱਸਾ ਲੈਣ ਵਾਲੀ ਹਰ ਟੀਮ ਨੂੰ ਚੰਗੇ ਪੈਸੇ ਮਿਲਦੇ। ਹਰੀ ਹੁਣਾਂ ਨੂੰ ਬਹੁਤੇ ਨਾ ਮਿਲਦੇ ਸਿਰਫ਼ ਖਾਣ-ਪੀਣ ਜੋਗੇ ਖਰਚਾ-ਬਰਚਾ ਹੀ ਮਿਲਦਾ। ਕਿਉਂਕਿ ਉਹ ਏਅਰ-ਫ਼ੋਰਸ ਕਮਾਂਡ ਵਲੋਂ ਖੇਡਦੇ ਸਨ।

ਫਿਰ ਉਹ ਇੰਟਰ-ਕਮਾਂਡ ਵਲੋਂ ਖੇਡਦਾ (ਸ਼ਿਲਾਂਗ) ਅਸਾਮ, ਅਲਾਹਾਬਾਦ, ਬਰੇਲੀ, ਬਨਾਰਸ, ਕਾਨਪੁਰ, ਲਖਨਊ ਖੇਡਿਆ। ਏਅਰ-



ਫ਼ੋਰਸ ਸੈਂਟਰ-ਕਮਾਂਡ ਵਲੋਂ ਬੰਗਲੌਰ ਟ੍ਰੇਨਿੰਗ ਕਰਦੇ ਸਮੇਂ ਹੈਦਰਾਬਾਦ, ਸਿਕੰਦਰਬਾਦ, ਗੋਰਖਪੁਰ ਯੂ ਪੀ, ਇਲਾਹਾਬਾਦ ਖੇਡਿਆ। ਅਲਾਹਾਬਾਦ ਟੂਰਨਾਮੈਂਟਾਂ ਵਿਚ ਉਹ ਪੰਜਾਬ ਪੁਲਿਸ ਨਾਲ ਖੇਡੇ। ਉਹ ਹਮੇਸ਼ਾਂ ਫ਼ਾਰਵਰਡ ਤੇ ਹਾਫ਼-ਬੈਕ ਖੇਡਦਾ।

1972-73 'ਚ ਏਅਰ-ਫ਼ੋਰਸ ਵਲੋਂ ਸੈਂਟਰ-ਕਮਾਂਡ ਖੇਡਦੇ ਹੀ ਇੰਟਰ-ਸਰਵਿਸਿਜ਼ ਗੋਆ ਦੀ ਸਿਲੈਕਸ਼ਨ ਹੋ ਗਈ ਤੇ ਏਅਰ-ਫ਼ੋਰਸ ਵਲੋਂ ਦਿੱਲੀ ਖੇਡਣ ਗਿਆ। ਦਿੱਲੀ ਟੂਰਨਾਮੈਂਟ ਵਿਚ ਹੀ ਜੇ ਸੀ ਟੀ, ਲੀਡਰ ਕਲੱਬ, ਪੰਜਾਬ-ਪੁਲਿਸ, ਪੀ ਏ ਪੀ, ਅਤੇ ਬੀ ਐਸ ਐਫ਼ ਨਾਲ ਖੇਡੇ। ਏਅਰ-ਫ਼ੋਰਸ ਵਿਚ ਪੰਜਾਬ ਦੇ ਖਿਡਾਰੀ ਘੱਟ ਤੇ ਦੂਜੇ ਰਾਜਾਂ ਦੇ ਜ਼ਿਆਦਾ ਹੁੰਦੇ। ਮਹਿਕਮੇ ਵਾਲੇ ਖਿਡਾਰੀਆਂ ਦੀ ਖਾਧ-ਖ਼ੁਰਾਕ ਦਾ ਬਹੁਤ ਜ਼ਿਆਦਾ ਖਿਆਲ ਰੱਖਦੇ। ਰੱਜਵੀਂ ਖ਼ੁਰਾਕ ਹਰ ਤਰ੍ਹਾਂ ਦਾ ਮੀਟ ਤੇ ਮੱਛੀ ਵਾਧੂ ਹੁੰਦੀ। ਵਾਲ ਝੜਨ ਦੇ ਸਵਾਲ 'ਤੇ ਜਵਾਬ ਦਿੰਦੇ ਦੱਸਿਆ ਕਿ ਅਸਾਮ ਦੇ ਪਾਣੀ 'ਚ ਮਿੱਟੀ ਦਾ ਤੇਲ ਰਲਿਆ ਹੁੰਦਾ ਸੀ। ਜਿਸ ਨਾਲ ਨਹਾਉਂਦੇ ਵਕਤ ਵਾਲ ਇਕ ਦਮ ਝੜ ਕੇ ਹੱਥਾਂ 'ਚ ਆ ਜਾਂਦੇ ਸਨ। ਬੰਗਾਲੀ ਖਿਡਾਰੀ ਸ਼ੈਤਾਨ ਹੁੰਦੇ ਸਨ। ਉਨ੍ਹਾਂ ਨੂੰ ਪਹਿਲੋਂ ਹੀ ਪਤਾ ਹੋਣ ਕਰਕੇ ਉਹ ਪਹਿਲੋਂ ਹੀ ਸਿਰਾਂ 'ਤੇ ਉਸਤਰਾ ਵਗੈਰਾ ਫਰਾ ਕੇ ਘੋਨ-ਮੋਨ ਹੋ ਜਾਂਦੇ ਸਨ।

ਸੰਨ '81 'ਚ ਬੜੌਦਾ ਤੋਂ ਜੈਪੁਰ-ਜੋਧਪੁਰ ਨੌਕਰੀ ਤੋਂ ਸੇਵਾ-ਮੁਕਤ ਹੋਣ ਤੋਂ ਪਹਿਲਾਂ ਸੈਂਟਰ-ਕਮਾਂਡ ਹੇਠ ਛੇ ਮਹੀਨੇ ਲਈ ਚੰਡੀਗੜ੍ਹ ਖੇਡਿਆ। ਏਅਰ-ਫ਼ੋਰਸ 'ਚ ਨੌਕਰੀ ਕਰਦੇ ਸਮੇਂ ਉਹਨੇ ਕਦੇ ਵਰਦੀ ਨਹੀਂ ਸੀ ਪਾਈ। ਹਮੇਸ਼ਾਂ ਸਾਦੇ ਲਿਬਾਸ ਪੈਂਟ-ਕਮੀਜ਼ 'ਚ ਰਿਹਾ। ਰਿਟਾਇਰਮੈਂਟ ਲੈ ਕੇ ਉਹ ਪਿੰਡ ਆ ਗਿਆ ਪਰ ਫਿਰ ਵੀ ਉਹਨੇ ਆਪਣਾ ਖੇਡ-ਸ਼ੌਕ ਨਾ ਛੱਡਿਆ। ਸਵੇਰੇ ਸ਼ਾਮ ਗਰਾਊਂਡ ਜਾਣਾ ਤੇ ਪਿੰਡ ਦੇ ਨੌਜਵਾਨਾਂ ਨੂੰ ਫ਼ੁੱਟਬਾਲ ਵੱਲ ਪ੍ਰੇਰਿਤ ਕੀਤਾ। ਪਿੰਡ ਦੇ ਟੂਰਨਾਮੈਂਟਾਂ 'ਚ ਵਧ-ਚੜ੍ਹ ਕੇ ਹਿੱਸਾ ਲਿਆ ਤੇ ਮੈਚਾਂ 'ਚ ਪ੍ਰਸਿੱਧ ਗਾਇਕ ਤੇ ਗੀਤਕਾਰ ਦੇਬੀ ਮਖ਼ਸੂਸਪੁਰੀ ਵੀ ਹਰ ਸਾਲ ਹਾਜ਼ਰੀ ਭਰਦਾ। ਟੂਰਨਾਮੈਂਟਾਂ ਵਿਚ ਦੇਬੀ ਨੇ ਹਰੀ ਨੂੰ ਜ਼ਿੰਦਗੀ ਦੀਆਂ ਵਡਮੁੱਲੀਆਂ ਪ੍ਰਾਪਤੀਆਂ ਲਈ ਲਾਈਫ਼-ਟਾਈਮ ਅਚੀਵਮੈਂਟ ਐਵਾਰਡ ਨਾਲ ਸਨਮਾਨਤ ਕੀਤਾ। ਦੇਬੀ ਉਹਦੀ ਗੇਮ ਦਾ ਵੱਡਾ ਪ੍ਰਸ਼ੰਸਕ ਸੀ ਕਿਉਂਕਿ ਦੇਬੀ ਖੁਦ ਫ਼ੁੱਟਬਾਲ ਦਾ ਵਧੀਆ ਖਿਡਾਰੀ ਸੀ। ਦੇਬੀ ਗੋਲ ਕੀਪਰ ਤੇ ਮੂਹਰੇ ਹਰ ਪਾਸੇ ਵਧੀਆ ਖੇਡ ਜਾਂਦਾ ਸੀ। ਉਹ ਫ਼ੁੱਟਬਾਲ ਦੇ ਗੁਰਦੇਵ ਸਿੰਘ ਗਿੱਲ ਤੋਂ ਨਾਂ ਬਦਲ ਕੇ ਗਾਇਕੀ ਦਾ ਪ੍ਰਸਿੱਧ ਦੇਬੀ ਮਖ਼ਸੂਸਪੁਰੀ ਬਣ ਗਿਆ। ਪਿੰਡ ਵਾਲੇ ਦੇਬੀ ਨੂੰ ਜਦੋਂ ਵੀ ਯਾਦ ਕਰਦੇ ਤਾਂ ਉਹ ਝੱਟ ਪਹੁੰਚ ਜਾਂਦਾ। ਪਿੰਡ ਆ ਕੇ ਉਹ ਹਰ ਇਕ ਨੂੰ ਬੜੇ ਨਿੱਘ ਨਾਲ ਮਿਲਦਾ। ਹਰੀ ਕਿਤੇ ਵੀ ਹੁੰਦਾ ਦੇਬੀ ਜਾ ਕੇ ਉਹਨੂੰ ਜ਼ਰੂਰ ਮਿਲਦਾ। ਇਸੇ ਪਿੰਡ ਦੇ ਪੁਰਾਣੇ ਫ਼ੁੱਟਬਾਲ ਖਿਡਾਰੀਆਂ 'ਚ ਬਖਤਾਵਰ ਸਿੰਘ (ਜਰਨੈਲ ਸਿੰਘ ਪਨਾਮ ਦਾ ਸਾਥੀ), ਰੋਸ਼ਨ ਸਿੰਘ ਪੰਜਾਬ ਪੁਲਿਸ ਲੁਧਿਆਣਾ, ਮਹਿੰਦਰ ਸਿੰਘ, ਕਸ਼ਮੀਰ ਸਿੰਘ (ਹਰੀ ਦਾ ਭਤੀਜਾ) ਜੇ ਸੀ ਟੀ ਖਿਡਾਰੀ ਪਿੰਡ ਦੇ ਮਾਣ ਖਿਡਾਰੀ ਹਨ।

ਹਰੀ ਦੀ ਤਕੜੀ ਗੇਮ ਕਰਕੇ ਪੰਜਾਬ ਪੁਲਿਸ ਵਾਲੇ ਉਹਨੂੰ ਆਫ਼ਰ ਕਰ ਰਹੇ ਸਨ ਅਗਰ ਉਹ ਇਕ ਸਾਲ ਕਾਲਜ ਦੀ ਪੜ੍ਹਾਈ ਕਰ ਲਵੇ ਤਾਂ ਪੰਜਾਬ ਪੁਲਿਸ ਵਿਚ ਉਹਨੂੰ ਵਧੀਆ ਅਹੁਦਾ ਮਿਲੇਗਾ। ਪਰ ਘਰ 'ਚ ਗਰੀਬੀ ਕਰਕੇ ਉਹ ਬਹੁਤੀ ਪੜ੍ਹਾਈ ਨਾ ਕਰ ਸਕਿਆ। ਨਹੀਂ ਤਾਂ ਹੁਣ ਨੂੰ ਪੰਜਾਬ ਪੁਲਿਸ ਦੇ ਵੱਡੇ ਅਹੁਦੇ ਤੋਂ ਰਿਟਾਇਰ ਹੋ ਕੇ ਸਾਰੀਆਂ ਸੁਖ-ਸਹੂਲਤਾਂ ਮਾਣਦਾ ਹੁੰਦਾ।

ਹਰੀ ਇਸ ਵਕਤ ਨਿਊਯਾਰਕ ਰਹਿੰਦਾ ਵਧੀਆ ਜ਼ਿੰਦਗੀ ਬਸਰ ਕਰ ਰਿਹੈ। ਅਮਰੀਕਾ 'ਚ ਔਖੇ ਵੇਲੇ ਬਾਂਹ ਫੜਨ ਵਾਲੇ ਖਿਡਾਰੀ ਦੋਸਤਾਂ



ਨੂੰ ਕਦੇ ਨਹੀਂ ਭੁੱਲਿਆ। ਫ਼ੁੱਟਬਾਲ ਖਿਡਾਰੀ ਕੁਲਦੀਪ ਸਿੰਘ ਪਿਜ਼ੌੜਾ ਉਹਦਾ ਵਧੀਆ ਮਿੱਤਰ ਹੈ। ਇਕਬਾਲ ਜੱਬੋਵਾਲੀਏ ਦੇ ਹੌਸਲੇ ਤੇ ਥਾਪੜੇ ਨਾਲ ਹਰੀ ਨੇ ਨਿਊਯਾਰਕ ਦੇ ਖੇਡ-ਮੇਲਿਆਂ 'ਚ ਸੱਠ ਸਾਲ ਤੇ ਸੱਤਰ ਸਾਲ ਤੋਂ ਵੱਧ ਉਮਰ ਦੇ ਮਰਦਾਂ ਦੀਆਂ ਦੌੜਾਂ ਲਾ ਕੇ ਜਿੱਤਾਂ ਪ੍ਰਾਪਤ ਕੀਤੀਆਂ। ਮਾਨ-ਸਨਮਾਨ ਵੀ ਹਾਸਲ ਕੀਤੇ। ਚਾਲੀ ਸਾਲ ਹੋ ਚੱਲੇ ਹਨ ਉਹਨੂੰ ਅਮਰੀਕਾ ਵਸਦੇ ਨੂੰ। ਪਿਤਾ ਖੁਸ਼ੀ ਰਾਮ ਤੇ ਮਾਤਾ ਚਿੰਤ ਕੌਰ ਦਾ ਪੁੱਤਰ ਹਰੀ ਰਾਮ 79 ਸਾਲਾਂ ਦੀ ਉਮਰੇ ਹਾਲੇ ਵੀ ਘੋੜੇ ਵਾਂਗ ਤੁਰਿਆ ਫਿਰਦੈ। ਜੁਆਨੀ 'ਚ ਖਾਧੀਆਂ ਖੁਰਾਕਾਂ ਤੇ ਕੀਤੀਆਂ ਮੇਹਨਤਾਂ ਹੁਣ ਇਸ ਉਮਰੇ ਕੰਮ ਆ ਰਹੀਆਂ ਹਨ।

"ਹਰੀ ਹਰੀ ਹੋ ਜਾਂਦੀ ,
ਜਦੋਂ ਗਰਾਊਂਡ ਵਿਚ ਵੜ ਜਾਂਦਾ।
ਲਾਗੇ ਕੋਈ ਨਾ ਲੱਗਦਾ,
ਲੈ ਬਾਲ ਮੂਹਰੇ ਜਦੋਂ ਖੜ੍ਹ ਜਾਂਦਾ।
ਪੱਬਾਂ ਭਾਰ ਭੱਜਦਾ "ਇਕਬਾਲ ਸਿੰਹਾਂ" ਉਹ,
ਫ਼ੁਰਤੀ ਨਾਲ ਗੋਲ ਜੜ ਜਾਂਦਾ।"

# ਕੀ ਪੰਜਾਬ ਨੂੰ ਰਾਸ਼ਟਰਪਤੀ ਰਾਜ ਵਲ ਧੱਕਿਆ ਜਾ ਰਿਹੈ?

ਪੰਜਾਬ ਵਿਧਾਨ ਸਭਾ ਇਜਲਾਸ ਜਿਹੜਾ ਕਿ ਅਕਤੂਬਰ 20-21 ਨੂੰ ਹੋਣਾ ਸੀ ਉਸ ਦਾ ਪਹਿਲੇ ਦਿਨ ਹੀ ਭੋਗ ਪਾਉਣਾ ਪਿਆ ਕਿਉਂਕਿ ਇਸ ਵਿਚ ਜਿਹੜੇ ਖਾਸ ਤੌਰ 'ਤੇ ਚਾਰ ਬਿਲ ਪਾਸ ਕਰਨ ਲਈ ਪੇਸ਼ ਕੀਤੇ ਜਾਣੇ ਸਨ ਉਨ੍ਹਾਂ ਦੀ ਰਾਜਪਾਲ ਵਲੋਂ ਮਨਜ਼ੂਰੀ ਨਾ ਮਿਲਣ ਕਾਰਨ ਇਹ ਇਜਲਾਸ

**ਰਵਿੰਦਰ ਚੋਟ**
**ਫੋਨ: 98726-73703**

20 ਤਰੀਕ ਨੂੰ ਹੀ ਖਤਮ ਕਰਨਾ ਪਿਆ। ਇਸ ਇਜਲਾਸ ਵਿਚ ਖਾਸ ਤੌਰ 'ਤੇ ਪੇਸ਼ ਹੋਣ ਵਾਲੇ ਬਿੱਲਾਂ ਵਿਚ "ਪੰਜਾਬ ਵਸਤੂ ਤੇ ਸੇਵਾਵਾਂ ਕਰ ਸੋਧ ਬਿੱਲ 2023, ਦੀ ਪੰਜਾਬ ਵਿੱਤੀ ਜ਼ਿੰਮੇਵਾਰੀ ਤੇ ਬਜਟ ਮੈਨੇਜਮੈਂਟ (ਸੋਧ) ਬਿੱਲ 2023, ਦੀ ਇੰਡੀਅਨ ਸਟੈਂਪ (ਪੰਜਾਬ ਸੋਧ) ਬਿੱਲ 2023 ਦੀ ਪ੍ਰਵਾਨਗੀ ਰਾਜਪਾਲ ਵਲੋਂ ਰੋਕ ਦਿੱਤੀ ਗਈ ਸੀ। ਰਾਜਪਾਲ ਵਲੋਂ ਤਰਕ ਇਹ ਦਿੱਤਾ ਗਿਆ ਕਿ ਵਿਧਾਨ ਸਭਾ ਦਾ ਇਹ ਇਜਲਾਸ ਹੀ ਗ਼ੈਰਕਾਨੂੰਨੀ ਹੈ ਇਸ ਕਰਕੇ ਇਸ ਵਿਚ ਪਾਸ ਕੀਤੇ ਜਾ ਰਹੇ ਬਿੱਲ ਵੀ ਪਾਸ ਨਹੀਂ ਸਮਝੇ ਜਾ ਸਕਦੇ। ਰਾਜਪਾਲ ਵਲੋਂ ਇਹ ਵੀ ਸਪੱਸ਼ਟ ਆਖਿਆ ਗਿਆ ਕਿ ਉਹ ਇਹ ਗੱਲ ਪਹਿਲਾਂ ਵੀ ਮਿਤੀ 24 ਜੁਲਾਈ ਅਤੇ 12 ਅਕਤੂਬਰ ਨੂੰ ਮੁੱਖ ਮੰਤਰੀ ਨੂੰ ਲਿਖੇ ਪੱਤਰਾਂ ਵਿਚ ਸਪੱਸ਼ਟ ਕਰ ਚੁੱਕੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਜਦੋਂ ਬਜਟ ਇਜਲਾਸ ਇਕ ਵਾਰੀ ਉੱਠ ਗਿਆ ਤਾਂ ਉਸ ਨੂੰ ਹੋਰ ਅੱਗੇ ਵਧਾਉਣਾ ਗੈਰ-ਕਾਨੂੰਨੀ ਹੈ। ਪਰ ਮੁੱਖ ਮੰਤਰੀ ਇਸ ਇਜਲਾਸ ਨੂੰ ਗੈਰ-ਕਾਨੂੰਨੀ ਨਹੀਂ ਮੰਨ ਰਹੇ ਸਗੋਂ ਸੁਪਰੀਮ ਕੋਰਟ ਕੋਲੋਂ ਇਸ ਗੱਲ ਦਾ ਨਿਪਟਾਰਾ ਕਰਵਾਉਣਾ ਚਾਹੁੰਦੇ ਹਨ।

ਰਾਜਪਾਲ ਨੇ ਪੰਜਾਬ ਵਿਚ ਰਾਸ਼ਟਰਪਤੀ ਰਾਜ ਲਾਗੂ ਕਰਵਾਉਣ ਲਈ ਸਿਫਾਰਸ਼ ਕਰਨ ਦੀ ਵੀ ਧਮਕੀ ਦਿਤੀ ਹੋਈ ਹੈ ਅਤੇ ਦੂਸਰੇ ਪਾਸੇ ਮੁੱਖ ਮੰਤਰੀ ਪੰਜਾਬ ਇਸ ਸਬੰਧ ਵਿਚ ਸੁਪਰੀਮ ਕੋਰਟ ਵਿਚ ਜਾਣ ਦੀ ਧਮਕੀ ਦੇ ਰਹੇ ਹਨ। ਪਰ ਇਸ ਸਬੰਧ ਵਿਚ ਪਹਿਲਾਂ ਵੀ ਸਮੇਂ ਸਮੇਂ ਦੀਆਂ ਕੇਂਦਰ ਅਤੇ ਕਈ ਵਿਧਾਨ ਸਭਾਵਾਂ ਵਲੋਂ ਇਸ ਤਰ੍ਹਾਂ ਬੁਲਾਏ ਗਏ ਇਜਲਾਸਾਂ ਦੇ ਸਬੰਧ ਵਿਚ ਉੱਚ-ਅਦਾਲਤਾਂ ਅਤੇ ਸਰਬ-ਉੱਚ ਅਦਾਲਤ ਦੇ ਫੈਸਲੇ ਆ ਚੁੱਕੇ ਹਨ ਜਿਨ੍ਹਾਂ ਵਿਚ ਇਹੋ ਜਿਹੇ ਇਜਲਾਸਾਂ ਨੂੰ ਸੰਵਿਧਾਨ ਦੇ ਖ਼ਿਲਾਫ ਨਹੀਂ ਗਰਦਾਨਿਆ ਗਿਆ ਹੈ। ਇਹ ਗੱਲ 20 ਅਕਤੂਬਰ ਨੂੰ ਸ਼ੁਰੂ ਹੋਏ ਇਜਲਾਸ ਵਿਚ 'ਆਪ' ਸਰਕਾਰ ਦੇ ਮੰਤਰੀ ਅਮਨ ਅਰੋੜਾ ਨੇ ਵੀ ਮਿਸਾਲਾਂ ਸਹਿਤ ਵਿਰੋਧੀ ਧਿਰ ਅੱਗੇ ਰੱਖੀ ਸੀ। ਪਰ ਰਾਜਪਾਲ ਪੰਜਾਬ ਅਤੇ ਵਿਰੋਧੀ ਧਿਰ ਇਹ ਗੱਲ ਮੰਨਣ ਲਈ ਤਿਆਰ ਨਹੀਂ ਹੈ। ਪਹਿਲਾਂ ਵੀ ਰਾਜਪਾਲ ਵਲੋਂ ਜਦੋਂ ਇਜਲਾਸ ਨੂੰ ਗੈਰ-ਕਾਨੂੰਨੀ ਆਖਿਆ ਗਿਆ ਸੀ ਤਾਂ ਸਰਬਉੱਚ ਅਦਾਲਤ ਦੇ ਦਖਲ ਮਗਰੋਂ ਸਹੀ ਮੰਨਿਆ ਗਿਆ ਸੀ। ਇਨ੍ਹਾਂ ਹਾਲਾਤਾਂ ਵਿਚ ਪੰਜਾਬ ਦਾ ਰੱਬ ਹੀ ਰਾਖਾ ਕਿਹਾ ਜਾ ਸਕਦਾ ਹੈ। ਬਹੁਤ ਸਾਰੇ ਰਾਜਨੀਤਕ ਵਿਦਵਾਨਾਂ ਵਲੋਂ ਇਹ ਮੰਨਿਆ ਜਾ ਰਿਹਾ ਹੈ ਕਿ ਪੰਜਾਬ ਸਰਕਾਰ ਦੇ ਸਮਾਂਨਾਂਤਰ ਹੋਰ ਸਰਕਾਰ ਚਲਾਉਣ ਦੀ ਕੋਸ਼ਿਸ਼ ਹੋ ਰਹੀ ਹੈ। ਇਹ ਲੀਹ ਅੱਗੇ ਰਾਸ਼ਟਰਪਤੀ ਰਾਜ ਵੱਲ ਜਾ ਰਹੀ ਦਿਸ ਰਹੀ ਹੈ।

ਪਿਛਲੇ ਸਮੇਂ ਕਈ ਸੂਬਿਆਂ ਵਿਚ ਰਾਜ




ਸਰਕਾਰ ਅਤੇ ਰਾਜਪਾਲਾਂ ਵਿਚ ਕਿਸੇ ਨਾ ਕਿਸੇ ਮੁੱਦੇ 'ਤੇ ਵਿਵਾਦ ਚਲਦਾ ਰਿਹਾ ਹੈ। ਖਾਸ ਕਰਕੇ ਜਿਹੜੇ ਰਾਜਾਂ ਵਿਚ ਕੇਂਦਰ ਸਰਕਾਰ ਦੀਆਂ ਵਿਰੋਧੀ ਪਾਰਟੀਆਂ ਦੀਆਂ ਸਰਕਾਰਾਂ ਹਨ ਉੱਥੇ ਇਹ ਵਿਵਾਦ ਜ਼ਿਆਦਾ ਉੱਭਰ ਕੇ ਸਾਹਮਣੇ ਆਇਆ ਹੈ। ਦਿੱਲੀ, ਪੱਛਮੀ ਬੰਗਾਲ ਅਤੇ ਪੰਜਾਬ ਦੀ ਉਦਾਹਰਨ ਸਾਡੇ ਸਾਹਮਣੇ ਹੈ ਜਿਥੇ ਇਹ ਵਰਤਾਰਾ ਚਲਦਾ ਰਿਹਾ ਹੈ। ਇਸ ਦੇ ਕਾਰਨ ਭਾਵੇਂ ਕੋਈ ਵੀ ਹੋਣ ਪਰ ਇਹ ਰੁਝਾਨ ਕਿਸੇ ਵੀ ਰਾਜ ਦੇ ਲੋਕ-ਹਿੱਤਾਂ ਲਈ ਚੰਗਾ ਨਹੀਂ ਹੈ। ਸਾਡੇ ਦੇਸ਼ ਦੇ ਸੰਵਿਧਾਨ ਦੇ ਆਰਟੀਕਲ 153 ਅਧੀਨ ਕੇਂਦਰ ਸਰਕਾਰ ਵਲੋਂ ਸਿਫਾਰਸ਼ ਕੀਤੇ ਗਏ ਕਿਸੇ ਵਿਅਕਤੀ ਨੂੰ ਰਾਸ਼ਟਰਪਤੀ ਪੰਜ ਸਾਲ ਲਈ ਕਿਸੇ ਸੂਬੇ ਦਾ ਗਵਰਨਰ ਲਗਾ ਸਕਦਾ ਹੈ ਜਿਹੜਾ ਕਿ ਭਾਰਤ ਦਾ ਨਾਗਰਿਕ ਹੋਵੇ ਅਤੇ ਉਸਦੀ ਉਮਰ 35 ਸਾਲ ਤੋਂ ਘੱਟ ਨਾ ਹੋਵੇ। ਗਵਰਨਰ ਕਿਸੇ ਸੂਬੇ ਦਾ ਸੰਵਿਧਾਨਕ ਮੁੱਖੀ ਮੰਨਿਆ ਜਾਂਦਾ ਹੈ। ਉਸ ਦੀ ਮਿਆਦ ਹੋਰ ਪੰਜ ਸਾਲਾਂ ਲਈ ਵਧਾਈ ਜਾ ਸਕਦੀ ਹੈ। ਇਸ ਦੇ ਨਾਲ ਹੀ ਇਹ ਵੀ ਸਪੱਸ਼ਟ ਕੀਤਾ ਗਿਆ ਹੈ ਕਿ ਉਹ ਉਸ ਰਾਜ ਦੇ ਚੁਣੇ ਹੋਏ ਮੁੱਖ ਮੰਤਰੀ ਤੇ ਮੰਤਰੀ ਮੰਡਲ ਦੇ ਦਿਤੇ ਗਏ ਸੁਝਾਵਾਂ ਮੁਤਾਬਕ ਕੰਮ ਕਰੇਗਾ। ਉਹ ਕੇਂਦਰ ਸਰਕਾਰ ਅਤੇ ਸੂਬੇ ਦੀ ਸਰਕਾਰ ਵਿਚ ਪੁਲ ਦੀ ਤਰ੍ਹਾਂ ਕੰਮ ਕਰੇਗਾ ਅਤੇ ਦੋਵਾਂ ਸਰਕਾਰਾਂ ਵਿਚ ਉਸਾਰੂ ਸਬੰਧ ਬਣਾਉਣ ਲਈ ਯਤਨ ਕਰਦਾ ਰਹੇਗਾ। ਰਾਸ਼ਟਰਪਤੀ ਜਿੰਨੀ ਦੇਰ ਉਸ ਦੇ ਕੰਮ ਤੋਂ ਖੁਸ਼ ਰਹੇ ਉਨੀ ਦੇਰ ਉਹ ਕੰਮ ਕਰੇਗਾ, ਬਦਲਿਆ ਵੀ ਜਾ ਸਕਦਾ ਹੈ ਅਤੇ ਨਵਾਂ ਵੀ ਲਗਾਇਆ ਜਾ ਸਕਦਾ ਹੈ। ਜਿਸ ਤਰ੍ਹਾਂ ਹੁਣੇ-ਹੁਣੇ ਬਹੁਤ ਸਾਰੇ ਰਾਜਾਂ ਦੇ ਗਵਰਨਰ ਬਦਲੇ ਗਏ ਹਨ। ਗਵਰਨਰ ਸੰਵਿਧਾਨਕ ਮੁਖੀਆ ਹੋਣ ਕਰਕੇ ਰਾਜ ਦੀ ਸਰਕਾਰ ਆਪਣਾ ਸਾਰਾ ਕੰਮ ਕਾਜ ਤੇ ਕਾਰਵਾਈ ਉਸ ਦੇ ਨਾਮ 'ਤੇ ਹੀ ਕਰਦੀ ਹੈ।

ਆਰਟੀਕਲ 310 ਮੁਤਾਬਕ ਕੇਂਦਰ ਵਿਚ ਹਰ ਸਰਕਾਰੀ ਦਫਤਰ ਅਧਿਕਾਰੀ ਰਾਸ਼ਟਰਪਤੀ ਦੀ ਖੁਸ਼ੀ (The pleasureof the President) 'ਤੇ ਹੀ ਆਪਣਾ ਅਹੁਦਾ ਸੰਭਾਲਦਾ ਹੈ ਅਤੇ ਆਪਣੇ ਅਹੁਦੇ 'ਤੇ ਕਾਇਮ ਰਹਿੰਦਾ ਹੈ ਜਿੰਨੀ ਦੇਰ ਰਾਸ਼ਟਰਪਤੀ ਦੀ ਸਰਪ੍ਰਸਤੀ ਉਸ ਦੇ ਸਿਰ 'ਤੇ ਕਾਇਮ ਰਹਿੰਦੀ ਹੈ। ਗਵਰਨਰ ਦੀ ਖੁਸ਼ੀ 'ਤੇ ਹੀ ਸਾਰੇ ਰਾਜ ਦੀਆਂ ਸੰਵਿਧਾਨਕ ਅਹੁਦੇਦਾਰੀਆਂ ਚਲਦੀਆਂ ਹਨ। ਇਹ ਖੁਸ਼ੀ ਦਾ ਫੰਡਾ ਅੰਗਰੇਜ਼ਾ ਦੇ ਕਾਨੂੰਨ ਤੋਂ ਲਿਆ ਗਿਆ ਹੈ। ਇਸ ਦਾ ਮਤਲਬ ਇਹ ਹੋਇਆ ਕਿ ਜਿੰਨਾ ਸਮਾਂ ਗਵਰਨਰ ਕਿਸੇ ਸੰਵਿਧਾਨਕ ਅਹੁਦੇਦਾਰ 'ਤੇ ਖੁਸ਼ ਹੈ ਉਨੀ ਦੇਰ ਉਹ ਆਪਣੇ ਅਹੁਦੇ 'ਤੇ ਰਹੇਗਾ ਨਹੀਂ ਤਾਂ ਹਟਾ ਦਿਤਾ ਜਾਵੇਗਾ। ਭਾਵੇਂ ਕਿ ਅਰਟੀਕਲ 311 ਗਵਰਨਰ ਲਈ ਵੀ ਇਸ ਮਾਮਲੇ ਵਿਚ ਕੁੱਝ ਬੰਦਸ਼ਾਂ ਖੜੀਆਂ ਕਰਦਾ ਹੈ। ਇਸ ਮੁਤਾਬਕ ਹਟਾਏ ਜਾਣ ਵਾਲੇ ਵਿਅਕਤੀ ਨੂੰ ਆਪਣੀ ਸਫਾਈ ਪੇਸ਼ ਕਰਨ ਲਈ ਪੂਰਾ ਮੌਕਾ ਮਿਲਣਾ ਚਾਹੀਦਾ ਹੈ। ਇਹ ਗੱਲ ਸਰਕਾਰੀ ਕਰਮਚਾਰੀਆਂ 'ਤੇ ਢੁਕਦੀ ਹੈ ਪਰ ਮੁੱਖ ਮੰਤਰੀ ਜਾਂ ਮੰਤਰੀਆਂ 'ਤੇ ਲਾਗੂ ਨਹੀਂ ਹੁੰਦੀ। ਸੰਵਿਧਾਨ ਦੇ ਆਰਟੀਕਲ 164 ਅਨੁਸਾਰ ਗਵਰਨਰ ਕਿਸੇ ਵੀ ਰਾਜ ਵਿਚ ਹੋਈਆਂ ਆਮ ਚੋਣਾਂ ਵਿਚ ਬਹੁਮੱਤ ਨਾਲ ਜਿੱਤੀ ਰਾਜਨੀਤਕ ਪਾਰਟੀ ਦੇ ਲੀਡਰ ਨੂੰ ਰਾਜ ਦਾ ਮੁੱਖ ਮੰਤਰੀ ਥਾਪਦਾ ਹੈ। ਮੁੱਖ ਮੰਤਰੀ ਰਾਜ ਦਾ ਕਾਰਜਕਾਰੀ ਮੁਖੀਆ ਹੁੰਦਾ ਹੈ। ਉਸਦੀ ਸਿਫਾਰਸ਼ 'ਤੇ ਹੀ ਸਾਰੇ ਮੰਤਰੀ ਨਾਮਜ਼ਦ ਕੀਤੇ ਜਾਂਦੇ ਹਨ। ਇਸ ਲਈ ਮੁੱਖ ਮੰਤਰੀ ਉਨ੍ਹਾਂ ਦੇ ਕੰਮਾਂ ਦੀ ਨਜ਼ਰਸਾਨੀ ਕਰ ਸਕਦਾ ਹੈ, ਗਵਰਨਰ ਇਸ ਵਿਚ ਦਖਲ ਨਹੀਂ ਦੇ ਸਕਦਾ। ਮੁੱਖ ਮੰਤਰੀ ਉਨ੍ਹਾਂ ਨੂੰ ਹਟਾ ਸਕਦਾ ਹੈ, ਉਨ੍ਹਾਂ ਦੇ ਵਿਭਾਗ

*(ਬਾਕੀ ਅਗਲੇ ਸਫੇ 'ਤੇ)*

# ਸਿੱਖ, ਸਿੱਖੀ ਅਤੇ ਸਿੱਖੀ ਸਿਧਾਂਤ ਦੀ ਕਾਵਿਕ-ਪੜਚੋਲ: 'ਅਣ-ਫਿਰਿਆ ਮੱਕਾ'

ਹਰ ਧਰਮ ਦਾ ਫਲਸਫਾ ਆਪਣੇ ਸਮੇਂ ਦਾ ਅਨੁਸਰਣ ਕਰਦਾ ਹੈ। ਆਪਣੇ ਸਮੇਂ ਦੀਆਂ ਸਥਿਤੀਆਂ ਅਤੇ ਸਮੱਸਿਆਵਾਂ ਨੂੰ ਦਰਸਾਉਂਦਾ ਹੈ ਪਰ ਕੁਝ ਵਿਚਾਰ ਅਤੇ ਫਲਸਫੇ ਅਜਿਹੇ ਹੁੰਦੇ ਹਨ ਜੋ ਦੇਸ਼ ਅਤੇ ਕਾਲ ਦੀਆਂ ਸੀਮਾਵਾਂ ਵਿਚ ਬੱਝੇ ਹੋਏ ਨਹੀਂ ਹੁੰਦੇ। ਬਾਬੇ ਨਾਨਕ ਦੀ ਬਾਣੀ ਮੱਧਕਾਲ ਦੀਆਂ ਸਥਿਤੀਆਂ ਵਿਚੋਂ ਪੈਦਾ ਹੋਈ, ਪਰ ਉਸਦਾ ਦਰਸ਼ਨ ਕਾਲ ਪਰਿਵਰਤਨ ਨਾਲ ਖੰਡਿਤ ਨਹੀਂ ਹੋਇਆ। ਬਾਬੇ ਨਾਨਕ ਦਾ ਇੱਕ ਓਂਕਾਰ ਵਿਸ਼ਵ-ਵਿਆਪੀ ਦਰਸ਼ਨ ਹੈ। ਜਿਸ ਦਾ ਮਹੱਤਵ ਜਿੰਨਾ ਮੱਧਕਾਲ ਵਿਚ ਸੀ ਉਸ ਤੋਂ ਵੱਧ ਸਮਕਾਲੀ ਦੌਰ ਵਿਚ ਹੈ। ਨਾਨਕ ਦਾ ਫਲਸਫਾ ਰੱਬੀ ਨਿਰਗੁਣ ਸਰੂਪ ਨਾਲ ਸੰਬੰਧਤ ਹੈ। ਇਹ ਇੱਕ ਨੈਤਿਕ ਜੀਵਨ-ਜਾਚ ਅਤੇ ਨਿਰਾਕਾਰ ਦੀ ਅਰਾਧਨਾ ਉੱਤੇ ਕੇਂਦਰਤ ਹੈ। ਹਾਲਾਂਕਿ ਸਮੇਂ ਅਨੁਸਾਰ ਸਥਿਤੀਆਂ ਦੀਆਂ ਚੁਣੌਤੀਆਂ ਨਾਲ ਜੂਝਦਾ ਹੋਇਆ ਇਹ ਫਲਸਫਾ ਬਾਹਰੀ ਸੰਕੇਤਾਂ ਨਾਲ ਵੀ ਜੁੜ ਗਿਆ। ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ

**ਗੁਰਪ੍ਰੀਤ ਬੋੜਾਵਾਲ (ਡਾ.),**
**ਫੋਨ: 94176-18624**
**ਈਮੇਲ :** gurpreetborawal@gmail.com

ਸਥਾਪਤ ਕਰ ਕੇ ਇਸਨੂੰ ਪੰਜ ਕਰਾਰਾਂ ਨਾਲ ਜੋੜ ਦਿੱਤਾ ਪਰ ਬਾਹਰੀ ਪ੍ਰਤੀਕਾਂ ਦੇ ਜੁੜਨ ਦੇ ਬਾਵਜੂਦ ਵੀ ਇਸ ਦੀ ਆਤਮਾ ਨਾਨਕ-ਦਰਸ਼ਨ ਵਿਚ ਨਿਹਿਤ ਰਹੀ।

ਸਮਕਾਲੀ ਦੌਰ ਵਿਚ ਅਸੀਂ ਇਸ ਸਰਬ-ਵਿਆਪੀ ਅਤੇ ਸਰਬ-ਮੁਖੀ ਫਲਸਫੇ ਨੂੰ ਆਪਣੀ ਜ਼ਰੂਰਤ ਅਨੁਸਾਰ ਨਿੱਜਮੁਖੀ ਅਰਥਾਂ ਵਿਚ ਬੰਨ੍ਹ ਲਿਆ ਹੈ। ਅਸੀਂ ਬਾਹਰੀ ਪਛਾਣਾਂ ਉੱਤੇ ਕੇਂਦਰਿਤ ਹੋ ਗਏ ਅਤੇ ਗੁਰਬਾਣੀ ਦਰਸ਼ਨ ਅੰਦਰਲੀ ਸਵੈ-ਪਛਾਣ ਬ੍ਰਹਮ-ਪਛਾਣ ਤੋਂ ਦੂਰ ਹੋ ਗਈ। ਅਜਿਹਾ ਕਿਉਂ ਹੋਇਆ ਇਹ ਇਤਿਹਾਸ ਦਾ ਵਿਸ਼ਾ ਹੋ ਸਕਦਾ ਹੈ ਪਰ ਕਾਵਿਕ-ਦ੍ਰਿਸ਼ਟੀਕੋਣ ਤੋਂ ਬਹੁਤ ਘੱਟ ਕਵੀਆਂ ਨੇ ਗੁਰਬਾਣੀ ਦਰਸ਼ਨ ਅਤੇ ਨਿੱਜਵਾਦੀ ਦਰਸ਼ਨ ਵਿਚਕਾਰਲੇ ਖੱਪੇ ਨੂੰ ਗੁੱਝੇ ਵਿਅੰਗ ਨਾਲ ਆਪਣੀ ਕਾਵਿ-ਦ੍ਰਿਸ਼ਟੀ ਦਾ ਹਿੱਸਾ ਬਣਾਇਆ ਹੈ। ਇਸ ਕਾਵਿ-ਵਿਰਾਸਤ ਅੰਦਰ ਕੈਨੇਡਾ ਵਾਸੀ ਕਵੀ ਉਂਕਾਰਪ੍ਰੀਤ ਆਪਣੀ ਕਾਵਿ-ਪੋਥੀ 'ਅਣ-ਫਿਰਿਆ ਮੱਕਾ' ਲੈ ਕੇ ਪਰਵਾਸੀ ਪੰਜਾਬੀ ਕਵਿਤਾ ਅੰਦਰ ਇਕ ਨਵਾਂ ਅਧਿਆਇ ਜੋੜਦਾ ਹੈ।

'ਅਣ-ਫਿਰਿਆ ਮੱਕਾ' ਕਾਵਿ-ਪੋਥੀ ਦੇ ਸਿਰਲੇਖ ਨੂੰ ਗਹੁ ਨਾਲ ਵਾਚਣ ਤੋਂ ਬਾਅਦ ਦੋ ਸ਼ਬਦ ਨਜ਼ਰ ਆਉਂਦੇ ਹਨ ਜਿਸ ਵਿਚ 'ਅਣ' ਸ਼ਬਦ ਨਕਾਰਾਤਮਿਕ ਹੈ ਅਤੇ 'ਫਿਰਿਆ ਮੱਕਾ' ਸਕਾਰਾਤਮਿਕ। 'ਅਣ' ਸ਼ਬਦ ਵਰਤਮਾਨ ਨੂੰ ਪ੍ਰਤੀਬਿੰਬਤ ਕਰਦਾ ਹੈ ਜਦਕਿ 'ਫਿਰਿਆ ਮੱਕਾ' ਭੂਤਕਾਲ ਨੂੰ। ਕਾਵਿ-ਵਕਤਾ ਦੀ ਸੁਜੱਗਤਾ ਇੱਥੋਂ ਜ਼ਾਹਰ ਹੁੰਦੀ ਹੈ ਕਿ ਉਹ ਨਕਾਰਾਤਮਕ (ਵਰਤਮਾਨ) ਅਤੇ ਸਕਾਰਾਤਮਕ (ਭੂਤਕਾਲ) ਸ਼ਬਦ ਵਿਚਾਲੇ ਡੈਸ਼ (-) ਲਗਾ ਕੇ ਵਾਕ ਨੂੰ ਨਿਖੇੜਦਾ ਹੈ। ਉਹ ਕੇਵਲ ਵਾਕ ਨੂੰ ਹੀ ਨਹੀਂ ਨਿਖੇੜਦਾ ਸਗੋਂ ਵਰਤਮਾਨ ਅਤੇ ਭੂਤਕਾਲ ਦਾ ਸਮਾਂ/ਸਥਾਨ ਵੀ ਨਿਖੇੜ ਦਿੰਦਾ ਹੈ। ਕਾਵਿ ਵਕਤਾ ਫਿਰੇ ਹੋਏ ਮੱਕੇ ਦੀ ਇਬਾਰਤ ਸਿਰਜਦਾ ਹੋਇਆ ਸਮਕਾਲ ਅੰਦਰਲੇ 'ਅਣ-ਫਿਰੇ ਮੱਕੇ' ਦੀਆਂ ਸਮਾਜਿਕ/ਸਭਿਆਚਾਰਕ/ਧਾਰਮਿਕ/ਰਾਜਨੀਤਕ ਸਮੀਕਰਣਾਂ ਦਾ ਲੇਖਾ-ਜੋਖਾ ਕਰਦਾ ਹੋਇਆ ਅਖੀਰ 'ਰਹਾਉ' ਲਗਾ ਕੇ ਪਾਠਕੀ-ਮਨ ਨੂੰ ਸਵਾਲਾਂ ਨਾਲ ਭਰ ਦਿੰਦਾ ਹੈ।

ਕਾਵਿ-ਪੋਥੀ ਮਨਮੁਖਾਂ ਅਤੇ ਨਿੱਜਵਾਦੀ ਦਰਸ਼ਨ ਦੇ ਪ੍ਰਸੰਗ ਵਿਚ ਕੀਤੀ ਨਾਨਕ-ਦਰਸ਼ਨ ਦੀ ਇੱਕ ਪੁਨਰ-ਪੜਚੋਲ ਹੈ। ਇਹ ਨਿੱਜਵਾਦੀ ਦਰਸ਼ਨ ਐਨਾ ਨਿੱਜਵਾਦੀ ਹੈ ਕਿ ਲੋਕਾਈ ਨਾਨਕ-ਦਰਸ਼ਨ ਨੂੰ ਆਪਣੀ ਲੋੜ ਅਨੁਸਾਰ ਢਾਲ ਰਹੀ ਹੈ। ਲੋੜ ਅਨੁਸਾਰ ਢਾਲੇ ਅਰਥਾਂ ਨੂੰ ਕਵੀ ਮੂਲ-ਮੰਤਰ ਰਾਹੀਂ ਬਹੁਤ ਹੀ ਵਿਅੰਗਮਈ ਸ਼ੈਲੀ ਵਿਚ ਦਰਸਾਉਂਦਾ ਹੈ:

ਇੱਕ ਓਅੰਕਾਰ: ਇੱਕ ਲੋਅ ਪ੍ਰਿਜ਼ਮ ਦੇ ਆਰ-ਪਾਰ, ਇੱਕ ਦੇਖੋ, ਪਹਿਚਾਣੋ ਇਕ ਇਕ ਜੀਵੇਂ,
ਮਾਣੋ ਇਕ

ਸਤਿਨਾਮ: ਸਤਿਨਾਮ ਤਾਂ ਹੈ, 'ਇਕ' ਜਾਣ ਜੀਅ-ਵਾਸਣ ਨੂੰ/ਜਿਉਂ ਹੀ ਤੂੰ/ਇਕ ਨੂੰ ਜਾਣ ਲਿਆ/ਕਣ ਕਣ ਪਹਿਚਾਣ ਲਿਆ/ਚੌਹ-ਕੂੰਡੀਂ ਮਹਿਸੂਸ ਲਿਆ/ਤਿਉਂ ਹੀ ਤੂੰ 'ਸਤਿਨਾਮਿਆ'।

ਕਰਤਾ ਪੁਰਖ: ਆਦਮ ਦੇ ਵਜੂਦ 'ਚੋਂ ਜਿਵੇਂ/ਉਗ ਆਇਆ ਸੀ ਕਾਲਾ ਪਰਛਾਵਾਂ/ਅਤੇ ਵਸ ਗਿਆ ਸੀ/ਆਦਮ-ਨਾਰ ਵਿਚਾਲੇ/ਟੁੱਟ ਗਿਆ ਸੀ ਅਰਧਨਾਰੀ-ਈਸ਼ਵਰ ਬੁੱਤ/'ਕਰਤਾ' ਕਹਾਉਣ ਲੱਗਿਆ ਸੀ 'ਪੁਰਖ'

ਨਿਰਭਉ: ਹੇ! ਧੁਰਦੇਵ/ਐਥੇ ਜਿੱਥੇ/ਸਰਬੱਤ ਦਾ ਭਲਾ ਸੋਚੇ/ਆਪੇ ਤੋਂ ਹੀ ਡਰ ਲੱਗੇ ਐਥੇ ਕਿ ਜਿੱਥੇ/ਬੰਦਾ ਹੀ ਬੰਦੇ ਦਾ ਖੌਅ/ਕਿੰਝ ਜੀਵੀਏ ਨਿਰਭਉ?

ਨਿਰਵੈਰ: ਹੇ ਧੁਰਦੇਵ/ਜਿੱਥੇ ਅੱਠ'-ਪਹਿਰ/ਆਪ'-ਧਾਮੀ ਦਾ ਨੇਰ-ਝੱਖੜ/ਨਿੱਜਤਾ ਦੀ ਅੰਨੀਂ ਲਹਿਰ-ਬਹਿਰ/'ਹਉਂ ਮੈਂ' ਬਿਨ ਸਭ ਦੁਸ਼ਮਣ-ਗ਼ੈਰ/ਏਸ ਸ਼ਹਿਰ.../ਕਿੰਝ ਹੋਵੀਏ ਨਿਰਵੈਰ?

ਅਕਾਲ ਮੂਰਤ: ਹੇ! ਧੁਰਦੇਵ!/ਝਟਕ ਦੇਵਾਂ ਸੀਨੇ ਤੋਂ ਤੋਤਲੇ ਨਕਸ਼?/ਝਿੜਕ ਦੇਵਾਂ ਵਜੂਦ ਦੇ ਦਰਦੀਂ/...ਏਸ ਪਿੰਡ ਦੇ ਵਸੀਮੇਂ ਅੰਦਰ/ਕਿੰਝ ਹੋਵੀਏ 'ਅਕਾਲ ਮੂਰਤ'?


ਅਜੂਨੀ: ਹੇ ਧੁਰਦੇਵ! ਜੇ ਅਸੀਂ/'ਮਨੁੱਖਾ ਯੋਨੀ' ਤੋਂ 'ਮਨੁੱਖ ਜੂਨੀ'/ਦੇ ਰਾਹ 'ਚ ਬਿਖਰੇ ਹੋਏ.../ ਹਾਲੇ ਉਹ ਨਹੀਂ ਜੋ ਦਿਸ ਰਹੇ/ਤਾਂ...ਅਸੀਂ/'ਯੋਨੀ ਤੋਂ ਜੂਨੀ' ਵਿਚਲੇ 'ਅਜੂਨੀ'/ਕਿੰਝ ਪੁੱਜ ਸਕੀਏ?/ 'ਜੂਨੀ ਤੋਂ ਅਜੂਨੀ' ਦੇ/ਮਹਾਂਸਫ਼ਰ 'ਤੇ??

ਸੈਭੰ: ਹੇ ਧੁਰਦੇਵ/ਕ੍ਰਿਪਾ ਕਰੋ...ਦੁਬਿਧਾ ਹਰੋ।/ਏਸ...ਵਸਦੇ ਰਸਦੇ ਪਿੰਡ/ਪੰਜ ਅਤ੍ਰਿਪਤ ਸਾਧੂਆਂ ਸੰਗ/ਕਿੰਝ ਹੋਵੀਏ 'ਸੈਭੰ'??

ਗੁਰਪ੍ਰਸਾਦ: ਗੁਰ ਪ੍ਰਸਾਦ/ਆਪਣਾ ਮੂਲ ਪਛਾਣਨ ਜਾਨਣ/ਅਨਿਕ ਨਾਲ ਏਕਾ ਮਾਨਣ ਵਾਲਾ ਰਾਹ/ਜਿਸ ਰਾਹੇ ਤੁਰਨ ਲਈ ਕਰਨੀ ਪੈਂਦੀ/ਖੁਦ ਹੀ ਖੁਦ ਤੇ ਕਿਰਪਾ

ਬਾਬੇ ਨਾਨਕ ਦਾ ਇੱਕ ਓਅੰਕਾਰ ਜਿੰਨਾ ਰੂਹਾਨੀ ਸੀ ਓਨ੍ਹਾ ਹੀ ਸਮਾਜਿਕ। ਉਸਦੀ ਸਮਾਜਿਕਤਾ ਕਾਵਿ ਪਾਤਰ ਦੇ ਨਿਰੋਲ ਵਿਗਿਆਨਕ ਪ੍ਰਿਜ਼ਮ ਨਾਲ ਵੀ ਆ ਜੁੜਦੀ ਹੈ। ਪ੍ਰਿਜ਼ਮ ਦੇ ਆਰ ਇੱਕ ਸਰਬਉੱਚ ਸੱਤਾ ਹੈ ਜਦਕਿ ਪ੍ਰਿਜ਼ਮ ਦੇ ਪਾਰ ਵੰਡੀਆਂ ਨਾਲ ਭਰੀ ਹੋਈ ਸਮਾਜਿਕਤਾ। ਇਸ ਦੀਵਾਰ ਦੇ ਆਰ-ਪਾਰ ਦਾ ਸਫ਼ਰ 'ਸਤਿਨਾਮੇ' ਹੋਣ ਉੱਤੇ ਹੀ ਪੂਰਾ ਕੀਤਾ ਜਾ ਸਕਦਾ ਹੈ ਪਰ 'ਸਤਿਨਾਮਾ' ਹੋਣਾ ਐਨਾ ਆਸਾਨ ਨਹੀਂ, ਉਹ ਵੀ ਉੱਥੇ ਜਿੱਥੇ ਸਮਾਜ ਨੇ 'ਕਰਤਾਪੁਰਖ' ਦੇ ਅਰਥਾਂ ਨੂੰ ਹੀ ਬਦਲ ਦਿੱਤਾ ਹੋਵੇ। ਪੁਰਖ ਨੂੰ ਕਰਤਾ ਬਣਾ ਕੇ ਸਮਾਜ ਨੇ ਔਰਤ ਦੀ ਭੂਮਿਕਾ ਅਤੇ ਸਮਾਜਿਕ ਨਿਰਮਾਣ ਵਿਚ ਉਸਦੇ ਪੱਥਰ ਯੁੱਗ ਤੋਂ ਸਮਕਾਲ ਤੱਕ ਦੇ ਯੋਗਦਾਨ ਨੂੰ ਅਣਗੌਲਿਆ ਕਰ ਦਿੱਤਾ ਹੋਵੇ। ਜਾਤ-ਪਾਤ, ਔਰਤ-ਮਰਦ, ਯੁੱਧ, ਤਲਖ਼ੀਆਂ, ਸਾੜਿਆਂ ਅਤੇ ਵੰਡੀਆਂ ਵਾਲੇ ਸਮਾਜ ਵਿਚ ਖੁਦ ਨਿਰਭਓ ਕਿਸ ਤਰ੍ਹਾਂ ਹੋਇਆ ਜਾ ਸਕਦਾ ਹੈ ਅਤੇ ਨਿਰਵੈਰ ਨੂੰ ਕਿਸ ਤਰ੍ਹਾਂ ਚਿਤਵਿਆ ਜਾ ਸਕਦਾ ਹੈ। ਇਸ ਅੰਧਕਾਰ ਦੀ ਦੁਨੀਆਂ ਅੰਦਰ ਕਾਮ ਤੋਂ ਮੁਕਤ ਹੋ ਕੇ ਕਿਸ ਤਰ੍ਹਾਂ ਅਜੂਨੀ ਅਤੇ ਪ੍ਰਕਾਸ਼ਵਾਨ ਹੋਇਆ ਜਾ ਸਕਦਾ ਹੈ। ਜਿਸ ਸਮਾਜ ਅੰਦਰ ਗੁਰਦੁਆਰੇ ਦੇ ਪ੍ਰਸ਼ਾਦ ਨੂੰ ਹੀ 'ਗੁਰਪ੍ਰਸਾਦ' ਮੰਨ ਕੇ ਸੰਤੁਸ਼ਟੀ ਹਾਸਿਲ ਕੀਤੀ ਜਾ ਰਹੀ ਹੋਵੇ ਉੱਥੇ ਵਿਰਲੇ ਸੰਵੇਦਨਸ਼ੀਲ ਅਤੇ ਤਾਰਕਿਕ ਮਨ ਬੇਚੈਨੀ ਅਤੇ ਹਤਾਸ਼ਾ ਦੀ ਸਥਿਤੀ ਵਿਚ ਹੋਣਗੇ। ਇਸ ਲਈ 'ਗੁਰ ਪ੍ਰਸਾਦ' ਮੂਲ ਦੀ ਲੱਭਤ ਨਾਲ ਧੁਰ ਅੰਦਰੋਂ ਉੱਠੀ ਹੂਕ ਹੈ। ਆਤਮਾ ਦੀ ਤੜਪ ਦਾ ਵੈਰਾਗਮਈ ਸੇਕ ਹੈ ਜਿਸ ਨਾਲ ਸਮੁੱਚੀ ਕਾਇਆ ਦਾ ਰੂਪ ਬਦਲਦਾ ਹੈ। ਇਹ ਰੂਪਾਂਤਰਤ ਹੋਈ ਸ਼ੁੱਧ-ਆਤਮਾ ਵਿਚੋਂ ਹੀ ਆਪ-ਮੁਹਾਰੇ 'ਵਾਹ!...ਗੁਰੂ' ਨਿਕਲਦਾ ਹੈ ਜਿਸਨੂੰ ਕਾਵਿ-ਵਕਤਾ 'ਸ਼ੁੱਧ ਵਿਸਮਾਦ' ਅਤੇ 'ਸਤਿ ਗੁਰ ਨਾਮੀ ਗੁਰ ਦਾਦ' ਆਖਦਾ ਹੈ।

ਅਜੋਕੇ ਸਮਾਜਿਕ ਨਵ-ਅਰਥਾਂ ਨੇ ਸਿੱਖੀ ਨੂੰ ਰਹਿਤ-ਨਾਮਿਆਂ ਵਾਲੀ ਸਿੱਖੀ ਵਿਚ ਬਦਲ ਕੇ ਨਾਨਕ-ਬਿੰਬ ਦੀ ਸੁਤੰਤਰਤਾ ਨੂੰ ਹਾਸ਼ੀਆਗਤ ਕਰ ਦਿੱਤਾ ਹੈ। ਕਾਵਿ-ਵਕਤਾ ਨਾਨਕ-ਬਿੰਬ ਨਾਲ ਜੁੜੇ ਤਖੱਲਸ ਅਤੇ ਉਪਨਾਮਾਂ ਹੇਠ ਛੁਪੀ ਉਪਭਾਵਕਤਾ ਅਤੇ ਅੰਨ੍ਹੀ ਸ਼ਰਧਾ ਤੋਂ ਆਜ਼ਾਦ ਕਰਵਾਉਣਾ




ਲੋਚਦਾ ਹੈ। ਨਾਨਕ ਦੀ ਸੁਤੰਤਰਤਾ ਉਸ ਅਕਾਲ ਪੁਰਖ ਨਾਲ ਏਕੇ ਦੀ ਸੁਤੰਤਰਤਾ ਵਿਚ ਨਿਹਿਤ ਹੈ। ਇਸ ਲਈ ਉਸਦੀ ਦ੍ਰਿਸ਼ਟੀ ਵਿਚ ਨਾਨਕ 'ਤ੍ਰੇਲ-ਤੁਪਕੇ ਅੰਦਰਲੀ ਪਾਰਦਰਸ਼ ਸਮਾਧੀ' ਹੈ। 'ਕੰਨ ਵਿਚ ਖਾਲਸਾ' ਹੈ। 'ਲਬਾ-ਲਬ ਦੁੱਧ ਛੰਨੇ ਤਰਦੀ ਚਮੇਲੀ' ਹੈ। 'ਕਿਰਤ 'ਚ ਗੁੱਧੀ ਅੰਮ੍ਰਿਤ ਬੂੰਦ' ਹੈ। 'ਗੁਰੂ-ਘਰੋਂ ਬਾਹਰ ਰੁਕਮਦੀ 'ਵਾ-ਧੁਪੀਲੀ' ਹੈ। 'ਟੱਲ, ਬਾਂਗ, ਸੰਖ ਵਿਚਲੀ ਚੁੱਪ' ਹੈ। 'ਤੇਰ੍ਹਾਂ ਤੋਂ ਤੇਰਾ ਦਾ ਸਫ਼ਰਨਾਮਾ' ਹੈ ਅਤੇ 'ਰੂਹਾਂ ਅੰਦਰਲਾ ਕਰਤਾਰਪੁਰ' ਹੈ ਜਿਸ ਨਾਲ 'ਮੱਸਿਆ ਪੂਰਨਮਾਸ਼ੀ ਹੋ ਗਈ' ਸੀ। ਜਿਸਦੀ 'ਪ੍ਰੀਤ-ਭਿੱਜੀ ਰੂਹ ਦੇ ਹੱਥਾਂ ਨਾਲ ਦਰ ਖੜਕਾਉਣ ਨਾਲ ਠੱਗਾਂ 'ਚੋਂ ਸੱਜਣ, ਹੰਕਾਰੀਆਂ 'ਚੋਂ ਕੰਧਾਰੀ, ਜਾਬਰ 'ਚੋਂ ਬਾਬਰ ਬਾਹਰ ਆਏ।' ਜਿਸ 'ਗਲ ਲਗ ਕੇ ਕਿਰਤੀ ਲਹਿਣੇ ਸੱਚੇ-ਪਾਤਸ਼ਾਹ ਹੋ ਗਏ ਅਤੇ 'ਮਰ-ਜਾਣਾ', 'ਮਰਦਾ ਨਾ' ਹੋ ਗਿਆ। ਇਸ ਕਾਰਨ 'ਨਾਨਕਸ਼ਾਹੀ ਸੁਪਨੇ' ਅੰਦਰ ਕੋਈ ਉਚ-ਨੀਚ ਨਹੀਂ ਹੈ। ਕੋਈ ਰਾਜਾ-ਰੰਕ ਨਹੀਂ ਹੈ। ਕੋਈ ਨਿਤਾਣਾ-ਨਿਮਾਣਾ ਨਹੀਂ ਹੈ। ਕੋਈ ਨਿਓਟਾ-ਨਿਧੱਤਾ ਨਹੀਂ ਹੈ। ਕੋਈ ਬੇਆਸਰਾ-ਬੇਧਿਰ ਬੇਚਾਰਾ ਨਹੀਂ ਹੈ ਪਰ ਸਮਕਾਲੀ ਦ੍ਰਿਸ਼ ਅੰਦਰ ਇਹ ਸਭ ਵਿਚਾਰਧਾਰਕ ਦ੍ਰਿਸ਼ਟੀਆਂ ਦਰ-ਕਿਨਾਰ ਕਰ ਕੇ ਜੋ ਢਕਵੰਜ ਸਿਰਜਿਆ ਜਾ ਰਿਹਾ ਹੈ ਉਸਦੀ ਤਸਵੀਰ ਇੰਝ ਬਿਆਨ ਕਰਦਾ ਹੈ:

ਇਹ ਕਿਸ ਸੁਪਨੇ ਦਾ ਸੱਚ ਹੈ ਕਿ
ਖਾਲਸਾਈ ਦੇਖ ਭੇਖ ਬਣ ਚੁੱਕੈ
ਗੁਰੂ ਨਾਨਕ ਦੇ ਸਿੱਖ ਦੀ ਪੂਰਨਤਾ
ਤੇ ਹੈ ਰਿਹਾ ਬੋਲਬਾਲਾ
ਧੁਰ ਕੀ ਬਾਣੀ ਦੀ ਥਾਂ ਬਾਣੇ
ਜੋਤ ਦੀ ਥਾਂ ਜਾਤ
ਸੀਰਤ ਦੀ ਥਾਂ ਸੂਰਤ ਕਾ

ਨਾਨਕ ਦਾ ਸੰਦੇਸ਼ ਰੂਹਾਨੀਅਤ ਅਤੇ ਸਮਾਜਿਕਤਾ ਦੋਵਾਂ ਦੀ ਜੋੜਫਲ ਹੈ। ਨਾਨਕ ਆਪਣੇ ਜੀਵਨ ਵਿਚ ਉਦਾਸੀਆਂ ਵੀ ਕਰਦੇ ਹਨ ਅਤੇ ਕਿਰਤ ਵੀ। ਨਾਨਕ ਦਾ ਜੀਵਨ ਹੀ ਉਸਦੇ ਸਿੱਖ ਲਈ ਇੱਕ ਸੰਦੇਸ਼ ਹੈ। ਇਹੀ ਸੰਦੇਸ਼ ਕਾਵਿ-ਵਕਤਾ ਆਪਣੀ ਕਾਵਿ-ਦ੍ਰਿਸ਼ਟੀ ਵਿਚ 'ਨਾਨਕ' ਤੋਂ 'ਨਾਨਕ ਦੀ ਸਿਖ਼ਰ' ਤੱਕ ਵਿਸਥਾਰਦਾ ਹੈ। ਕਵੀ 'ਨਾਨਕ ਦੀ ਸਿਖ਼ਰ' ਤੋਂ ਪਹਿਲਾਂ ਸਥਾਪਤ ਅਲਪ-ਬਿਰਤਾਂਤਾਂ ਨੂੰ ਨਵ-ਅਰਥਾਂ ਨਾਲ ਸਿੰਜਦਾ ਹੋਇਆ 'ਜੱਗ 'ਚੋਂ ਹਉਂ ਦੀ ਧੁੰਦ ਮਿਟਾਉਣ' ਅਤੇ 'ਤੇਰਾਂ 'ਚੋਂ ਤੇਰਾ' ਦਰਸਾਉਣ ਨੂੰ 'ਬਾਬਾਈ' ਆਖਦਾ ਹੈ। 'ਪਿੰਡੇ 'ਚੋਂ ਬ੍ਰਹਿਮੰਡ ਜਗਾਉਣ' ਅਤੇ 'ਗਗਨ ਮਹਿ ਥਾਲ...' ਗਾਉਣ ਨੂੰ 'ਅਲੌਕਿਕ' ਆਖਦਾ ਹੈ। 'ਪੋਥੀ ਪੜ੍ਹਨ, ਗੁੜ੍ਹਨ, ਰਚਣਾ' ਅਤੇ 'ਸ਼ਬਦਾਂ ਸੰਗ ਸੁਰਤਾਂ ਰੁਸ਼ਨਾਉਣ' ਨੂੰ 'ਗੁਰਿਆਈ' ਆਖਦਾ ਹੈ। 'ਪਹਿਲੀ ਤੋਂ ਚੌਥੀ ਉਦਾਸੀ ਦੇ ਪੈਂਡੇ' ਨੂੰ 'ਨਦਰਿ-ਨਿਹਾਲੇ' ਆਖਦਾ ਹੈ ਪਰ ਕਾਵਿ-ਪਾਤਰ 'ਨਾਨਕ ਦੀ ਸਿਖ਼ਰ' ਦਾ ਤੋੜਾ ਅੰਤਲੀ ਕਾਵਿ-ਪੰਕਤੀ ਵਿਚ ਇੰਝ ਝਾੜਦਾ ਹੈ:

ਨਾਨਕ ਦੀ ਸਿਖ਼ਰ ਤਾਂ ਸੀ-
ਚਾਰੇ ਉਦਾਸੀਆਂ ਤੋਂ ਬਾਦ
ਪੂਰਾ-ਸੂਰਾ ਘਰ ਮੁੜਨਾ
ਖੇਤਾਂ ਵਿੱਚ ਹਲ ਵਾਹੁਣਾ
ਕਿਰਸਾਨ ਹੋਣਾ।

ਕਾਵਿ-ਪੰਕਤੀ ਵਿਚ 'ਚਾਰੇ ਉਦਾਸੀਆਂ' ਦਾ ਚਿਹਨ ਚਾਰੇ ਵੇਦਾਂ ਵਿਚੋਂ ਨਿਚੋੜੇ ਹੋਏ ਗਿਆਨ ਦੀ ਅਵਸਥਾ ਬਣਦਾ ਹੈ। ਚਾਰੇ ਪੁਰਸ਼ਆਰਥ (ਬ੍ਰਹਮਚਾਰੀ, ਗ੍ਰਹਿਸਥੀ, ਵਣਪ੍ਰਸਥ, ਸੰਨਿਆਸੀ) ਦਾ ਸੰਗਮ ਸਿਰਜਦਾ ਹੈ। ਚਾਰੇ ਵਰਗਾਂ ਨੂੰ (ਬ੍ਰਾਹਮਣ, ਕਸ਼ੱਤਰੀ, ਵੈਸ਼, ਸ਼ੂਦਰ) ਜਜ਼ਬ ਕਰਦਾ ਹੋਇਆ ਚਾਰੇ ਮੁਕਤੀਆਂ ਨਾਲ ਜੁੜਦਾ ਹੈ। ਕੇਵਲ ਐਨਾ ਹੀ ਨਹੀਂ ਸਗੋਂ ਚਿੱਤ ਦੀਆਂ ਚਾਰੇ ਅਵਸਥਾਵਾਂ (ਬੈਖਰੀ/ਬੋਲਣਾ, ਮੱਧਯਮ/ਸੋਚਣਾ, ਪਛੰਤੀ/ਦੇਖਣਾ, ਪਰਾ/ਦੇਖਣ-ਸੁਣਨ ਤੋਂ ਪਾਰ) ਤੱਕ ਵੀ ਫੈਲ ਜਾਂਦਾ ਹੈ। ਇਹੀ ਸਮੁੱਚ (ਠੋਟਅਲਟਿ) 'ਪੂਰਾ-ਸੂਰਾ' ਹੈ ਜੋ ਸਰਵ-ਉੱਚ ਸੱਚਾਈ (ੂਲਟਮਿਅਟਏ ਠਰੁਟਹ) ਦੇ ਘਰ ਮੁੜਨ ਦੀ ਦਿਸ਼ਾ-ਦਸ਼ਾ ਨਿਰਧਾਰਤ ਕਰਦਾ ਹੈ ਪਰ ਕਾਵਿ-ਵਕਤਾ 'ਖੇਤਾਂ ਵਿਚ ਹਲ਼ ਵਾਹੁਣ' ਅਤੇ 'ਕਿਰਸਾਨ ਹੋਣ' ਦੀ ਕਾਵਿ-ਉਕਤੀ ਨਾਲ ਜਿੱਥੇ ਨਾਨਕ ਦੀ ਨਰਮਾਈ/ ਵਡਿਆਈ ਅਤੇ ਲੋਕਾਈ ਨਾਲ ਜੁੜੇ ਕਾਵਿ-ਬਿੰਬ ਉਭਾਰਦਾ ਹੈ ਉੱਥੇ ਸਮਕਾਲ ਅੰਦਰ ਪੈਦਾ ਹੋ ਰਹੀ ਧਾਰਮਿਕ ਬਾਬਾ-ਪੰਥੀ ਉੱਤੇ ਗੁੱਝਾ ਵਿਅੰਗ ਵੀ ਕੱਸਦਾ ਹੈ।

ਕੁੱਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਉਂਕਾਰਪ੍ਰੀਤ ਰਚਿਤ 'ਅਣ-ਫਿਰਿਆ ਮੱਕਾ' ਦੀਆਂ ਕਵਿਤਾਵਾਂ ਨਾਨਕ ਦੀ ਸਿੱਖੀ ਨਾਲ ਜੁੜੀਆਂ ਕਵਿਤਾਵਾਂ ਹਨ ਜਿਸਦੇ ਕੇਂਦਰ ਵਿਚ ਜਾਤ ਦੀ ਥਾਂ ਜੋਤ ਹੈ। ਬਾਣੇ ਦੀ ਥਾਂ ਬਾਣੀ ਹੈ। ਜੂਨ ਦੀ ਥਾਂ ਅਜੂਨੀ ਹੈ। ਕੜਾਹ ਪ੍ਰਸ਼ਾਦ ਦੀ ਥਾਂ ਗੁਰ ਪ੍ਰਸਾਦ ਹੈ। ਟੱਲ/ਬਾਂਗ/ਸੰਖ ਦੀ ਥਾਂ ਚੁੱਪ ਹੈ। ਤੇਰ੍ਹਾਂ ਦੀ ਥਾਂ ਤੇਰਾ ਹੈ। ਨਿੱਜ ਦੀ ਥਾਂ ਸਰਬੱਤ ਦਾ ਭਲਾ ਹੈ। ਸਿੱਖ/ਈਸਾਈ/ਹਿੰਦੂ/ਮੁਸਲਮਾਨ ਦੀ ਥਾਂ ਇਨਸਾਨ ਹੈ। ਨਾਦਰਸ਼ਾਹੀ ਦੀ ਥਾਂ ਨਾਨਕਸ਼ਾਹੀ ਹੈ। ਮਲਿਕ ਭਾਗੋ ਦੀ ਥਾਂ ਭਾਈ ਲਾਲੋ ਹੈ। ਪਠਨ ਦੀ ਥਾਂ ਪੜ੍ਹਨ ਹੈ। ਪੂੜੀਆਂ ਦੀ ਥਾਂ ਕੋਧਰੇ ਦੀ ਰੋਟੀ ਹੈ। ਤਖ਼ਤ-ਏ-ਤਾਊਸ ਦੀ ਥਾਂ ਤੱਤੀ ਤਵੀ ਹੈ। ਬਾਜ਼ ਦੀ ਥਾਂ ਚਿੜੀ ਹੈ। ਤਲਵਾਰ ਦੀ ਥਾਂ ਕਿਰਪਾਨ ਹੈ। ਜ਼ਾਲਮ ਦੀ ਥਾਂ ਨਿਮਾਣਾ/ਨਿਤਾਣਾ/ਬੇਆਸਰਾ/ਬੇਧਿਰ/ਬਿਚਾਰਾ ਹੈ। ਇਨ੍ਹਾਂ ਪ੍ਰਸੰਗਾਂ ਨੂੰ ਮੱਦੇਨਜ਼ਰ ਰੱਖਦਾ ਹੋਇਆ ਕਾਵਿ-ਵਕਤਾ ਬਾਬੇ ਨਾਨਕ ਦੀ ਵਿਚਾਰਧਾਰਾ ਦਾ ਮੁਦੱਈ ਬਣਦਾ ਹੈ ਪਰ ਨਾਨਕ ਦੀ ਸਿੱਖੀ ਦੇ ਉਲਟ ਦਿਸ਼ਾ ਵਿਚ ਖਲੋਤਾ ਅਜੋਕਾ ਸਿੱਖੀ ਮਨ 'ਅਣ-ਫਿਰੇ ਮੱਕਾ' ਦਾ ਰੂਪ ਧਾਰਨ ਕਰਦਾ ਹੈ। ਇਸ ਲਈ ਕਾਵਿ-ਵਕਤਾ ਦੀ ਦ੍ਰਿਸ਼ਟੀ ਵਿਚ ਮਨ ਦਾ ਮੱਕਾ 'ਅਣ-ਫਿਰਿਆ ਮੱਕਾ' ਹੈ। ਇਸ ਕਾਰਨ ਉਹ ਕੇਂਦਰ ਵਾਲੇ ਪਦ-ਚਿੰਨ੍ਹਾਂ ਨੂੰ ਵਿਸਾਰਨ ਵਾਲੇ ਸ਼ੋਰ-ਗੁੱਲ ਦਿਖਾਵਾ ਤੰਤਰ ਨੂੰ ਸਵਾਲਾਂ ਦੇ ਘੇਰੇ ਵਿਚ ਖੜ੍ਹਾ ਕਰ ਕੇ 'ਲਾਲੋ ਦੇ ਮੁਹੱਲਿਆਂ ਵਿਚ ਬੈਠ' ਕੇ ਬਾਬੇ ਨਾਨਕ ਨੂੰ 'ਨਵੇਂ ਜਲਾਦਾਂ' ਖ਼ਿਲਾਫ਼ ਖ਼ਤ ਲਿਖਦਾ ਹੈ ਅਤੇ 'ਵੇਖ-ਸਕਣੀ ਅੱਖ ਵਾਲੇ ਮਨੁੱਖ' ਨੂੰ 'ਮਹਾਂ ਸਿੰਘ' ਦੇ ਰੂਪ ਵਿਚ ਭੇਜੀ ਅਤੇ ਪਾਖੰਡ ਨੂੰ ਨਕਾਰ ਕੇ 'ਰਗਾਂ 'ਚ ਦੌੜਦੇ ਸੂਹੇ ਕਿਣਕੇ' ਨੂੰ ਅਸਲੀ ਨਾਨਕ ਦੀ ਸਿੱਖੀ ਦਾ ਗੁਰੂ ਐਲਾਨਦਾ ਹੈ।

## ਕੀ ਪੰਜਾਬ ਨੂੰ ਰਾਸ਼ਟਰਪਤੀ ਰਾਜ ਵਲ ਧੱਕਿਆ ਜਾ ਰਿਹੈ?

*(ਪਿਛਲੇ ਸਫੇ ਦਾ ਬਾਕੀ)*

ਬਦਲ ਸਕਦਾ ਹੈ। ਗਵਰਨਰ ਇਸ ਵਿਚ ਦਖਲ ਨਹੀਂ ਦੇ ਸਕਦਾ। ਇਥੋਂ ਤਕ ਕਿ 1974 ਵਿਚ ਦੇਸ਼ ਦੀ ਸਰਬਉੱਚ ਅਦਾਲਤ ਦੇ ਸੱਤ ਜੱਜਾਂ ਦੇ ਬੈਂਚ ਨੇ 'ਸਮਸ਼ੇਰ ਸਿੰਘ ਤੇ ਹੋਰਾਂ ਵਰਸਿਜ਼ ਸਟੇਟ ਆਫ ਪੰਜਾਬ' ਦੇ ਕੇਸ ਦਾ ਫੈਸਲਾ ਕਰਦਿਆਂ ਰਾਏ ਦਿੱਤੀ ਸੀ ਕਿ ਰਾਜਪਾਲ ਆਪਣੀਆਂ ਸੰਵਿਧਾਨਕ ਸ਼ਕਤੀਆਂ ਨੂੰ ਰਾਜ ਦੇ ਮੰਤਰੀਆਂ ਦੀ ਰਾਏ(Advice) ਦੇ ਮੁਤਾਬਕ ਹੀ ਵਰਤੇਗਾ।

ਇਸੇ ਤਰ੍ਹਾਂ ਸਰਬਉੱਚ ਅਦਾਲਤ ਨੇ "ਨਬਾਮ ਰੇਬਿਆ ਤੇ ਹੋਰ ਵਰਸਿਜ਼ ਡਿਪਟੀ ਸਪੀਕਰ ਤੇ ਹੋਰ (1916) ਦੇ ਕੇਸ ਵਿਚ ਫੈਸਲਾ ਕਰਦਿਆਂ ਡਾਕਟਰ ਬੀ.ਆਰ.ਅੰਬੇਦਕਰ ਜੀ ਦੀ ਰਾਏ ਪੇਸ਼ ਕੀਤੀ ਹੈ,' ਗਵਰਨਰ ਨੂੰ ਸੰਵਿਧਾਨ ਅਧੀਨ ਕੋਈ ਕੰਮ ਨਹੀਂ ਹੁੰਦਾ ਜਿਹੜਾ ਕਿ ਉਹ ਆਪਣੇ ਆਪ ਹੀ ਕਰ ਸਕੇ। ਜਦੋਂਕਿ ਉਸ ਦੇ ਕੁਝ ਕਰਤੱਵ ਹੁੰਦੇ ਹਨ ਤਾਂ ਕਿ ਸਰਕਾਰ ਠੀਕ ਤਰ੍ਹਾਂ ਕੰਮ ਕਰ ਸਕੇ"। ਇਹ ਵੀ ਸਪੱਸ਼ਟ ਕੀਤਾ ਹੈ ਕਿ ਗਵਰਨਰ ਆਰਟੀਕਲ 163 ਮੁਤਾਬਕ ਮੰਤਰੀ ਮੰਡਲ ਦੇ ਸੁਝਾਵਾਂ 'ਤੇ ਕੰਮ ਕਰਨ ਦੀ ਕੋਸ਼ਿਸ਼ ਕਰੇ ਤਾਂ ਕਿ ਰਾਜ ਦਾ ਕੰਮ ਸੰਵਿਧਾਨ ਅਨੁਸਾਰ ਚੱਲ ਸਕੇ। ਲੋਕਤੰਤਰ ਰਾਜਪਾਲ ਨੂੰ ਚੁਣੀ ਹੋਈ ਸਰਕਾਰ ਦੇ ਸਮਾਂਨਾਂਤਰ ਸਰਕਾਰ ਚਲਾਉਣ ਦੀ ਆਗਿਆ ਨਹੀਂ ਦਿੰਦਾ। ਜਦੋਂ ਕੋਈ ਵਿਅਕਤੀ ਗਵਰਨਰ ਨਾਮਜ਼ਦ ਹੋ ਜਾਂਦਾ ਹੈ ਉਹ ਆਪਣੀ ਪਿਤਰੀ ਰਾਜਨੀਤਕ ਪਾਰਟੀ ਦਾ ਨੁਮਾਇੰਦਾ ਨਹੀਂ ਰਹਿੰਦਾ ਸਗੋਂ ਰਾਜ ਦੀਆਂ ਸਾਰੀਆਂ ਪਾਰਟੀਆਂ ਦਾ ਪ੍ਰਤੀਨਿਧ ਬਣ ਜਾਂਦਾ ਹੈ। ਇਸ ਲਈ ਸਭ ਦੇ ਹਿੱਤਾਂ ਲਈ ਕੰਮ ਕਰਦਾ ਹੈ। ਪੰਜਾਬ ਵਿਚ ਵੀ ਕੁਝ ਸਮੇਂ ਤੋਂ ਪੰਜਾਬ ਸਰਕਾਰ ਅਤੇ ਮਾਣਯੋਗ ਗਵਰਨਰ ਵਿਚਕਾਰ ਛਿੜਿਆ ਵਿਵਾਦ ਜੱਗ ਜ਼ਾਹਿਰ ਹੋ ਗਿਆ ਹੈ। ਰਾਜਪਾਲ ਸਾਹਿਬ ਵਲੋਂ ਸਰਕਾਰ ਦੇ ਕੀਤੇ ਜਾ ਰਹੇ ਕੰਮਾਂ 'ਤੇ ਕਿੰਤੂ ਪਰੰਤੂ ਕੀਤਾ ਗਿਆ ਅਤੇ ਸੰਵਿਧਾਨ ਦੇ ਆਰਟੀਕਲ167 ਅਧੀਨ ਇਨ੍ਹਾਂ ਬਾਰੇ ਸਰਕਾਰ ਤੋਂ ਜਾਣਕਾਰੀ ਮੰਗੀ ਗਈ ਸੀ। ਮੰਗੀ ਗਈ ਜਾਣਕਾਰੀ ਵਿਚ ਵਿਦਿਆ ਦੇ ਸੁਧਾਰ ਲਈ 36 ਪ੍ਰਿੰਸੀਪਲਾਂ ਨੂੰ ਟਰੇਨਿੰਗ ਲਈ ਵਿਦੇਸ਼ ਭੇਜਣ ਲਈ ਕੀਤੀ ਗਈ ਚੋਣ ਦਾ ਆਧਾਰ ਅਤੇ ਖਰਚ ਬਾਰੇ ਜਾਣਕਾਰੀ ਦੇਣ ਲਈ ਕਿਹਾ ਗਿਆ ਸੀ। ਇਸ ਤੋਂ ਇਲਾਵਾ ਪੰਜਾਬ ਸੂਚਨਾ ਤੇ ਸੰਚਾਰ ਤਕਨਾਲੋਜੀ ਕਾਰਪੋਰੇਸ਼ਨ ਦੇ ਨਵ-ਨਿਯੁਕਤ ਕੀਤੇ ਗਏ ਚੇਅਰਮੈਨ ਦੀ ਚੋਣ ਬਾਰੇ, ਵਜ਼ੀਫੇ ਨਾ ਮਿਲਣ ਕਾਰਨ ਐਸ.ਸੀ ਵਿਦਿਆਰਥੀਆਂ ਦੇ ਪੜ੍ਹਾਈ ਛੱਡਣ ਦੇ ਸੰਬੰਧ ਵਿਚ ਜਾਣਕਾਰੀ, ਕੁਲਦੀਪ ਸਿੰਘ ਚਾਹਲ ਆਈ.ਪੀ ਐਸ ਅਫਸਰ ਨੂੰ ਤਰੱਕੀ ਦੇ ਕੇ ਜਲੰਧਰ ਦਾ ਪੁਲੀਸ ਕਮਿਸ਼ਨਰ ਲਗਾਉਣ 'ਤੇ ਵੀ ਸਵਾਲ ਉਠਾਇਆ ਗਿਆ ਸੀ ਅਤੇ ਖੇਤੀਬਾੜੀ ਯੂਨੀਵਰਸਿਟੀ ਦੇ ਉਪ ਕੁਲਪਤੀ ਦੀ ਨਿਯੁਕਤੀ ਬਾਰੇ ਵੀ ਪੁਛਿਆ ਗਿਆ ਸੀ। ਪੰਜਾਬ ਸਰਕਾਰ ਤੋਂ ਇਨ੍ਹਾਂ ਸਵਾਲਾਂ ਦੇ ਜੁਆਬ ਪੰਦਰਾਂ ਦਿਨਾਂ ਵਿਚ ਮੰਗੇ ਗਏ ਸਨ ਪਰ ਪੰਜਾਬ ਸਰਕਾਰ ਇਸ ਸੰਬੰਧ ਵਿਚ ਨਾਰਾਜ਼ਗੀ ਜ਼ਾਹਿਰ ਕਰਦੀ ਰਹੀ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪ੍ਰੈਸ ਰਾਹੀਂ ਸੰਦੇਸ਼ ਦਿਤਾ ਸੀ ਕਿ ਉਹ ਅਤੇ ਉਸ ਦੀ ਸਰਕਾਰ ਸਿਰਫ ਪੰਜਾਬ ਦੇ ਤਿੰਨ ਕਰੋੜ ਪੰਜਾਬੀਆਂ ਨੂੰ ਜੁਆਬ-ਦੇਹ ਹਨ ਨਾ ਕਿ ਕੇਂਦਰ ਦੁਆਰਾ ਨਿਯੁਕਤ ਕਿਸੇ ਰਾਜਪਾਲ ਨੂੰ। ਉਨ੍ਹਾਂ ਇਹ ਵੀ ਕਿਹਾ ਸੀ ਕਿ ਰਾਜਪਾਲ ਦੇ ਵਲੋਂ ਮੰਗੀਆਂ ਗਈਆਂ ਜਾਣਕਾਰੀਆਂ ਦੇ ਵਿਸ਼ੇ ਸਟੇਟ ਦੇ ਵਿਸ਼ੇ ਹਨ। ਬਾਅਦ ਵਿਚ ਮੁੱਖ ਮੰਤਰੀ ਵਲੋਂ ਰਾਜਪਾਲ ਦੀਆਂ ਚਿੱਠੀਆਂ ਦਾ ਜੁਆਬ ਭੇਜ ਵੀ ਦਿੱਤਾ ਗਿਆ। ਗਵਰਨਰ ਸੰਵਿਧਾਨ ਦੀ ਉਪਰੋਕਤ ਧਾਰਾ ਅਧੀਨ ਸੂਬਾ ਸਰਕਾਰ ਤੋਂ ਜਾਣਕਾਰੀ ਲੈਣ ਦਾ ਅਧਿਕਾਰ ਰੱਖਦਾ ਹੈ ਪਰ ਹਰ ਕੰਮ ਨੂੰ ਆਪਣੇ ਵਿਕਾਰ ਦਾ ਸਵਾਲ ਬਣਾ ਕੇ ਅੜਚਣਾਂ ਖੜੀਆਂ ਕਰਨਾ ਲੋਕ ਹਿੱਤ ਨਹੀਂ। ਗਵਰਨਰ ਦਾ ਇਹ ਕਰਤੱਵ ਹੈ ਕਿ ਉਹ ਧਿਆਨ ਰੱਖੇ ਕਿ ਰਾਜ ਸਰਕਾਰ ਦਾ ਕੰਮ ਕਾਜ ਸੰਵਿਧਾਨ ਦੇ ਘੇਰੇ ਵਿਚ ਹੀ ਚੱਲੇ ਪਰ ਉਹ ਪੁਰਾਣੇ ਰਾਜਿਆਂ ਵਾਂਗ ਆਪਣੀ ਮਰਜ਼ੀ ਨਾਲ ਸਰਕਾਰ ਦੇ ਕੰਮਾਂ ਵਿਚ ਬੇਲੋੜਾ ਦਖਲ ਦੇ ਕੇ ਲੋਕ ਹਿੱਤਾਂ ਨੂੰ ਅੱਖੋਂ ਓਹਲੇ ਕਰਕੇ ਕਿਸੇ ਵਿਸ਼ੇਸ਼ ਰਾਜਨੀਤਕ ਪਾਰਟੀ ਦੇ ਹਿੱਤ ਵਿਚ ਕੰਮ ਨਹੀਂ ਕਰ ਸਕਦਾ।

ਪਿਛਲੇ ਕਾਫੀ ਸਮੇਂ ਤੋਂ ਰਾਜਪਾਲ ਵਲੋਂ ਜਿਸ ਤਰ੍ਹਾਂ ਪੰਜਾਬ ਦੇ ਸਰਹੱਦੀ ਇਲਾਕਿਆਂ ਅਤੇ ਹੋਰ ਸ਼ਹਿਰਾਂ ਦੇ ਦੌਰੇ ਕਰਕੇ ਉੱਥੇ ਕਈ ਤਰ੍ਹਾਂ ਦੀਆਂ ਕਮੇਟੀਆਂ ਕਾਇਮ ਕੀਤੀਆਂ ਗਈਆਂ ਹਨ ਉਸ ਤੋਂ ਲੱਗਦਾ ਹੈ ਕਿ ਇਕ ਵੱਖਰੀ ਸਰਕਾਰ ਚਲਾਈ ਜਾ ਰਹੀ ਹੈ। ਭਾਵੇਂ ਉਸ ਨੂੰ ਸੰਵਿਧਾਨ ਦੇ ਅਨੁਛੇਦ 161 ਮੁਤਾਬਕ ਇਹ ਅਧਿਕਾਰ ਪ੍ਰਾਪਤ ਹੈ ਕਿ ਉਹ ਕਿਸੇ ਅਪਰਾਧੀ ਦੀ ਸਜ਼ਾ ਘੱਟ ਕਰ ਸਕਦਾ ਹੈ ਜਾਂ ਮੁਆਫ ਵੀ ਕਰ ਸਕਦਾ ਹੈ। ਪਰ ਪੰਜਾਬ ਦੇ ਰਾਜਪਾਲ ਨੇ ਜਿਸ ਤਰ੍ਹਾਂ ਹੁਣ ਸਰਕਾਰ ਅਤੇ ਰਾਜਪਾਲ ਵਿਚਕਾਰ ਉਠੇ ਮੱਤਭੇਦਾਂ ਨੂੰ ਜਨਤਕ ਕਰ ਦਿੱਤਾ ਹੈ ਇਸ ਦੀ ਇਜਾਜ਼ਤ ਵੀ ਸਾਡਾ ਸੰਵਿਧਾਨ ਨਹੀਂ ਦਿੰਦਾ। ਇਉਂ ਮਹਿਸੂਸ ਹੋਣ ਲੱਗ ਪਿਆ ਹੈ ਜਿਵੇਂ ਪੰਜਾਬ ਨੂੰ ਰਾਸ਼ਟਰਪਤੀ ਰਾਜ ਵਲ ਧੱਕਿਆ ਜਾ ਰਿਹਾ ਹੈ ਕਿਉਂਕਿ ਰਾਜਪਾਲ ਸੰਵਿਧਾਨ ਦੇ ਆਰਟੀਕਲ 356 ਅਧੀਨ ਰਾਜ ਦੀ ਆਰਥਿਕ, ਸੁਰੱਖਿਆ ਅਤੇ ਸਿਵਲ ਅਰਾਜਕਤਾ ਦੇ ਆਧਾਰ 'ਤੇ ਰਾਸ਼ਟਰਪਤੀ ਨੂੰ ਰਾਜ ਨੂੰ ਆਪਣੇ ਅਧੀਨ ਲੈਣ ਦੀ ਸਿਫਾਰਸ਼ ਕਰ ਸਕਦਾ ਹੈ। ਰਾਜਪਾਲ ਵਲੋਂ ਇਸ ਧਾਰਾ ਦੇ ਸੰਬੰਧ ਵਿਚ ਪੰਜਾਬ ਸਰਕਾਰ ਨੂੰ ਕਈ ਵਾਰੀ ਧਮਕੀਆਂ ਵੀ ਦਿਤੀਆਂ ਜਾ ਚੁੱਕੀਆਂ ਹਨ। ਜੇਕਰ ਇਹ ਵਿਵਾਦ ਇਸੇ ਤਰ੍ਹਾਂ ਵਧਦਾ ਗਿਆ ਇਹੋ ਜਿਹੇ ਹਾਲਾਤ ਬਣ ਸਕਦੇ ਹਨ। ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਦੇ ਸੰਬੰਧ ਪਹਿਲਾਂ ਹੀ ਬਹੁਤੇ ਸੁਖਾਵੇਂ ਨਹੀਂ ਚਲ ਰਹੇ। ਸੋ ਨਾਗਰਿਕਾਂ ਦੀ ਭਲਾਈ ਅਤੇ ਹਿੱਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਸਰਕਾਰ ਅਤੇ ਰਾਜਪਾਲ ਨੂੰ ਬੇਲੋੜੇ ਵਿਵਾਦ ਵਿਚ ਨਹੀਂ ਪੈਣਾ ਚਾਹੀਦਾ, ਇਸ ਨਾਲ ਰਾਜ ਦੇ ਬਹੁਤੇ ਕੰਮਾਂ ਵਿਚ ਵਿਘਨ ਪੈਂਦਾ ਹੈ ਜਿਹੜਾ ਕਿ ਸਮਾਜ, ਪ੍ਰਾਂਤ ਤੇ ਦੇਸ਼ ਦੀ ਤਰੱਕੀ ਲਈ ਘਾਤਕ ਸਿੱਧ ਹੋ ਸਕਦਾ ਹੈ। ਦੋਵਾਂ ਧਿਰਾਂ ਨੂੰ ਲੋਕ ਹਿੱਤਾਂ ਨੂੰ ਜ਼ਰੂਰ ਧਿਆਨ ਵਿਚ ਰੱਖਣ ਦੀ ਲੋੜ ਹੈ।

# ਕਬੱਡੀ ਦਾ ਬਾਬਾ ਬੋਹੜ ਸੀ ਸਰਵਣ ਰਮੀਦੀ

ਸ਼ਰਧਾਂਜਲੀ

ਮੇਰਾ ਸਿਰਨਾਵੀਆਂ ਸਰਵਣ ਸਿੰਘ ਰਮੀਦੀ ਆਖ਼ਰ ਜਾਂਦੀ ਵਾਰ ਦੀ ਫਤਿਹ ਬੁਲਾ ਗਿਆ। ਉਸ ਨੂੰ ਕਬੱਡੀ ਦਾ ਬਾਬਾ ਬੋਹੜ ਕਿਹਾ ਜਾਂਦਾ ਸੀ। ਕਈ ਖੇਡ ਪ੍ਰੇਮੀ ਸਾਨੂੰ ਦੋਹਾਂ ਨੂੰ ਇਕੋ ਸਮਝਦੇ ਸਨ। ਪਰ ਸਰਵਣ ਰਮੀਦੀ ਕਬੱਡੀ ਖਿਡਾਰੀ ਸੀ ਮੈਂ ਖੇਡ ਲਿਖਾਰੀ ਹਾਂ। ਅਸੀਂ ਸੀਗੇ ਵੀ ਹਾਣੀ। ਪਰ ਸਾਡਾ ਪਹਿਲਾ ਮੇਲ ਬੜੀ ਦੇਰ ਬਾਅਦ ਹੋਇਆ ਸੀ। 1970ਵਿਆਂ ਵਿਚ ਉਹ ਢੁੱਡੀਕੇ ਦੇ ਖੇਡ ਮੇਲੇ 'ਚ ਕਪੂਰਥਲੇ ਦੀ ਟੀਮ ਲੈ ਕੇ ਆਇਆ ਤਾਂ ਰਾਤ ਮੇਰੇ ਕੋਲ ਰਿਹਾ। ਦਿਲ ਦੀਆਂ ਖੁੱਲ੍ਹੀਆਂ ਗੱਲਾਂ ਹੋਈਆਂ। ਅਗਲੇ ਦਿਨ ਜੇਕਰ ਲਾਲਾ ਲਾਜਪਤ ਰਾਏ ਕਾਲਜ ਦੇ ਦੇਸ਼ ਭਗਤ ਸਟੇਡੀਅਮ ਵਿਚ ਸਾਡਾ ਦੋਹਾਂ ਦਾ 'ਕੱਠਾ ਫੋਟੋ ਨਾ ਲਾਹਿਆ ਜਾਂਦਾ ਤਾਂ ਪਤਾ ਨਹੀਂ ਇਹ ਭੁਲੇਖਾ ਕਿੰਨਾ ਚਿਰ ਬਣਿਆ ਰਹਿੰਦਾ



ਪ੍ਰਿੰ. ਸਰਵਣ ਸਿੰਘ
ਫੋਨ: 647-785-1661
principalsarwansingh@gmail.com

ਕਿ ਅਸੀਂ ਇਕੋ ਹਾਂ। ਉਦੋਂ ਦਿੱਲੀ ਦੇ ਰਸਾਲੇ 'ਸਚਿੱਤਰ ਕੌਮੀ ਏਕਤਾ' ਵਿਚ ਮੇਰਾ ਕਾਲਮ 'ਖੇਡ ਮੈਦਾਨ 'ਚੋਂ' ਛਪਦਾ ਸੀ। ਮੈਂ ਸਰਵਣ ਰਮੀਦੀ ਦਾ ਰੇਖਾ ਚਿੱਤਰ 'ਸਚਿੱਤਰ ਕੌਮੀ ਏਕਤਾ' ਨੂੰ ਭੇਜਣ ਵੇਲੇ ਦੋਹਾਂ ਦੀ ਫੋਟੋ ਵੀ ਨਾਲ ਹੀ ਭੇਜ ਦਿੱਤੀ। ਸੰਪਾਦਕ ਰਾਜਿੰਦਰ ਸਿੰਘ ਭਾਟੀਆ ਨੇ ਫੋਟੋ ਹੇਠਾਂ ਛਾਪ ਦਿੱਤਾ, "ਦੋਵੇਂ ਸਰਵਣ ਸਿੰਘ ਹਨ। ਬੁੱਝੋ ਕਿਹੜਾ ਲੇਖਕ ਹੈ, ਕਿਹੜਾ ਖਿਡਾਰੀ?"

ਫੋਟੋ ਵਿਚ ਮੇਰੇ ਕੋਟ ਪੈਂਟ ਤੇ ਉਹਦੇ ਓਵਰ ਕੋਟ ਪਾਇਆ ਹੋਇਆ ਸੀ। ਕਈਆਂ ਨੇ ਓਵਰ ਕੋਟ ਵਾਲੇ ਨੂੰ ਲੇਖਕ ਲਿਖਿਆ ਤੇ ਸੂਟ ਵਾਲੇ ਨੂੰ ਖਿਡਾਰੀ। ਕਈ ਜਾਣਕਾਰਾਂ ਨੇ ਸਹੀ ਵੀ ਲਿਖਿਆ। ਉਹਦੇ ਨਾਲ ਭੁਲੇਖਾ ਨਿਕਲ ਗਿਆ ਕਿ ਸਰਵਣ ਸਿੰਘ ਨਾਂ ਦਾ ਬੰਦਾ ਇਕ ਨਹੀਂ ਦੋ ਹਨ। ਖੇਡ ਪ੍ਰੇਮੀਆਂ ਨੂੰ ਭੁਲੇਖਾ ਇਸ ਕਰਕੇ ਵੀ ਲੱਗਦਾ ਸੀ ਕਿ ਅਸੀਂ ਦੋਹੇਂ ਕਬੱਡੀ ਗਰਾਊਂਡਾਂ ਦੇ ਸ਼ਿੰਗਾਰ ਸਾਂ। ਉਂਜ ਉਹਦਾ ਪੂਰਾ ਨਾਂ ਸਰਵਣ ਸਿੰਘ ਬੱਲ ਸੀ ਤੇ ਮੇਰਾ ਸਰਵਣ ਸਿੰਘ ਸੰਧੂ ਹੈ। ਉਹ ਕਾਫੀ ਦੇਰ ਤੋਂ ਢਿੱਲਾ ਮੱਠਾ ਚੱਲ ਰਿਹਾ ਸੀ ਪਰ ਸੀ ਸੁਰਤ ਸੰਭਾਲ ਸਿਰ। ਪਰਿਵਾਰ ਨੇ ਸੇਵਾ ਸੰਭਾਲ ਦੀ ਕੋਈ ਕਸਰ ਨਹੀਂ ਸੀ ਛੱਡੀ। ਆਖ਼ਰ 5 ਅਕਤੂਬਰ 2023 ਨੂੰ ਉਹ ਕਪੂਰਥਲੇ 'ਚ ਪਰਲੋਕ ਸਿਧਾਰ ਗਿਆ ਜਿਸ ਦਾ ਕਬੱਡੀ ਜਗਤ ਨੂੰ ਬੜਾ ਘਾਟਾ ਪਿਆ।

ਉਸ ਦਾ ਜਨਮ 26 ਮਈ, 1938 ਨੂੰ ਪਿੰਡ ਰਮੀਦੀ ਜ਼ਿਲ੍ਹਾ ਕਪੂਰਥਲਾ ਵਿਚ ਲਛਮਣ ਸਿੰਘ ਦੇ ਘਰ ਮਾਤਾ ਚੰਨਣ ਕੌਰ ਦੀ ਕੁੱਖੋਂ ਹੋਇਆ ਸੀ। ਉਹ ਦਸ ਬਾਰਾਂ ਸਾਲ ਸਿਰੇ ਦੀ ਕਬੱਡੀ ਖੇਡਿਆ। ਛੇ ਫੁੱਟੇ ਨਿੱਗਰ ਜੁੱਸੇ ਨਾਲ ਜਦੋਂ ਉਹ ਕਬੱਡੀ ਪਾਉਂਦਾ ਤਾਂ ਧਰਤੀ ਉਹਦੇ ਕਦਮਾਂ ਥੱਲੇ ਕੰਬਦੀ ਸੀ। ਮਾੜਾ ਜਾਫੀ ਤਾਂ ਉਹਦੀ ਧਮਕ ਨਾਲ ਹੀ ਦਹਿਲ ਜਾਂਦਾ ਸੀ। ਇਕੋ ਵਾਰੀ ਉਹਦੀ ਫੇਟ ਦਾ ਭੰਨਿਆ ਖਿਡਾਰੀ ਫਿਰ ਛੇਤੀ ਕੀਤਿਆਂ ਉਹਦੇ ਵੱਲ ਨੱਕ ਨਹੀਂ ਸੀ ਕਰਦਾ। ਮਾੜੇ ਮੋਟੇ ਜਾਫੀ ਨੂੰ ਤਾਂ ਉਹ ਉਂਜ ਹੀ ਕੁੱਛੜ ਚੁੱਕ ਲਿਆਉਂਦਾ ਸੀ!

1960ਵਿਆਂ ਵਿਚ ਉਹਦੀ ਗੁੱਡੀ ਪੂਰੀ ਚੜ੍ਹੀ ਹੋਈ ਸੀ। ਉਹ ਕਪੂਰਥਲੀਆਂ ਵੱਲੋਂ ਅੰਬਰਸਰੀਆਂ ਦੀ ਟੀਮ ਵਿਰੁੱਧ ਫਗਵਾੜੇ 'ਚ ਮੈਚ ਖੇਡਿਆ ਤਾਂ ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਤਾਪ ਸਿੰਘ ਕੈਰੋਂ ਇਨਾਮ ਵੰਡਣ ਆਏ। ਸਰਵਣ ਦੀ ਕਬੱਡੀ ਤੋਂ ਉਹ ਬੜੇ ਪ੍ਰਭਾਵਿਤ ਹੋਏ। ਫਿਰ ਉਨ੍ਹਾਂ ਨੇ ਆਪਣੇ ਪਿੰਡ ਕੈਰੋਂ 'ਚ ਕਬੱਡੀ ਦਾ ਦਰਸ਼ਨੀ ਮੈਚ ਕਰਵਾਇਆ ਤੇ ਸਰਵਣ ਨੂੰ ਉਥੇ ਉਚੇਚਾ ਸੱਦਿਆ। ਇਕ ਬੰਨੇ ਰੋਹਤਕ ਤੇ ਹਿਸਾਰ ਦੇ ਭਲਵਾਨਾਂ ਵਰਗੇ ਜਾਟ ਸਨ ਤੇ ਦੂਜੇ ਬੰਨੇ ਮਝੈਲ ਭਾਊ। ਉਦੋਂ ਬੇਸ਼ਕ ਹਰਿਆਣਾ ਨਹੀਂ ਸੀ ਬਣਿਆ ਪਰ ਮੈਚ ਹਰਿਆਣੇ ਤੇ ਪੰਜਾਬ ਦਾ ਹੀ ਬਣ ਗਿਆ। ਜਾਟ ਜੁੱਸੇ ਵੱਲੋਂ ਤਕੜੇ ਸਨ ਤੇ ਭਾਊ ਜੁਗਤ ਵੱਲੋਂ ਤਕੜੇ। ਸਰਵਣ ਨੇ ਕੌਡੀ ਪਾਈ ਤਾਂ ਉਸ ਨੂੰ ਕੈਰੋਂ ਨੇ ਸੌ ਰੁਪਏ ਦਾ ਇਨਾਮ ਬੁਲਵਾਇਆ। ਸਮਝੋ ਸੋਨੇ ਦਾ ਮੈਡਲ। ਮੈਚ ਸਰਵਣ ਹੋਰਾਂ ਦੀ ਟੀਮ ਨੇ ਜਿੱਤ ਲਿਆ ਜਿਸ ਨਾਲ ਮੈਚ ਵੇਖਦੇ ਹਜ਼ਾਰਾਂ ਭਾਊਆਂ ਦਾ ਸੇਰ ਸੇਰ ਲਹੂ ਵਧ ਗਿਆ। ਇਨਾਮ ਵੰਡ ਵੇਲੇ ਕੈਰੋਂ ਨੇ ਖਿਡਾਰੀਆਂ ਨੂੰ ਖਾਲੀ ਅਟੈਚੀ ਕੇਸ ਵੰਡੇ ਤਾਂ ਇਕ ਭਾਊ ਨੇ ਕੈਰੋਂ ਨੂੰ ਕਿਹਾ, "ਭਾਊ, ਹਾਅ ਕੀ ਕੀਤਾ ਈ? ਸਰਵਣ ਨੂੰ ਖਾਲੀ ਟੈਚੀ ਦੇ ਦਿੱਤਾ ਈ। ਅਹੀਂ ਤਾਂ 'ਨੁਮਾਨ ਲਾਈ ਬੈਠੇ ਸਾਂ ਪਈ ਭਰਿਆ ਦਏਂਗਾ।"

ਕੈਰੋਂ ਨੇ ਭਰਵੀਂ ਦਾੜ੍ਹੀ 'ਚੋਂ ਮੁਸਕਰਾਂਦਿਆਂ ਕਿਹਾ, "ਏਥੇ ਅਸੀਂ ਖਾਲੀ ਈ ਦੇਂਦੇ ਆਂ। ਕਦੇ ਭਰਿਆ ਵੀ ਮਿਲਜੂ।"

ਉਹੀ ਗੱਲ ਹੋਈ। ਥੋੜ੍ਹੇ ਦਿਨਾਂ ਪਿੱਛੋਂ ਕਪੂਰਥਲੇ ਦੇ ਡੀਸੀ ਨੇ ਸਰਵਣ ਰਮੀਦੀ ਨੂੰ ਸੱਜਰ ਸੂਈ ਮੱਝ ਦਾ ਸੰਗਲ ਫੜਾਉਂਦਿਆਂ ਕਿਹਾ, "ਕੈਰੋਂ ਸਾਹਿਬ ਚਾਹੁੰਦੇ ਨੇ ਕਿ ਤੂੰ ਰੱਜ ਕੇ ਦੁੱਧ ਘਿਓ ਪੀਵੇਂ ਖਾਵੇਂ। ਹੋਰ ਤਕੜਾ ਹੋ ਕੇ ਕਬੱਡੀਆਂ ਪਾਵੇਂ ਤੇ ਪੰਜਾਬ ਦਾ ਨਾਂ ਹੋਰ ਰੌਸ਼ਨ ਕਰੇਂ।"

ਸਰਵਣ ਬੱਲ ਦੇ ਦੱਸਣ ਮੁਜਬ ਉਸ ਨੇ ਮੱਝ ਦੇ ਕਈ ਸੂਏ ਪੀਤੇ ਤੇ ਉੱਚ ਪਾਏ ਦੀ ਕਬੱਡੀ



ਖੇਡੀ। ਕੈਰੋਂ ਸਾਹਿਬ ਦਾ ਉਹ ਲਾਡਲਾ ਖਿਡਾਰੀ ਸੀ। ਇਕ ਵਾਰ ਭਾਰਤ ਦੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਨੇ ਸ਼ਿਮਲੇ ਆਉਣਾ ਸੀ। ਉਨ੍ਹਾਂ ਨੂੰ ਪੰਜਾਬ ਦੀ ਕਬੱਡੀ ਵਿਖਾਉਣ ਲਈ ਚੈਲ ਲਿਜਾਇਆ ਗਿਆ ਜਿਥੇ ਸਰਵਣ ਹੋਰਾਂ ਦੀ ਕਬੱਡੀ ਵਿਖਾਈ ਗਈ। ਪ੍ਰਧਾਨ ਮੰਤਰੀ ਉਹਦੀ ਖੇਡ ਵੇਖ ਕੇ ਬੜੇ ਖੁਸ਼ ਹੋਏ ਤੇ ਉਹਦਾ ਉਚਿਤ ਮਾਣ ਸਨਮਾਨ ਕੀਤਾ ਗਿਆ। ਬਾਅਦ ਵਿਚ ਪੰਜਾਬ ਸਰਕਾਰ ਵੱਲੋਂ ਸਰਵਣ ਸਿੰਘ ਨੂੰ ਮਹਾਰਾਜਾ ਰਣਜੀਤ ਸਿੰਘ ਅਵਾਰਡ ਨਾਲ ਵੀ ਸਨਮਾਨਿਆ ਗਿਆ। ਉਹ ਐਸਾ ਖਿਡਾਰੀ ਸੀ ਜੋ ਪਿੰਡਾਂ ਦੀ ਮਿੱਟੀ 'ਚੋਂ ਉੱਗਿਆ ਤੇ ਆਕਾਸ਼ ਤਕ ਅੱਪੜਿਆ। ਉਸ ਨੇ ਕਬੱਡੀ ਖ਼ੁਦ ਖੇਡੀ, ਹੋਰਨਾਂ ਨੂੰ ਖਿਡਾਈ, ਲੱਖਾਂ ਲੋਕਾਂ ਨੂੰ ਵਿਖਾਈ ਤੇ ਦੇਸ਼ ਵਿਦੇਸ਼ ਵਿਚ ਦੂਰ ਦੂਰ ਤਕ ਪੁਚਾਈ।

ਉਹ ਜਦੋਂ ਸਕੂਲ 'ਚ ਪੜ੍ਹਦਾ ਸੀ ਤਾਂ ਰਮੀਦੀ ਦੇ ਪ੍ਰਸਿੱਧ ਖਿਡਾਰੀ ਨਿਰਭੈ ਸਿੰਘ ਨੇ ਉਸ ਨੂੰ ਕਬੱਡੀ ਖੇਡਣ ਦੀ ਚੇਟਕ ਲਾਈ ਸੀ। ਪਹਿਲਾਂ ਉਹ ਵਾਲੀਬਾਲ ਖੇਡਣ ਲੱਗਾ ਸੀ। ਆਪਣੇ ਪਿੰਡ ਦੇ ਸਕੂਲ 'ਚੋਂ ਮੈਟ੍ਰਿਕ ਕਰ ਕੇ 1959 ਵਿਚ ਉਹ ਰਣਧੀਰ ਕਾਲਜ ਕਪੂਰਥਲੇ ਵਿਚ ਦਾਖਲ ਹੋਇਆ ਸੀ। ਉਸ ਨੂੰ ਡੀਏਵੀ ਕਾਲਜ ਜਲੰਧਰ ਨੇ ਪੱਟਣਾ ਚਾਹਿਆ ਜਿਥੇ ਮਹਿੰਦਰ ਬੋਲਾ ਕਬੱਡੀ ਦਾ ਤਕੜਾ ਖਿਡਾਰੀ ਪਹਿਲਾਂ ਹੀ ਦਾਖਲ ਸੀ। ਪਰ ਉਸ ਨੇ ਰਣਧੀਰ ਕਾਲਜ ਨਾ ਛੱਡਿਆ ਤੇ ਉਨ੍ਹਾਂ ਦੀ ਟੀਮ ਪੰਜਾਬ ਯੂਨੀਵਰਸਿਟੀ ਦੀ ਕਬੱਡੀ ਚੈਂਪੀਅਨਸ਼ਿਪ ਵਿਚ ਰਨਰਜ਼ ਅੱਪ ਰਹੀ। ਪਰ 1960 ਵਿਚ ਉਨ੍ਹਾਂ ਦੀ ਪੰਜਾਬ ਯੂਨੀਵਰਸਿਟੀ ਦੀ ਚੈਂਪੀਅਨ ਬਣ ਗਈ। ਕੈਰੋਂ ਉਹਦੇ ਉਤੇ ਏਨਾ ਦਿਆਲ ਸੀ ਕਿ ਉਨ੍ਹੀਂ ਦਿਨੀਂ ਉਸ ਨੂੰ ਦੋ ਸੌ ਰੁਪਏ ਮਹੀਨੇ ਦਾ ਵਜ਼ੀਫਾ ਲਾ ਦਿੱਤਾ। ਕਾਲਜ ਵਿਚ ਪੜ੍ਹਦਿਆਂ ਉਹ ਪਿੰਡਾਂ ਦੇ ਟੂਰਨਾਮੈਂਟਾਂ ਵਿਚ ਵੀ ਜਾਂਦਾ ਤੇ ਜ਼ਿਲ੍ਹਾ ਕਪੂਰਥਲਾ ਵੱਲੋਂ ਪੰਜਾਬ ਚੈਂਪੀਅਨਸ਼ਿਪ ਵੀ ਖੇਡਦਾ। ਉਹਦੀ ਖੇਡ ਨਾਲ ਜ਼ਿਲ੍ਹਾ ਕਪਰੂਥਲਾ ਛੇ ਵਾਰ ਕਬੱਡੀ ਦੀ ਪੰਜਾਬ ਚੈਂਪੀਅਨਸ਼ਿਪ ਜਿੱਤਿਆ। 1958 ਤੋਂ 68 ਤਕ ਉਹ ਪੰਜਾਬ ਵੱਲੋਂ ਕਬੱਡੀ ਦੀ ਨੈਸ਼ਨਲ ਚੈਂਪੀਅਨਸ਼ਿਪ ਵੀ ਖੇਡਿਆ। 1963 ਵਿਚ ਉਹ ਪੰਜਾਬ ਦੀ ਟੀਮ ਦਾ ਕਪਤਾਨ ਸੀ। ਹਰੇਕ ਮੈਚ ਵਿਚ ਉਹ ਧੰਨ ਧੰਨ ਕਰਾਉਂਦਾ। ਉਨ੍ਹੀਂ ਦਿਨੀਂ ਸਾਰੇ ਪੰਜਾਬ, ਖ਼ਾਸ ਕਰਕੇ ਦੁਆਬੇ ਵਿਚ ਸਰਵਣ ਸਰਵਣ ਹੋਈ ਪਈ ਸੀ। ਪਿੰਡਾਂ ਦੇ ਲੋਕ ਆਮ ਹੀ ਕਹਿੰਦੇ, "ਤੂੰ ਕਿਹੜਾ ਸਰਵਣ ਰਮੀਦੀ ਐ ਬਈ ਕਿਸੇ ਤੋਂ ਡੱਕਿਆ ਨੀ ਜਾਣਾ!"

ਉਸ ਨੂੰ ਜੇ ਕਿਸੇ ਨੇ ਚੱਜ ਨਾਲ ਡੱਕਿਆ ਤਾਂ ਕੇਵਲ ਇਕ ਵਾਰ ਮਹਿੰਦਰ ਬੋਲੇ ਨੇ ਡੱਕਿਆ। ਬੋਲੇ 'ਚ ਉਦੋਂ ਸਾਨ੍ਹ ਜਿੰਨਾ ਜ਼ੋਰ ਸੀ। ਫਿਰ ਇਕ ਦਰਸ਼ਨੀ ਮੈਚ ਨਿਰੰਜਣ ਸਿੰਘ ਦੇ ਪਿੰਡ ਜਗਤਪੁਰ 'ਚ ਹੋਇਆ। ਸਰਵਣ ਉਦੋਂ ਟਾਈਫਾਈਡ ਤੋਂ ਉਠਿਆ ਸੀ ਜਿਸ ਕਰਕੇ ਕੁਝ ਕਮਜ਼ੋਰ ਪਿਆ ਹੋਇਆ ਸੀ। ਬੋਲੇ ਨੇ ਸਰਵਣ ਨੂੰ ਲਗਾਤਾਰ ਜਿੰਦਰੇ ਲਾਏ ਤਾਂ ਸਰਵਣ ਠੰਢਾ ਹੋ ਕੇ ਖੜ੍ਹ ਗਿਆ। ਨਿਰੰਜਣ ਸਿੰਘ ਨੇ ਮਾਈਕ ਤੋਂ ਕਿਹਾ, "ਸਰਵਣਾ, ਪਾ ਬਈ ਕਬੱਡੀ, ਤੈਨੂੰ ਬੋਲ਼ਾ ਉਡੀਕਦੈ!" ਬੱਸ ਉਹੋ ਇਕੋ ਮੈਚ ਸੀ ਜਿਥੇ ਸਰਵਣ ਨੂੰ ਨਮੋਸ਼ੀ ਸਹਿਣੀ ਪਈ।

ਇਕੇਰਾਂ ਅੰਮ੍ਰਿਤਸਰ ਦੇ ਇਕ ਸਿਆਸਤਦਾਨ ਨੇ ਕਿਹਾ ਸੀ, "ਸਰਵਣ ਸਿਆਂ, ਜੇ ਤੂੰ ਜ਼ਿਲ੍ਹਾ ਅੰਮ੍ਰਿਤਸਰ ਅੱਲੋਂ ਖੇਡੇਂ ਤਾਂ ਜੋ ਮਰਜ਼ੀ ਈ ਮੰਗ। ਭਾਵੇਂ ਸਾਰੀ ਉਮਰ ਦੀਆਂ ਰੋਟੀਆਂ ਮੰਗ ਲੈ।"

ਸਰਵਣ ਸਿੰਘ ਨੇ ਜਵਾਬ ਦਿੱਤਾ ਸੀ, "ਤੁਹਾਡੀ ਬੜੀ ਮਿਹਰਬਾਨੀ। ਪਰ ਮੈਂ ਜਿਸ ਜ਼ਿਲ੍ਹੇ 'ਚ ਜੰਮਿਆ ਉਸੇ ਵੱਲੋਂ ਈ ਖੇਡਾਂਗਾ। ਅੱਜ ਲਾਲਚ 'ਚ ਆ ਕੇ ਮੈਂ ਤੁਹਾਡੇ ਵੱਲੋਂ ਖੇਡ ਲਵਾਂ ਤਾਂ ਭਲਕ ਨੂੰ ਆਪਣੇ ਜ਼ਿਲ੍ਹੇ ਵਿਰੁੱਧ ਖੇਡਣਾ ਪਵੇਗਾ। ਫੇਰ ਮੈਂ ਆਪਣੇ ਲੋਕਾਂ ਨੂੰ ਕੀ ਮੂੰਹ ਦਿਖਾਵਾਂਗਾ? ਲੋਕ ਮੈਨੂੰ ਰਮੀਦੀ ਦੀ ਜੂਠ ਕਹਿਣਗੇ। ਸਾਡੀ ਟੀਮ ਭਾਵੇਂ ਮਾੜੀ ਐ ਭਾਵੇਂ ਤਕੜੀ, ਮੈਂ ਆਪਣਾ ਜ਼ਿਲ੍ਹਾ ਨਹੀਂ ਛੱਡ ਸਕਦਾ। ਇਹੋ ਜਵਾਬ ਉਸ ਨੇ ਡੀਏਵੀ ਕਾਲਜ ਜਲੰਧਰ ਵਾਲਿਆਂ ਨੂੰ ਦਿੱਤਾ ਸੀ ਜਦੋਂ ਉਹ ਉਸ ਨੂੰ ਰਣਧੀਰ ਕਾਲਜ ਕਪੂਰਥਲੇ ਤੋਂ ਪੁੱਟ ਕੇ ਆਪਣੇ ਕਾਲਜ ਵਿਚ ਲਿਆਉਣ ਦਾ ਲਾਲਚ ਦਿੰਦੇ ਸਨ। ਜਦੋਂ ਤਕ ਉਹ ਖੇਡਦਾ ਰਿਹਾ ਉਹਦੇ ਇਲਾਕੇ ਦੇ ਲੋਕਾਂ ਨੇ ਉਸ ਨੂੰ ਸਿਰ ਮੱਥੇ ਰੱਖਿਆ। ਖੇਡ ਛੱਡੀ ਤਾਂ ਪੰਜਾਬ ਸਰਕਾਰ ਨੇ 1968 ਵਿਚ ਉਸ ਨੂੰ ਖੇਡ ਵਿਭਾਗ ਵਿਚ ਕਬੱਡੀ ਦਾ ਪਹਿਲਾ ਕੋਚ ਬਣਾ ਦਿੱਤਾ। ਕੋਚ ਬਣ ਕੇ ਉਸ ਨੇ ਹੋਰ ਵੀ ਨਾਮਣਾ ਖੱਟਿਆ। ਇੰਗਲੈਂਡ ਵਸਦੇ ਪੰਜਾਬੀਆਂ ਨੇ ਉਸ ਨੂੰ ਆਦਰ ਮਾਣ ਨਾਲ ਵਲਾਇਤ ਸੱਦਿਆ। ਸਰਵਣ ਬੱਲ ਪਹਿਲਾ ਕਬੱਡੀ ਖਿਡਾਰੀ ਹੈ ਜੋ ਕਬੱਡੀ ਦੇ ਸਿਰ 'ਤੇ ਇੰਗਲੈਂਡ ਗਿਆ। ਉਹ ਭਾਵੇਂ ਕੋਚ ਬਣ ਚੁੱਕਾ ਸੀ ਪਰ ਉਹਦੇ ਪ੍ਰਸ਼ੰਸਕਾਂ ਦੇ ਜ਼ੋਰ ਪਾਉਣ 'ਤੇ ਖੇਡ ਤੋਂ ਰਿਟਾਇਰ ਹੋਏ ਨੇ ਵੀ ਮੁੜ ਕਪੜੇ ਉਤਾਰੇ ਤੇ ਵਲਾਇਤ ਦੀ ਧਰਤੀ 'ਤੇ ਕਬੱਡੀਆਂ ਪਾ ਕੇ ਆਪਣੇ ਵਤਨੀਆਂ ਦਾ ਚਿੱਤ ਰਾਜ਼ੀ ਕੀਤਾ ਸੀ।

ਬਾਅਦ ਵਿਚ ਤਾਂ ਉਹ ਯੂਰਪ, ਕੈਨੇਡਾ, ਅਮਰੀਕਾ ਤੇ ਹੋਰਨਾਂ ਮੁਲਕਾਂ ਵਿਚ ਵੀ ਕਬੱਡੀ ਟੀਮਾਂ ਲੈ ਕੇ ਜਾਂਦਾ ਰਿਹਾ ਸੀ ਤੇ ਕਬੱਡੀ ਪ੍ਰੇਮੀਆਂ ਦਾ ਮਨ ਪਰਚਾਉਂਦਾ ਰਿਹਾ ਸੀ। ਕੈਲੇਫੋਰਨੀਆ ਵਿਚ ਗਾਖਲਾਂ ਦੇ ਕਬੱਡੀ ਵਰਲਡ ਕੱਪ 'ਤੇ ਤਾਂ ਉਹ ਅਕਸਰ ਹੀ ਪਹੁੰਚਦਾ ਸੀ ਜਿਥੇ ਉਹਦੇ ਨਾਲ ਮੇਲੇ ਗੇਲੇ ਹੁੰਦੇ ਰਹਿੰਦੇ ਸਨ। ਇਕ ਵਾਰ ਟੋਰਾਂਟੋ ਦੇ ਇੰਦਰਜੀਤ ਸਿੰਘ ਬੱਲ ਨੇ ਮੈਨੂੰ ਕਿਹਾ ਸੀ ਕਿ ਸਰਵਣ ਸਿੰਘ ਬੱਲ ਦੀ ਜੀਵਨੀ ਲਿਖੀ ਜਾਵੇ। ਮੈਂ ਨਿੰਦਰ ਘੁਗਿਆਣਵੀ ਤੇ ਨਵਦੀਪ ਗਿੱਲ ਦੀ ਡਿਊਟੀ ਵੀ ਲਾਈ ਪਰ ਗੱਲ ਵਿਚੇ ਰਹਿ ਗਈ। ਮੈਨੂੰ ਉਸ ਦਾ ਬੇਹੱਦ ਅਫਸੋਸ ਹੈ। ਕਬੱਡੀ ਸਰਵਣ ਰਮੀਦੀ ਦੇ ਲਹੂ ਵਿਚ ਸੀ। ਕਬੱਡੀ ਨੂੰ ਉਹਦੀ ਦੇਣ ਕਦੇ ਨਹੀਂ ਭੁੱਲੇਗੀ।

# ਖੁਸ਼ਵੰਤ ਸਿੰਘ ਕਸੌਲੀ ਉਤਸਵ

ਨਿੱਕ ਸੁੱਕ




ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਇਸ ਵਾਰ ਵੀ ਅਕਤੂਬਰ ਮਹੀਨੇ ਵਾਲਾ ਤਿੰਨ ਰੋਜ਼ਾ ਖੁਸ਼ਵੰਤ ਸਿੰਘ ਉਤਸਵ ਬੁੱਧੀਜੀਵੀਆਂ ਦੀ ਆਮਦ ਸਦਕਾ ਗਹਿਮਾ-ਗਹਿਮੀ ਦਾ ਕੇਂਦਰ ਰਿਹਾ। 13 ਤੋਂ 15 ਅਕਤੂਬਰ ਤੱਕ ਦੇਸ਼ ਵਿਦੇਸ਼ ਦੇ ਸਮਾਜਿਕ, ਸਭਿਆਚਾਰਕ ਤੇ ਸਾਹਿਤਕ ਮਹਾਰਥੀ ਆਪੋ ਆਪਣੇ ਪੇਪਰਾਂ ਤੇ ਭਾਸ਼ਣਾਂ ਦੁਆਰਾ ਸਰੋਤਿਆਂ ਦੇ ਰੂਬਰੂ ਹੋਏ। ਬ੍ਰਿਟਿਸ਼ ਕੋਲੰਬੀਆ ਦੇ ਉੱਜਲ ਦੁਸਾਂਝ ਨੇ ਪੰਜਾਬੀ ਪਿਆਰਿਆਂ ਦੀਆਂ ਸੱਤ ਸਮੁੰਦਰ ਪਾਰ ਦੀਆਂ ਉਡਾਰੀਆਂ ਤੇ ਔਕੜਾਂ ਦਾ ਨਕਸ਼ਾ ਖਿੱਚਿਆ। ਚੇਤੇ ਰਹੇ ਕਿ ਉੱਜਲ ਦੁਸਾਂਝ ਬ੍ਰਿਟਿਸ਼ ਕੋਲੰਬੀਆ ਦਾ ਮੁੱਖ ਮੰਤਰੀ ਰਹਿ ਚੁੱਕਾ ਹੈ ਤੇ ਮੌਜੂਦਾ ਸਮੇਂ ਰਘਬੀਰ ਸਿੰਘ ਸਿਰਜਣਾ ਦੀ ਬੇਟੀ ਰਚਨਾ ਸਿੰਘ ਉਸ ਸੂਬੇ ਦੀ ਸਿੱਖਿਆ ਮੰਤਰੀ ਹੈ। ਏਸੇ ਤਰ੍ਹਾਂ ਸਭਿਆਚਾਰਕ, ਸਮਾਜਿਕ ਤੇ ਰਾਜਨੀਤਕ ਮਹਾਰਥੀ ਪਾਰਾਕਲਾ ਪ੍ਰਭਾਕਰ ਨੇ ਸੰਸਾਰ ਭਾਈਚਾਰੇ ਵਿਚ ਆ ਰਹੀ ਕ੍ਰਾਂਤੀਕਾਰੀ ਤਬਦੀਲੀ ਤੋਂ ਪਰਦਾ ਚੁੱਕਿਆ ਅਤੇ ਜੈਦੀਪ ਮੁਖਰਜੀ ਤੇ ਰਾਹੁਲ ਸਿੰਘ ਨੇ ਭਾਰਤ ਨੂੰ ਡੇਵਿਸ ਫਾਈਨਲ ਤੱਕ ਲਿਜਾਣ ਵਾਲੇ ਖਿਡਾਰੀਆਂ ਦੀ ਬਾਤ ਪਾਈ।

ਇਸ ਉਤਸਵ ਵਿਚ ਬਿਲਕੁਲ ਹੀ ਨਿਵੇਕਲੇ ਵਿਸ਼ੇ ਏਅਰ ਇੰਡੀਆ ਦੀ ਪਹੁੰਚ ਤੇ ਪ੍ਰਾਪਤੀਆਂ ਦੀ ਵੀ ਚਰਚਾ ਹੋਈ ਅਤੇ ਆਰ ਗੋਪਾਲਾ ਕ੍ਰਿਸ਼ਨਨ ਨੇ ਕਰਜ਼ਿਆਂ ਦਾ ਸ਼ਿਕਾਰ ਹੋਈ ਪ੍ਰਮੁੱਖ ਏਅਰ ਲਾਈਨ ਤੇ ਇਕ ਦੋ ਬੈਂਕਾਂ ਦੇ ਹਵਾਲੇ ਨਾਲ ਇਸ ਪੇਸ਼ੇ ਦੀਆਂ ਉਚਾਈਆਂ ਤੇ ਡੂੰਘਾਣਾਂ ਦੀ ਗੱਲ ਕੀਤੀ। ਅਮਰਜੀਤ ਸਿੰਘ ਦੁੱਲਤ ਨੇ ਆਪਣੇ ਨਿੱਜੀ ਅਨੁਭਵ ਦੇ ਆਧਾਰ 'ਤੇ ਹੈਰਾਨ ਕਰਨ ਵਾਲੀਆਂ ਜਾਸੂਸੀ ਕਥਾਵਾਂ ਉਤੇ ਚਾਨਣਾ ਪਾ ਕੇ ਨਿਹਾਲ ਕੀਤਾ ਅਤੇ ਮਨੀਸ਼ੰਕਰ ਅੱਈਅਰ ਨੇ ਆਪਣੇ ਰਾਜਨੀਤਕ ਅਨੁਭਵ, ਆਪਣੇ ਪਰਿਵਾਰਕ ਮੈਂਬਰਾਂ ਦੇ ਦ੍ਰਿਸ਼ਟੀਕੋਣ ਪੇਸ਼ ਕੀਤੇ। ਦਿਨੇਸ਼ ਠਾਕੁਰ ਤੇ ਪ੍ਰਸ਼ਾਂਤ ਰੈਡੀ ਨੇ ਨਸ਼ੇ ਦੇ ਕਾਨੂੰਨਾਂ ਨੂੰ ਆਧਾਰ ਬਣਾ ਕੇ ਦਵਾਈਆਂ ਬਣਾਉਣ ਤੇ ਵੇਚਣ ਵਾਲਿਆਂ ਦੇ ਚੰਗੇ-ਮੰਦੇ ਪੱਖ ਪੇਸ਼ ਕੀਤੇ।

ਇੱਕ ਪੂਰਾ ਸੈਸ਼ਨ ਨਸ਼ਾਖੋਰੀ ਦੀਆਂ ਗੁੰਝਲਾਂ ਤੇ ਪ੍ਰਹੇਜ਼ ਦੀਆਂ ਖੂਬੀਆਂ ਨੂੰ ਵੀ ਸਮਰਪਿਤ ਰਿਹਾ। ਬਿਕਰਮਜੀਤ ਸਿੰਘ ਨੇ ਦਾਨ ਦੇਣ ਤੇ ਸੇਵਾ ਦੀ ਭਾਵਨਾ ਤੋਂ ਮਿਲਣ ਵਾਲੀ ਤਸੱਲੀ ਦਾ ਗੁਣਗਾਣ




ਕੀਤਾ ਤੇ ਕਾਡੇਜ਼ੋ ਨੇ ਪੂੰਜੀਪਤੀ ਹੋਣ ਦੇ ਗੁਣਾਂ ਤੇ ਚੜ੍ਹਾਈਆਂ ਉਤੇ ਵਿਅੰਗ ਕੱਸਿਆ।

ਅੰਜੁਮ ਹਸਨ ਦਾ ਨੌਵਾਂ ਨਾਵਲ ਹਸਿਟੋਰੇ ਅਨਗਏਲ (ਇਤਿਹਾਸਕ ਫਰਿਸ਼ਤਾ) ਵੀ ਚਰਚਾ ਦਾ ਵਿਸ਼ਾ ਰਿਹਾ ਜਿਸ ਵਿਚ ਮੁਸਲਮਾਨ ਹੋਣ ਨੂੰ 'ਅਸੀਂ' ਤੇ 'ਉਹ' ਦੀ ਭਾਵਨਾਵਾਂ ਨਾਲ ਵੇਖਿਆ ਜਾਂਦਾ ਹੈ।

ਇਹ ਉਤਸਵ ਅਜੋਕੇ ਭਾਰਤ ਦੀਆਂ ਰਾਜਨੀਤਕ ਤੇ ਸਭਿਆਚਾਰ ਗੁੰਝਲਾਂ ਤੱਕ ਹੀ ਸੀਮਤ ਨਹੀਂ ਸੀ। ਏਥੇ ਰਾਜ ਬੱਬਰ ਤੇ ਜੂਹੀ ਬੱਬਰ ਨੇ ਬਾਪ ਬੇਟੀ ਦੇ ਨਿੱਜੀ ਵਰਤਾਲਾਪ ਰਾਹੀਂ ਅਜੋਕੇ ਸਭਿਆਚਾਰ ਵਿਚ ਆ ਰਹੀਆਂ ਤਬਦੀਲੀਆਂ ਦੀ ਨਾਟਕੀ ਪੇਸ਼ਕਾਰੀ ਕੀਤੀ। ਏਸੇ ਤਰ੍ਹਾਂ ਯੋਗਿਤਾ ਸ਼ਰਮਾ ਦੇ ਗੀਤਾਂ ਤੇ ਭਜਨਾਂ ਨੇ ਵੀ ਖੂਬ ਰੰਗ ਬੰਨ੍ਹਿਆ। 'ਵੁਹ ਸੁਬ੍ਹਾ ਕਭੀ ਤੋ ਆਏਗੀ' ਦੀ ਆਸ ਦੇ ਕੇ। ਉਮੀਦ ਹੈ ਕਿ ਕਸੌਲੀ ਉਤਸਵ ਚੰਡੀਗੜ੍ਹ ਵਾਲੇ ਰੰਧਾਵਾ ਉਤਸਵ ਵਾਂਗ ਸਵਰਗਵਾਸੀ ਖੁਸ਼ਵੰਤ ਸਿੰਘ ਦੀ ਸਦਾ ਹੀ ਯਾਦ ਦਿਵਾਂਦਾ ਰਹੇਗਾ।

**ਦੁਬਈ ਤੋਂ ਪਰਤੀ ਅਜ਼ੀਜ਼ ਜੋੜੀ**

ਸਾਡੇ ਵੱਡੇ ਪਰਿਵਾਰ ਦੇ ਉੱਘੇ ਮੈਂਬਰਾਂ ਦਿਲਦਾਰ ਤੇ ਸੁਲਤਾਨਾ ਜੋੜੀ ਦੀ ਸੱਜਰੀ ਦੁਬਈ ਯਾਤਰਾ ਉਥੋਂ ਦੇ ਭਾਈਚਾਰੇ ਤੇ ਸਮਾਜ ਦੇ ਨਿਵੇਕਲੇ ਕਿੱਸਿਆਂ ਦਾ ਆਧਾਰ ਹੈ। ਸਭ ਤੋਂ ਵੱਡੀ ਗੱਲ ਇਹ ਕਿ ਉਸ ਦੇਸ਼ ਵਿਚ ਪੁਲੀਸ ਨਾਂ ਦੀ ਕੋਈ ਚੀਜ਼ ਨਹੀਂ। ਥਾਂ ਪਰ ਥਾਂ ਲੱਗੇ ਕੈਮਰੇ ਦੋਸ਼ੀਆਂ ਨੂੰ ਫੜਦੇ ਤੇ ਚਲਾਨ ਦਾ ਆਧਾਰ ਬਣਦੇ ਹਨ। ਏਸ ਪੱਖ ਤੋਂ ਮੈਂ ਇਸ ਦੇਸ਼ ਨੂੰ ਮਾਲਦੀਵ ਨੂੰ ਮਾਤ ਪਾਉਂਦਾ ਦੇਖਦਾ ਹਾਂ ਜਿੱਥੋਂ ਦੀ ਪੁਲੀਸ ਕੋਲ ਡੰਡੇ ਤੋਂ ਵੱਡਾ ਹਥਿਆਰ ਨਹੀਂ ਹੁੰਦਾ। ਇਹ ਵੀ ਨੋਟ ਕਰਨ ਵਾਲੀ ਗੱਲ ਹੈ ਕਿ ਦੁਬਈ ਰਹਿੰਦਿਆਂ ਤੁਹਾਨੂੰ ਲੱਖਪਤੀ ਤੇ ਕਰੋੜਪਤੀ ਹੁੰਦਿਆਂ ਵੀ ਕੋਈ ਇਨਕਮ ਟੈਕਸ ਨਹੀਂ ਦੇਣਾ ਪੈਂਦਾ। ਦਿਲਚਸਪ ਗੱਲ ਇਹ ਵੀ ਕਿ ਤੁਸੀਂ ਉਥੋਂ ਕੋਈ ਵੀ ਚੀਜ਼ ਖਰੀਦੋ ਇਸ ਉੱਤੇ ਕੇਵਲ 5% ਜੀ ਐਸ ਟੀ ਲੱਗੇਗਾ ਜਿਹੜਾ ਵਾਪਸੀ ਸਮੇਂ ਹਵਾਈ ਅੱਡੇ ਉਤੇ ਪਹੁੰਚਣ ਸਮੇਂ ਤੁਹਾਨੂੰ ਪਰਤਾ ਦਿੱਤਾ ਜਾਵੇਗਾ। ਹੈਰਾਨੀ ਦੀ ਗੱਲ ਇਹ ਕਿ ਇਸ ਦੇਸ਼ ਵਿਚ ਨਾ ਕਿਧਰੇ ਕੋਈ ਭਿਖਾਰੀ ਮਿਲਦਾ ਹੈ ਤੇ ਨਾ ਹੀ ਸੜਕਾਂ ਕੰਢੇ ਸੁੱਤਾ ਕੋਈ ਗਰੀਬ ਗੁਰਬਾ।

ਪੰਜਾਬੀ ਹੈਰਾਨ ਨਾ ਹੋਣ ਕਿ ਉਥੋਂ ਦੀਆਂ ਮੋਟਰ ਗੱਡੀਆਂ ਦੇ ਡਰਾਈਵਰ ਵਧੇਰੇ ਕਰਕੇ ਪਾਕਿਸਤਾਨੀ ਹਨ ਜਿਹੜੇ ਉਥੋਂ ਦੇ ਵਸਨੀਕ ਹੋਣ ਦੇ ਬਾਵਜੂਦ ਸਾਡੇ ਨਾਲੋਂ ਸੁੱਚੀ ਤੇ ਸੱਚੀ ਪੰਜਾਬੀ ਬੋਲਦੇ ਹਨ। ਦਿਲਦਾਰ ਤੇ ਸੁਲਤਾਨਾ ਜੋੜੀ ਨੇ ਇਹ ਵੀ ਦੱਸਿਆ ਕਿ ਸਿਰਫ ਦੁਬਈ ਵਿਚ ਹੀ ਨਹੀਂ ਸਾਰੇ ਹੀ ਯੂਨਾਈਟਡ ਅਰਬ ਦੇਸ਼ਾਂ ਵਿਚ 70 ਪ੍ਰਤੀਸ਼ਤ ਬਾਹਰਲੇ ਦੇਸ਼ਾਂ ਦੇ ਲੋਕ ਹਨ ਜਿਨ੍ਹਾਂ ਉੱਤੇ ਉਥੋਂ ਦੇ ਨਾਗਰਿਕ ਬਣਨ ਦੀ ਕੋਈ ਬੰਦਸ਼ ਨਹੀਂ। ਇਹ ਵੀ ਕਿ ਇਨ੍ਹਾਂ 70 ਫੀਸਦੀ ਪ੍ਰਦੇਸੀਆਂ ਵਿਚੋਂ 60 ਫੀਸਦੀ ਭਾਰਤੀ ਹਨ। ਮੇਰੀ ਇਸ ਯਾਤਰਾ ਵਿਚ ਦਿਲਚਸਪੀ ਦਾ ਕਾਰਨ ਦਿਲਦਾਰ ਦੇ ਮਾਪੇ ਸਿੱਖ ਤੇ ਸੁਲਤਾਨਾ ਦੇ ਮੁਸਲਿਮ ਹੋਣਾ ਵੀ ਹੈ।

**1984 ਵਿਚ ਸਿੱਖਾਂ ਦੀ ਨਸਲਕੁਸ਼ੀ**

ਮੋਮਬੱਤੀਆਂ ਦੇ ਉਤਸਵਾਂ ਵਿਚ ਇੰਦਰਾ ਗਾਂਧੀ ਦੀ ਹੱਤਿਆ ਪਿੱਛੋਂ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਵਸਦੇ ਸਿੱਖਾਂ ਨੂੰ ਜਿਸ ਆਫਤ ਦਾ ਸਾਹਮਣਾ ਕਰਨਾ ਪਿਆ। ਇਸਦਾ ਚੇਤਾ ਆਉਣਾ ਕੁਦਰਤੀ ਹੈ। ਇਸ ਘੱਲੂਘਾਰੇ ਸਮੇਂ ਮੈਂ ਵੀ ਦਿੱਲੀ ਦਾ ਵਸਨੀਕ ਸਾਂ। ਏਸ ਪ੍ਰਸੰਗ ਵਿਚ ਮੈਂ ਦਿੱਲੀ ਵਸੇਂਦੇ ਆਪਣੇ ਮਿੱਤਰ ਕਵੀ ਦੀ ਦਾਨਿਸ਼ਵਰ ਕਵਿਤਾ ਦੇ ਕੁਝ ਬੰਦ ਪੇਸ਼ ਕਰਨਾ ਚਾਹਾਂਗਾ। ਵੇਖੋ ਅੰਤਿਕਾ!

**ਅੰਤਿਕਾ**

-'ਤਾਰਾ ਸਿੰਘ ਕਾਮਿਲ'-

ਕਾਹਨੂੰ ਬਾਲਦੈਂ ਬਨੇਰਿਆਂ 'ਤੇ ਮੋਮਬੱਤੀਆਂ
ਲੰਘ ਜਾਣ ਦੇ ਬਜ਼ਾਰ 'ਚੋਂ ਹਵਾਵਾਂ ਤੱਤੀਆਂ।

ਬੂਹੇ ਉਤੇ ਸ਼ਰਮਿੰਦਗੀ ਦੇ ਦਾਗ਼ ਰਹਿਣ ਦੇ
ਬਦਨਾਮ ਰਾਜਨੀਤੀ ਦੇ ਸੁਰਾਗ ਰਹਿਣ ਦੇ।

ਆਉਣ ਵਾਲਿਆਂ ਨੇ ਅੱਜ ਦਾ ਕਸੂਰ ਲਭਣਾ
ਇਹਨਾਂ ਘਰਾਂ ਵਿਚ ਬੁਝੇ ਹੋਏ ਚਰਾਗ਼ ਰਹਿਣ ਦੇ।

ਕਿਥੇ ਜਾਏਂਗਾ? ਦਿਸ਼ਾਵਾਂ ਸਭ ਲਹੂ-ਰੱਤੀਆਂ
ਕਾਹਨੂੰ ਬਾਲਦੈਂ ਬਨੇਰਿਆਂ 'ਤੇ ਮੋਮਬੱਤੀਆਂ।

ਜਦੋਂ ਗੱਲ ਤੇ ਦਲੀਲ ਬਲਵਾਨ ਨਾ ਰਹੇ
ਉਦੋਂ ਤੇਗ਼ ਤਲਵਾਰ ਵੀ ਮਿਆਨ ਨਾ ਰਹੇ।

ਐਸੀ ਵਗੀ ਏ ਹਵਾ, ਅਸੀਂ ਅੱਖੀਂ ਦੇਖਿਆ
ਜਿੰਦ ਜਾਨ ਕਹਿਣ ਵਾਲੇ, ਜਿੰਦ ਜਾਨ ਨਾ ਰਹੇ।

ਨਹੀਂ ਰੁਕੀਆਂ ਹਵਾਵਾਂ ਅਜੇ ਮਾਣ-ਮੱਤੀਆਂ
ਅਜੇ ਬਾਲ਼ ਨਾ ਬਨੇਰਿਆਂ ਤੇ ਮੋਮਬੱਤੀਆਂ।
ਲੰਘ ਜਾਣ ਦੇ ਬਜ਼ਾਰ 'ਚੋਂ ਹਵਾਵਾਂ ਤੱਤੀਆਂ।

# Golden State Realty

**Real Estate and Loans Under One Roof**

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ 'ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**

Call us before visiting new model homes to save big time.

ਪਿਛਲੇ 36 ਸਾਲਾਂ ਤੋਂ ਬਿਜ਼ਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017

Grand Master Award Winner: 2018-2021, Platinum Award 2022

## *Call for Listing Special 2023*

## Ph: 510-304-9292 or 408-666-8279



Anmol Singh Gill
REALTOR
Bre. # 02062952



Armaan Singh Gill
REALTOR
Bre. # 02161166
Ph: 510-709-7987



Jaswinder (Jassi) Gill
M.Sc (PAU)
CA BRE# 00966763
Broker/Owner/Notary



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com for hot listings

## Recent Sales


1. 1401 Angus St, Patterson, CA, 95363
2. 1548 Spring St, Mountain View, CA, 94043
3. 1978 Catalpa Way, Hayward, CA, 94545
4. 2793 San Minete Dr, Livermore, CA, 94550
5. 4153 Settlers Ridge Way, Roseville, CA, 95747
6. 2373 Tallahassee St, Hayward, CA, 94545
7. 7045 Inclined Pl, Dublin, CA, 94568
8. 48 Terra Vista Ave Apt D, San Francisco CA, 94115
9. 2411 Bentley Lane, Tracy CA 95376
10. 150 Yolo Ct, San Bruno CA 94066
11. 5079 Brett Court, CA, 94538
12. 1379 Michael Dr, Tracy, CA, 95337
13. 3055 Bernard Ave, San Ramon, CA, 94583
14. 380 cardona Cir, Pleasanton CA 94583
15. 5788 Arlene way, Livermore CA 94550
16. 2569 Bennett ct, Tracy CA 95377

## Purchase Loan and Refinance

Call Sukhveer (Sukhi) Gill Ph: 510-207-9067
DHMS, Loan Broker

CA BRE Lic.#01180969
NMLS# 352095

# ਸਮੂਹ ਸਾਧ ਸੰਗਤ ਨੂੰ ਬੰਦੀ ਛੋੜ ਦਿਵਸ ਦੀਵਾਲੀ ਦੀ ਲੱਖ ਲੱਖ ਵਧਾਈ



## ਬੰਦੀ ਛੋੜ (ਦੀਵਾਲੀ) ਸਮਾਗਮ

### 12 ਨਵੰਬਰ 2023 (ਦਿਨ ਐਤਵਾਰ)

ਗੁਰੂ ਪਿਆਰੀ ਸਾਧ ਸੰਗਤ ਜੀ, ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਹਰ ਸਾਲ ਦੀ ਤਰ੍ਹਾਂ ਗੁਰੂ ਘਰ ਵਿਚ ਬੰਦੀ ਛੋੜ ਦਿਵਸ (ਦੀਵਾਲੀ) ਦਾ ਤਿਉਹਾਰ ਖੁਸ਼ੀਆਂ ਅਤੇ ਚਾਵਾਂ ਨਾਲ ਮਨਾਇਆ ਜਾ ਰਿਹਾ ਹੈ। ਇਸ ਮੌਕੇ ਗੁਰੂ ਘਰ ਨੂੰ ਰੰਗ ਬਰੰਗੀਆਂ ਲਾਈਟਾਂ ਨਾਲ ਸਜਾਇਆ ਜਾਵੇਗਾ।

12 ਨਵੰਬਰ, 2023 ਵਾਲੇ ਦਿਨ ਸੈਨ ਹੋਜੇ ਦੀਆਂ ਖੂਬਸੂਰਤ ਪਹਾੜੀਆਂ ’ਤੇ ਸੁਸ਼ੋਭਿਤ ਗੁਰੂ ਘਰ ਸੱਚ ਮੁੱਚ ਜਗ-ਮਗ ਕਰਦਾ ਇਕ ਅਨੋਖਾ ਦ੍ਰਿਸ਼ ਸਿਰਜੇਗਾ।

**ਸੁਖਜਿੰਦਰ ਸਿੰਘ (ਟੋਨੀ) ਪਰਿਵਾਰ ਵਲੋਂ ਲੰਗਰ ਦੀ ਵਿਸ਼ੇਸ਼ ਸੇਵਾ**

ਫਤਹਿਗੜ੍ਹ ਸੰਗਤ ਪਰਿਵਾਰਾਂ ਵਲੋਂ ਵਿਸ਼ੇਸ਼ ਬਰੈੱਡ-ਪਕੌੜਿਆਂ ਦੇ ਲੰਗਰ ਦਾ ਇੰਤਜ਼ਾਮ ਕੀਤਾ ਗਿਆ ਹੈ।

**ਕਾਰ ਪਾਰਕਿੰਗ ਅਤੇ ਸਿਕਿਉਰਿਟੀ ਦਾ ਵਿਸ਼ੇਸ਼ ਪ੍ਰਬੰਧ ਹੋਵੇਗਾ।**

**ਦੀਵੇ ਅਤੇ ਮੋਮਬੱਤੀਆਂ ਜਗਾਉਣ ਦਾ ਵਾਜਬ ਪ੍ਰਬੰਧ ਹੋਵੇਗਾ**

**ਪਹੁੰਚ ਰਹੇ ਰਾਗੀ ਜਥੇ ਅਤੇ ਕਥਾਵਾਚਕ**

ਰਾਗੀ ਜਥਾ ਭਾਈ ਹਰਭਜਨ ਸਿੰਘ ਲਹਿਰੀ
ਰਾਗੀ ਜਥਾ ਭਾਈ ਉਂਕਾਰ ਸਿੰਘ ਊਨਾ ਸਾਹਿਬ ਵਾਲੇ
ਰਾਗੀ ਜਥਾ ਭਾਈ ਰਸ਼ਪਾਲ ਸਿੰਘ ਦੇਹਰਾਦੂਨ ਵਾਲੇ
ਭਾਈ ਸਤਨਾਮ ਸਿੰਘ ਦਿੱਲੀ ਵਾਲੇ
ਭਾਈ ਜਗਜੀਤ ਸਿੰਘ ਲੁਧਿਆਣਾ ਵਾਲੇ
ਰਾਗੀ ਭਾਈ ਲਾਖਨ ਸਿੰਘ

*ਕੀਰਤਨ, ਕਥਾ, ਢਾਡੀ ਵਾਰਾਂ ਦਾ ਪ੍ਰਵਾਹ ਸਾਰਾ ਦਿਨ ਚੱਲੇਗਾ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 408-274-9373*

**Fireworks are not allowed at Gurdwara premises.**
ਗੁਰਦੁਆਰਾ ਸਾਹਿਬ ਵਿਖੇ ਪਟਾਕੇ ਚਲਾਉਣ ਦੀ ਮਨਾਹੀ ਹੈ

ਗੁਰਦੁਆਰਾ ਸਾਹਿਬ ਦੇ ਜਨਰਲ ਸਕੱਤਰ ਭਾਈ ਪ੍ਰੀਤਮ ਸਿੰਘ ਗਰੇਵਾਲ ਵਲੋਂ ਸਮੂਹ ਸਾਧ ਸੰਗਤ ਨੂੰ ਗੁਰੂ ਘਰ ਹਾਜ਼ਰੀਆਂ ਭਰ ਕੇ ਤਨ, ਮਨ ਅਤੇ ਧਨ ਨਾਲ ਸੇਵਾ ਕਰਨ ਦੀ ਬੇਨਤੀ ਹੈ ਜੀ।

## ਜਾਰੀ ਕਰਤਾ: ਗੁਰਦੁਆਰਾ ਪ੍ਰਬੰਧਕ ਕਮੇਟੀ ਸੈਨ ਹੋਜੇ (ਕੈਲੀਫੋਰਨੀਆ)

3636 Gurdwara Ave, San Jose CA 95148, ਗੁਰਦੁਆਰਾ ਸਾਹਿਬ ਦੀ ਵੈਬਸਾਈਟ: www.sanjosegurdwara.org

**Donation to Gurdwara Sahib:** You can now donate on-line as well using Credit/Debit card or Paypal.
Visit: www.sanjosegurdwara.org and touch “Donate” tab and enter information.
You can also enter a message like Ardas etc and listen it on Gurdwara website radio same day after Rehras Sahib Path at 6pm.